

Ray Dhaliwal
Real Estate Broker

# Moving to Indiana?

**Contact Ray Dhaliwal @ 317-993-4987**

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fourth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 12, March 25, 2023 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਉਤੇ ਉਠੇ ਸਵਾਲ

**ਚੰਡੀਗੜ੍ਹ:** ਪੰਜਾਬ ਵਿਚ ਅਜਨਾਲਾ ਘਟਨਾ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਤੇ ਉਨ੍ਹਾਂ ਵਿਚੋਂ ਕੁਝ ਉਤੇ ਕੌਮੀ ਸੁਰੱਖਿਆ ਕਾਨੂੰਨ (ਐਨ.ਐਸ.ਏ) ਲਾ ਕੇ ਹੋਰ ਸੂਬਿਆਂ ਦੀਆਂ ਜੇਲ੍ਹਾਂ ਵਿਚ ਭੇਜਣ ਦੀ ਕਾਰਵਾਈ ਉਤੇ ਵੱਡੇ ਸਵਾਲ ਉਠੇ ਹਨ। ਸਿੱਖ ਜਥੇਬੰਦੀਆਂ ਦੇ ਨਾਲ-ਨਾਲ ਪੰਜਾਬ ਦੀਆਂ ਰਵਾਇਤੀ ਧਿਰਾਂ (ਕਾਂਗਰਸ ਤੇ ਅਕਾਲੀ ਦਲ) ਨੇ ਇਸ ਦਾ ਸਖਤ ਵਿਰੋਧ ਕੀਤਾ ਹੈ। ਅਕਾਲੀ ਦਲ ਬਾਦਲ ਨੇ ਅਜਿਹੇ ਨੌਜਵਾਨਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਨ ਲਈ ਵਕੀਲਾਂ ਦੇ ਨੰਬਰ ਵੀ ਜਾਰੀ ਕੀਤੇ ਹਨ। ਦੱਸਿਆ ਜਾ ਰਿਹਾ ਹੈ ਕਿ ਪੁਲਿਸ ਨੇ ਖਾੜਕੂ ਗਤੀਵਿਧੀਆਂ ਦੇ ਦੋਸ਼ ਵਿਚ 150 ਤੋਂ ਵੱਧ ਨੌਜਵਾਨਾਂ ਨੂੰ ਚੁੱਕਿਆ ਹੈ।

ਯਾਦ ਰਹੇ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਮੁਖੀ ਅੰਮ੍ਰਿਤਪਾਲ ਸਿੰਘ ਨੇ ਆਪਣੇ ਇਕ ਸਾਥੀ ਨੂੰ ਛੁਡਵਾਉਣ ਲਈ ਆਪਣੇ ਸਮਰਥਕਾਂ ਸਣੇ ਅਜਨਾਲਾ ਥਾਣੇ ਅੱਗੇ ਧਰਨਾ ਦਿੱਤਾ ਸੀ ਤੇ ਇਸ ਦੌਰਾਨ ਉਸ ਦੇ ਸਮਰਥਕਾਂ ਦੀ ਪੁਲਿਸ ਨਾਲ ਝੜਪ ਹੋ ਗਈ ਸੀ ਜਿਸ ਵਿਚ ਕੁਝ ਮੁਲਾਜ਼ਮ ਜ਼ਖਮੀ ਵੀ ਹੋਏ ਸਨ। ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਇਸ ਘਟਨਾ ਨੂੰ ਤਕਰੀਬਨ ਇਕ ਮਹੀਨਾ ਹੋ ਗਿਆ ਹੈ ਤੇ ਇਸ ਦੌਰਾਨ ਅੰਮ੍ਰਿਤਪਾਲ ਸੂਬੇ ਵਿਚ ਆਮ ਵਾਂਗ ਘੁੰਮ ਰਿਹਾ ਸੀ, ਉਸ ਸਮੇਂ ਕਾਰਵਾਈ ਕਿਉਂ ਨਾ ਕੀਤੀ ਗਈ? 18 ਮਾਰਚ ਜਿਸ ਦਿਨ ਪੁਲਿਸ ਨੇ ਕੇਂਦਰੀ ਬਲਾਂ ਦੀ ਮਦਦ ਨਾਲ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਹਮਾਇਤੀਆਂ ਨੂੰ ਗ੍ਰਿਫਤਾਰ ਕਰਨ ਦੀ ਮੁਹਿੰਮ ਚਲਾਈ ਸੀ, ਉਸ ਦਿਨ ਵੀ ਉਹ 7 ਵਜੇ ਤੱਕ ਆਪਣੇ ਘਰ ਵਿਚ ਹੀ ਸੀ, ਹਾਲਾਂਕਿ ਪੁਲਿਸ ਇਹ ਮੁਹਿੰਮ ਸਵੇਰੇ 4 ਵਜੇ ਚਲਾਉਣ ਦਾ ਦਾਅਵਾ ਕਰ ਰਹੀ ਹੈ। ਹਾਈ ਕੋਰਟ ਨੇ ਵੀ ਪੰਜਾਬ ਸਰਕਾਰ ਨੂੰ ਪੁੱਛਿਆ ਹੈ ਕਿ ਜੇ ਅੰਮ੍ਰਿਤਪਾਲ ਸਿੰਘ ਦੇਸ਼ ਲਈ ਖਤਰਾ ਹੈ ਤਾਂ ਉਸ ਨੂੰ ਹਾਲੇ ਤੱਕ ਕਿਉਂ ਨਹੀਂ ਫੜਿਆ ਜਾ ਸਕਿਆ, ਜੇ ਉਸ ਦੇ ਸਾਥੀ ਫੜੇ ਗਏ ਹਨ ਤਾਂ ਉਸ ਨੂੰ ਕਿਉਂ ਨਹੀਂ ਕਾਬੂ ਕੀਤਾ ਗਿਆ।



ਸੂਤਰਾਂ ਦੱਸਦੇ ਹਨ ਕਿ ਸਰਕਾਰ ਦੀ ਇਹ ਮੁਹਿੰਮ ਦਾ ਅਸਲ ਮਕਸਦ ਨੌਜਵਾਨਾਂ ਵਿਚ ਹਊਆ ਖੜ੍ਹਾ ਕਰਨਾ ਹੈ। ਦਰਅਸਲ, ਪਿਛਲੇ ਦਿਨੀਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਦਿੱਲੀ ਸੱਦਿਆ ਸੀ ਅਤੇ ਪੰਜਾਬ ਦੇ ਹਾਲਾਤ ਬਾਰੇ ਜਾਣਕਾਰੀ ਮੰਗੀ ਸੀ। ਉਸ ਦਿਨ ਹੀ ਇਸ ਕਾਰਵਾਈ ਦਾ ਮੁੱਢ ਬੱਝ ਗਿਆ ਸੀ। ਕੇਂਦਰ ਨੇ ਤੁਰਤ ਕੇਂਦਰੀ ਬਲਾਂ ਦੀਆਂ ਕੰਪਨੀਆਂ ਪੰਜਾਬ ਵੱਲ ਤੋਰਨ ਲਈ ਹਾਮੀ ਭਰ ਦਿੱਤੀ। ਪੁਲਿਸ ਨੇ ਹਾਈਕੋਰਟ ਵਿਚ ਦੱਸਿਆ ਹੈ ਕਿ ਉਸ ਨੇ 18 ਮਾਰਚ ਨੂੰ ਹੀ ਅੰਮ੍ਰਿਤਪਾਲ ਤੇ ਉਸ ਦੇ ਕੁਝ ਹਮਾਇਤੀਆਂ ਉਤੇ ਐਨ.ਐਸ.ਏ. ਲਗਾ ਦਿੱਤਾ ਸੀ। ਐਨ.ਐਸ.ਏ. ਤਹਿਤ ਪੁਲਿਸ ਕਿਸੇ ਨੂੰ ਵੀ ਬਿਨਾ ਦੱਸੇ ਗ੍ਰਿਫਤਾਰ ਕਰ ਸਕਦੀ ਹੈ ਤੇ ਬਿਨਾ ਅਦਾਲਤ ਵਿਚ ਪੇਸ਼ ਕੀਤੇ 12 ਮਹੀਨੇ ਮੁਲਕ ਦੇ ਕਿਸੇ ਵੀ ਸੂਬੇ ਵਿਚ ਹਿਰਾਸਤ ਵਿਚ ਰੱਖ ਸਕਦੀ ਹੈ। ਇਸ ਦੌਰਾਨ ਕੋਈ ਕਾਨੂੰਨੀ ਮਦਦ ਵੀ ਨਹੀਂ ਮਿਲਦੀ।

ਇਸੇ ਕਾਰਵਾਈ ਤਹਿਤ ਅੰਮ੍ਰਿਤਪਾਲ ਸਿੰਘ ਦੇ ਚਾਚੇ ਹਰਜੀਤ ਸਿੰਘ ਤੇ ਡਰਾਇਵਰ ਸਣੇ ਕਰੀਬ ਅੱਧਾ ਦਰਜਨ ਨੌਜਵਾਨਾਂ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਵਾਲ ਕੀਤਾ ਹੈ ਕਿ ਜੇ ਕੋਈ ਮਾਹੌਲ ਖਰਾਬ ਕਰ ਰਿਹਾ ਹੈ ਤਾਂ ਉਸ ਖਿਲਾਫ ਕਾਇਦੇ-ਕਾਨੂੰਨ ਮੁਤਾਬਕ ਕਾਰਵਾਈ ਕੀਤੀ ਜਾਣੀ ਸੀ। ਅੰਮ੍ਰਿਤਪਾਲ ਸਿੰਘ ਸਿਰਫ ਪ੍ਰਚਾਰਕ ਹੈ। ਅਜਨਾਲਾ ਘਟਨਾ ਬਾਰੇ ਉਸ ਉਤੇ ਬਣਦੀ ਕਾਰਵਾਈ ਕੀਤੀ ਜਾ ਸਕਦੀ ਸੀ ਪਰ ਜਿਸ ਤਹਿਤ ਐਨ.ਐਸ.ਏ. ਕਾਨੂੰਨ ਦੀ ਵਰਤੋਂ ਕੀਤੀ ਜਾ ਰਹੀ ਹੈ, ਉਹ ਸਵਾਲ ਖੜ੍ਹੇ ਕਰਨ ਵਾਲੀ ਕਾਰਵਾਈ ਹੈ। ਅਕਾਲੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਸਰਕਾਰ ਦੀ ਨੀਅਤ ਉਤੇ ਸਵਾਲ ਖੜ੍ਹੇ ਕਰਦਿਆਂ ਆਖਿਆ ਹੈ ਕਿ ਅੰਮ੍ਰਿਤਪਾਲ ਸਿੰਘ ਪਿਛਲੇ ਛੇ ਮਹੀਨਿਆਂ ਤੋਂ ਪੰਜਾਬ ਵਿਚ ਅਜਿਹੀਆਂ ਸਰਗਰਮੀਆਂ ਚਲਾ ਰਿਹਾ ਸੀ ਪਰ ਸਰਕਾਰ ਆਪਣਾ ਸਿਆਸੀ-ਨਫਾ ਨੁਕਸਾਨ ਦੇਖਦੀ ਰਹੀ। ਹੁਣ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਬਹਾਨੇ ਸਿੱਖ ਨੌਜਵਾਨਾਂ ਵਿਚ ਸਹਿਮ ਫੈਲਾਇਆ ਜਾ ਰਿਹਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰਾਂ ਨੂੰ ਸਿਆਸੀ ਮੁਫਾਦਾਂ ਕਾਰਨ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਸਿਰਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਜਥੇਦਾਰ ਨੇ ਕਿਹਾ ਕਿ

*(ਬਾਕੀ ਸਫਾ 6 'ਤੇ)*

## ਭਾਰਤੀ ਦੂਤਾਵਾਸਾਂ ਅੱਗੇ ਰੋਸ ਪ੍ਰਦਰਸ਼ਨ

**ਵਾਸ਼ਿੰਗਟਨ:** ਖਾਲਿਸਤਾਨ ਪੱਖੀ ਸਮਰਥਕਾਂ ਦੇ ਇਕ ਗਰੁੱਪ ਨੇ ਅਮਰੀਕਾ ਦੇ ਸ਼ਹਿਰ ਸਾਂ ਫਰਾਂਸਿਸਕੋ 'ਚ ਭਾਰਤੀ ਦੂਤਾਵਾਸ ਉਤੇ ਹਮਲਾ ਕਰ ਦਿੱਤਾ ਤੇ ਇਸ ਨੂੰ ਨੁਕਸਾਨ ਪਹੁੰਚਾਇਆ। ਇਸ ਘਟਨਾ ਦੀ ਭਾਰਤੀ-ਅਮਰੀਕੀਆਂ ਨੇ ਸਖਤ ਨਿਖੇਧੀ ਕੀਤੀ ਹੈ ਤੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਾਰਵਾਈ ਮੰਗੀ ਹੈ। ਭਾਰਤ ਨੇ ਘਟਨਾ ਦੀ ਨਿਖੇਧੀ ਕਰਦਿਆਂ ਅਮਰੀਕਾ ਨੂੰ ਕਿਹਾ ਹੈ ਕਿ ਉਹ ਅਜਿਹੀਆਂ ਵਾਰਦਾਤਾਂ ਨੂੰ ਮੁੜ ਤੋਂ ਨਾ ਹੋਣ ਦੇਣ ਲਈ ਢੁਕਵੇਂ ਕਦਮ ਚੁੱਕਣ। ਇਸੇ ਤਰ੍ਹਾਂ ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਵਿਚ ਸੰਸਦ ਸਾਹਮਣੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ ਪ੍ਰਦਰਸ਼ਨ ਕੀਤਾ। ਮੈਲਬਰਨ ਸਮੇਤ ਨੇੜਲੇ ਸ਼ਹਿਰਾਂ ਤੋਂ ਪੁੱਜੇ ਪ੍ਰਦਰਸ਼ਨਕਾਰੀਆਂ ਨੇ ਪੰਜਾਬ ਪੁਲਿਸ ਵੱਲੋਂ ਹਿਰਾਸਤ ਵਿਚ ਲਏ ਗਏ ਸਿੱਖ ਨੌਜਵਾਨਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸੇ ਤਰ੍ਹਾਂ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਨੂੰ ਨਿਸ਼ਾਨਾ ਬਣਾਇਆ ਗਿਆ।

## ਕਿਸਾਨਾਂ ਵੱਲੋਂ ਮੁੜ ਸੰਘਰਸ਼ ਦੀ ਤਿਆਰੀ



**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਵਾਅਦਿਆਂ ਤੋਂ ਪਿੱਛੇ ਹਟਣ ਖਿਲਾਫ ਕਿਸਾਨਾਂ ਵਿਚ ਰੋਹ ਵਧ ਰਿਹਾ ਹੈ। ਕਿਸਾਨ ਜਥੇਬੰਦੀਆਂ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਖਿਲਾਫ ਦਬਾਅ ਬਣਾਉਣ ਲਈ ਰਣਨੀਤੀ ਘੜਨ ਲੱਗੀਆਂ ਹਨ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿਚ ਕਿਸਾਨਾਂ ਦਾ ਵੱਡਾ ਇਕੱਠ ਇਸ ਵੱਲ ਸਾਫ ਇਸ਼ਾਰਾ ਕਰਦਾ ਹੈ। ਕਿਸਾਨਾਂ ਨੇ ਮਹਾਪੰਚਾਇਤ ਕਰ ਕੇ ਐਲਾਨ ਕੀਤਾ ਕਿ ਉਹ ਕਾਰਪੋਰੇਟ ਤੇ ਕੇਂਦਰ ਸਰਕਾਰ ਦੇ ਗੱਠਜੋੜ ਵੱਲੋਂ ਖੇਤੀ ਖੇਤਰ ਉਪਰ ਕੀਤੇ ਜਾ ਰਹੇ ਹਮਲਿਆਂ ਵਿਰੁੱਧ ਦੇਸ਼ ਭਰ 'ਚ ਮਜ਼ਬੂਤ ਕਿਸਾਨ ਅੰਦੋਲਨ ਵਿੱਢਣਗੇ। ਮੋਰਚੇ ਨੇ ਹਰ ਸੂਬੇ 'ਚ ਕਨਵੈਨਸ਼ਨਾਂ ਕਰਨ ਦਾ ਸੱਦਾ ਦਿੱਤਾ। ਸੰਯੁਕਤ ਕਿਸਾਨ ਮੋਰਚੇ ਦੇ 15 ਮੈਂਬਰੀ ਵਫਦ ਨੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ। ਮੋਰਚੇ ਦਾ ਕਹਿਣਾ ਹੈ ਕਿ 30 ਅਪਰੈਲ ਨੂੰ ਦਿੱਲੀ ਵਿਚ ਮੋਰਚੇ ਦੀ ਕੌਮੀ ਪੱਧਰ ਦੀ ਮੀਟਿੰਗ ਕਰ ਕੇ ਅੰਦੋਲਨ ਦੀ ਅਗਲੀ ਰੂਪ-ਰੇਖਾ ਤੈਅ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਹਰ ਸੂਬੇ ਵਿਚ ਮੋਰਚੇ ਦੀ ਮਜ਼ਬੂਤੀ ਲਈ ਸਮਾਗਮ ਉਲੀਕੇ ਜਾਣਗੇ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸਾਨਾਂ ਖ਼ਿਲਾਫ਼ ਕੇਸ ਵਾਪਸ ਲੈਣ ਲਈ ਸ੍ਰੀ ਤੋਮਰ ਨੇ

*(ਬਾਕੀ ਸਫਾ 6 'ਤੇ)*




TBF
THE BAINS FIRM

Manpreet S. Bains

Personal Injury and Wrongful Death Attorneys

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*


Case Results*

$10 MILLION
Motorcycle vs. Truck Collision

$8 MILLION
Wrongful Death

$5.25 MILLION
Traumatic Brain Injury

Offices in San Francisco and Union City



WILLIAM E. WEISS
Of Counsel



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ॥
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ॥

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ

ਵਲੋਂ

## ਚੌਰੀ ਚੌਰਾ ਕਾਂਡ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ

# 21 ਵਾਂ ਮੇਲਾ ਗਦਰੀ ਬਾਬਿਆਂ ਦਾ

2 ਅਪ੍ਰੈਲ 2023, ਦਿਨ ਐਤਵਾਰ @ ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ
Central High School (East) Gymnasium, 3535 N. Cornelia Ave, Fresno, CA 93722
ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

Corner of Cornelia & Dakota
ਕਰਨੀਲੀਆ ਅਤੇ ਡਕੋਟਾ ਦੇ ਕੋਰਨਰ 'ਤੇ

## ਚੌਰੀ ਚੌਰਾ ਕਾਂਡ ਵਿਚ ਫਾਂਸੀ ਚੜ੍ਹਣ ਵਾਲੇ ਸ਼ਹੀਦ




ਨਾਜ਼ੀਰ ਅਲੀ, ਭਗਵਾਨ ਅਹੀਰ, ਲ਼ਾਲ ਮਹੁੰਮਦ, ਸ਼ਿਆਮ ਸੁੰਦਰ, ਅਬਦੁਲਾ, ਡੁਦੀ ਸਿੰਘ, ਕਾਲੀ ਚਰਨ, ਲਾਉਤੀ ਕੁਮਾਰ, ਮਹਾਦੇਵ ਸਿੰਘ, ਮੇਘੂ ਅਲੀ, ਰਾਘੁਵੀਰ, ਰਾਮਲਖਨ, ਰਾਮਰੂਪ, ਸਹਦੇਵ, ਰੁਦਾਲੀ, ਮੋਹਨ, ਸ਼ਾਮਪਤ, ਸ਼ਿਆਮ ਸੁੰਦਰ, ਸੀਤਾ ਰਾਮ।






ਮੁੱਖ ਮਹਿਮਾਨ
**ਪ੍ਰੋ. ਜਗਮੋਹਣ ਸਿੰਘ**
(ਸ਼ਹੀਦ ਏ ਆਜ਼ਮ ਸ੍ਰ. ਭਗਤ ਸਿੰਘ ਦੇ ਭਾਣਜੇ)



ਮੁੱਖ ਗਾਇਕ
**ਧਰਮਵੀਰ ਥਾਂਦੀ**



ਮੰਚ ਸੰਚਾਲਿਕਾ
**ਮੈਡਮ ਆਸ਼ਾ ਸ਼ਰਮਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਸੂਰਮੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ।

ਦਾਖਲਾ ਤੇ ਪਾਰਕਿੰਗ ਮੁਫ਼ਤ ਹੋਣਗੇ।

Design By: Hayer Media

4.0 ਜੀ.ਪੀ.ਏ



ਗਿੱਧਾ ਭੰਗੜਾ



ਮੇਲਾ ਕਮੇਟੀ ਤੇ ਸਹਿਯੋਗੀ



4.0 ਜੀ.ਪੀ.ਏ ਗਰੇਡ ਵਾਲੇ ਹਾਈ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
Note: Students with 4.0 Grade should register at IAHForum@gmail.com

## ਮੇਲਾ ਕਮੇਟੀ

ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਢਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਕੁਲਵੀਰ ਸਿੰਘ ਹੇਅਰ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਵੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਢਾਹ, ਬਲਵਿੰਦਰ ਕੌਰ ਧਾਲੀਵਾਲ, ਸਿਮਰਨ ਹੇਅਰ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਕੁਲਵੀਰ ਕੌਰ ਸੇਖੋਂ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੈਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਜਗਰੂਪ ਸਿੰਘ ਧਾਲੀਵਾਲ, ਸ਼ੌਕਤ ਅਲੀ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਭੁਪਿੰਦਰ ਸਿੰਘ ਜਾਡਲਾ, ਸ਼ੇਰ ਸਿੰਘ, ਗੈਰੀ ਢੇਸੀ।

ਸੂਪਰਸਤ: **ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

**ਵਿਸ਼ੇਸ਼ ਧੰਨਵਾਦ:**
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ ਪੰਜਾਬ, ਸਾਰੇ ਪੰਜਾਬੀ ਅਖ਼ਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**
ਹਰਜਿੰਦਰ ਸਿੰਘ ਢੇਸੀ (559-618-0156),
ਸ਼ਰਨਜੀਤ ਧਾਲੀਵਾਲ (559-974-8383)
ਗੁਰਮੀਤ ਸਿੰਘ ਗਿੱਲ (805-215-0681)
ਗੁਰਮੀਤ ਗਾਜੀਆਣਾ (559-801-8200)

# Matrimonials

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6", 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003 5-8

Khatri Hindu family looking for a suitable match for their son US Citizen 38, 5'9" divorced with full custody of child, non-smoker/non-drinker. Caste and religion no bar. Well settled in California.
Please contact Whatsapp/Phone: 909-286-5400" 3-6

An educated Jatt Sikh family looking for a suitable match for their 42, 5'10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com 2-5

Looking for a suitable match for our USA green card holder, 5'7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or
E-mail at: santokhkainth53@gmail.com. 1-4

Suitable Jatt Sikh match for US born Jatt Sikh Gill boy 30, 5'8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com 1-4

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812 9-12

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also. Want sikh beautiful girl with professional qualifications. Please Contact us at: +9198963-19944 (India). 4-7

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5'11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ:
765-602-6904 (ਵ੍ਹਟਸਐਪ)। 2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5'10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906
or E-mail at sanjogmatri27@gmail.com 1-4

Looking for suitable, educated match for Jatt Sikh boy, born in 1995, 5'10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com 1-4

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only.
Please contact us at 678-448-2202.

# ਮੀਂਹ ਤੇ ਝੱਖੜ ਨੇ ਕਿਸਾਨਾਂ ਦੀਆਂ ਆਸਾਂ ਉਤੇ ਪਾਣੀ ਫੇਰਿਆ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਵਿਚ ਰੁਕ-ਰੁਕ ਕੇ ਪੈ ਰਹੇ ਬੇਮੌਸਮੇ ਮੀਂਹ ਅਤੇ ਤੇਜ਼ ਹਵਾਵਾਂ ਨੇ ਖੇਤਾਂ ਵਿਚ ਤਿਆਰ ਹੋਣ ਕੰਢੇ ਖੜ੍ਹੀ ਕਣਕ ਸਣੇ ਹਾੜੀ ਦੀਆਂ ਫਸਲਾਂ ਨੂੰ ਵਿਛਾ ਦਿੱਤਾ ਹੈ ਜਿਸ ਕਾਰਨ ਕਿਸਾਨ ਚਿੰਤਾ ਵਿੱਚ ਡੁੱਬ ਗਏ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਕਣਕ ਦੀ ਫਸਲ ਪੱਕਣ ਕੰਢੇ ਪਹੁੰਚ ਚੁੱਕੀ ਹੈ। ਜੇਕਰ ਇਸੇ ਤਰ੍ਹਾਂ ਮੀਂਹ ਪੈਂਦਾ ਰਿਹਾ ਤਾਂ ਕਣਕ ਦੀ ਫਸਲ ਨੂੰ ਭਾਰੀ ਨੁਕਸਾਨ ਹੋਵੇਗਾ।



ਕਿਸਾਨਾਂ ਨੇ ਲਗਾਤਾਰ ਪੈ ਰਹੇ ਮੀਂਹ ਕਰਕੇ ਸੂਬੇ 'ਚ ਹਜ਼ਾਰਾਂ ਏਕੜ ਫਸਲ ਦੇ ਨੁਕਸਾਨੇ ਜਾਣ ਦਾ ਖਦਸ਼ਾ ਜਤਾਇਆ ਹੈ। ਪੰਜਾਬ 'ਚ ਮੀਂਹ ਦਾ ਅਸਰ ਪਟਿਆਲਾ, ਮੁਹਾਲੀ, ਫਤਿਹਗੜ੍ਹ ਸਾਹਿਬ, ਰੋਪੜ, ਆਨੰਦਪੁਰ ਸਾਹਿਬ, ਜਲੰਧਰ, ਲੁਧਿਆਣਾ, ਅੰਮ੍ਰਿਤਸਰ, ਬਠਿੰਡਾ ਤੇ ਸੰਗਰੂਰ ਸਣੇ ਹੋਰਨਾਂ ਇਲਾਕਿਆਂ ਵਿਚ ਦੇਖਿਆ ਜਾ ਰਿਹਾ ਹੈ। ਮੀਂਹ ਦਾ ਅਸਰ ਕਣਕ ਤੋਂ ਇਲਾਵਾ ਸਰ੍ਹੋਂ ਤੇ ਫਲਾਂ-ਸਬਜ਼ੀਆਂ 'ਤੇ ਵੀ ਪਵੇਗਾ। ਪੰਜਾਬ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਨਿਰਦੇਸ਼ਾਂ 'ਤੇ ਜ਼ਿਲ੍ਹਾ ਤੇ ਬਲਾਕ ਪੱਧਰ 'ਤੇ ਟੀਮਾਂ ਬਣਾਈਆਂ ਹੋਈਆਂ ਹਨ ਜਿਨ੍ਹਾਂ ਵੱਲੋਂ ਫਸਲਾਂ ਦੇ ਖਰਾਬੇ ਤੇ ਮੀਂਹ ਕਰਕੇ ਹੋਣ ਵਾਲੇ ਨੁਕਸਾਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮੀਂਹ ਕਰਕੇ ਸੂਬੇ ਦੀਆਂ ਸੜਕਾਂ ਨੇ ਵੀ ਨਹਿਰਾਂ ਦਾ ਰੂਪ ਧਾਰ ਰੱਖਿਆ ਹੈ।

ਮਾਲਵਾ ਪੱਟੀ ਵਿਚ ਮੀਂਹ ਅਤੇ ਤੇਜ਼ ਹਵਾਵਾਂ ਚੱਲਣ ਨਾਲ ਪੰਜਾਹ ਹਜ਼ਾਰ ਏਕੜ ਤੋਂ ਵੱਧ ਕਣਕ ਦੀ ਫਸਲ ਨੁਕਸਾਨੀ ਗਈ ਹੈ। ਇਸ ਕਰਕੇ ਕਣਕ ਦਾ ਝਾੜ ਘਟਣ ਦਾ ਖਦਸ਼ਾ ਹੈ। ਮੀਂਹ ਤੇ ਤੇਜ਼ ਹਵਾ ਕਾਰਨ ਕਣਕ ਦੇ ਬੂਟੇ ਟੇਢੇ ਹੋਣੇ ਸ਼ੁਰੂ ਹੋ ਗਏ ਹਨ। ਜਿਹੜੀਆਂ ਕਣਕਾਂ ਨੂੰ ਤਾਜ਼ਾ ਪਾਣੀ ਲੱਗਿਆ ਸੀ, ਉਹ ਜ਼ਮੀਨ 'ਤੇ ਡਿੱਗ ਗਈਆਂ ਹਨ। ਪੰਜਾਬ ਕਿਸਾਨ ਯੂਨੀਅਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀਬਾਘਾ ਨੇ ਫਸਲਾਂ ਦੇ ਨੁਕਸਾਨ ਲਈ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

### ਕਿਸਾਨਾਂ ਨੇ ਫਸਲੀ ਖਰਾਬੇ ਦੀ ਗਿਰਦਾਵਰੀ ਮੰਗੀ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ-ਏਕਤਾ (ਡਕੌਂਦਾ) ਨੇ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਮੀਂਹ, ਤੇਜ਼ ਹਵਾਵਾਂ ਅਤੇ ਗੜਿਆਂ ਕਾਰਨ ਹੋਏ ਕਣਕ ਅਤੇ ਸਰ੍ਹੋਂ ਦੇ ਨੁਕਸਾਨ ਸਬੰਧੀ ਪੰਜਾਬ ਸਰਕਾਰ ਤੋਂ ਤੁਰਤ ਗਿਰਦਾਵਰੀ ਕਰਨ ਤੇ ਢੁਕਵੇਂ ਮੁਆਵਜ਼ੇ ਦੀ ਮੰਗ ਕੀਤੀ ਹੈ। ਸੂਬਾਈ ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਧਨੇਰ ਤੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਕਿਹਾ ਕਿ ਜਥੇਬੰਦੀ ਦੇ ਆਗੂਆਂ ਨੇ ਖੇਤਾਂ ਦਾ ਦੌਰਾ ਕਰਨ 'ਤੇ ਦੇਖਿਆ ਤਾਂ ਬਹੁਤੀ ਥਾਈਂ ਕਣਕ ਦੀ ਫਸਲ ਵਿਛ ਚੁੱਕੀ ਸੀ। ਇਸ ਕਾਰਨ ਕਣਕ ਦਾ ਦਾਣਾ ਖਰਾਬ ਹੋਵੇਗਾ ਤੇ ਝਾੜ ਘਟੇਗਾ। ਬੇਮੌਸਮਾ ਮੀਂਹ ਵਾਢੀ ਲਈ ਤਿਆਰ ਖੜ੍ਹੀ ਸਰ੍ਹੋਂ ਦੀ ਫਸਲ ਲਈ ਨੁਕਸਾਨਦਾਇਕ ਹੈ। ਉਨ੍ਹਾਂ ਮੰਗ ਕੀਤੀ ਕਿ ਅਗਲੇ ਸੀਜ਼ਨ ਤੋਂ ਪੰਜਾਬ ਸਰਕਾਰ ਬਜਟ 'ਚ ਕੀਤੇ ਐਲਾਨਾਂ ਮੁਤਾਬਕ ਫਸਲਾਂ ਦੇ ਬੀਮੇ ਦਾ ਵੀ ਪ੍ਰਬੰਧ ਕਰੇ।

# ਪੰਜਾਬ ਵਿਚ ਸਿੱਖਾਂ ਨਾਲ ਵਾਪਰੇ ਤਾਜ਼ਾ ਘਟਨਾਕ੍ਰਮ ਦੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵਲੋਂ ਨਿਖੇਧੀ

**ਨਿਊਯਾਰਕ:** ਵਾਰਿਸ ਪੰਜਾਬ ਸੰਸਥਾ ਦੇ ਮੁਖੀ ਤੇ ਸਿੱਖ ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਨਾਲ ਜੋ ਵਾਪਰਿਆ ਅਤੇ ਦਲਜੀਤ ਸਿੰਘ ਕਲਸੀ ਤੇ ਉਨ੍ਹਾਂ ਦੇ ਸਾਥੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਨਰਲ ਸਕੱਤਰ ਹਰਪਾਲ ਸਿੰਘ ਬਲੇਰ ਤੇ ਗੁਰਸੇਵਕ ਸਿੰਘ ਜਵਾਹਰਕੇ ਸਮੇਤ ਹੋਰਨਾਂ ਪਾਰਟੀ ਆਗੂਆਂ ਨੂੰ ਝੂਠੇ ਮੁਕੱਦਮੇ ਤਹਿਤ ਜੇਲ੍ਹਾਂ 'ਚ ਡੱਕਣ ਕਾਰਨ ਬਣੇ ਹਾਲਾਤ ਦਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਜ਼ੋਰਦਾਰ ਵਿਰੋਧ ਕੀਤਾ ਹੈ।




ਪਾਰਟੀ ਨੇ ਬਿਆਨ ਜਾਰੀ ਕਰ ਕੇ ਭਾਰਤੀ ਡੈਮੋਕ੍ਰੈਟਿਕ ਸਿਸਟਮ 'ਤੇ ਸਵਾਲ ਚੁੱਕਦਿਆਂ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਅੱਜ ਪੰਜਾਬ ਨੂੰ ਨਸ਼ੇ ਦੇ ਰਾਹ ਪਾਉਣ ਵਾਲੇ ਸਮੱਗਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ, ਸਿੱਖ ਨੌਜਵਾਨ ਸਿੱਧੂ ਮੂਸੇਵਾਲਾ ਨੂੰ ਦਿਨ ਦਿਹਾੜੇ ਕਤਲ ਕਰਨ, ਬਲਾਤਕਾਰ ਅਤੇ ਕਤਲ ਵਰਗੇ ਸੰਗੀਨ ਜੁਰਮਾਂ ਤਹਿਤ ਸਜ਼ਾ ਪ੍ਰਾਪਤ ਲੋਕਾਂ ਨੂੰ ਜੇਲ੍ਹ ਵਿਚ ਬੰਦ ਨਹੀਂ ਕੀਤਾ ਜਾਂਦਾ ਸਗੋਂ ਨੌਜਵਾਨੀ ਨੂੰ ਨਸ਼ੇ ਦੇ ਰਾਹ ਤੋਂ ਰੋਕਣ ਵਾਲੇ, ਮਾਂ ਬੋਲੀ ਦੀ ਮਹੱਤਤਾ ਦੱਸਣ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਨੂੰ ਬਿਨਾਂ ਦੋਸ਼ ਤੇ ਜ਼ਲੀਲ ਕਰਨ ਦੇ ਇਰਾਦੇ ਨਾਲ ਪੁਲਿਸ ਤੇ ਸਰਕਾਰਾਂ ਉਨ੍ਹਾਂ ਦੇ ਪਿੱਛੇ ਪਈਆਂ ਹੋਈਆਂ ਹਨ, ਜੋ ਕਿ ਸਰਾਸਰ ਗਲਤ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਮੰਗ ਕਰਦਾ ਹੈ ਕਿ ਗ੍ਰਿਫਤਾਰ ਕੀਤੇ ਗਏ ਨੌਜਵਾਨਾਂ ਨੂੰ ਜਲਦੀ ਰਿਹਾਅ ਕੀਤੇ ਜਾਵੇ। ਆਗੂਆਂ ਨੇ ਕਿਹਾ ਕਿ ਜੇ ਇਸ ਸਭ ਦੌਰਾਨ ਕਿਸੇ ਵੀ ਸਿੱਖ ਨੌਜਵਾਨ ਦਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਪੰਜਾਬ ਤੇ ਭਾਰਤ ਸਰਕਾਰ ਜ਼ਿੰਮੇਵਾਰ ਹੋਵੇਗੀ।

# ਸਰਕਾਰ ਦਾ ਇਕ ਸਾਲ: 'ਆਪ' ਵੱਲੋਂ ਚੋਣ ਵਾਅਦੇ ਪੂਰੇ ਕਰਨ ਦਾ ਦਾਅਵਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਤੇ ਮਾਫੀਆ ਨੂੰ ਖਤਮ ਕਰ ਕੇ ਪੰਜਾਬ ਦੀ ਰਾਜਨੀਤੀ 'ਚ ਇਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ ਹੈ। ਪਾਰਟੀ ਦੇ ਜਨਰਲ ਸਕੱਤਰ ਤੇ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਤੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ 'ਆਪ' ਸਰਕਾਰ ਨੇ ਪੰਜਾਬ ਵਿਚ ਇਕ ਸਾਲ ਦੇ ਕਾਰਜਕਾਲ ਦੌਰਾਨ ਲੋਕਾਂ ਨੂੰ ਵਧੀਆ ਸਿਹਤ ਅਤੇ ਸਿੱਖਿਆ ਸਹੂਲਤਾਂ ਪ੍ਰਦਾਨ ਕਰਨ ਦੇ ਨਾਲ-ਨਾਲ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਲੁੱਟ ਕੇ ਸਿਰਫ ਆਪਣਾ ਖ਼ਜ਼ਾਨਾ ਭਰਿਆ ਪਰ 'ਆਪ' ਸਰਕਾਰ ਇਸ ਦੇ ਉਲਟ ਲੋਕਾਂ ਦੇ ਹਿੱਤ 'ਚ ਕੰਮ ਕਰ ਰਹੀ ਹੈ।

ਸ੍ਰੀ ਬਰਸਟ ਨੇ ਕਿਹਾ ਕਿ ਮਾਨ ਸਰਕਾਰ ਨੇ 36,000 ਕਰੋੜ ਰੁਪਏ ਦਾ ਕਰਜ਼ਾ ਵਾਪਸ ਕੀਤਾ ਅਤੇ ਆਪਣੇ ਚੋਣ ਵਾਅਦੇ ਨੂੰ ਪੂਰਾ ਕਰਦਿਆਂ ਸੂਬੇ 'ਚ 500 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਇਕ ਸਾਲ ਵਿੱਚ 26,797 ਨੌਕਰੀਆਂ ਦਿੱਤੀਆਂ ਅਤੇ ਹਰ ਮਹੀਨੇ 300 ਯੂਨਿਟ ਬਿਜਲੀ ਮੁਫ਼ਤ ਕੀਤੀ। 'ਆਪ' ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਮਾਨ ਸੂਬੇ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਪਹਿਲੇ ਸਾਲ 'ਚ ਹੀ ਜ਼ਿਆਦਾਤਰ ਚੋਣ ਵਾਅਦੇ ਪੂਰੇ ਕੀਤੇ ਹਨ ਅਤੇ ਬਾਕੀ ਰਹਿੰਦੀਆਂ ਗਾਰੰਟੀਆਂ ਵੀ ਜਲਦ ਹੀ ਪੂਰੀਆਂ ਕੀਤੀਆਂ ਜਾਣਗੀਆਂ।

ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿੱਤੀ ਸਾਲ 2021-22 ਦੇ ਮੁਕਾਬਲੇ ਆਬਕਾਰੀ ਵਿਚ 45 ਫ਼ੀਸਦੀ ਅਤੇ ਜੀ.ਐਸ.ਟੀ. ਮਾਲੀਏ 'ਚ 23 ਫ਼ੀਸਦੀ ਵਾਧਾ ਦਰਜ ਹੋਇਆ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਸਾਲ ਦੌਰਾਨ ਹੀ ਨੌਜਵਾਨਾਂ ਨੂੰ 26,797 ਨਵੀਆਂ ਨੌਕਰੀਆਂ, 500 ਮੁਹੱਲਾ ਕਲੀਨਿਕ, 300 ਯੂਨਿਟ ਪ੍ਰਤੀ ਮਹੀਨਾ ਮੁਫਤ ਬਿਜਲੀ ਅਤੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਇਕ ਕਰੋੜ ਰੁਪਏ ਦੀ ਐਕਸ-ਗ੍ਰੇਸ਼ੀਆ ਗਰਾਂਟ ਆਦਿ ਵੱਡੀਆਂ ਗਾਰੰਟੀਆਂ ਲਾਗੂ ਕੀਤੀਆਂ ਹਨ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 14,000 ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਨੇ ਗੰਨਾ ਕਾਸ਼ਤਕਾਰਾਂ ਦੇ ਸਾਰੇ ਬਕਾਏ ਅਦਾ ਕਰਨ ਦੇ ਨਾਲ ਕਣਕ ਅਤੇ ਝੋਨੇ ਦੀ ਖਰੀਦ ਦੌਰਾਨ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਉਨ੍ਹਾਂ ਦੇ ਖਾਤਿਆਂ ਵਿਚ ਸਮੇਂ ਸਿਰ ਅਦਾਇਗੀਆਂ ਨੂੰ ਯਕੀਨੀ ਬਣਾਇਆ ਹੈ। ਇਸੇ ਤਰ੍ਹਾਂ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਵਿਸ਼ਵ ਪੱਧਰੀ ਸਿੱਖਿਆ ਮੁਹੱਈਆ ਕਰਵਾਉਣ ਲਈ 117 ਸਕੂਲ ਆਫ਼ ਐਮੀਨੈਂਸ ਬਣਾਏ ਗਏ ਹਨ। ਇਨ੍ਹਾਂ ਸਕੂਲਾਂ ਵਿਚ ਦਾਖਲਾ ਪ੍ਰਵੇਸ਼ ਪ੍ਰੀਖਿਆ ਰਾਹੀਂ ਹੋਵੇਗਾ। ਹੁਣ ਤੱਕ ਪ੍ਰਾਇਮਰੀ ਸਕੂਲਾਂ ਵਾਸਤੇ 6635 ਈ.ਟੀ.ਟੀ. ਅਧਿਆਪਕਾਂ ਅਤੇ 90 ਹੈੱਡ ਟੀਚਰ/ ਸੈਂਟਰ ਹੈੱਡ ਟੀਚਰ ਦੀ ਭਰਤੀ ਪ੍ਰਕਿਰਿਆ ਲਗਭਗ ਮੁਕੰਮਲ ਹੋ ਚੁੱਕੀ ਹੈ। ਇਸੇ ਤਰ੍ਹਾਂ ਮੈਰੀਟੋਰੀਅਸ ਸਕੂਲਾਂ ਦੇ 90 ਲੈਕਚਰਾਰਾਂ ਨੂੰ ਆਰਡਰ ਦਿੱਤੇ ਜਾ ਚੁੱਕੇ ਹਨ। ਮਾਸਟਰ ਕਾਡਰ ਦੇ 4161 ਉਮੀਦਵਾਰਾਂ ਅਤੇ 598 ਬੈਕਲਾਗ ਭਰਤੀ ਦੇ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾ ਚੁੱਕੇ ਹਨ ਜਿਨ੍ਹਾਂ ਨੂੰ ਜਲਦੀ ਸਟੇਸ਼ਨ ਅਲਾਟ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ 5994 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਦਾ ਕੰਮ ਚੱਲ ਰਿਹਾ ਹੈ।

ਇਵੇਂ ਹੀ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਦੱਸਿਆ ਕਿ 1 ਜੁਲਾਈ 2022 ਤੋਂ ਸਾਰੇ ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਬਿਜਲੀ ਮੁਹੱਈਆ ਕਰਵਾਉਣ ਦੇ ਫੈਸਲੇ ਤੋਂ ਬਾਅਦ 90 ਫ਼ੀਸਦੀ ਘਰੇਲੂ ਖਪਤਕਾਰਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਉਨ੍ਹਾਂ ਸੂਬਾ ਸਰਕਾਰ ਦੀਆਂ ਹੋਰ ਪ੍ਰਾਪਤੀਆਂ ਵੀ ਗਿਣਾਈਆਂ।

## ਪੰਜਾਬ ਨੂੰ ਕਰਜ਼ੇ 'ਚ ਡੋਬੇਗੀ ਸਰਕਾਰ: ਅਸ਼ਵਨੀ ਸ਼ਰਮਾ

**ਪਠਾਨਕੋਟ:** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਭਗਵੰਤ ਮਾਨ ਦੀ ਸਰਕਾਰ ਦੇ ਇਕ ਸਾਲ ਪੂਰਾ ਹੋਣ ਉਤੇ 'ਆਪ' ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ ਇਸ ਸਰਕਾਰ ਦੇ ਇਕ ਸਾਲ ਦੇ ਕਾਰਜਕਾਲ ਵਿਚ ਸੂਬੇ ਵਿਚ ਅਮਨ-ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੋ ਚੁੱਕੀ ਹੈ ਜਿਸ ਕਾਰਨ ਗੈਂਗਸਟਰ, ਅਪਰਾਧੀ, ਮਾਫੀਆ ਅਤੇ ਦੇਸ਼ ਵਿਰੋਧੀ ਸ਼ਕਤੀਆਂ ਨਿਡਰ ਹੋ ਕੇ ਪੰਜਾਬ ਸਰਕਾਰ ਨੂੰ ਚੁਣੌਤੀ ਦੇ ਰਹੀਆਂ ਹਨ ਜਦਕਿ ਪੰਜਾਬ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ। ਉਨ੍ਹਾਂ ਇਸ ਸਰਕਾਰ ਨੂੰ ਹਰ ਪੱਖ ਤੋਂ ਫੇਲ੍ਹ ਸਰਕਾਰ ਕਰਾਰ ਦਿੱਤਾ।

## 'ਆਪ' ਨੇ ਸਾਲ 'ਚ ਹੀ ਪੰਜਾਬ ਨੂੰ ਤਬਾਹ ਕੀਤਾ: ਸੁਖਬੀਰ



**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਆਪ' ਸਰਕਾਰ ਉਤੇ ਪੰਜਾਬ ਨੂੰ ਇਕ ਸਾਲ ਵਿਚ ਹੀ ਤਬਾਹ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਸੂਬੇ ਦੀ ਅਮਨ-ਕਾਨੂੰਨ ਵਿਵਸਥਾ ਨੂੰ ਲੈ ਕੇ ਮਾਨ ਸਰਕਾਰ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਸੁਖਬੀਰ ਬਾਦਲ ਨੇ ਬਠਿੰਡਾ ਤੇ ਲੰਬੀ ਵਿਚ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ। ਸ੍ਰੀ ਬਾਦਲ ਨੇ ਕੋਟਕਪੂਰਾ ਕਾਂਡ 'ਚ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ (ਖੁਦ) ਨੂੰ ਨਾਮਜ਼ਦ ਕੀਤੇ ਜਾਣ ਦਾ ਜ਼ਿਕਰ ਕਰਦਿਆਂ, ਇਸ ਨੂੰ ਮਾਨ ਸਰਕਾਰ ਵੱਲੋਂ ਬਦਲਾਖੋਰੀ ਤਹਿਤ ਕੀਤੀ ਕਾਰਵਾਈ ਦੱਸਿਆ। ਉਨ੍ਹਾਂ ਕਿਹਾ ਕਿ 96 ਸਾਲਾ ਪ੍ਰਕਾਸ਼ ਸਿੰਘ ਬਾਦਲ ਨੂੰ ਮਾਮਲੇ 'ਚ ਸ਼ਾਮਲ ਕੀਤੇ ਜਾਣ ਦਾ ਉਨ੍ਹਾਂ ਨੂੰ ਬਹੁਤ ਦੁੱਖ ਹੈ। ਕੋਟਕਪੂਰਾ ਮਾਮਲੇ 'ਚ ਉਦੋਂ ਦੇ ਡਿਊਟੀ ਅਫਸਰ ਐਸ.ਡੀ.ਐਮ. ਦੇ ਹੁਕਮਾਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ ਜਦੋਂ ਕਿ ਉਹ (ਖੁਦ) ਉਦੋਂ ਪੰਜਾਬ ਤੋਂ ਬਾਹਰ ਸਨ।

## 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਮਾੜਾ ਸ਼ਾਸਨ ਦਿੱਤਾ: ਬਾਜਵਾ



**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਸਰਕਾਰ ਦੇ ਇਕ ਸਾਲ ਦੇ ਸ਼ਾਸਨ ਨੂੰ ਮਾੜੇ ਸ਼ਾਸਨ ਦਾ ਸਾਲ ਕਰਾਰ ਦਿੰਦਿਆਂ ਕਿਹਾ ਕਿ ਇਸ ਦੇ ਰਾਜ 'ਚ ਪੰਜਾਬ ਆਰਥਿਕ ਮੰਦੀ ਵਿਚ ਫਸ ਗਿਆ ਹੈ। ਅਮਨ ਕਾਨੂੰਨ ਦੀ ਸਥਿਤੀ ਢਹਿ-ਢੇਰੀ ਹੋ ਗਈ ਹੈ। ਜਦੋਂ ਤੋਂ ਇਸ ਨੇ ਸੂਬੇ ਦੀ ਲਗਾਮ ਫੜੀ ਹੈ, ਉਦੋਂ ਤੋਂ ਹੀ ਸੂਬੇ ਵਿਚ ਅਪਰਾਧ ਦਰ ਵਿਚ ਵਾਧਾ ਹੋਇਆ। ਪੰਜਾਬ ਗੈਂਗਲੈਂਡ ਬਣ ਗਿਆ ਹੈ।

## ਐਮ.ਐਸ.ਪੀ. ਗਾਰੰਟੀ ਬਾਰੇ ਕਿਸਾਨਾਂ ਨਾਲ ਧੋਖੇ ਦਾ ਦੋਸ਼

**ਪਟਿਆਲਾ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਖਿਆ ਹੈ ਕਿ ਪਹਿਲੀ ਵਾਰ ਪੰਜਾਬ ਸਰਕਾਰ ਵੱਲੋਂ ਖੇਤੀ ਬਜਟ ਵਿਚ ਵਾਧਾ ਕੀਤਾ ਗਿਆ ਹੈ ਅਤੇ ਮੌਜੂਦਾ 'ਆਪ' ਸਰਕਾਰ ਨੇ ਇਸ ਵਾਧੇ ਨਾਲ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ। ਇਸ ਮੌਕੇ ਮੰਤਰੀ ਨੇ ਕਿਸਾਨਾਂ ਨੂੰ ਕੁਦਰਤੀ ਵਿਗਿਆਨੀ ਦੱਸਦਿਆਂ ਕਿਹਾ ਕਿ ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ ਤੇ ਕਿਸਾਨ ਇਸ ਦੀ ਰੀੜ੍ਹ ਦੀ ਹੱਡੀ ਹਨ। ਇਸੇ ਲਈ ਸਰਕਾਰ ਨੇ ਕਿਸਾਨੀ ਨੂੰ ਲਾਹੇਵੰਦ ਬਣਾਉਣ ਲਈ ਫਲਾਂ ਤੇ ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਹਿਤ ਭਾਅ-ਅੰਤਰ ਸਕੀਮ ਲਿਆਂਦੀ ਹੈ। ਮੰਤਰੀ ਨੇ ਸੱਦਾ ਦਿੱਤਾ ਕਿ ਪੰਜਾਬ ਅਤੇ ਪੰਜਾਬ ਵਾਸੀਆਂ ਨੂੰ ਤੰਦਰੁਸਤ ਰੱਖਣ ਲਈ ਖੇਤੀ ਵਿਭਿੰਨਤਾ ਨਾਲ ਜੁੜ ਕੇ ਮੋਟੇ ਅਨਾਜਾਂ 'ਤੇ ਅਧਾਰਿਤ ਕੁਦਰਤੀ ਖੇਤੀ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਕਿਸਾਨ ਹਿਤੈਸ਼ੀ ਨੀਤੀਆਂ ਰਾਹੀਂ ਪੰਜਾਬ ਦੇ ਗੰਭੀਰ ਖੇਤੀ ਸੰਕਟ ਨੂੰ ਮੱਠਾ ਕਰਨ 'ਤੇ ਵੀ ਜੋਰ ਦਿੱਤਾ। ਡਾ. ਬਲਬੀਰ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਦੇਸ਼ ਦੀ ਭੋਜਨ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਵੱਲ ਪੂਰਾ ਯੋਗਦਾਨ ਪਾ ਰਹੇ ਹਨ, ਪਰ ਕੇਂਦਰ ਸਰਕਾਰ ਨੇ ਐਮ.ਐਸ.ਪੀ. ਨਾ ਦੇ ਕੇ ਜਿੱਥੇ ਕਿਸਾਨਾਂ ਨਾਲ ਧੋਖਾ ਕੀਤਾ ਹੈ, ਉਥੇ ਹੀ ਪੰਜਾਬ ਦੇ ਕਰੋੜਾਂ ਦੇ ਦਿਹਾਤੀ ਵਿਕਾਸ ਫੰਡਾਂ ਸਮੇਤ ਐਨ.ਐਚ.ਐਮ. ਫੰਡ ਵੀ ਰੋਕ ਦਿੱਤੇ ਹਨ, ਪਰ ਸੀਮਤ ਸਾਧਨਾਂ ਦੇ ਬਾਵਜੂਦ ਸਰਕਾਰ ਵੱਲੋਂ ਮੂੰਗੀ 'ਤੇ ਐਮ.ਐਸ.ਪੀ. ਤੇ ਗੰਨੇ ਦਾ ਵਾਜਬ ਭਾਅ ਦਿੱਤਾ ਗਿਆ ਹੈ।

## ਬੇਅਦਬੀ ਕਾਂਡ ਦੇ ਕਸੂਰਵਾਰਾਂ ਨੂੰ ਸਜ਼ਾ ਜ਼ਰੂਰ ਮਿਲੇਗੀ: ਚੀਮਾ



**ਸੰਗਰੂਰ:** ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਫਰੀਦਕੋਟ ਅਦਾਲਤ ਵੱਲੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਗਾਊਂ ਜ਼ਮਾਨਤ ਦੇਣ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਅਗਾਊਂ ਜ਼ਮਾਨਤ ਨਾ ਮਿਲਣ ਦੇ ਫੈਸਲੇ 'ਤੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ, ਕਿਸੇ ਨੂੰ ਜ਼ਮਾਨਤ ਮਿਲਣਾ ਜਾਂ ਨਾ ਮਿਲਣਾ ਕਾਨੂੰਨੀ ਪ੍ਰਕਿਰਿਆ ਹੈ, ਪਰ ਜਿਨ੍ਹਾਂ ਦੀ ਮਿਲੀਭੁਗਤ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੈ, ਉਨ੍ਹਾਂ ਨੂੰ ਢੁਕਵੀਆਂ ਸਜਾਵਾਂ ਜ਼ਰੂਰ ਮਿਲਣਗੀਆਂ।

ਵਿੱਤ ਮੰਤਰੀ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ 'ਤੇ 'ਆਪ' ਸਰਕਾਰ ਦਾ ਇਕ ਸਾਲ ਪੂਰਾ ਹੋਣ ਦੀ ਖੁਸ਼ੀ 'ਚ ਰੱਖੇ ਪਾਠ ਦੇ ਭੋਗ ਵਿਚ ਸ਼ਾਮਲ ਹੋਣ ਲਈ ਪਹੁੰਚੇ ਸਨ। ਇਸ ਮੌਕੇ ਕੈਬਨਿਟ ਮੰਤਰੀ ਮੀਤ ਹੇਅਰ ਨੇ ਵੀ ਫਰੀਦਕੋਟ ਅਦਾਲਤ ਦੇ ਫੈਸਲੇ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਕਾਨੂੰਨੀ ਕਾਰਵਾਈ ਹੈ।

ਉਨ੍ਹਾਂ ਕਿਹਾ ਕਿ 'ਆਪ' ਇਸ ਵਾਅਦੇ ਨਾਲ ਸੱਤਾ ਵਿਚ ਆਈ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਵਿਚ ਇਨਸਾਫ ਦਿਵਾਇਆ ਜਾਵੇਗਾ। ਇਸ ਲਈ ਸਰਕਾਰ ਵੱਲੋਂ ਇਨ੍ਹਾਂ ਮਾਮਲਿਆਂ ਵਿਚ ਕਾਨੂੰਨੀ ਲੜਾਈ ਜਾਰੀ ਰਹੇਗੀ। ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਉਹ ਸਮਝਦੇ ਹਨ ਕਿ ਅਦਾਲਤ ਵੱਲੋਂ ਸ਼ਾਇਦ ਉਮਰ ਦੇ ਲਿਹਾਜ਼ ਨਾਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਅਗਾਊਂ ਜ਼ਮਾਨਤ ਦਿੱਤੀ ਗਈ ਹੈ।

## 'ਰੰਗਲਾ ਪੰਜਾਬ' ਬਣਾਵਾਂਗੇ, ਅਗਲੀਆਂ ਪੀੜ੍ਹੀਆਂ ਦੀ ਖੁਸ਼ਹਾਲੀ ਲਈ ਕੰਮ ਕੀਤਾ: ਮਾਨ



**ਚੰਡੀਗੜ੍ਹ:** ਪੰਜਾਬ ਵਿਚ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਦਾ ਇਕ ਸਾਲ ਪੂਰਾ ਹੋਣ ਉਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 'ਆਪ' ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਜੋ ਗਾਰੰਟੀਆਂ ਦਿੱਤੀਆਂ ਸਨ, ਉਸ ਵਿਚੋਂ ਵਧੇਰੇ ਗਾਰੰਟੀਆਂ ਨੂੰ ਪਹਿਲੇ ਸਾਲ ਹੀ ਪੂਰਾ ਕਰ ਦਿੱਤਾ ਹੈ ਜਦੋਂ ਕਿ ਰਹਿੰਦੀਆਂ ਗਾਰੰਟੀਆਂ ਨੂੰ ਜਲਦ ਪੂਰਾ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹੋਰਨਾਂ ਸਿਆਸੀ ਧਿਰਾਂ ਅਗਲੀ ਵਾਰ ਸਰਕਾਰ ਬਣਾਉਣ ਦਾ ਟੀਚਾ ਰੱਖ ਕੇ ਕੰਮ ਕਰਦੀਆਂ ਹਨ ਪਰ 'ਆਪ' ਸਰਕਾਰ ਨੇ ਅਗਲੀ ਵਾਰ ਸਰਕਾਰ ਬਣਾਉਣ ਲਈ ਨਹੀਂ, ਸਗੋਂ ਅਗਲੀਆਂ ਪੀੜ੍ਹੀਆਂ ਦੀ ਖੁਸ਼ਹਾਲੀ ਲਈ ਕੰਮ ਕੀਤਾ ਹੈ। ਸ੍ਰੀ ਮਾਨ ਨੇ ਸੂਬੇ ਦੇ ਲੋਕਾਂ ਨੂੰ 'ਮੁੜ ਰੰਗਲਾ' ਪੰਜਾਬ ਬਣਾਉਣ ਦਾ ਵਾਅਦਾ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਪਹਿਲੀ ਦਫ਼ਾ ਅਜਿਹੀ ਸਰਕਾਰ ਬਣੀ, ਜਿਹੜੀ ਸੂਬੇ ਦੇ ਲੋਕਾਂ ਨਾਲ ਸਬੰਧਤ ਹੈ। ਇਹ ਸਰਕਾਰ ਨਾ ਤਾਂ ਬਾਦਲ ਦੀ ਹੈ ਅਤੇ ਨਾ ਹੀ ਕੈਪਟਨ ਦੀ, ਇਹ ਸਰਕਾਰ ਹਰ ਪੰਜਾਬੀ ਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਪੰਜਾਬ ਵਿਆਪਕ ਵਿਕਾਸ ਦਾ ਗਵਾਹ ਬਣਿਆ ਹੈ ਅਤੇ ਦੂਜੇ ਸਾਲ ਵਿਚ ਵੀ ਵਿਕਾਸ ਤੇ ਤਰੱਕੀ 'ਤੇ ਵੱਧ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਕਾਸ ਲਈ ਸਨਅਤਾਂ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਨਾਲ ਪੰਜਾਬ ਅਗਲੇ ਦਿਨਾਂ 'ਚ ਸਨਅਤੀ ਗੜ੍ਹ ਵਜੋਂ ਉੱਭਰੇਗਾ। ਇਸ ਨਾਲ ਵੱਡੀ ਗਿਣਤੀ 'ਚ ਨੌਜਵਾਨਾਂ ਨੂੰ ਰੁਜ਼ਗਾਰ ਮਿਲੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਵੱਲੋਂ ਨਸ਼ਿਆਂ ਦੀ ਜੜ੍ਹ ਵੱਢਣ ਲਈ ਆਗਾਮੀ ਦਿਨਾਂ ਵਿਚ ਮੁਹਿੰਮ ਵਿੱਢੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਕੰਮ ਕਰ ਰਹੀ ਹੈ, ਇਸ ਮੁਹਿੰਮ ਨੂੰ ਭਵਿੱਖ ਵਿਚ ਹੋਰ ਸਖਤੀ ਨਾਲ ਚਲਾਇਆ ਜਾਵੇਗਾ।

ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਨੇ ਇਕ ਸਾਲ ਵਿੱਚ 26,797 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਸੂਬਾ ਸਰਕਾਰ ਨੇ 14 ਹਜ਼ਾਰ ਕੱਚੇ ਕਰਮਚਾਰੀਆਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਹੈ ਅਤੇ ਕੈਬਨਿਟ ਨੇ 14 ਹਜ਼ਾਰ ਹੋਰ ਮੁਲਾਜ਼ਮਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਲਈ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਗਾਰੰਟੀ ਪੂਰੀ ਕੀਤੀ ਹੈ। ਇਸ ਦੇ ਚੱਲਦਿਆਂ ਨਵੰਬਰ-ਦਸੰਬਰ 2022 'ਚ ਸੂਬੇ ਦੇ 87 ਫੀਸਦੀ ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆਇਆ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਕਣਕ ਤੇ ਝੋਨੇ ਦੇ ਫਸਲੀ ਚੱਕਰ ਵਿਚੋਂ ਬਾਹਰ ਕੱਢਣ ਤੇ ਧਰਤੀ ਹੇਠਲਾ ਪਾਣੀ ਬਚਾਉਣ ਲਈ ਮੂੰਗੀ ਦੀ ਫਸਲ 'ਤੇ ਐਮ.ਐਸ.ਪੀ. 7275 ਰੁਪਏ ਪ੍ਰਤੀ ਕੁਇੰਟਲ ਦਿੱਤੀ, ਜਿਸ ਨਾਲ ਕਿਸਾਨਾਂ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਵਾਧੂ ਆਮਦਨ ਹੋਈ ਹੈ। ਦੂਜੇ ਪਾਸੇ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਵਿੱਤੀ ਸਹਾਇਤਾ ਮੁਹੱਈਆ ਕਰਵਾਈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਗੰਨਾ ਉਤਪਾਦਕਾਂ ਦੇ ਪਿਛਲੇ ਸਾਲਾਂ ਦੇ ਲਟਕਦੇ ਸਾਰੇ ਬਕਾਏ ਦਾ ਭੁਗਤਾਨ ਕਰ ਦਿੱਤਾ ਹੈ। ਇਸ ਤੋਂ ਇਲਾਵਾ ਪੰਜਾਬ ਭਰ 'ਚ 500 ਤੋਂ ਵੱਧ ਆਮ ਆਦਮੀ ਕਲੀਨਿਕ ਖੋਲ੍ਹੇ ਹਨ ਜਿੱਥੇ ਹੁਣ ਤੱਕ 12 ਤੋਂ 15 ਲੱਖ ਮਰੀਜ਼ਾਂ ਨੂੰ ਲਾਭ ਮਿਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ 23 ਜ਼ਿਲ੍ਹਿਆਂ ਵਿਚ 117 ਸਕੂਲ ਆਫ ਐਮੀਨੈਂਸ ਸਥਾਪਤ ਕੀਤੇ ਗਏ ਹਨ। ਇਹ ਸਕੂਲ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਲਈ ਤਿਆਰ ਕਰਨਗੇ।

## 'ਆਪ' 'ਤੇ ਪੰਜਾਬ ਦੀ ਆਸ ਹੁਣ ਭਰੋਸਾ ਬਣੀ: ਕੇਜਰੀਵਾਲ

**ਨਵੀਂ ਦਿੱਲੀ:** 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਸਰਕਾਰ ਦੇ ਕਾਰਜਕਾਲ ਦਾ ਸਾਲ ਪੂਰਾ ਹੋਣ 'ਤੇ ਕਿਹਾ ਕਿ 'ਆਪ' ਪੰਜਾਬ ਦੀ ਉਮੀਦ ਹੈ ਤੇ ਇਸ ਸੂਬੇ ਨੂੰ 'ਰੰਗਲਾ ਪੰਜਾਬ' ਬਣਾਇਆ ਜਾਵੇਗਾ। ਕੇਜਰੀਵਾਲ ਨੇ ਟਵੀਟ ਕੀਤਾ, 'ਇਕ ਸਾਲ ਪਹਿਲਾਂ ਅੱਜ ਦੇ ਦਿਨ ਪੰਜਾਬ ਦੇ ਲੋਕਾਂ ਦੀਆਂ ਨਵੀਆਂ ਉਮੀਦਾਂ ਨੇ ਸਹੁੰ ਚੁੱਕੀ ਸੀ। 'ਆਪ' ਉਤੇ ਪੰਜਾਬ ਦੀ ਉਮੀਦ ਹੁਣ ਭਰੋਸਾ ਬਣ ਗਈ ਹੈ। ਇਸ ਇਕ ਸਾਲ ਵਿਚ ਜਨਤਾ ਨਾਲ ਕੀਤੇ ਕਈ ਵਾਅਦੇ ਪੂਰੇ ਕੀਤੇ ਗਏ, ਕੁਝ ਆਉਣ ਵਾਲੇ ਸਾਲਾਂ ਵਿਚ ਕੀਤੇ ਜਾਣਗੇ। ਇਨ੍ਹਾਂ 5 ਸਾਲਾਂ ਵਿਚ ਅਸੀਂ ਪੰਜਾਬ ਦੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰਾਂਗੇ ਤੇ ਰੰਗਲਾ ਪੰਜਾਬ ਬਣਾਵਾਂਗੇ।'

# ਅੰਮ੍ਰਿਤਪਾਲ ਸਿੰਘ 'ਤੇ ਕਾਰਵਾਈ ਪਿੱਛੋਂ ਪੰਜਾਬ ਭਰ 'ਚ ਸਖਤ ਪ੍ਰਬੰਧ




**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਪਿਛਲੇ ਦਿਨੀਂ ਪੰਜਾਬ ਦੇ ਅਜਨਾਲਾ ਵਿਚ ਵਾਪਰੀ ਘਟਨਾ ਤੋਂ ਬਾਅਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਕਾਰਕੁਨਾਂ ਖ਼ਿਲਾਫ਼ ਕਾਰਵਾਈ ਕਰਦਿਆਂ ਜਥੇਬੰਦੀ ਦੇ ਸੈਂਕੜੇ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਗ੍ਰਿਫਤਾਰ ਕੀਤੇ ਕਾਰਕੁਨਾਂ ਨੂੰ ਹਿਰਾਸਤ 'ਚ ਲੈ ਕੇ ਪੁੱਛ ਪੜਤਾਲ ਕਰ ਰਹੀ ਹੈ। ਦੂਜੇ ਪਾਸੇ ਪੁਲਿਸ ਦੀ ਕਾਰਵਾਈ ਤੋਂ ਖ਼ਫ਼ਾ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਦੇ ਹਮਾਇਤੀਆਂ ਨੇ ਸੂਬੇ ਭਰ 'ਚ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਹਨ, ਜਿਸ ਕਰ ਕੇ ਪੁਲਿਸ ਨੇ ਸੁਰੱਖਿਆ ਪ੍ਰਬੰਧ ਸਖਤ ਕਰ ਦਿੱਤੇ ਹਨ। ਧਾਰਮਿਕ ਸਥਾਨਾਂ ਤੇ ਮੁੱਖ ਬਾਜ਼ਾਰਾਂ 'ਚ ਵੀ ਚੌਕਸੀ ਵਧਾ ਦਿੱਤੀ ਗਈ ਹੈ।

ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਵਿਚ ਵੱਡੀ ਗਿਣਤੀ ਵਿਚ ਸੁਰੱਖਿਆ ਦਸਤੇ ਤਾਇਨਾਤ ਕਰ ਦਿੱਤੇ ਗਏ ਹਨ। ਜੱਲੂਪੁਰ ਖੇੜਾ ਵਿਚ ਵੱਖ-ਵੱਖ ਜ਼ਿਲ੍ਹਿਆਂ ਦੀ ਪੁਲਿਸ ਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ ਮੌਜੂਦ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜੱਲੂਪੁਰ ਖੇੜਾ ਨੂੰ ਜਾਣ ਵਾਲੇ ਰਸਤੇ ਉਪਰ ਇਕ ਕਿਲੋਮੀਟਰ ਪਹਿਲਾਂ ਹੀ ਨਾਕਾਬੰਦੀ ਕਰਕੇ ਪਿੰਡ ਨੂੰ ਘੇਰਾ ਪਾਇਆ ਹੋਇਆ ਹੈ। ਸੁਰੱਖਿਆ ਦਸਤਿਆਂ ਵੱਲੋਂ ਪਿੰਡ ਵਿੱਚ ਕਿਸੇ ਨੂੰ ਵੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਜ਼ਿਲ੍ਹਾ ਰੂਪਨਗਰ ਅੰਦਰ ਘਾੜ ਇਲਾਕੇ ਦੇ ਪਿੰਡਾਂ ਦੇ ਨੌਜਵਾਨਾਂ ਵੱਲੋਂ ਸਿੰਘ ਭਗਵੰਤਪੁਰ ਵਿਖੇ ਕੌਮੀ ਮਾਰਗ ਜਾਮ ਕਰਨ ਦੀ ਕੋਸ਼ਿਸ਼ ਨੂੰ ਪੁਲਿਸ ਨੇ ਨਾਕਾਮ ਬਣਾ ਦਿੱਤਾ।

ਉਧਰ, ਪੁਲਿਸ ਕਾਰਵਾਈਆਂ ਦੇ ਵਿਰੋਧ ਵਿਚ ਸੂਬੇ ਵਿਚ ਕਈ ਥਾਈਂ ਲੋਕਾਂ ਵੱਲੋਂ ਰੋਸ ਪ੍ਰਦਰਸ਼ਨ ਤੇ ਆਵਾਜਾਈ ਠੱਪ ਕਰਨ ਦੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਮੱਦੇਨਜ਼ਰ ਪੰਜਾਬ ਪੁਲਿਸ ਵੱਲੋਂ ਜਥੇਬੰਦੀ ਅਤੇ ਅੰਮ੍ਰਿਤਪਾਲ ਦੇ ਹੱਕ ਵਿਚ ਰੋਸ ਪ੍ਰਦਰਸ਼ਨ ਕਰਨ ਵਾਲੇ ਇਨ੍ਹਾਂ ਵੱਡੀ ਗਿਣਤੀ ਸਮਰਥਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਤਹਿਤ ਆਉਂਦੇ ਥਾਣਾ ਸੁਧਾਰ ਦੀ ਪੁਲਿਸ ਵੱਲੋਂ ਬੋਪਾਰਾਏ ਕਲਾਂ ਦੇ ਗੁਰੂਘਰ ਦੇ ਮੁੱਖ ਗ੍ਰੰਥੀ ਹਰਜੀਤ ਸਿੰਘ ਉਰਫ ਬਾਬਾ ਜਰਨੈਲ ਸਿੰਘ ਸਮੇਤ 21 ਵਿਅਕਤੀਆਂ ਨੂੰ ਸ਼ਾਂਤੀ ਭੰਗ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਏ ਜਾਣ ਦੀਆਂ ਖਬਰਾਂ ਆਉਣ ਮਗਰੋਂ ਹਰਜੀਤ ਸਿੰਘ ਉਰਫ਼ ਜਰਨੈਲ ਸਿੰਘ ਦੀ ਅਗਵਾਈ ਹੇਠ ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਪਿੰਡ ਬੁੱਢੇਲ ਦੇ ਮੁੱਖ ਚੌਕ ਵਿਚ ਆਵਾਜਾਈ ਠੱਪ ਕਰਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ।

ਇਸੇ ਤਰ੍ਹਾਂ ਤਲਵੰਡੀ ਸਾਬੋ ਸਥਿਤ ਖੰਡਾ ਚੌਕ ਵਿਚ ਧਰਨਾ ਦੇ ਰਹੇ 16 ਵਿਅਕਤੀਆਂ ਨੂੰ ਸਥਾਨਕ ਪੁਲਿਸ ਨੇ ਗ੍ਰਿਫਤਾਰ ਕਰਕੇ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਪਹਿਲਾਂ ਉਕਤ ਧਰਨਾਕਾਰੀਆਂ ਨੂੰ ਉਥੋਂ ਚਲੇ ਜਾਣ ਲਈ ਕਿਹਾ, ਪਰ ਜਦੋਂ ਉਨ੍ਹਾਂ ਧਰਨਾ ਨਾ ਹਟਾਇਆ ਤਾਂ ਪੁਲਿਸ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਥਾਣੇ ਲੈ ਗਈ।

ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦੀਆਂ ਹੋਈਆਂ ਗ੍ਰਿਫਤਾਰੀਆਂ ਮਗਰੋਂ ਅੰਬਾਲਾ ਵਿਚ ਵੀ ਹਲਚਲ ਮੱਚ ਗਈ। ਇਸ ਮੌਕੇ ਕਿਸਾਨ ਅੰਦੋਲਨ ਦੌਰਾਨ ਕੈਨਨ ਬੁਆਏ ਵਜੋਂ ਮਸ਼ਹੂਰ ਹੋਇਆ ਕਿਸਾਨ ਆਗੂ ਨਵਦੀਪ ਸਿੰਘ ਜਲਬੇੜਾ ਨੇ ਅੰਮ੍ਰਿਤਪਾਲ ਸਿੰਘ ਦੇ ਸਮਰਥਨ ਵਿਚ ਆਉਂਦਿਆਂ ਇਕ ਵੀਡੀਓ ਸੰਦੇਸ ਜਾਰੀ ਕਰ ਕੇ ਲੋਕਾਂ ਨੂੰ ਅਪੀਲ ਕੀਤੀ ਕਿ ਸ਼ੰਭੂ ਬਾਰਡਰ 'ਤੇ ਇਕੱਠੇ ਹੋ ਕੇ ਪੁਲਿਸ ਦੀ ਇਸ ਕਾਰਵਾਈ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇ। ਇਹ ਵੀਡੀਓ ਵਾਇਰਲ ਹੋਣ ਮਗਰੋਂ ਅੰਬਾਲਾ ਪੁਲਿਸ ਵੀ ਮੁਸਤੈਦ ਹੋ ਗਈ। ਹਾਲਾਂਕਿ ਨਵਦੀਪ ਸਿੰਘ ਖੁਦ ਸ਼ੰਭੂ ਬਾਰਡਰ 'ਤੇ ਨਹੀਂ ਪਹੁੰਚਿਆ, ਪਰ ਉਸ ਦੇ ਸੱਦੇ 'ਤੇ ਉਥੇ ਪਹੁੰਚਣ ਵਾਲੇ ਸਮਰਥਕਾਂ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਨਵਦੀਪ ਸਿੰਘ ਦੀ ਵੀਡੀਓ ਸਾਂਝੀ ਹੋਣ ਮਗਰੋਂ ਪੁਲਿਸ ਵੱਲੋਂ ਸ਼ੰਭੂ ਬਾਰਡਰ 'ਤੇ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਗਏ ਹਨ ਅਤੇ ਪੰਜਾਬ ਵਿਚ ਦਾਖਲ ਹੋਣ ਵਾਲੇ ਵਾਹਨਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ। ਇਸ ਮੌਕੇ ਪੁਲਿਸ ਵੱਲੋਂ ਸ਼ੱਕ ਦੇ ਆਧਾਰ 'ਤੇ ਕਈ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ।

## ਕੇਂਦਰ ਤੇ ਪੰਜਾਬ ਸਰਕਾਰਾਂ ਮਾਹੌਲ ਖਰਾਬ ਕਰ ਰਹੀਆਂ: ਮਾਨ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁੱਖ ਸੇਵਾਦਾਰ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਵਿਚ ਸ਼ੁਰੂ ਕੀਤੀਆਂ ਗ੍ਰਿਫ਼ਤਾਰੀਆਂ ਦੀ ਮੁਹਿੰਮ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਇਸ ਮੁਹਿੰਮ ਨੂੰ ਗੈਰਕਾਨੂੰਨੀ ਦੱਸਦਿਆਂ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਪੰਜਾਬ ਦੇ ਅਮਨਮਈ ਮਾਹੌਲ ਨੂੰ ਖਰਾਬ ਕਰਨ ਦਾ ਯਤਨ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਹਿਤਪੁਰ ਵਿਚ ਅੰਮ੍ਰਿਤਪਾਲ ਸਿੰਘ ਦੇ ਪ੍ਰੋਗਰਾਮ 'ਤੇ ਜਾਂਦੇ ਸਮੇਂ ਉਸ ਦੇ ਸਾਥੀਆਂ ਨੂੰ ਬਿਨਾਂ ਕਿਸੇ ਕਾਰਨ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਪਾਰਟੀ ਦੇ ਕਾਰਕੁਨਾਂ ਨੂੰ ਵੀ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ। ਇਹ ਕਾਰਵਾਈ ਸਿੱਖਾਂ ਅਤੇ ਪੰਜਾਬੀਆਂ ਲਈ ਅਸਹਿ ਹੈ।

## ਨਸ਼ਾ ਛੁਡਾਊ ਕੈਂਪ 'ਚੋਂ ਨੌਜਵਾਨ ਹਿਰਾਸਤ 'ਚ ਲਏ

**ਟੱਲੇਵਾਲ:** ਬਰਨਾਲਾ ਪੁਲਿਸ ਵੱਲੋਂ ਪਿੰਡ ਚੀਮਾ ਦੇ ਗੁਰਦੁਆਰਾ ਰਾਮਬਾਗ ਸਾਹਿਬ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ। ਇਸ ਅਪਰੇਸ਼ਨ ਦੌਰਾਨ ਕੁਝ ਨੌਜਵਾਨਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਵੀ ਸੂਚਨਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਚੀਮਾ ਦੇ ਇਸ ਗੁਰਦੁਆਰੇ ਵਿਚੋਂ ਅੰਮ੍ਰਿਤਪਾਲ ਸਿੰਘ ਦੇ ਸਾਥੀ ਬਸੰਤ ਸਿੰਘ ਤੇ ਇਕ ਹੋਰ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ, ਜੋ ਪਿਛਲੇ ਲਗਭਗ ਇਕ ਮਹੀਨੇ ਤੋਂ ਇਥੇ ਨਸਾ ਛੁਡਾਊ ਕੈਂਪ ਚਲਾ ਰਹੇ ਸਨ। ਪੁਲਿਸ ਦੀ ਇਸ ਕਾਰਵਾਈ ਵੇਲੇ ਗੁਰਦੁਆਰੇ ਵਿਚ ਨਸਾ ਛੱਡਣ ਆਏ 10 ਨੌਜਵਾਨ ਵੀ ਹਾਜਰ ਸਨ। ਪਿੰਡ ਵਾਸੀਆਂ ਅਤੇ ਗੁਰਦੁਆਰੇ ਦੇ ਸੇਵਾਦਾਰ ਬਾਬਾ ਬਲਜੀਤ ਸਿੰਘ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੁਲਿਸ ਉਕਤ ਦਸ ਨੌਜਵਾਨਾਂ ਨੂੰ ਇਹ ਕਹਿ ਕੇ ਆਪਣੇ ਨਾਲ ਲੈ ਗਈ ਹੈ ਕਿ ਨੌਜਵਾਨਾਂ ਨੂੰ ਉਨ੍ਹਾਂ ਦੇ ਘਰ ਲਿਜਾ ਕੇ ਛੱਡ ਦਿੱਤਾ ਜਾਵੇਗਾ। ਇਹ ਨੌਜਵਾਨ ਵੱਖ ਵੱਖ ਜ਼ਿਲ੍ਹਿਆਂ ਤੋਂ ਇਥੇ ਨਸ਼ਾ ਛੁਡਵਾਉਣ ਲਈ ਆਏ ਹੋਏ ਸਨ।

# ਅੰਮ੍ਰਿਤਪਾਲ ਦੇ ਆਈ.ਐਸ.ਆਈ., ਅਤਿਵਾਦੀ ਗਰੁੱਪਾਂ ਨਾਲ ਸਬੰਧਾਂ ਦਾ ਦਾਅਵਾ

**ਨਵੀਂ ਦਿੱਲੀ:** ਅਧਿਕਾਰਤ ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ ਦੇ ਪਾਕਿਸਤਾਨੀ ਖੁਫ਼ੀਆ ਏਜੰਸੀ ਆਈ.ਐਸ.ਆਈ. ਨਾਲ ਨੇੜਲੇ ਸਬੰਧ ਹਨ ਤੇ ਕਈ ਹੋਰ ਵਿਦੇਸ਼ੀ ਅਤਿਵਾਦੀ ਗਰੁੱਪਾਂ ਨਾਲ ਵੀ ਉਸ ਦੀ ਨੇੜਤਾ ਹੈ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਯੂਕੇ ਅਧਾਰਿਤ ਖਾਲਿਸਤਾਨੀ ਅਤਿਵਾਦੀ ਅਵਤਾਰ ਸਿੰਘ ਖੰਡਾ ਦਾ ਕਰੀਬੀ ਹੈ ਤੇ ਉਸ ਦੇ ਅਚਾਨਕ ਐਨੇ ਵੱਡੇ ਪੱਧਰ ਉਤੇ ਉਭਾਰ ਪਿੱਛੇ ਖੰਡਾ ਹੀ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਖੰਡਾ ਪਾਬੰਦੀ ਅਧੀਨ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਪਰਮਜੀਤ ਸਿੰਘ ਪੰਮਾ ਦਾ ਭਰੋਸੇਯੋਗ ਸਾਥੀ ਹੈ, ਜੋ ਸਿੱਖ ਨੌਜਵਾਨਾਂ ਨੂੰ ਕੱਟੜਵਾਦ ਵੱਲ ਤੋਰਨ ਲਈ ਸਿਖਲਾਈ ਦਿੰਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਤਿੰਨੇ ਆਪਣੀ ਕੱਟੜ ਵਿਚਾਰਧਾਰਾ ਨਾਲ ਸਿੱਖ ਨੌਜਵਾਨਾਂ ਨੂੰ ਜੋੜ ਕੇ ਪੰਜਾਬ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਖੰਡਾ ਬਰਮਿੰਘਮ ਤੇ ਗਲਾਸਗੋ ਤੋਂ ਧਮਾਕਾਖੇਜ ਸਮੱਗਰੀ ਬਣਾਉਣ ਬਾਰੇ ਆਨਲਾਈਨ ਵੀਡੀਓ ਅਪਲੋਡ ਕਰਦਾ ਹੈ। ਉਹ ਆਮ ਤੌਰ ਉਤੇ ਉਪਲਬਧ ਰਸਾਇਣਾਂ ਨਾਲ ਆਈ.ਈ.ਡੀ. ਬਣਾਉਣ ਬਾਰੇ ਜਾਣਕਾਰੀ ਦਿੰਦਾ ਹੈ। ਅੰਮ੍ਰਿਤਪਾਲ ਸਿੰਘ ਦੇ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਲਖਬੀਰ ਸਿੰਘ ਰੋਡੇ ਨਾਲ ਵੀ ਸੰਪਰਕ ਹਨ, ਜੋ ਕਿ ਭਾਰਤ ਵਿਚ ਹਥਿਆਰਾਂ ਤੇ ਆਰਡੀਐਕਸ ਦੀ ਤਸਕਰੀ ਦੇ ਕੇਸਾਂ ਵਿਚ ਪੁਲੀਸ ਨੂੰ ਲੋੜੀਂਦਾ ਹੈ। ਉਹ ਨਵੀਂ ਦਿੱਲੀ ਵਿਚ ਆਗੂਆਂ 'ਤੇ ਹਮਲੇ ਦੀਆਂ ਸਾਜ਼ਿਸ਼ਾਂ ਘੜਦਾ ਰਿਹਾ ਹੈ ਤੇ ਪੰਜਾਬ ਵਿਚ ਨਫਰਤ ਫੈਲਾਉਣ ਦੀ ਕੋਸ਼ਿਸ਼ ਕੀਤੀ ਹੈ। ਅੰਮ੍ਰਿਤਪਾਲ ਸਿੰਘ ਜਦ ਦੁਬਈ ਵਿਚ ਸੀ ਤਾਂ ਉਹ ਰੋਡੇ ਦੇ ਭਰਾ ਜਸਵੰਤ ਦੇ ਨੇੜਲੇ ਸੰਪਰਕਾਂ ਵਿਚ ਸੀ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਆਪਣੇ ਸਾਥੀਆਂ ਨੂੰ ਹਥਿਆਰਬੰਦ ਹੋਣ ਲਈ ਕਹਿੰਦਾ ਸੀ ਤੇ ਉਨ੍ਹਾਂ 'ਆਨੰਦਪੁਰ ਖਾਲਸਾ ਆਰਮੀ' ਦੇ ਨਾਂ ਹੇਠ ਇਕ ਗਰੁੱਪ ਵੀ ਬਣਾਇਆ ਸੀ। ਇਹ ਗਰੁੱਪ ਹਮੇਸ਼ਾ ਉਸ ਦੇ ਨਾਲ ਖਤਰਨਾਕ ਹਥਿਆਰਾਂ ਨਾਲ ਰਹਿੰਦਾ ਸੀ। ਦੁਬਈ ਵਿਚ ਟਰਾਂਸਪੋਰਟ ਅਪਰੇਟਰ ਵਜੋਂ ਕੰਮ ਕਰਦਿਆਂ ਅੰਮ੍ਰਿਤਪਾਲ ਉਥੇ ਆਈ.ਐਸ.ਆਈ. ਦੇ ਸੰਪਰਕ ਵਿਚ ਆਇਆ ਸੀ।

# ਸਿੱਖ ਜਥੇਬੰਦੀ ਵੱਲੋਂ ਮੌਜੂਦਾ ਹਾਲਾਤ ਦੇ ਟਾਕਰੇ ਲਈ ਸਾਂਝੀ ਵਿਉਂਤਬੰਦੀ 'ਤੇ ਜ਼ੋਰ

**ਅੰਮ੍ਰਿਤਸਰ:** ਪੰਥ ਸੇਵਕ ਜੁਝਾਰੂ ਜਥੇਬੰਦੀ ਦੇ ਆਗੂਆਂ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਇਕ ਮਿਥੇ ਪ੍ਰੋਗਰਾਮ ਤਹਿਤ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ। ਪੰਜਾਬ ਭਰ ਵਿਚ ਬੀਤੇ ਦਿਨਾਂ ਤੋਂ ਹੋ ਰਹੀਆਂ ਗ੍ਰਿਫਤਾਰੀਆਂ ਤੇ ਛਾਪਿਆਂ ਬਾਰੇ ਭਾਈ ਦਲਜੀਤ ਸਿੰਘ, ਭਾਈ ਨਰਾਇਣ ਸਿੰਘ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਸਤਨਾਮ ਸਿੰਘ ਖੰਡੇਵਾਲਾ, ਭਾਈ ਰਾਜਿੰਦਰ ਸਿੰਘ ਮੁਗਲਵਾਲ, ਭਾਈ ਸਤਨਾਮ ਸਿੰਘ ਝੰਜੀਆਂ, ਭਾਈ ਅਮਰੀਕ ਸਿੰਘ ਈਸੜੂ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਮਨਜੀਤ ਸਿੰਘ ਫਗਵਾੜਾ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਕਿਹਾ ਕਿ ਇਹ ਸਾਰੀ ਕਾਰਵਾਈ ਪੰਜਾਬ ਤੇ ਸਿੱਖਾਂ ਨੂੰ ਬਦਨਾਮ ਕਰਕੇ ਨਿਖੇੜਨ ਅਤੇ ਨਿਸ਼ਾਨੇ ਉੱਤੇ ਲਿਆਉਣ ਦੀ ਸਾਜ਼ਿਸ਼ ਹੈ।

ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਵੱਲੋਂ ਕਰੋਨਾ ਮਹਾਮਾਰੀ ਦੌਰਾਨ ਕੀਤੀ ਮਨੁੱਖਤਾ ਦੀ ਸੇਵਾ ਅਤੇ ਕਿਸਾਨੀ ਸਾਂਝੇ ਸੰਘਰਸ਼ ਵਿਚ ਨਿਭਾਈ ਮੂਹਰੀ ਭੂਮਿਕਾ ਕਾਰਨ ਉਪ-ਮਹਾਂਦੀਪ ਅਤੇ ਆਲਮੀ ਪੱਧਰ ਉੱਤੇ ਸਾਖ ਤੇ ਸਮਰੱਥਾ ਸਾਹਮਣੇ ਆਈ ਸੀ ਜਿਸ ਨੂੰ ਹੁਣ ਢਾਹ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਜਿਸ ਢੰਗ ਨਾਲ ਇੰਟਰਨੈਟ ਬੰਦ ਕਰਕੇ ਪੰਜਾਬ ਭਰ ਵਿਚੋਂ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਉਹ ਦਰਸਾਉਂਦਾ ਹੈ ਕਿ ਕੇਂਦਰ ਪੰਜਾਬ ਤੇ ਸਿੱਖਾਂ ਵਿਰੁੱਧ ਕੋਈ ਵੱਡੀ ਮੁਹਿੰਮ ਵਿੱਢ ਚੁੱਕਾ ਹੈ।

ਸਿੱਖ ਆਗੂਆਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੀ ਇਸ ਪੰਜਾਬ ਤੇ ਸਿੱਖ ਵਿਰੋਧੀ ਵਿਉਂਤਬੰਦੀ ਵਿਚ ਮੋਹਰੇ ਦੀ ਭੂਮਿਕਾ ਨਿਭਾਅ ਰਹੀ ਹੈ।

## ਸਰਕਾਰ ਦੀ ਨਾਕਾਮੀ ਨੱਲ ਮਾਹੌਲ ਖਰਾਬ ਹੋਇਆ: ਜਗੀਰ ਕੌਰ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਪੰਜਾਬ ਦਾ ਮਾਹੌਲ ਤਣਾਅਪੂਰਨ ਬਣਾਉਣ ਲਈ ਭਗਵੰਤ ਮਾਨ ਸਰਕਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਬਹਾਨੇ ਪੰਜਾਬ ਵਿਚ ਦਹਿਸ਼ਤ ਫੈਲਾਉਣ ਦੀ ਸਾਜ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਹੰਢਾਇਆ ਹੈ ਤੇ ਹੁਣ ਚੰਗੇ ਭਵਿੱਖ ਵੱਲ ਤੁਰਨ ਦੀ ਲੋੜ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸਿੱਖ ਨੌਜਵਾਨ ਮਾਨਸਿਕਤਾ ਵਿਚ ਸਰਕਾਰਾਂ ਦੀਆਂ ਵਧੀਕੀਆਂ ਅਤੇ ਵਿਤਕਰੇਬਾਜ਼ੀ ਖ਼ਿਲਾਫ਼ ਡਾਢਾ ਗੁੱਸਾ ਹੈ। ਉਨ੍ਹਾਂ ਕਿਹਾ ਕਿ ਕੁਝ ਵੱਡੀਆਂ ਤਾਕਤਾਂ ਹਰ ਵੇਲੇ ਮੌਕੇ ਦੀ ਤਾਕ ਵਿਚ ਰਹਿੰਦੀਆਂ ਹਨ ਜੋ ਸਿੱਖ ਨੌਜਵਾਨਾਂ ਨੂੰ ਦਿਸ਼ਾਹੀਣ ਕਰ ਕੇ ਬਲੀ ਦਾ ਬੱਕਰਾ ਬਣਾ ਸਕਣ। ਉਹਨਾਂ ਨੇ ਸਿੱਖ ਨੌਜਵਾਨਾਂ ਨੂੰ ਬੌਧਿਕ ਅਤੇ ਅਕਾਦਮਿਕ ਕਾਇਆ-ਕਲਪ ਕਰਨ ਵਾਲੇ ਰਾਹ 'ਤੇ ਚੱਲਣ ਲਈ ਕਿਹਾ।

# ਪੁਲਿਸ ਨੇ ਸੂਬੇ ਵਿਚ ਸੁਰੱਖਿਆ ਪ੍ਰਬੰਧ ਸਖਤ ਕੀਤੇ



**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਸੂਬੇ ਭਰ ਵਿਚ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਕਾਰਕੁਨਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਤੋਂ ਬਾਅਦ ਸੂਬੇ 'ਚ ਵੱਖ ਵੱਖ ਥਾਵਾਂ 'ਤੇ ਜਥੇਬੰਦੀ ਦੇ ਹਮਾਇਤੀਆਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਇਸ ਤਹਿਤ ਸੂਬੇ ਵਿਚ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਪੰਜਾਬ ਪੁਲਿਸ ਨੇ ਸੂਬੇ ਭਰ ਵਿੱਚ ਚੌਕਸੀ ਵਧਾ ਦਿੱਤੀ ਹੈ। ਪੰਜਾਬ ਪੁਲਿਸ ਅਤੇ ਕੇਂਦਰੀ ਸੁਰੱਖਿਆ ਬਲਾਂ ਵੱਲੋਂ ਵੱਖ-ਵੱਖ ਜ਼ਿਲ੍ਹਿਆਂ 'ਚ ਫਲੈਗ ਮਾਰਚ ਕੀਤੇ ਜਾ ਰਹੇ ਹਨ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ 'ਤੇ ਵੱਡੀ ਗਿਣਤੀ ਪੁਲਿਸ ਮੁਲਾਜ਼ਮਾਂ ਨੂੰ ਸੂਬੇ ਭਰ ਵਿਚ ਤਾਇਨਾਤ ਕੀਤਾ ਗਿਆ ਹੈ। ਇਸ ਦੌਰਾਨ ਕੇਂਦਰੀ ਸੁਰੱਖਿਆ ਬਲਾਂ ਦੀਆਂ ਕੰਪਨੀਆਂ ਵੀ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲੋਂ ਅਮਨ ਤੇ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਚੌਕਸੀ ਰੱਖੀ ਜਾ ਰਹੀ ਹੈ। ਪੁਲਿਸ ਵੱਲੋਂ ਜਿੱਥੇ ਮਾਹੌਲ ਖਰਾਬ ਕਰਨ ਵਾਲੇ ਵਿਅਕਤੀਆਂ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ, ਉੱਥੇ ਹੀ ਸ਼ੱਕੀ ਵਿਅਕਤੀਆਂ ਦੇ ਵਾਹਨਾਂ ਦੀ ਤਲਾਸ਼ੀ ਵੀ ਲਈ ਜਾ ਰਹੀ ਹੈ। ਆਈ.ਜੀ. ਹੈਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਪੰਜਾਬ ਦੇ ਲੋਕਾਂ ਨੂੰ ਗਲਤ ਜਾਣਕਾਰੀ ਜਾਂ ਅਫਵਾਹਾਂ 'ਤੇ ਵਿਸ਼ਵਾਸ ਨਾ ਕਰਦਿਆਂ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੰਮ ਕੀਤਾ ਜਾ ਰਿਹਾ ਹੈ। ਇਸ ਦੌਰਾਨ ਕਾਨੂੰਨ ਦੀ ਪਾਲਣਾ ਯਕੀਨੀ ਕੀਤੀ ਜਾਵੇਗੀ।

## ਮੂਸੇਵਾਲਾ ਦੇ ਬਰਸੀ ਸਮਾਗਮ 'ਚ ਇਕੱਠ ਘਟਾਉਣ ਲਈ ਬਹਾਨਾ ਬਣਾਇਆ: ਬਲਕੌਰ ਸਿੰਘ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ ਕਿ ਪੁਲਿਸ ਬਰਸੀ ਸਮਾਗਮ ਨੂੰ ਜਾਣਬੁੱਝ ਕੇ ਪ੍ਰਭਾਵਿਤ ਕਰੇਗੀ ਅਤੇ ਹੁਣ ਅੰਮ੍ਰਿਤਪਾਲ ਸਿੰਘ ਦੇ ਮਾਮਲੇ ਦਾ ਨਵਾਂ ਬਹਾਨਾ ਲੱਭ ਲਿਆਂਦਾ ਹੈ। ਬਰਸੀ ਸਮਾਗਮ ਉਤੇ ਸੰਗਤ ਅਮਨ ਸ਼ਾਂਤੀ ਨਾਲ ਆ ਰਹੀ ਸੀ ਪਰ ਮਾਨਸਾ ਪੁਲਿਸ ਨੇ ਲਾਲਿਆਂਵਾਲੀ, ਜੋਗਾ, ਭੀਖੀ ਵਿਚ ਨਾਕੇ ਲਾ ਕੇ ਲੋਕਾਂ ਨੂੰ ਮੋੜਿਆ। ਉਨ੍ਹਾਂ ਕਿਹਾ ਕਿ ਦੂਰੋਂ-ਦੂਰੋਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਲਈ ਆ ਰਹੀਆਂ ਸਨ,ਫਿਰ ਉਨ੍ਹਾਂ ਨੂੰ ਕਿਉਂ ਰੋਕਿਆ ਗਿਆ।

# ਖਾਲਿਸਤਾਨ ਪੱਖੀ ਸਮਰਥਕਾਂ ਵੱਲੋਂ ਲੰਡਨ 'ਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਹੰਗਾਮਾ

**ਲੰਡਨ:** ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਕੁਝ ਖਾਲਿਸਤਾਨ ਪੱਖੀ ਸਮਰਥਕਾਂ ਨੇ ਖਾਲਿਸਤਾਨ ਦਾ ਝੰਡਾ ਲਹਿਰਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਅਜਿਹਾ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਵਿਰੁੱਧ ਪੰਜਾਬ 'ਚ ਕੀਤੀ ਕਾਰਵਾਈ ਦੇ ਰੋਸ ਵਜੋਂ ਕੀਤਾ ਗਿਆ ਹੈ। ਸੋਸ਼ਲ ਮੀਡੀਆ ਉਤੇ ਖਾਲਿਸਤਾਨ ਪੱਖੀ ਕਾਰਕੁਨਾਂ ਨੂੰ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਭਾਰਤੀ ਝੰਡੇ ਦੀ ਥਾਂ ਖਾਲਿਸਤਾਨ ਦਾ ਝੰਡਾ ਲਹਿਰਾਉਂਦੇ ਵੇਖਿਆ ਜਾ ਰਿਹਾ ਹੈ। ਇਸ ਮੌਕੇ ਭੰਨਤੋੜ ਵੀ ਕੀਤੀ ਗਈ ਹੈ। ਮੌਕੇ ਉਤੇ ਪਹੁੰਚੀ ਪੁਲਿਸ ਨਾਲ ਬਹਿਸ ਕਰ ਰਹੇ ਖਾਲਿਸਤਾਨੀ ਸਮਰਥਕ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਸਨ।



ਖਾਲਿਸਤਾਨੀ ਝੰਡੇ ਲਹਿਰਾ ਰਹੇ ਪ੍ਰਦਰਸ਼ਨਕਾਰੀਆਂ ਦੇ ਸਮੂਹ ਵੱਲੋਂ ਭਾਰਤੀ ਹਾਈ ਕਮਿਸ਼ਨ ਦੀ ਭੰਨ-ਤੋੜ ਨੂੰ 'ਸ਼ਰਮਨਾਕ' ਅਤੇ 'ਪੂਰੀ ਤਰ੍ਹਾਂ ਅਸਵੀਕਾਰਨਯੋਗ' ਕਰਾਰ ਦਿੰਦਿਆਂ ਬਰਤਾਨੀਆ ਦੇ ਉੱਚ ਅਧਿਕਾਰੀਆਂ ਨੇ ਕਿਹਾ ਕਿ ਬਰਤਾਨਵੀ ਸਰਕਾਰ ਇਥੇ ਭਾਰਤੀ ਮਿਸ਼ਨ ਦੀ ਸੁਰੱਖਿਆ ਨੂੰ 'ਗੰਭੀਰਤਾ' ਨਾਲ ਲੈ ਰਹੀ ਹੈ। ਇਸ ਦੌਰਾਨ ਇਕ ਜਣੇ ਨੂੰ ਗ੍ਰਿਫਤਾਰ ਕੀਤਾ ਹੈ। ਖਾਲਿਸਤਾਨੀ ਝੰਡੇ ਲਹਿਰਾਉਂਦੇ ਅਤੇ ਖਾਲਿਸਤਾਨ ਪੱਖੀ ਨਾਅਰੇ ਲਗਾਉਂਦੇ ਪ੍ਰਦਰਸ਼ਨਕਾਰੀਆਂ ਦੇ ਸਮੂਹ ਨੇ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਉੱਪਰ ਤਿਰੰਗਾ ਉਤਾਰਨ ਦੀ ਕੋਸ਼ਿਸ਼ ਕੀਤੀ। ਹਾਈ ਕਮਿਸ਼ਨ ਅਨੁਸਾਰ, ਪ੍ਰਦਰਸ਼ਨਕਾਰੀਆਂ ਦੀ ਕੋਸ਼ਿਸ਼ ਅਸਫਲ ਰਹੀ ਅਤੇ ਤਿਰੰਗਾ ਸ਼ਾਨ ਨਾਲ ਲਹਿਰਾ ਰਿਹਾ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ ਵਿਦਿਆਰਥੀ ਦੀ ਕੁੱਟਮਾਰ

**ਵੈਨਕੂਵਰ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਨਫਰਤੀ ਹਮਲੇ ਦੌਰਾਨ ਕੁਝ ਅਣਪਛਾਤੇ ਵਿਅਕਤੀਆਂ ਨੇ 21 ਸਾਲਾ ਸਿੱਖ ਵਿਦਿਆਰਥੀ ਦੀ ਪੱਗ ਲਾਹ ਦਿੱਤੀ ਅਤੇ ਉਸ ਨੂੰ ਕੇਸਾਂ ਤੋਂ ਫੜ ਕੇ ਧੂਹਿਆ। ਸੀ.ਟੀ.ਵੀ. ਨਿਊਜ਼ ਦੀ ਖਬਰ ਅਨੁਸਾਰ ਗਗਨਦੀਪ ਸਿੰਘ 'ਤੇ ਦੇਰ ਰਾਤ ਉਦੋਂ ਹਮਲਾ ਹੋਇਆ, ਜਦੋਂ ਉਹ ਘਰ ਮੁੜ ਰਿਹਾ ਸੀ। ਕੌਂਸਲਰ ਮੋਹਿਨੀ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਹਮਲੇ ਦੇ ਤੁਰਤ ਮਗਰੋਂ ਇਸ ਬਾਰੇ ਜਾਣਕਾਰੀ ਮਿਲੀ ਅਤੇ ਉਹ ਗਗਨਦੀਪ ਸਿੰਘ ਨੂੰ ਮਿਲਣ ਪੁੱਜੇ। ਉਨ੍ਹਾਂ ਦੱਸਿਆ ਕਿ ਗਗਨਦੀਪ ਸਿੰਘ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਉਹ ਕਾਫੀ ਤਕਲੀਫ ਵਿਚ ਸੀ। ਕੌਂਸਲਰ ਨੇ ਦੱਸਿਆ ਕਿ ਗਗਨਦੀਪ ਸਿੰਘ ਰਾਤ ਕਰੀਬ ਸਾਢੇ 10 ਵਜੇ ਕਰਿਆਨੇ ਦੀ ਖਰੀਦਦਾਰੀ ਕਰਕੇ ਬੱਸ ਰਾਹੀਂ ਘਰ ਮੁੜ ਰਿਹਾ ਸੀ। ਇਸੇ ਦੌਰਾਨ 12-15 ਜਣਿਆਂ ਨੇ ਬੱਸ ਵਿਚ ਉਸ 'ਤੇ ਵਿਗ ਸੁੱਟੀ ਅਤੇ ਉਸ ਨੂੰ ਪਰੇਸ਼ਾਨ ਕਰਨ ਲੱਗੇ। ਗਗਨਦੀਪ ਸਿੰਘ ਵੱਲੋਂ ਪੁਲਿਸ ਨੂੰ ਸੂਚਿਤ ਕਰਨ ਦਾ ਡਰਾਵਾ ਦੇਣ 'ਤੇ ਵੀ ਉਹ ਉਸ ਨੂੰ ਪਰੇਸ਼ਾਨ ਕਰਦੇ ਰਹੇ। ਇਸ ਮਗਰੋਂ ਗਗਨਦੀਪ ਸਿੰਘ ਬੱਸ ਤੋਂ ਉੱਤਰ ਗਿਆ। ਹਮਲਾਵਰ ਵੀ ਬੱਸ ਤੋਂ ਉੱਤਰ ਗਏ ਅਤੇ ਬੱਸ ਦੇ ਜਾਂਦਿਆਂ ਹੀ ਉਸ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਪੱਗ ਲਾਹ ਦਿੱਤੀ ਅਤੇ ਉਸ ਨੂੰ ਵਾਲਾਂ ਤੋਂ ਧੂਹ ਕੇ ਸੜਕ ਕੰਢੇ ਪਈ ਗੰਦੀ ਬਰਫ 'ਤੇ ਸੁੱਟ ਦਿੱਤਾ। ਹਮਲਾਵਰ ਨੌਜਵਾਨ ਦੀ ਪੱਗ ਆਪਣੇ ਨਾਲ ਲੈ ਗਏ। ਕਲੋਨਾ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਇਕ ਬਿਆਨ ਵਿਚ ਮਾਮਲੇ ਦੀ ਜਾਂਚ ਕਰਨ ਦੀ ਪੁਸ਼ਟੀ ਕੀਤੀ ਹੈ। ਕਾਂਸਟੇਬਲ ਮਾਈਕ ਡੇਲਾ-ਪਾਓਲੇਰਾ ਨੇ ਕਿਹਾ ਕਿ ਕਲੋਨਾ ਆਰ.ਸੀ.ਐਮ.ਪੀ. ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਸ਼ਹਿਰ ਵਿਚ ਹੋ ਰਹੇ ਇਸ ਤਰ੍ਹਾਂ ਦੇ ਹਮਲਿਆਂ ਸਬੰਧੀ ਫਿਕਰਮੰਦ ਹੈ।

## ਸੁਖਬੀਰ ਬਾਦਲ ਨੂੰ ਹਾਈ ਕੋਰਟ ਤੋਂ ਵੱਡੀ ਰਾਹਤ

**ਫ਼ਰੀਦਕੋਟ:** ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੱਡੀ ਰਾਹਤ ਮਿਲੀ ਹੈ। ਹਾਈਕੋਰਟ ਨੇ ਸੁਖਬੀਰ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ ਹੈ। ਕੋਟਕਪੂਰਾ ਗੋਲੀ ਕਾਂਡ 'ਚ ਅਦਾਲਤ ਦੇ ਸੰਮਨ ਮਿਲਣ ਮਗਰੋਂ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਅਗਾਊਂ ਜ਼ਮਾਨਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਇਸ ਤੋਂ ਪਹਿਲਾਂ ਫ਼ਰੀਦਕੋਟ ਦੀ ਅਦਾਲਤ ਨੇ ਸੁਖਬੀਰ ਬਾਦਲ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ। ਪ੍ਰਕਾਸ਼ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਪਹਿਲਾਂ ਹੀ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ।

# ਕੋਟਕਪੂਰਾ ਗੋਲੀ ਕਾਂਡ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬੀਆਂ ਦੇ ਨਾਮ ਖੁੱਲ੍ਹਾ ਪੱਤਰ

**ਲੰਬੀ:** ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਫਰੀਦਕੋਟ ਅਦਾਲਤ 'ਚ ਪੇਸ਼ ਹੋਣ ਤੋਂ ਪਹਿਲਾਂ ਪੰਜਾਬੀਆਂ ਦੇ ਨਾਮ ਖੁੱਲ੍ਹਾ ਪੱਤਰ ਜਾਰੀ ਕੀਤਾ। ਇਸ ਵਿਚ ਉਨ੍ਹਾਂ ਆਪਣੀ 95 ਸਾਲਾ ਜ਼ਿੰਦਗੀ ਦੇ 70 ਸਾਲ ਲੰਮੇ ਸਿਆਸੀ ਸਫਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਗੁਰੂ ਦੀ ਮਿਹਰ ਤੇ ਸੰਗਤ ਦੇ ਆਸ਼ੀਰਵਾਦ ਸਦਕਾ ਮਾਨਵਤਾ ਦੀ ਸੇਵਾ ਲਈ ਵੱਕਾਰੀ ਰੁਤਬੇ ਹਾਸਲ ਹੋਏ।

ਅਜਿਹੇ 'ਚ ਉਹ ਮੁੱਖ ਮੰਤਰੀ ਦੇ ਉੱਚ ਪੱਧਰੀ ਵਕਾਰੀ ਅਹੁਦੇ 'ਤੇ ਹੁੰਦਿਆਂ ਪੰਥ ਜਾਂ ਪੰਜਾਬ ਖਿਲਾਫ਼ ਸਾਜ਼ਿਸ਼ ਘੜਨੀ ਤਾਂ ਇਕ ਪਾਸੇ ਕਦੀ ਅਜਿਹਾ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਉਨ੍ਹਾਂ ਭਗਵੰਤ ਮਾਨ ਸਰਕਾਰ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ, ''ਸਰਕਾਰ ਇਸ ਹੱਦ ਤੱਕ ਡਿੱਗ ਗਈ ਹੈ ਕਿ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ ਮੇਰੇ 'ਤੇ ਇਰਾਦਾ ਕਤਲ ਦੀਆਂ ਧਾਰਾਵਾਂ ਲੁਆ ਕੇ ਸਾਜ਼ਿਸ਼ ਰਚਣ ਦਾ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ।'' ਉਨ੍ਹਾਂ ਭਗਵੰਤ ਮਾਨ ਦੀ ਇਸ ਕਾਰਵਾਈ ਨੂੰ ਲੋਕਤੰਤਰ ਲਈ ਬੇਹੱਦ ਘਾਤਕ ਅਤੇ ਮੁੱਖ ਮੰਤਰੀ ਦੇ ਸੰਵਿਧਾਨਕ ਅਹੁਦੇ ਨੂੰ ਕਲੰਕਿਤ ਕਰਨ ਦੀ ਕੋਝੀ ਸਾਜ਼ਿਸ਼ ਕਰਾਰ ਦਿੱਤਾ।

ਉਨ੍ਹਾਂ ਕਿਹਾ ਕਿ ਸਾਬਕਾ ਕਾਂਗਰਸ ਸਰਕਾਰ ਤੇ 'ਆਪ' ਸਰਕਾਰ ਨਿਰਪੱਖ ਜਾਂਚ ਦੀ ਜਗ੍ਹਾ 'ਸਿਆਸਤ' ਕਰਦੀਆਂ ਆ ਰਹੀਆਂ ਹਨ। ਇਹ ਕੇਸ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨ ਦੀ ਵੱਡੀ ਸਾਜ਼ਿਸ਼ ਹੈ। ਸਮੂਹ ਪੰਥ ਪ੍ਰਸਤਾਂ ਅਤੇ ਸਮੂਹ ਪੰਜਾਬੀਆਂ ਨੂੰ ਇਕਜੁੱਟ ਹੋ ਕੇ ਇਨ੍ਹਾਂ ਸਾਜ਼ਿਸ਼ਾਂ ਖਿਲਾਫ ਡਟ ਕੇ ਖੜ੍ਹਨਾ ਚਾਹੀਦਾ ਹੈ।

# ਹਰਿਆਣਾ ਗੁਰਦੁਆਰਾ ਕਮੇਟੀ ਦਾ 106 ਕਰੋੜ 50 ਲੱਖ ਦਾ ਸਾਲਾਨਾ ਬਜਟ ਪਾਸ

**ਸ਼ਾਹਬਾਦ ਮਾਰਕੰਡਾ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 106 ਕਰੋੜ 50 ਲੱਖ ਰੁਪਏ ਦਾ ਬਜਟ ਪਾਸ ਕੀਤਾ ਹੈ। ਜਥੇਬੰਦੀ ਦੀ ਕਾਰਜਕਾਰਨੀ ਕਮੇਟੀ ਦੀ ਪਹਿਲੀ ਮੀਟਿੰਗ ਵਿਚ ਬਜਟ ਸਮੇਤ ਹੋਰ ਕਈ ਤਜਵੀਜ਼ਾਂ ਉਤੇ ਮੋਹਰ ਲਗਾਈ ਗਈ। ਸੰਸਥਾ ਦੇ ਮੁੱਖ ਦਫਤਰ ਸ੍ਰੀ ਗੁਰੂ ਰਾਮਦਾਸ ਸਰਾਂ ਕੁਰੂਕਸ਼ੇਤਰ ਵਿਖੇ ਹੋਈ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਮਹੰਤ ਕਰਮਜੀਤ ਸਿੰਘ ਨੇ ਕੀਤੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਕਰਮਜੀਤ ਸਿੰਘ ਨੇ ਦੱਸਿਆ ਕਿ ਸੰਸਥਾ ਨੇ ਆਪਣਾ ਪਹਿਲਾ ਬਜਟ ਪਾਸ ਕੀਤਾ ਹੈ, ਜਿਸ ਦੀ ਰਾਸ਼ੀ 106 ਕਰੋੜ 50 ਲੱਖ ਰੁਪਏ ਬਣਦੀ ਹੈ।

ਉਨ੍ਹਾਂ ਨੇ ਕਿਹਾ ਕਿ ਕੁੱਲ ਬਜਟ ਦਾ ਇਕ ਚੌਥਾਈ ਹਿੱਸਾ ਸਿੱਖਿਆ ਖੇਤਰ ਵਿਚ ਖਰਚ ਕਰਨ ਦਾ ਫੈਸਲਾ ਕੀਤਾ ਗਿਆ ਹੈ, ਤਾਂ ਜੋ ਬੱਚਿਆਂ ਨੂੰ ਚੰਗੀ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।

## ਸਿੱਖ ਨੌਜਵਾਨਾਂ ਦੀ ਫੜੋ-ਫੜਾਈ ਉਤੇ ਉਠੇ ਸਵਾਲ

*(ਪਹਿਲੇ ਸਫੇ ਦੀ ਬਾਕੀ)*

ਜਮਹੂਰੀਅਤ ਵਿਚ ਰਹਿ ਕੇ ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨਾਂ ਨਾਲ ਸਰਕਾਰੀ ਜਬਰ ਤੇ ਨਾਜਾਇਜ਼ ਹਿਰਾਸਤ ਦਾ ਅਮਲ ਅਪਣਾਉਣ ਤੋਂ ਸਰਕਾਰਾਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਹੰਢਾਇਆ ਹੈ ਅਤੇ ਹੁਣ ਚੰਗੇ ਭਵਿੱਖ ਵੱਲ ਤੁਰਨ ਦੀ ਲੋੜ ਹੈ। ਕੁਝ ਵੱਡੀਆਂ ਤਾਕਤਾਂ ਹਰ ਵੇਲੇ ਸਿੱਖ ਨੌਜਵਾਨਾਂ ਨੂੰ ਦਿਸ਼ਾਹੀਣ ਕਰ ਕੇ ਬਲੀ ਦਾ ਬੱਕਰਾ ਬਣਾਉਣ ਦੀ ਤਾਕ ਵਿਚ ਰਹਿੰਦੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਪੰਜਾਬ ਵਿਚ ਬੇਲੋੜਾ ਤਣਾਅ ਵਾਲਾ ਮਾਹੌਲ ਨਾ ਬਣਾਉਣ। ਉਨ੍ਹਾਂ ਕਿਹਾ ਕਿ ਜੇ ਕਿਸੇ ਨੂੰ ਗ੍ਰਿਫਤਾਰ ਕਰਨਾ ਹੈ ਤਾਂ ਉਸ ਲਈ ਕਾਨੂੰਨ ਮੁਤਾਬਕ ਨਿਯਮ ਹਨ ਪਰ ਸਰਕਾਰ ਵੱਲੋਂ ਇਸ ਸਬੰਧੀ ਕਾਰਵਾਈ ਕਰਨ ਵੇਲੇ ਸੂਬੇ ਵਿਚ ਇੰਟਰਨੈਟ ਤੇ ਬੱਸ ਸੇਵਾ ਬੰਦ ਕਰਨ ਅਤੇ ਧਾਰਾ 144 ਲਾਉਣਾ ਮਾਹੌਲ ਨੂੰ ਤਣਾਅਪੂਰਨ ਬਣਾ ਰਿਹਾ ਹੈ।

ਦਰਅਸਲ, ਅੰਮ੍ਰਿਤਪਾਲ ਸਿੰਘ ਹੁਣ ਦੂਸਰੀ ਖਾਲਸਾ ਵਹੀਰ ਯਾਤਰਾ ਸ਼ੁਰੂ ਕਰਨ ਵਾਲਾ ਸੀ ਕਿ ਉਸ ਤੋਂ ਪਹਿਲਾਂ ਹੀ ਪੁਲਿਸ ਐਕਸ਼ਨ ਵਿਚ ਆ ਗਈ। ਸੂਤਰ ਦੱਸਦੇ ਹਨ ਕਿ ਪੁਲਿਸ ਨੂੰ ਖਦਸ਼ਾ ਸੀ ਕਿ ਦੇਰੀ ਨਾਲ ਸਥਿਤੀ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ। ਕੇਂਦਰੀ ਅਤੇ ਰਾਜ ਦੀਆਂ ਖੁਫੀਆ ਏਜੰਸੀਆਂ ਨੇ ਪਹਿਲਾਂ ਹੀ ਸੂਹ ਲਾਉਣੀ ਸ਼ੁਰੂ ਕਰ ਦਿੱਤੀ ਸੀ। ਹੁਣ ਕੇਂਦਰ ਅਤੇ ਰਾਜ ਸਰਕਾਰ ਦੇ ਸਾਂਝੇ ਅਪਰੇਸ਼ਨ ਵਜੋਂ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਹਨ। ਪੰਜਾਬ ਪੁਲਿਸ ਅਜਨਾਲਾ ਥਾਣੇ 'ਤੇ ਬੋਲੇ ਧਾਵੇ ਕਰਕੇ ਅੰਦਰੋਂ ਔਖ ਵਿਚ ਹੈ ਅਤੇ ਇਸ ਨੂੰ ਪੁਲਿਸ ਦੇ ਅਕਸ ਨੂੰ ਢਾਹ ਲੱਗਣ ਵਾਲੀ ਕਾਰਵਾਈ ਮੰਨਿਆ ਜਾ ਰਿਹਾ ਸੀ।

# ਪੰਜਾਬ ਦਾ ਮਾਹੌਲ ਵਿਗਾੜਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ: ਮਾਨ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਹੈ ਕਿ ਕੁਝ ਲੋਕ ਵਿਦੇਸ਼ੀ ਤਾਕਤਾਂ ਦੇ ਹੱਥੇ ਚੜ੍ਹ ਕੇ ਕਾਨੂੰਨ ਵਿਵਸਥਾ ਵਿਗਾੜ ਰਹੇ ਹਨ, ਜਿਨ੍ਹਾਂ ਵੱਲੋਂ ਪੁਲਿਸ ਵਿਰੁੱਧ ਭੱਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੇ ਸ਼ਰਾਰਤੀ ਅਨਸਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਸ੍ਰੀ ਮਾਨ ਨੇ ਕਿਹਾ ਕਿ ਅਜਿਹੀ ਤਾਕਤ, ਜੋ ਦੇਸ਼ ਵਿਰੋਧੀ ਹੋਵੇ ਅਤੇ ਪੰਜਾਬ ਵਿਚ ਪੈਰ ਪਸਾਰ ਰਹੀ ਹੋਵੇ, ਨੂੰ ਛੱਡਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪ੍ਰਮੁੱਖਤਾ ਅਮਨ-ਸ਼ਾਂਤੀ, ਸਿੱਖਿਆ ਅਤੇ ਸਿਹਤ ਹੈ, ਜਿਸ ਉਤੇ ਪਹਿਰਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਧਰਮ ਨਿਰਪੱਖ ਹੈ, ਜੋ ਧਰਮ ਦੀ ਰਾਜਨੀਤੀ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਾਂਤੀ ਭੰਗ ਕਰਨ ਵਾਲਿਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਸੂਬਾ ਸਰਕਾਰ ਪੰਜਾਬ ਵਿਚ ਅਪਰਾਧਿਕ ਗਤੀਵਿਧੀਆਂ ਨਾਲ ਨਜਿੱਠਣ ਲਈ ਸਖਤ ਕਦਮ ਚੁੱਕਣ ਤੋਂ ਨਹੀਂ ਡਰਦੀ। ਉਨ੍ਹਾਂ ਦੀ ਇਹ ਟਿੱਪਣੀ ਪੰਜਾਬ ਪੁਲਿਸ ਵੱਲੋਂ ਵੱਖਵਾਦੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਦੇ ਮੈਂਬਰਾਂ ਖ਼ਿਲਾਫ ਸ਼ੁਰੂ ਕੀਤੀ ਮੁਹਿੰਮ ਤੋਂ ਬਾਅਦ ਆਈ ਹੈ। ਸ੍ਰੀ ਕੇਜਰੀਵਾਲ ਨੇ ਕਿਹਾ, 'ਜਦੋਂ ਅਸੀਂ ਪੰਜਾਬ ਵਿਚ ਸੱਤਾ ਵਿਚ ਆਏ ਤਾਂ ਲੋਕਾਂ ਨੇ ਕਿਹਾ ਕਿ 'ਆਪ' ਸਿਰਫ ਸਿੱਖਿਆ, ਸਿਹਤ ਅਤੇ ਬਿਜਲੀ ਦੇ ਖੇਤਰਾਂ ਵਿਚ ਕੰਮ ਕਰ ਸਕਦੀ ਹੈ, ਕਾਨੂੰਨ ਵਿਵਸਥਾ ਨੂੰ ਸੰਭਾਲਣਾ ਮੁਸ਼ਕਲ ਹੋਵੇਗਾ। ਸਾਨੂੰ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ 'ਚ ਜੋ ਮਿਲਿਆ ਹੈ, ਉਸ ਤੋਂ ਲੱਗਦਾ ਹੈ ਕਿ ਅਪਰਾਧੀਆਂ ਨੂੰ ਸਿਆਸੀ ਸਰਪ੍ਰਸਤੀ ਹਾਸਲ ਸੀ ਪਰ ਸਾਡੀ ਸਰਕਾਰ ਇਮਾਨਦਾਰ ਹੈ। ਅਸੀਂ ਅਜਿਹੇ ਅਨਸਰਾਂ ਖਿਲਾਫ ਸਖਤ ਕਾਰਵਾਈ ਕਰਦੇ ਹਾਂ।'

## ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਲਈ ਵਿੱਤੀ ਮਦਦ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਦੀਆਂ ਸਕੂਲ ਫੀਸਾਂ ਲਈ 17 ਲੱਖ 58 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਹ ਸਹਾਇਤਾ ਰਾਸ਼ੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਦੇ ਵੱਖ-ਵੱਖ ਥਾਵਾਂ 'ਤੇ ਪਹੁੰਚ ਸਿਕਲੀਗਰ ਬੱਚਿਆਂ ਦੀਆਂ ਫੀਸਾਂ ਦੇ ਰੂਪ ਵਿਚ ਸਕੂਲਾਂ ਨੂੰ ਸੌਂਪੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿਕਲੀਗਰ ਸਿੱਖ ਬੱਚਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਹਰ ਸਾਲ ਉਨ੍ਹਾਂ ਦੀਆਂ ਸਕੂਲ ਫੀਸਾਂ ਦੀ ਰਾਸ਼ੀ ਦੇਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਤਹਿਤ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਵਿੱਦਿਅਕ ਸਾਲ 2022-23 ਦੀਆਂ ਫੀਸਾਂ ਭੇਜੀਆਂ ਗਈਆਂ ਹਨ। ਛੱਤੀਸਗੜ੍ਹ ਅਤੇ ਆਂਧਰਾ ਪ੍ਰਦੇਸ਼ ਭੇਜੇ ਵਫ਼ਦ ਵਿਚ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਸੁਖਵਰਸ਼ ਸਿੰਘ ਪੰਨੂ, ਭੁਪਿੰਦਰ ਸਿੰਘ, ਸਿੱਖ ਮਿਸ਼ਨ ਰਾਏਪੁਰ ਦੇ ਇੰਚਾਰਜ ਗੁਰਮੀਤ ਸਿੰਘ ਸ਼ਾਮਲ ਹਨ।

# ਕਿਸਾਨਾਂ ਵੱਲੋਂ ਮੁੜ ਸੰਘਰਸ਼ ਦੀ ਤਿਆਰੀ

*(ਪਹਿਲੇ ਸਫੇ ਦੀ ਬਾਕੀ)*

ਸਹਿਮਤੀ ਦਿੱਤੀ ਹੈ ਅਤੇ ਬਿਜਲੀ ਬਿੱਲ ਵਿਚੋਂ ਕਿਸਾਨ ਵਿਰੋਧੀ ਮੱਦਾਂ ਹਟਾਉਣ ਬਾਰੇ ਵੀ ਦੱਸਿਆ। ਕੇਂਦਰ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੌਰਾਨ ਕੀਤੇ ਵਾਅਦਿਆਂ ਤੋਂ ਪਿੱਛੇ ਹਟ ਜਾਣ ਕਰਕੇ ਵਿਸ਼ਵਾਸਘਾਤ ਵਿਰੁੱਧ ਕਿਸਾਨਾਂ ਦੀਆਂ ਮੰਗਾਂ ਉਭਾਰਨ ਲਈ ਮਹਾਂਪੰਚਾਇਤ ਕੀਤੀ ਗਈ ਸੀ। ਮੋਰਚੇ ਨੇ ਫਸਲਾਂ ਦੀ ਖਰੀਦ ਸਬੰਧੀ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣਾਉਣ, ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਕਰਨ, ਐਮ.ਐਸ.ਪੀ. ਸਬੰਧੀ ਸਰਕਾਰ ਵੱਲੋਂ ਬਣਾਈ ਕਮੇਟੀ ਰੱਦ ਕਰ ਕੇ ਕੀਤੇ ਵਾਅਦੇ ਅਨੁਸਾਰ ਸੰਯੁਕਤ ਕਿਸਾਨ ਮੋਰਚੇ ਦੀ ਢੁਕਵੀਂ ਪ੍ਰਤੀਨਿਧਤਾ ਹੇਠ ਕਮੇਟੀ ਦਾ ਮੁੜ ਗਠਨ ਕਰਨ, ਬਿਜਲੀ ਸੋਧ ਬਿਲ 2022 ਰੱਦ ਕਰਨ, ਕਿਸਾਨਾਂ ਦੀ ਬਜਾਏ ਕਾਰਪੋਰੇਟ ਦੇ ਮੁਨਾਫੇ ਵਧਾਉਣ ਵਾਲੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਰੱਦ ਕਰਨ, ਫਸਲ ਬੀਮਾ ਯੋਜਨਾ ਲਾਗੂ ਕਰਨ, ਕੁਦਰਤੀ ਆਫਤ ਕਾਰਨ ਖਰਾਬ ਹੋਈਆਂ ਆਲੂ, ਪਿਆਜ਼ ਤੇ ਸਰ੍ਹੋਂ ਸਮੇਤ ਸਾਰੀਆਂ ਫਸਲਾਂ ਦਾ ਮੁਆਵਜ਼ਾ ਦੇਣ, ਕਿਸਾਨੀ ਸੰਘਰਸ਼ ਦੌਰਾਨ ਦਰਜ ਕੀਤੇ ਕੇਸਾਂ ਨੂੰ ਵਾਪਸ ਲੈਣ ਅਤੇ ਦਿੱਲੀ ਮੋਰਚੇ 'ਚ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਆਦਿ ਮੰਗਾਂ ਨੂੰ ਉਭਾਰਿਆ।

# ਵਿਜੀਲੈਂਸ ਵੱਲੋਂ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ ਤੋਂ ਪੁੱਛ ਪੜਤਾਲ

**ਬਠਿੰਡਾ:** ਕਾਂਗਰਸ ਸਰਕਾਰ ਦੌਰਾਨ ਮਾਲ ਮੰਤਰੀ ਰਹੇ ਤੇ ਹੁਣ ਭਾਜਪਾ ਦੇ ਸੂਬਾਈ ਆਗੂ ਗੁਰਪ੍ਰੀਤ ਸਿੰਘ ਕਾਂਗੜ ਖ਼ਿਲਾਫ਼ ਵਿਜੀਲੈਂਸ ਸਖ਼ਤੀ ਦਿਖਾਉਣ ਲੱਗੀ ਹੈ। ਵਿਜੀਲੈਂਸ ਵੱਲੋਂ ਬਠਿੰਡਾ ਦਫਤਰ ਵਿਚ ਕਾਂਗੜ ਤੋਂ ਸੱਤ ਘੰਟੇ ਤੱਕ ਪੁੱਛ ਪੜਤਾਲ ਕੀਤੀ ਗਈ। ਜਾਂਚ ਟੀਮ ਨੇ ਉਨ੍ਹਾਂ ਨੂੰ ਇਕ ਹਫਤੇ ਦੀ ਮੋਹਲਤ ਦਿੰਦਿਆਂ ਆਪਣੀ ਆਮਦਨ ਤੇ ਜਾਇਦਾਦ ਦੇ ਵੇਰਵਿਆਂ ਸਮੇਤ ਮੁੜ ਦਫਤਰ ਆਉਣ ਦੇ ਹੁਕਮ ਕੀਤੇ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੁਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਜੇਲ੍ਹ ਵਿਚੋਂ ਲਾਰੈਂਸ ਦੇ ਇੰਟਰਵਿਊ ਪਿੱਛੋਂ ਕਸੂਤੀ ਘਿਰੀ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਦੇ ਮਸ਼ਹੂਰ ਗਾਇਕ ਮਰਹੂਮ ਸਿੱਧੂ ਮੂਸੇਵਾਲਾ ਦੇ ਕਤਲ ਸਣੇ ਕਈ ਲੁੱਟ-ਖੋਹ ਤੇ ਫਿਰੌਤੀ ਦੀਆਂ ਘਟਨਾਵਾਂ 'ਚ ਸ਼ਾਮਲ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ ਵਿਚੋਂ ਇਕ ਤੋਂ ਬਾਅਦ ਇਕ ਇੰਟਰਵਿਊ ਪਿੱਛੋਂ ਸਰਕਾਰ ਕਸੂਤੀ ਘਿਰ ਗਈ ਹੈ। ਬਠਿੰਡਾ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਲਗਾਤਾਰ ਚਾਰ ਦਿਨਾਂ ਵਿਚ ਟੀਵੀ ਚੈਨਲ ਨੂੰ ਦਿੱਤੇ ਦੂਜੇ ਇੰਟਰਵਿਊ ਨੇ ਪੁਲਿਸ ਤੇ ਜੇਲ੍ਹ ਦੇ ਸੁਰੱਖਿਆ ਪ੍ਰਬੰਧਾਂ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਇੰਟਰਵਿਊ ਵਿਚ ਲਾਰੈਂਸ ਬਿਸ਼ਨੋਈ ਉਨ੍ਹਾਂ ਕੱਪੜਿਆਂ ਵਿਚ ਨਜ਼ਰ ਆ ਰਿਹਾ ਹੈ, ਜਿਸ ਦੀ ਤਸਵੀਰ ਡੀ.ਜੀ.ਪੀ. ਗੌਰਵ ਯਾਦਵ ਨੇ ਜਾਰੀ ਕੀਤੀ ਸੀ ਅਤੇ ਦਾਅਵਾ ਕੀਤਾ ਸੀ ਕਿ ਪਹਿਲੀ ਇੰਟਰਵਿਊ ਪੰਜਾਬ ਦੀ ਕਿਸੇ ਵੀ ਜੇਲ੍ਹ 'ਚ ਨਹੀਂ ਹੋਈ। ਡੀ.ਜੀ.ਪੀ. ਦਾ ਕਹਿਣਾ ਸੀ ਕਿ ਇਹ ਤਸਵੀਰ 16 ਮਾਰਚ ਨੂੰ ਬਠਿੰਡਾ ਜੇਲ੍ਹ ਵਿਚ ਲਈ ਗਈ ਹੈ।

ਇਸ ਇੰਟਰਵਿਊ ਵਿਚ ਲਾਰੈਂਸ ਬਿਸ਼ਨੋਈ ਛੋਟੇ ਵਾਲਾਂ ਅਤੇ ਕੱਟੀ ਹੋਈ ਦਾੜ੍ਹੀ ਵਿਚ ਨਜ਼ਰ ਆ ਰਿਹਾ ਹੈ ਅਤੇ ਉਹ ਇੰਟਰਵਿਊ ਦੌਰਾਨ ਜੇਲ੍ਹ ਦੀ ਬੈਰਕ ਵੀ ਦਿਖਾ ਰਿਹਾ ਹੈ। ਉਹ ਇੰਟਰਵਿਊ ਵਿਚ ਹੱਸਦੇ ਹੋਏ ਦਿਖਾਈ ਦੇ ਰਿਹਾ ਹੈ, ਜਿਸ ਨੇ ਮੰਨਿਆ ਕਿ ਜੇਲ੍ਹ ਵਿਚ ਮੋਬਾਈਲ ਫੋਨ ਆਸਾਨੀ ਨਾਲ ਮਿਲ ਜਾਂਦਾ ਹੈ। ਲਾਰੈਂਸ ਬਿਸ਼ਨੋਈ ਨੇ 37 ਮਿੰਟ ਤੋਂ ਵੱਧ ਸਮੇਂ ਦੇ ਇੰਟਰਵਿਊ 'ਚ ਮੰਨਿਆ ਕਿ ਉਸ ਵੱਲੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਕਿਸੇ ਕਿਸਮ ਦੀਆਂ ਧਮਕੀਆਂ ਨਹੀਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਉਸ ਨੇ ਧਮਕੀਆਂ ਦੇਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨਾਲ ਕੋਈ ਸਬੰਧ ਹੋਣ ਦੀ ਗੱਲ ਵੀ ਨਕਾਰੀ। ਉਸ ਨੇ ਕਿਹਾ ਕਿ ਉਨ੍ਹਾਂ ਨੇ ਸਿੱਧੂ ਮੂਸੇਵਾਲਾ ਦਾ ਕਤਲ ਕਰ ਕੇ ਆਪਣਾ ਬਦਲਾ ਪੂਰਾ ਕਰ ਲਿਆ ਹੈ। ਲਾਰੈਂਸ ਬਿਸ਼ਨੋਈ ਨੇ ਕਿਹਾ ਕਿ ਉਹ ਸਲਮਾਨ ਖਾਨ ਨੂੰ ਮਾਰਨਾ ਚਾਹੁੰਦਾ ਹੈ, ਜਿਸ ਨੇ ਹਿਰਨ ਦਾ ਸ਼ਿਕਾਰ ਕਰ ਕੇ ਉਨ੍ਹਾਂ ਸਮਾਜ ਨੂੰ ਨੀਵਾਂ ਦਿਖਾਇਆ ਹੈ, ਜਦੋਂ ਤੱਕ ਉਹ ਮੁਆਫੀ ਨਹੀਂ ਮੰਗਦਾ, ਉਦੋਂ ਤੱਕ ਸਲਮਾਨ ਖਾਨ ਨੂੰ ਮੁਆਫ ਨਹੀਂ ਕੀਤਾ ਜਾਵੇਗਾ। ਉਸ ਨੇ ਮੰਨਿਆ ਕਿ ਲਾਰੈਂਸ ਗੈਂਗ ਦਾ ਮੁੱਖ ਸਰਗਨਾ ਗੋਲਡੀ ਬਰਾੜ ਵਿਦੇਸ਼ ਵਿਚ ਬੈਠਾ ਹੈ, ਜਿਸ ਨੇ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਯੋਜਨਾ ਬਣਾਈ ਸੀ।



## ਮਾਨ ਨਹੀਂ, ਲਾਰੈਂਸ ਚਲਾ ਰਿਹੈ ਸਰਕਾਰ: ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਭਗਵੰਤ ਮਾਨ ਨਹੀਂ, ਲਾਰੈਂਸ ਬਿਸ਼ਨੋਈ ਸਰਕਾਰ ਚਲਾ ਰਿਹਾ ਹੈ, ਜੋ ਕਿਸੇ ਦੇ ਵੀ ਜਿਊਣ ਜਾਂ ਮਰਨ ਦਾ ਫੈਸਲਾ ਕਰ ਰਿਹਾ ਹੈ। ਇਹੋ ਜਿਹੇ ਹਾਲਾਤ ਵਿਚ ਪੰਜਾਬ 'ਚ ਆਮ ਆਦਮੀ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪੰਜਾਬ ਪੁਲਿਸ ਲਾਰੈਂਸ ਬਿਸ਼ਨੋਈ ਦੇ ਦੂਜੇ ਇੰਟਰਵਿਊ ਬਾਰੇ ਸਥਿਤੀ ਸਪਸ਼ਟ ਕਰੇ।

## ਲਾਰੈਂਸ ਦੀ ਇੰਟਰਵਿਊ ਪਿੱਛੇ ਡੂੰਘੀ ਸਾਜ਼ਿਸ਼: ਬਲਕੌਰ ਸਿੰਘ



**ਲੁਧਿਆਣਾ:** ਸਿੱਧੂ ਮੂਸੇਵਾਲਾ ਕਤਲ ਕਾਂਡ ਦਾ ਮੁੱਖ ਸਾਜ਼ਿਸ਼ਘਾੜੇ ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਜੇਲ੍ਹ 'ਚ ਹੋਏ ਇੰਟਰਵਿਊ ਤੋਂ ਬਾਅਦ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਨੇ ਕਿਹਾ ਕਿ ਇੰਟਰਵਿਊ ਜ਼ਰੀਏ ਇਕ ਗੈਂਗਸਟਰ ਨੂੰ ਹੀਰੋ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ ਤੇ ਆਉਣ ਵਾਲੇ ਸਮੇਂ 'ਚ ਇਸ ਦੇ ਨਤੀਜੇ ਗਲਤ ਨਿਕਲਣਗੇ। ਇਹ ਸਭ ਕੁਝ ਸਿੱਧੂ ਮੂਸੇਵਾਲਾ ਦੀ ਬਰਸੀ ਤੋਂ ਪਹਿਲਾਂ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ ਤੇ ਉਸ ਦੇ ਅਕਸ ਨੂੰ ਖ਼ਰਾਬ ਕਰਨ ਦੀ ਗਿਣੀ ਮਿਥੀ ਸਾਜ਼ਿਸ਼ ਹੈ। ਬਲਕੌਰ ਸਿੰਘ ਨੇ ਕਿਹਾ ਕਿ ਹੈਰਾਨੀ ਦੀ ਗੱਲ ਇਹ ਹੈ ਕਿ ਜੇਲ੍ਹ 'ਚੋਂ ਇੰਨੇ ਵੱਡੇ ਗੈਂਗਸਟਰ ਦਾ ਇੰਟਰਵਿਊ ਹੋਇਆ ਤੇ ਕਿਸੇ ਨੂੰ ਕੁਝ ਪਤਾ ਨਹੀਂ ਲੱਗਿਆ।

## ਕਾਂਗਰਸ ਨੇ ਭਗਵੰਤ ਮਾਨ ਦਾ ਅਸਤੀਫਾ ਮੰਗਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਨੂੰ 'ਆਪ' ਸਰਕਾਰ ਦੀ ਮਿਥੀ ਸਾਜ਼ਿਸ਼ ਦੱਸਿਆ ਹੈ ਤਾਂ ਜੋ ਇਸ ਇੰਟਰਵਿਊ ਜ਼ਰੀਏ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਨੂੰ ਬਦਨਾਮ ਕੀਤਾ ਜਾ ਸਕੇ। ਇਸੇ ਕਰ ਕੇ ਇਹ ਇੰਟਰਵਿਊ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ ਤੋਂ ਕੁਝ ਦਿਨ ਪਹਿਲਾਂ ਨਸ਼ਰ ਹੋਈ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਕਾਂਗਰਸ ਪ੍ਰਧਾਨ ਰਾਜਾ ਵੜਿੰਗ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਂਝੇ ਤੌਰ 'ਤੇ ਇਸ ਮੁੱਦੇ 'ਤੇ ਪ੍ਰੈੱਸ ਕਾਨਫਰੰਸ ਕੀਤੀ। ਬਾਜਵਾ ਨੇ ਕਿਹਾ ਕਿ ਗ੍ਰਹਿ ਅਤੇ ਜੇਲ੍ਹ ਮੰਤਰੀ ਹੋਣ ਦੇ ਨਾਤੇ ਭਗਵੰਤ ਮਾਨ ਨੂੰ ਪਿਛੇ ਵਾਪਰੀਆਂ ਘਟਨਾਵਾਂ ਦੀ ਨੈਤਿਕ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

# ਜਥੇਦਾਰ ਨੇ ਸਰਕਾਰਾਂ ਨੂੰ ਦਹਿਸ਼ਤ ਦਾ ਮਾਹੌਲ ਸਿਰਜਣ ਤੋਂ ਗੁਰੇਜ਼ ਕਰਨ ਲਈ ਆਖਿਆ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਕੀਤੀ ਜਾ ਰਹੀ ਕਾਰਵਾਈ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਰਕਾਰਾਂ ਨੂੰ ਸਿਆਸੀ ਮੁਫ਼ਾਦਾਂ ਕਾਰਨ ਪੰਜਾਬ ਵਿਚ ਦਹਿਸ਼ਤ ਦਾ ਮਾਹੌਲ ਸਿਰਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਜਥੇਦਾਰ ਨੇ ਕਿਹਾ ਕਿ ਜਮਹੂਰੀਅਤ ਵਿਚ ਰਹਿ ਕੇ ਆਪਣੇ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨਾਂ ਨਾਲ ਸਰਕਾਰੀ ਜਬਰ ਤੇ ਨਾਜਾਇਜ਼ ਹਿਰਾਸਤ ਦਾ ਅਮਲ ਅਪਣਾਉਣ ਤੋਂ ਸਰਕਾਰਾਂ ਗੁਰੇਜ਼ ਕਰਨ। ਉਨ੍ਹਾਂ ਕਿਹਾ ਕਿ ਪੰਜਾਬ ਨੇ ਪਹਿਲਾਂ ਹੀ ਬਹੁਤ ਸੰਤਾਪ ਹੰਢਾਇਆ ਹੈ ਅਤੇ ਹੁਣ ਚੰਗੇ ਭਵਿੱਖ ਵੱਲ ਤੁਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕੁਝ ਵੱਡੀਆਂ ਤਾਕਤਾਂ ਹਰ ਵੇਲੇ ਸਿੱਖ ਨੌਜਵਾਨਾਂ ਨੂੰ ਦਿਸ਼ਾਹੀਣ ਕਰਕੇ ਬਲੀ ਦਾ ਬੱਕਰਾ ਬਣਾਉਣ ਦੀ ਤਾਕ ਵਿਚ ਰਹਿੰਦੀਆਂ ਹਨ।

ਜਥੇਦਾਰ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਟਕਰਾਅ ਦਾ ਰਾਹ ਅਪਨਾਉਣ ਦੀ ਥਾਂ ਆਪਣੇ ਬੌਧਿਕ ਤੇ ਅਕਾਦਮਿਕ ਕਾਇਆ-ਕਲਪ ਕਰਨ ਵਾਲੇ ਰਾਹ 'ਤੇ ਚੱਲਣ। ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਸਰਕਾਰਾਂ ਦੀਆਂ ਸਿੱਖਾਂ ਨੂੰ ਧਾਰਮਿਕ ਤੇ ਸਿਆਸੀ ਤੌਰ 'ਤੇ ਕਮਜ਼ੋਰ ਕਰਨ ਦੀਆਂ ਨੀਤੀਆਂ ਸੂਬੇ ਲਈ ਦਮਨਕਾਰੀ ਸਾਬਤ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਿਆਸਤ ਤੇ ਸੱਤਾ ਦੇ ਹਿੱਤਾਂ ਨੂੰ ਪੂਰਨ ਵਾਸਤੇ ਸਰਕਾਰਾਂ ਨੂੰ ਘੱਟ ਗਿਣਤੀ ਨੌਜਵਾਨਾਂ ਵਿਚ ਦਹਿਸ਼ਤ, ਡਰ ਅਤੇ ਬੇਗਾਨਗੀ ਦਾ ਅਹਿਸਾਸ ਭਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।



## ਸੂਬੇ ਵਿਚ ਬੇਲੋੜਾ ਤਣਾਅ ਨਾ ਬਣਾਇਆ ਜਾਵੇ: ਧਾਮੀ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰਾਂ ਪੰਜਾਬ ਵਿਚ ਬੇਲੋੜਾ ਤਣਾਅ ਵਾਲਾ ਮਾਹੌਲ ਨਾ ਬਣਾਉਣ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਗ੍ਰਿਫਤਾਰ ਕਰਨਾ ਹੈ ਤਾਂ ਉਸ ਲਈ ਕਾਨੂੰਨ ਮੁਤਾਬਕ ਨਿਯਮ ਹਨ, ਪਰ ਸਰਕਾਰ ਵੱਲੋਂ ਇਸ ਸਬੰਧੀ ਕਾਰਵਾਈ ਕਰਨ ਵੇਲੇ ਸੂਬੇ ਵਿਚ ਇੰਟਰਨੈਟ ਤੇ ਬੱਸ ਸੇਵਾ ਬੰਦ ਕਰਨ ਅਤੇ ਧਾਰਾ 144 ਲਾਉਣਾ ਮਾਹੌਲ ਨੂੰ ਤਣਾਅਪੂਰਨ ਬਣਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀਆਂ ਅਸਫਲਤਾਵਾਂ ਨੂੰ ਲੁਕਾਉਣ ਲਈ ਸਰਕਾਰਾਂ ਅਜਿਹੇ ਹੱਥਕੰਡੇ ਵਰਤਦੀਆਂ ਹਨ, ਜਿਸ ਨਾਲ ਬੇਲੋੜਾ ਤਣਾਅ ਪੈਦਾ ਹੁੰਦਾ ਹੈ ਤੇ ਇਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਦੇ ਵਸਨੀਕਾਂ ਨੂੰ ਝੱਲਣਾ ਪੈ ਰਿਹਾ ਹੈ।

# ਬਦਲਾਖੋਰੀ ਦੀ ਸਿਆਸਤ ਨਾਲ ਪੰਜਾਬ ਨੂੰ ਬਦਨਾਮ ਕੀਤਾ ਜਾ ਰਿਹੈ: ਸੁਖਬੀਰ

**ਬੁਢਲਾਡਾ:** ਸ਼੍ਰੋਮਣੀ ਅਕਾਲੀ ਦਲ (ਬ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੀ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਪੰਜਾਬ ਵਿਚ ਹਰ ਵਿਅਕਤੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਲੁੱਟਾਂ-ਖੋਹਾਂ ਅਤੇ ਫਿਰੌਤੀਆਂ ਕਾਰਨ ਲੋਕ ਅੱਜ ਸਹਿਮ ਦੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ। ਉਨ੍ਹਾਂ ਲੋਕ ਸਭਾ ਚੋਣਾਂ ਲਈ ਪਾਰਟੀ ਵਰਕਰਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ। ਸ੍ਰੀ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਵੇਲੇ ਸੂਬੇ ਵਿਚ 100 ਕਰੋੜ ਰੁਪਏ ਹਰ ਸਾਲ ਖੇਡਾਂ ਲਈ ਰਾਖਵਾਂ ਹੁੰਦਾ ਸੀ ਜਿਸ ਨਾਲ ਹਰ ਸਾਲ ਕਬੱਡੀ ਵਿਸ਼ਵ ਕੱਪ ਕਰਵਾਇਆ ਜਾਂਦਾ ਸੀ ਤੇ ਪੰਜਾਬ ਅੰਦਰ ਮੇਲੇ ਵਰਗਾ ਮਾਹੌਲ ਹੁੰਦਾ ਸੀ। ਉਨ੍ਹਾਂ ਦੀ ਸਰਕਾਰ ਨੇ ਹਾਕੀ ਨੂੰ ਪ੍ਰਫੁੱਲਤ ਕਰਨ ਲਈ 17 ਖੇਡ ਸਟੇਡੀਅਮਾਂ ਦਾ ਨਿਰਮਾਣ ਕਰਵਾਇਆ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਖੇਡ ਮੈਦਾਨਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਹਲਕਾ ਵਾਸੀਆਂ ਨੂੰ ਯਾਦ ਕਰਵਾਇਆ ਕਿ 12 ਸਾਲ ਪਹਿਲਾਂ ਜਦੋਂ ਇਥੇ ਪੀਣ ਵਾਲਾ ਪਾਣੀ, ਸੜਕਾਂ, ਕਿਸਾਨੀ ਦਾ ਮੰਦਾ ਹਾਲ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਦੇ ਯਤਨਾਂ ਸਦਕਾ ਕੇਂਦਰ ਸਰਕਾਰ ਤੋਂ 200 ਕਰੋੜ ਰੁਪਏ ਲਿਆ ਕੇ ਇਸ ਹਲਕੇ ਦੇ ਵਿਕਾਸ ਅਤੇ ਕਿਸਾਨੀ ਨੂੰ ਮਜ਼ਬੂਤ ਕੀਤਾ ਸੀ।

# ਮੂਸੇਵਾਲਾ ਦੇ ਪਹਿਲੀ ਬਰਸੀ ਸਮਾਗਮ ਮੌਕੇ ਮਾਪਿਆਂ ਵੱਲੋਂ ਸਰਕਾਰ ਨਾਲ ਗਿਲਾ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਇਥੇ ਪਹਿਲੀ ਬਰਸੀ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅੱਜ ਹੀ ਅੰਮ੍ਰਿਤਪਾਲ ਨੂੰ ਕਾਬੂ ਕਰਨ ਦਾ ਦਿਨ ਕਿਉਂ ਚੁਣਿਆ ਗਿਆ। ਉਨ੍ਹਾਂ ਕਿਹਾ ਕਿ ਅੱਜ ਸਾਰੇ ਪੰਜਾਬ ਵਿਚ ਇੰਟਰਨੈੱਟ ਬੰਦ ਹੈ ਪਰ ਲਾਰੈਂਸ ਬਿਸ਼ਨੋਈ ਦਾ ਇੰਟਰਨੈੱਟ ਜੇਲ੍ਹ ਵਿਚ ਵੀ ਖੁੱਲ੍ਹਾ ਹੈ।

ਦੂਜੇ ਪਾਸੇ ਗੋਲਡੀ ਬਰਾੜ ਨੂੰ ਕਿਉਂ ਨਹੀਂ ਕਾਬੂ ਕੀਤਾ ਜਾ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਕਹਿ ਰਹੇ ਸਨ ਕਿ ਗੋਲਡੀ ਬਰਾੜ ਨੂੰ ਕਾਬੂ ਕਰ ਲਿਆ ਗਿਆ ਹੈ ਪਰ ਗੋਲਡੀ ਬਰਾੜ ਕਹਿੰਦਾ ਹੈ ਕਿ ਉਸ ਨੂੰ ਕੋਈ ਜਿਉਂਦਾ ਨਹੀਂ ਫੜ ਸਕਦਾ। ਬਲਕੌਰ ਸਿੰਘ ਸਿੱਧੂ ਨੇ ਮੰਚ ਤੋਂ ਪਹਿਲੀ ਵਾਰ ਪੰਜਾਬ ਅਤੇ ਕੇਂਦਰ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ ਜਿਸ ਦਾ ਲੋਕਾਂ ਨੇ ਭਰਵਾਂ ਜਵਾਬ ਦਿੱਤਾ। ਬਲਕੌਰ ਸਿੰਘ ਨੇ ਕਿਹਾ ਕਿ ਲਾਰੈਂਸ ਬਿਸ਼ਨੋਈ ਨੇ ਜੇਲ੍ਹ 'ਚੋਂ ਇੰਟਰਵਿਊ ਦੌਰਾਨ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਉਸ ਨੇ ਮਾਰਿਆ ਹੈ ਅਤੇ ਹੁਣ ਉਸ ਦਾ ਟੀਚਾ ਸਲਮਾਨ ਖਾਨ ਨੂੰ ਮਾਰਨਾ ਹੈ। ਅਜਿਹੇ ਮਾਮਲੇ ਸਰਕਾਰਾਂ ਅਤੇ ਅਦਾਲਤਾਂ ਦਾ ਮੂੰਹ ਚਿੜਾ ਰਹੇ ਹਨ। ਉਨ੍ਹਾਂ ਕਿਹਾ ਕਿ ਲਾਰੈਂਸ ਬਿਸ਼ਨੋਈ ਨੇ ਦੇਸ਼ ਦੀਆਂ ਜੇਲ੍ਹਾਂ ਵਿਚ ਬਰਾਂਚਾਂ ਖੋਲ੍ਹ ਰੱਖੀਆਂ ਹਨ।

ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਵਾਲੇ 6 ਜਣਿਆਂ ਵਿਚੋਂ ਉਸ ਨੂੰ ਪੰਜ ਜਣੇ ਨਹੀਂ ਜਾਣਦੇ ਸਨ, ਪਰ ਉਸ ਨੂੰ ਮਾਰਨ ਲਈ ਭੇਜਣ ਵਾਲਿਆਂ ਨੂੰ ਪੁਲਿਸ ਕਿਉਂ ਨਹੀਂ ਫੜ ਰਹੀ। ਹੁਣ ਹਾਲਾਤ ਅਜਿਹੇ ਬਣ ਗਏ ਹਨ ਕਿ ਉਨ੍ਹਾਂ ਨੂੰ ਇਨਸਾਫ ਲੈਣ ਲਈ ਪੰਜਾਬ ਵਿਧਾਨ ਸਭਾ ਦੇ ਦਰਵਾਜ਼ੇ ਉਤੇ ਪਤਨੀ ਸਮੇਤ ਬੈਠਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਉਤੇ ਕਾਰਵਾਈ ਸਿੱਧੂ ਮੂਸੇਵਾਲਾ ਦੀ ਬਰਸੀ ਉਤੇ ਇਕੱਠ ਘੱਟ ਕਰਨ ਦੇ ਇਰਾਦੇ ਨਾਲ ਕੀਤੀ ਹੈ। ਸਰਕਾਰ ਕਿਸੇ ਹੋਰ ਦਿਨ ਵੀ ਇਹ ਕਾਰਵਾਈ ਕਰ ਸਕਦੀ ਸੀ।




ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੀਡੀਆ ਡਾਇਰੈਕਟਰ ਬਲਤੇਜ ਪੰਨੂ ਵਲੋਂ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਸਬੰਧੀ ਜੋ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਗਈਆਂ, ਉਸ ਨੇ ਹੀ ਕਾਤਲਾਂ ਦਾ ਹੌਸਲਾ ਵਧਾਇਆ ਹੈ ਅਤੇ ਉਸ ਉਪਰ ਸਰਕਾਰ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਇਨਸਾਫ਼ ਲਈ 11 ਮਹੀਨੇ ਦਾ ਸਮਾਂ ਲੱਗਣ ਨੂੰ ਬਹੁਤ ਮੰਦਭਾਗਾ ਦੱਸਿਆ।

ਬਰਸੀ ਸਮਾਗਮ ਦੌਰਾਨ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਭਾਰਤ ਦੇਸ਼ ਅਜੇ ਵੀ ਗੁਲਾਮ ਹੈ, ਇਥੇ ਕੋਈ ਆਜ਼ਾਦੀ ਨਹੀਂ ਹੈ। ਉਨ੍ਹਾਂ ਅੰਮ੍ਰਿਤਪਾਲ ਦੀ ਵਡਿਆਈ ਕਰਦਿਆਂ ਕਿਹਾ ਕਿ ਉਹ ਲੋਕਾਂ ਨੂੰ ਸਿੱਧੇ ਪਾਸੇ ਪਾ ਰਿਹਾ ਹੈ, ਅੰਮ੍ਰਿਤ ਛਕਾ ਰਿਹਾ ਹੈ, ਨਸ਼ੇ ਛੁਡਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਨਾਲਾ ਕਾਂਡ ਉਤੇ ਸਰਕਾਰ ਨੇ ਪਹਿਲਾਂ ਕਾਰਵਾਈ ਕਿਉਂ ਨਾ ਕੀਤੀ।

ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ ਸਮਾਗਮ ਦੌਰਾਨ ਪੰਡਾਲ ਦੇ ਇਕ ਪਾਸੇ ਉਸ ਦਾ ਪਸੰਦੀਦਾ ਟਰੈਕਟਰ 5911 ਵੀ ਲਿਆ ਕੇ ਖੜ੍ਹਾ ਕੀਤਾ ਗਿਆ। ਇਸੇ ਤਰ੍ਹਾਂ ਜਿਸ 'ਥਾਰ' ਜੀਪ ਵਿਚ ਉਸ ਦਾ ਕਤਲ ਕੀਤਾ ਗਿਆ ਸੀ, ਉਹ ਵੀ ਪੰਡਾਲ ਵਿਚ ਲਿਆਂਦੀ ਗਈ ਸੀ। ਭਾਵੇਂ ਇਸ ਥਾਰ ਦੇ ਟਾਇਰ ਗੋਲੀਆਂ ਮਾਰ ਕੇ ਪਾੜ ਦਿੱਤੇ ਗਏ ਸਨ ਪਰ ਬਾਅਦ ਵਿਚ ਇਸ ਦੀ ਮੁਰੰਮਤ ਕਰਵਾ ਦਿੱਤੀ ਗਈ।

# ਕਿਸਾਨ ਖੁਦਕੁਸ਼ੀ: ਸਰਕਾਰ ਨੇ ਪੀੜਤਾਂ ਦੇ ਵਾਰਸਾਂ ਦੀ ਮਦਦ ਤੋਂ ਹੱਥ ਖੜ੍ਹੇ ਕੀਤੇ

**ਚੰਡੀਗੜ੍ਹ:** ਖੇਤੀ ਸੰਕਟ ਕਾਰਨ ਜਿਨ੍ਹਾਂ ਕਿਸਾਨਾਂ ਤੇ ਮਜ਼ਦੂਰਾਂ ਨੇ ਜ਼ਿੰਦਗੀ ਨੂੰ ਅਲਵਿਦਾ ਆਖ ਦਿੱਤਾ, ਉਨ੍ਹਾਂ ਦੇ ਵਾਰਸ ਹੁਣ ਸਰਕਾਰੀ ਮੁਆਵਜ਼ਾ ਰਾਸ਼ੀ ਉਡੀਕ ਰਹੇ ਹਨ। ਪੰਜਾਬ ਸਰਕਾਰ ਦੇ ਬਜਟ 'ਚ ਇਨ੍ਹਾਂ ਪੀੜਤਾਂ ਲਈ ਕੋਈ ਫੰਡ ਨਹੀਂ ਰੱਖਿਆ ਗਿਆ ਹੈ। ਖੇਤੀ ਵਿਭਾਗ ਨੇ ਖ਼ੁਦ ਮੰਨਿਆ ਹੈ ਕਿ ਪੰਜਾਬ ਵਿਚ ਪਹਿਲੀ ਮਾਰਚ 2012 ਤੋਂ 28 ਫਰਵਰੀ 2023 ਤੱਕ 1403 ਕਿਸਾਨਾਂ ਅਤੇ 403 ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਕੁੱਲ 1806 ਕਿਸਾਨਾਂ ਤੇ ਮਜ਼ਦੂਰਾਂ ਵਿਚੋਂ ਸਿਰਫ਼ 939 ਪਰਿਵਾਰਾਂ ਨੂੰ ਮੁਆਵਜ਼ਾ ਰਾਸ਼ੀ ਮਿਲੀ ਹੈ ਜਦੋਂ ਕਿ 867 ਪਰਿਵਾਰ ਇਸ ਮੁਆਵਜ਼ੇ ਦਾ ਰਾਹ ਤੱਕ ਰਹੇ ਹਨ। ਗੈਰ ਸਰਕਾਰੀ ਅੰਕੜਾ ਇਸ ਤੋਂ ਕਿਤੇ ਵੱਡਾ ਹੋ ਸਕਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਮੇਂ ਦੌਰਾਨ 26.05 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਹੁਣ ਤੱਕ ਵੰਡੀ ਜਾ ਚੁੱਕੀ ਹੈ। ਕੈਪਟਨ ਸਰਕਾਰ ਸਮੇਂ ਕਰੀਬ 9 ਕਰੋੜ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ। ਮੌਜੂਦਾ ਸਰਕਾਰ ਨੇ ਇਨ੍ਹਾਂ ਕੇਸਾਂ 'ਤੇ ਹਾਲੇ ਵਿਚਾਰ ਨਹੀਂ ਕੀਤਾ।

ਮਰਹੂਮ ਖਜ਼ਾਨਾ ਮੰਤਰੀ ਕੈਪਟਨ ਕੰਵਲਜੀਤ ਸਿੰਘ ਨੇ 2001-2002 ਦੇ ਬਜਟ ਵਿਚ ਪਹਿਲੀ ਦਫ਼ਾ ਇਨ੍ਹਾਂ ਪੀੜਤਾਂ ਲਈ ਮੁਆਵਜ਼ਾ ਰਾਸ਼ੀ ਲਈ ਬਜਟ ਦੀ ਵਿਵਸਥਾ ਕੀਤੀ ਸੀ। ਫਿਰ ਲੰਮਾ ਸਮਾਂ ਸਰਕਾਰਾਂ ਨੇ ਖ਼ੁਦਕੁਸ਼ੀ ਪੀੜਤਾਂ ਦੀ ਸ਼ਨਾਖ਼ਤ ਕਰਨ ਵਿਚ ਲਾ ਦਿੱਤਾ। ਪੰਜਾਬ ਦੀਆਂ ਤਿੰਨ ਸਟੇਟ ਯੂਨੀਵਰਸਿਟੀਆਂ ਵੱਲੋਂ 2000 ਤੋਂ 2011 ਤੱਕ ਦੇ ਸਮੇਂ ਦੌਰਾਨ ਹੋਈਆਂ ਖ਼ੁਦਕੁਸ਼ੀਆਂ ਦਾ ਸਰਵੇ ਕੀਤਾ ਗਿਆ ਜਿਸ ਵਿਚ 6926 ਕਿਸਾਨਾਂ ਤੇ ਮਜ਼ਦੂਰਾਂ ਦੀ ਖ਼ੁਦਕੁਸ਼ੀ ਦੇ ਵੇਰਵੇ ਸਾਹਮਣੇ ਆਏ। ਸਾਲ 2012 ਵਿਚ ਇਨ੍ਹਾਂ ਪੀੜਤਾਂ ਵਾਸਤੇ ਬਜਟ ਵਿਚ ਕਰੀਬ 30 ਕਰੋੜ ਰੁਪਏ ਦੇ ਫੰਡ ਰੱਖੇ ਗਏ।



2013 ਤੱਕ ਇਨ੍ਹਾਂ ਪੀੜਤਾਂ ਨੂੰ ਪ੍ਰਤੀ ਕੇਸ ਦੋ ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦਿੱਤੀ ਜਾਂਦੀ ਰਹੀ ਹੈ। ਉਸ ਮਗਰੋਂ ਇਸ ਰਾਸ਼ੀ ਵਧਾ ਕੇ ਤਿੰਨ ਲੱਖ ਰੁਪਏ ਕਰ ਦਿੱਤੀ ਗਈ। ਕੈਪਟਨ ਅਮਰਿੰਦਰ ਸਿੰਘ ਦੀ ਪਹਿਲੀ ਪਾਰੀ ਸਮੇਂ ਇਨ੍ਹਾਂ ਪੀੜਤ ਪਰਿਵਾਰਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਉਣ ਦਾ ਐਲਾਨ ਵੀ ਹੋਇਆ ਸੀ ਜੋ ਲਾਗੂ ਨਹੀਂ ਹੋਇਆ। ਦੱਸਣਾ ਬਣਦਾ ਹੈ ਕਿ ਦੂਸਰੇ ਸੂਬਿਆਂ ਵਿਚ ਖ਼ੁਦਕੁਸ਼ੀ ਪੀੜਤ ਕਿਸਾਨਾਂ ਦੇ ਵਾਰਸਾਂ ਨੂੰ ਪੰਜਾਬ ਨਾਲੋਂ ਜ਼ਿਆਦਾ ਮੁਆਵਜ਼ਾ ਰਾਸ਼ੀ ਦਿੱਤੀ ਜਾਂਦੀ ਹੈ। ਇਨ੍ਹਾਂ ਪੀੜਤਾਂ ਲਈ ਮੁਆਵਜ਼ਾ ਰਾਸ਼ੀ ਲੰਘੇ 9 ਵਰ੍ਹਿਆਂ ਤੋਂ ਵਧੀ ਨਹੀਂ ਹੈ। ਡਿਪਟੀ ਕਮਿਸ਼ਨਰ ਦਫ਼ਤਰਾਂ ਵਿਚ ਇਨ੍ਹਾਂ ਪੀੜਤਾਂ ਦੇ ਕੇਸਾਂ ਦੇ ਢੇਰ ਲੱਗੇ ਪਏ ਹਨ। ਸੂਤਰ ਦੱਸਦੇ ਹਨ ਕਿ ਜੋ ਮੌਜੂਦਾ ਸਮੇਂ 867 ਕੇਸਾਂ ਦਾ ਮਾਮਲਾ ਹੈ, ਉਸ ਵਿਚੋਂ ਬਹੁਤੇ ਕੇਸ ਰੱਦ ਕਰ ਦਿੱਤੇ ਗਏ ਹਨ ਜਾਂ ਫਿਰ ਠੰਢੇ ਬਸਤੇ ਵਿਚ ਪਾ ਦਿੱਤੇ ਗਏ ਹਨ।

ਬਸਪਾ ਵਿਧਾਇਕ ਡਾ. ਨਛੱਤਰ ਪਾਲ ਦੇ ਸਵਾਲ ਦੇ ਜਵਾਬ ਵਿਚ ਖੇਤੀ ਵਿਭਾਗ ਵੱਲੋਂ ਵਿਧਾਨ ਸਭਾ ਵਿਚ ਦਿੱਤੀ ਲਿਖਤੀ ਸੂਚਨਾ ਅਨੁਸਾਰ ਜ਼ਿਲ੍ਹਾ ਮਾਨਸਾ ਵਿਚ 11 ਵਰ੍ਹਿਆਂ ਦੌਰਾਨ ਸਭ ਤੋਂ ਜ਼ਿਆਦਾ 403 ਕਿਸਾਨਾਂ-ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ ਜਦੋਂ ਕਿ ਇਸ ਸਮੇਂ ਦੌਰਾਨ ਬਠਿੰਡਾ ਜ਼ਿਲ੍ਹੇ ਵਿਚ 286 ਕਿਸਾਨਾਂ-ਮਜ਼ਦੂਰਾਂ ਨੇ ਆਪਣੀ ਜੀਵਨ ਲੀਲ੍ਹਾ ਖ਼ਤਮ ਕੀਤੀ ਹੈ। ਸਰਕਾਰੀ ਰਿਪੋਰਟ ਅਨੁਸਾਰ ਜ਼ਿਲ੍ਹਾ ਗੁਰਦਾਸਪੁਰ, ਜਲੰਧਰ ਦਿਹਾਤੀ, ਫ਼ਤਿਹਗੜ੍ਹ ਸਾਹਿਬ ਵਿਚ ਕਿਸੇ ਵੀ ਕਿਸਾਨ ਮਜ਼ਦੂਰ ਨੇ ਖ਼ੁਦਕੁਸ਼ੀ ਨਹੀਂ ਕੀਤੀ। ਫ਼ਰੀਦਕੋਟ ਜ਼ਿਲ੍ਹੇ ਵਿਚ 131 ਕਿਸਾਨਾਂ ਮਜ਼ਦੂਰਾਂ ਨੇ ਜਾਨ ਗੁਆਈ ਹੈ। ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਫੀਲਡ ਵਿਚੋਂ ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੇ ਕੇਸਾਂ ਦਾ ਵੇਰਵਾ ਲਿਆ ਜਾਵੇਗਾ ਅਤੇ ਜਿੰਨੇ ਵੀ ਬਕਾਇਆ ਕੇਸ ਪਏ ਹਨ, ਉਨ੍ਹਾਂ ਨੂੰ ਜਲਦ ਕਲੀਅਰ ਕਰ ਦਿੱਤਾ ਜਾਵੇਗਾ।


## ਅਗਵਾ ਮਾਮਲੇ 'ਚ ਸਾਬਕਾ ਇੰਸਪੈਕਟਰ ਤੇ ਥਾਣੇਦਾਰ ਦੋਸ਼ੀ ਕਰਾਰ

**ਮੁਹਾਲੀ:** ਮੁਹਾਲੀ ਦੀ ਇਕ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਕਰੀਬ ਤਿੰਨ ਦਹਾਕੇ ਪੁਰਾਣੇ ਇਕ ਅਗਵਾ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਪੁਲਿਸ ਦੇ ਤਤਕਾਲੀ ਇੰਸਪੈਕਟਰ ਸੂਬਾ ਸਿੰਘ ਅਤੇ ਉਸ ਨਾਲ ਗੰਨਮੈਨ ਰਹੇ ਝਿਰਮਲ ਸਿੰਘ (ਥਾਣੇਦਾਰ) ਨੂੰ ਸਜ਼ਾ ਸੁਣਾਈ ਹੈ। ਜਾਣਕਾਰੀ ਅਨੁਸਾਰ ਬੈਂਕ ਮੁਲਾਜ਼ਮ ਕੁਲਦੀਪ ਸਿੰਘ ਲਗਭਗ ਤੀਹ ਸਾਲ ਪਹਿਲਾਂ ਭੇਤਭਰੀ ਹਾਲਤ ਵਿਚ ਲਾਪਤਾ ਹੋ ਗਿਆ ਸੀ, ਜਿਸ ਸਬੰਧੀ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਦੀ ਹੁਣ ਤੱਕ ਹੋਈ ਜਾਂਚ ਦੇ ਆਧਾਰ 'ਤੇ ਅਦਾਲਤ ਨੇ ਉਕਤ ਨੌਜਵਾਨ ਨੂੰ ਅਗਵਾ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੰਦਿਆਂ ਸੂਬਾ ਸਿੰਘ ਨੂੰ ਧਾਰਾ 218 ਵਿਚ ਤਿੰਨ ਸਾਲ ਅਤੇ ਧਾਰਾ 120ਬੀ ਵਿਚ ਦੋ ਸਾਲ ਦੀ ਕੈਦ ਤੇ ਜੁਰਮਾਨਾ ਤੇ ਝਿਰਮਲ ਸਿੰਘ (ਥਾਣੇਦਾਰ) ਨੂੰ ਧਾਰਾ 365 ਵਿਚ 5 ਸਾਲ, ਧਾਰਾ 344 ਵਿੱਚ 3 ਸਾਲ ਤੇ ਧਾਰਾ 120ਬੀ ਵਿਚ 2 ਸਾਲ ਦੀ ਸਜ਼ਾ ਸੁਣਾਈ ਹੈ। ਇਸ ਮਾਮਲੇ ਵਿਚ ਨਾਮਜ਼ਦ ਤਤਕਾਲੀ ਐਸ.ਐਚ.ਓ. ਗੁਰਦੇਵ ਸਿੰਘ ਦੀ ਕੁਝ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ।

# ਨੱਕੋ-ਨੱਕ ਭਰ ਚੁੱਕੀਆਂ ਹਨ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ

**ਚੰਡੀਗੜ੍ਹ:** ਪੰਜਾਬ ਵਿਚ ਜੇਲ੍ਹਾਂ ਹੁਣ ਨੱਕੋ-ਨੱਕ ਭਰ ਗਈਆਂ ਹਨ। ਪੰਜਾਬ ਵਿਚ 25 ਜੇਲ੍ਹਾਂ ਹਨ, ਜਿਨ੍ਹਾਂ ਦੀ ਸਮਰੱਥਾ ਕੁੱਲ 26,904 ਬੰਦੀਆਂ ਦੀ ਹੈ, ਜਦੋਂਕਿ ਮੌਜੂਦਾ ਸਮੇਂ ਵਿਚ ਇਨ੍ਹਾਂ ਜੇਲ੍ਹਾਂ 'ਚ 30,477 ਬੰਦੀ ਹਨ। 'ਆਪ' ਸਰਕਾਰ ਦੇ ਇਕ ਵਰ੍ਹੇ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਨਸ਼ਿਆਂ ਦੀ ਤਸਕਰੀ ਖ਼ਿਲਾਫ਼ 13,094 ਪੁਲਿਸ ਕੇਸ ਦਰਜ ਕਰਕੇ 17,568 ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜੇਲ੍ਹਾਂ ਵਿਚ 85 ਫ਼ੀਸਦ ਕੈਦੀਆਂ ਦੀ ਉਮਰ 40 ਸਾਲ ਤੋਂ ਘੱਟ ਹੈ। ਇਨ੍ਹਾਂ ਦਾ ਅੰਕੜਾ 25,854 ਬਣਦਾ ਹੈ।

ਪੰਜਾਬ ਦੀਆਂ ਜੇਲ੍ਹਾਂ ਵਿਚ ਕਰੀਬ 3573 ਬੰਦੀ ਸਮਰੱਥਾ ਤੋਂ ਵੱਧ ਹਨ। ਇਕ-ਇਕ ਬੈਰਕ ਵਿਚ ਸਮਰੱਥਾ ਤੋਂ ਦੁੱਗਣੀ ਗਿਣਤੀ 'ਚ ਬੰਦੀ ਬੰਦ ਕੀਤੇ ਗਏ ਹਨ। ਵੱਡੀ ਗਿਣਤੀ ਜੇਲ੍ਹਾਂ ਵਿਚ ਵਿਚਾਰ ਅਧੀਨ ਕੈਦੀਆਂ ਦੀ ਹੈ, ਜੋ ਕਿ 24,529 ਬਣਦੇ ਹਨ। ਜੇਲ੍ਹਾਂ ਵਿਚ ਇਸ ਵੇਲੇ 1511 ਔਰਤਾਂ ਅਤੇ 28,957 ਪੁਰਸ਼ ਬੰਦ ਹਨ। ਕਪੂਰਥਲਾ, ਲੁਧਿਆਣਾ, ਪਟਿਆਲਾ, ਸੰਗਰੂਰ, ਰੋਪੜ ਤੇ ਅੰਮ੍ਰਿਤਸਰ ਜੇਲ੍ਹ ਵਿਚ ਸਮਰੱਥਾ ਤੋਂ ਕਿਤੇ ਵੱਧ ਬੰਦੀ ਹਨ। ਕੁਝ ਸਮਾਂ ਪਹਿਲਾਂ ਹੀ ਗੋਇੰਦਵਾਲ



ਜੇਲ੍ਹ ਸ਼ੁਰੂ ਹੋਈ ਹੈ, ਜਿਥੇ ਇਸ ਵੇਲੇ 1643 ਬੰਦੀ ਹਨ। ਕੇਂਦਰੀ ਜੇਲ੍ਹ ਲੁਧਿਆਣਾ ਵਿਚ 4354 ਬੰਦੀ ਹਨ, ਜਿਨ੍ਹਾਂ 'ਚੋਂ 3590 ਵਿਚਾਰ ਅਧੀਨ ਬੰਦੀ ਹਨ ਤੇ ਕਪੂਰਥਲਾ ਜੇਲ੍ਹ ਵਿਚ 3740 ਬੰਦੀ ਹਨ, ਜਿਨ੍ਹਾਂ ਚੋਂ 2994 ਵਿਚਾਰ ਅਧੀਨ ਹਨ। ਇਸੇ ਤਰ੍ਹਾਂ ਹੀ ਪਟਿਆਲਾ ਜੇਲ੍ਹ ਵਿਚ 2481 ਬੰਦੀਆਂ 'ਚੋਂ 1980 ਵਿਚਾਰ ਅਧੀਨ ਬੰਦੀ ਹਨ। ਜੇਲ੍ਹ ਵਿਭਾਗ ਦੇ ਸੀਨੀਅਰ ਅਧਿਕਾਰੀ ਆਖਦੇ ਹਨ ਕਿ ਪਿਛਲੇ ਸਮੇਂ ਦੌਰਾਨ ਨਸ਼ਾ ਤਸਕਰ ਵੱਡੀ ਗਿਣਤੀ 'ਚ ਫੜੇ ਗਏ ਹਨ, ਜਿਸ ਕਰ ਕੇ ਗਿਣਤੀ ਵਧੀ ਹੈ। ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਨਸ਼ਰ ਹੋਣ ਤੋਂ ਪੰਜਾਬ ਦੀਆਂ ਜੇਲ੍ਹਾਂ ਮੁੜ ਚਰਚਾ ਵਿਚ ਹਨ ਤੇ 26 ਫਰਵਰੀ ਨੂੰ ਗੋਇੰਦਵਾਲ ਜੇਲ੍ਹ ਵਿਚ ਦੋ ਗੈਂਗਸਟਰਾਂ ਦਾ ਕਤਲ ਹੋਣ 'ਤੇ ਵੀ ਜੇਲ੍ਹ ਵਿਭਾਗ ਵਿਵਾਦਾਂ ਵਿਚ ਘਿਰਿਆ ਹੋਇਆ ਹੈ। ਇਸ ਵੇਲੇ ਕਈ ਜੇਲ੍ਹਾਂ ਵਿਚ ਬੰਦੀਆਂ ਨੂੰ ਸਾਹ ਨਹੀਂ ਆ ਰਿਹਾ। ਸੂਤਰ ਦੱਸਦੇ ਹਨ ਕਿ ਜੇਲ੍ਹਾਂ ਵਿਚ ਬਹੁਤੇ ਬੰਦੇ ਤਾਂ ਛੋਟੇ ਮੋਟੇ ਜੁਰਮਾਂ ਵਾਲੇ ਹੀ ਹਨ। ਦੇਸ਼ ਵਿਚ ਇਸ ਵੇਲੇ 5.79 ਲੱਖ ਕੁੱਲ ਬੰਦੀ ਜੇਲ੍ਹਾਂ ਵਿਚ ਬੰਦ ਹਨ। ਮੁਲਕ ਭਰ 'ਚੋਂ ਸਭ ਤੋਂ ਵੱਧ ਉਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਬੰਦੀ ਹਨ, ਜੋ ਕਿ 1.10 ਲੱਖ ਬਣਦੇ ਹਨ। ਦੂਸਰਾ ਨੰਬਰ ਬਿਹਾਰ ਦਾ ਹੈ, ਜਿਥੇ 61,848 ਬੰਦੀ ਬੰਦ ਹਨ, ਜਦੋਂਕਿ ਮੱਧ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ 45,602 ਬੰਦੀ ਹਨ। ਚੌਥੇ ਨੰਬਰ 'ਤੇ ਮਹਾਰਾਸ਼ਟਰ ਹੈ, ਜਿਥੇ 43,718 ਬੰਦੀ ਹਨ। ਪੰਜਵਾਂ ਨੰਬਰ ਹੁਣ ਪੰਜਾਬ ਦਾ ਆ ਗਿਆ ਹੈ। ਨਜ਼ਰ ਮਾਰੀਏ ਤਾਂ ਪਿਛਲੇ 9 ਮਹੀਨਿਆਂ ਦੌਰਾਨ ਦੇਸ਼ ਦੀਆਂ ਜੇਲ੍ਹਾਂ ਵਿਚ ਬੰਦੀਆਂ ਦੇ ਅੰਕੜੇ ਵਿਚ 21 ਹਜ਼ਾਰ ਦੀ ਕਮੀ ਆਈ ਹੈ। ਹਰਿਆਣਾ ਵੀ ਹੁਣ ਪੰਜਾਬ ਨਾਲੋਂ ਪਿੱਛੇ ਚਲਾ ਗਿਆ ਹੈ।

# ਮੋਦੀ ਖਿਲਾਫ ਟਿੱਪਣੀ ਕਰਨ 'ਤੇ ਕਾਂਗਰਸੀ ਆਗੂ ਸੁਖਜਿੰਦਰ ਰੰਧਾਵਾ ਵਿਰੁੱਧ ਸ਼ਿਕਾਇਤ

**ਕੋਟਾ:** ਭਾਜਪਾ ਦੇ ਸੂਬਾ ਜਨਰਲ ਸਕੱਤਰ ਮਦਨ ਦਿਲਾਵਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਧਮਕੀ ਭਰੀ ਟਿੱਪਣੀ ਕਰਨ ਉਤੇ ਰਾਜਸਥਾਨ ਕਾਂਗਰਸ ਦੇ ਇੰਚਾਰਜ ਸੁਖਜਿੰਦਰ ਸਿੰਘ ਰੰਧਾਵਾ ਖ਼ਿਲਾਫ਼ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਕੋਟਾ ਜ਼ਿਲ੍ਹੇ ਦੇ ਰਾਮਗੰਜਮੰਡੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਦਿਲਾਵਰ ਨੇ ਮਹਾਵੀਰ ਨਗਰ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਅਤੇ ਕਾਂਗਰਸੀ ਆਗੂ ਖ਼ਿਲਾਫ਼ ਦੇਸ਼ ਧਰੋਹ ਅਤੇ ਹੋਰ ਦੋਸ਼ਾਂ ਹੇਠ ਕੇਸ ਦਰਜ ਕਰਨ ਦੀ ਮੰਗ ਲਈ ਆਪਣੇ ਸਮਰਥਕਾਂ ਨਾਲ ਕੁੱਝ ਸਮੇਂ ਤੱਕ ਥਾਣੇ ਦੇ ਗੇਟ 'ਤੇ ਧਰਨਾ ਵੀ ਦਿੱਤਾ।

ਸਰਕਲ ਅਧਿਕਾਰੀ ਅਮਰ ਸਿੰਘ ਰਾਠੌਰ ਨੇ ਕਿਹਾ ਕਿ ਵਿਧਾਇਕ ਤੋਂ ਸ਼ਿਕਾਇਤ ਪ੍ਰਾਪਤ ਕਰ ਲਈ ਗਈ ਹੈ ਅਤੇ ਦੋਸ਼ਾਂ ਸਬੰਧੀ ਤੱਥਾਂ ਅਤੇ ਸਬੂਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ, ''ਹਾਲਾਂਕਿ ਸ਼ਿਕਾਇਤ ਵਿਚ ਜਿਸ ਘਟਨਾ ਦਾ ਜ਼ਿਕਰ ਕੀਤਾ ਗਿਆ ਹੈ, ਉਹ ਮਹਾਵੀਰ ਨਗਰ ਪੁਲਿਸ ਥਾਣੇ ਅਧੀਨ ਖੇਤਰ ਵਿਚ ਨਹੀਂ ਵਾਪਰੀ ਹੈ।'' ਜ਼ਿਕਰਯੋਗ ਹੈ ਕਿ ਜੈਪੁਰ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗ ਦੌਰਾਨ ਰੰਧਾਵਾ ਨੇ ਕਿਹਾ ਸੀ ਕਿ 'ਜੇਕਰ ਅਡਾਨੀ ਅਤੇ ਅੰਬਾਨੀ ਨੂੰ ਹਟਾਉਣਾ ਹੈ ਤਾਂ ਪਹਿਲਾਂ ਮੋਦੀ ਨੂੰ ਖ਼ਤਮ ਕਰਨਾ ਪਵੇਗਾ।' ਦਿਲਾਵਰ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਾਇਆ ਹੈ ਕਿ ਰੰਧਾਵਾ ਨੇ ਹਿੰਸਾ ਭੜਕਾਉਣ ਦੇ ਉਦੇਸ਼ ਨਾਲ 'ਪ੍ਰਧਾਨ ਮੰਤਰੀ ਨੂੰ ਮਾਰਨ ਦੀ ਧਮਕੀ ਦਿੱਤੀ' ਅਤੇ ਨਫ਼ਰਤ ਫੈਲਾਉਣ ਲਈ ਇਕ ਜਨਤਕ ਮੀਟਿੰਗ ਦੌਰਾਨ ਉਨ੍ਹਾਂ ਖ਼ਿਲਾਫ਼ ਟਿੱਪਣੀਆਂ ਕੀਤੀਆਂ।

# ਕੇਂਦਰ ਦੀ ਦੋ ਟੁਕ: ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣਾ ਲਾਜ਼ਮੀ

**ਚੰਡੀਗੜ੍ਹ:** ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣ ਦੀ ਤਜਵੀਜ਼ ਸਬੰਧੀ ਉਠੇ ਵਿਵਾਦ ਮਗਰੋਂ ਕੇਂਦਰ ਸਰਕਾਰ ਨੇ ਕਿਹਾ ਕਿ ਸੰਵੇਦਨਸ਼ੀਲ ਥਾਵਾਂ 'ਤੇ ਤਾਇਨਾਤ ਜਵਾਨਾਂ ਨੂੰ ਆਪਣੇ ਬਚਾਅ ਲਈ ਇਹ ਹੈਲਮਟ ਪਹਿਨਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਲੜਾਕੂ ਜਹਾਜ਼ਾਂ ਤੇ ਹੈਲੀਕਾਪਟਰਾਂ ਦੇ ਸਾਰੇ ਪਾਇਲਟ ਅਤੇ ਜਵਾਨ ਉਨ੍ਹਾਂ ਖੇਤਰਾਂ ਵਿਚ ਤਾਇਨਾਤ ਹਨ, ਜਿਥੇ ਦੁਸ਼ਮਣਾਂ ਦੇ ਹਮਲਿਆਂ ਦੀ ਸੰਭਾਵਨਾ ਹੈ ਜਾਂ ਉਹ ਮਹੱਤਵਪੂਰਨ ਥਾਵਾਂ ਦੀ ਸੁਰੱਖਿਆ ਕਰ ਰਹੇ ਹਨ।

ਇਸ ਲਈ ਉਨ੍ਹਾਂ ਦੀ ਨਿੱਜੀ ਸੁਰੱਖਿਆ ਲਈ ਬੁਲੇਟ ਪਰੂਫ ਹੈਲਮਟ ਪਾਉਣਾ ਲਾਜ਼ਮੀ ਹੈ। ਪਟਿਆਲਾ ਤੋਂ ਸੰਸਦ ਮੈਂਬਰ ਪ੍ਰਨੀਤ ਕੌਰ ਵੱਲੋਂ ਲੋਕ ਸਭਾ ਵਿੱਚ ਪੁੱਛੇ ਗਏ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਰੱਖਿਆ ਰਾਜ ਮੰਤਰੀ ਅਜੈ ਭੱਟ ਨੇ ਇਹ ਗੱਲ ਆਖੀ। ਉਨ੍ਹਾਂ ਸਵਾਲ ਕੀਤਾ ਸੀ ਕਿ ਕੀ ਸਰਕਾਰ ਦੀ ਸਿੱਖ ਫੌਜੀਆਂ ਲਈ ਵਿਸ਼ੇਸ਼ ਹੈਲਮਟ ਪਹਿਨਣਾ ਲਾਜ਼ਮੀ ਕਰਨ ਦੀ ਤਜਵੀਜ਼ ਹੈ। ਇਸ 'ਤੇ ਸ੍ਰੀ ਭੱਟ ਨੇ ਕਿਹਾ, ''ਅਤਿਵਾਦ ਨਾਲ ਜੂਝ ਰਹੇ ਸਿੱਖ ਫੌਜੀ ਆਪਣੀ ਧਾਰਮਿਕ



ਪਛਾਣ ਤੇ ਮਰਿਆਦਾ ਨੂੰ ਕਾਇਮ ਰੱਖਦੇ ਹੋਏ ਪਟਕੇ ਉਪਰ ਬੁਲੇਟ ਪਰੂਫ ਪਟਕਾ ਪਹਿਨਦੇ ਹਨ। ਟੈਂਕ ਦੇ ਹਥਿਆਰਬੰਦ ਸੈਨਿਕ ਵੀ ਵਿਸ਼ੇਸ਼ ਤਰ੍ਹਾਂ ਦਾ ਹੈਲਮਟ ਪਹਿਨਦੇ ਹਨ, ਜਿਨ੍ਹਾਂ ਵਿਚ ਸੰਚਾਰ ਵਾਲੇ ਯੰਤਰ ਲੱਗੇ ਹੁੰਦੇ ਹਨ।'' ਉਨ੍ਹਾਂ ਕਿਹਾ ਕਿ ਰੱਖਿਆ ਡਿਊਟੀ 'ਤੇ ਤਾਇਨਾਤ ਜਵਾਨਾਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ। ਜਵਾਨਾਂ ਨੂੰ ਜੰਗ ਦੇ ਨਵੇਂ ਅਤੇ ਉੱਭਰ ਰਹੇ ਖਤਰਿਆਂ ਤੋਂ ਚੌਤਰਫਾ ਸੁਰੱਖਿਆ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਭਾਰਤੀ ਜਵਾਨਾਂ ਨੂੰ ਚੁਣੌਤੀਪੂਰਨ ਸਥਿਤੀਆਂ ਦਾ ਸਾਹਮਣਾ ਕਰਨ ਲਈ ਬੁਲੇਟ ਪਰੂਫ ਜੈਕੇਟ ਅਤੇ ਹੈਲਮਟ ਸਮੇਤ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਰੱਖਿਆ ਲਈ ਤਾਇਨਾਤ ਸਿਪਾਹੀਆਂ ਦੀ ਸੁਰੱਖਿਆ ਸਭ ਤੋਂ ਅਹਿਮ ਹੈ।

ਉਨ੍ਹਾਂ ਕਿਹਾ ਕਿ ਵਿਸ਼ੇਸ਼ ਹੈਲਮਟ ਲੜਾਕੂ ਜਹਾਜ਼ਾਂ ਦੇ ਅਮਲੇ ਦਾ ਅਨਿੱਖੜਵਾਂ ਅੰਗ ਹਨ, ਜੋ ਜਵਾਨਾਂ ਨੂੰ ਦੁਸ਼ਮਣਾਂ ਦੀ ਗੋਲੀਬਾਰੀ ਤੋਂ ਬਚਾਉਂਦੇ ਹਨ। ਭਾਰਤੀ ਫੌਜ ਦੇ ਲੜਾਕੂ ਜਹਾਜ਼ਾਂ ਤੇ ਹੈਲੀਕਾਪਟਰਾਂ ਦੇ ਪਾਇਲਟ ਹਮੇਸ਼ਾ ਆਪਣੇ ਧਾਰਮਿਕ ਅਕੀਦਿਆਂ ਨੂੰ ਕਾਇਮ ਰੱਖਦੇ ਹੋਏ ਹੈਲਮਟ ਪਹਿਨਦੇ ਹਨ। ਜ਼ਿਕਰਯੋਗ ਹੈ ਕਿ ਰੱਖਿਆ ਮੰਤਰਾਲੇ ਨੇ ਇਸ ਸਾਲ ਦੇ ਸ਼ੁਰੂ ਵਿਚ ਸਿੱਖ ਫੌਜੀਆਂ ਲਈ ਵਿਸ਼ੇਸ਼ ਤੌਰ 'ਤੇ ਡਿਜ਼ਾਈਨ ਕੀਤੇ ਬੁਲੇਟ ਪਰੂਫ ਹੈਲਮਟ ਖਰੀਦਣ ਦੀ ਤਜਵੀਜ਼ ਸਬੰਧੀ ਨੋਟਿਸ ਜਾਰੀ ਕੀਤਾ ਸੀ।

## ਦੋ ਮੰਤਰੀਆਂ ਤੇ ਤਿੰਨ ਵਿਧਾਇਕਾਂ ਨੇ ਪੇਸ਼ੀ ਭੁਗਤੀ

**ਤਰਨ ਤਾਰਨ:** 'ਆਪ' ਦੇ ਮੰਤਰੀਆਂ, ਤਿੰਨ ਵਿਧਾਇਕਾਂ ਅਤੇ 19 ਹੋਰ ਆਗੂਆਂ ਨੇ ਇਥੋਂ ਦੇ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਬਗੀਚਾ ਸਿੰਘ ਦੀ ਅਦਾਲਤ ਵਿਚ ਪੇਸ਼ੀ ਭੁਗਤੀ। ਇਹ ਕੇਸ ਤਿੰਨ ਸਾਲ ਪਹਿਲਾਂ ਤਰਨ ਤਾਰਨ ਜ਼ਿਲ੍ਹੇ ਅੰਦਰ ਜ਼ਹਿਰੀਲੀ ਸ਼ਰਾਬ ਪੀਣ ਨਾਲ 100 ਤੋਂ ਵਧੇਰੇ ਮੌਤਾਂ ਨਾਲ ਸਬੰਧਤ ਸੀ, ਜਿਸ ਖ਼ਿਲਾਫ਼ 'ਆਪ' ਦੇ ਇਨ੍ਹਾਂ ਆਗੂਆਂ ਨੇ ਮਨਾਹੀ ਦੇ ਹੁਕਮਾਂ ਦੇ ਬਾਵਜੂਦ ਪ੍ਰਦਰਸ਼ਨ ਕੀਤਾ ਸੀ। ਇਸ ਖ਼ਿਲਾਫ਼ ਸਥਾਨਕ ਥਾਣਾ ਸਦਰ ਦੀ ਪੁਲਿਸ ਵੱਲੋਂ ਕੁੱਲ 26 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਪੇਸ਼ੀ ਭੁਗਤਣ ਵਾਲਿਆਂ ਵਿਚ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਹਰਭਜਨ ਸਿੰਘ ਈ.ਟੀ.ਓ, ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ (ਤਰਨ ਤਾਰਨ), ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ), ਦਲਬੀਰ ਸਿੰਘ ਟੌਂਗ (ਬਾਬਾ ਬਕਾਲਾ) ਤੋਂ ਇਲਾਵਾ ਬਾਕੀ ਦੇ 19 ਪਾਰਟੀ ਵਰਕਰ ਸ਼ਾਮਲ ਸਨ। ਇਸ ਮੌਕੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਆਪਣੀ ਲੱਤ ਦੇ ਸੱਟ ਲੱਗੀ ਹੋਣ ਦੇ ਬਾਵਜੂਦ ਪੇਸ਼ੀ ਭੁਗਤੀ।

# ਕੈਨੇਡਾ: ਸੈਂਕੜੇ ਪੰਜਾਬੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਦੀ ਤਿਆਰੀ



## ਸੁਖਬੀਰ ਵੱਲੋਂ ਵਾਪਸੀ ਰੋਕਣ ਲਈ ਵਿਦੇਸ਼ ਮੰਤਰੀ ਨੂੰ ਅਪੀਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਕੈਨੇਡਾ ਵਿਚ ਬੇਕਸੂਰ 700 ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡਾ ਦੇ ਅਧਿਕਾਰੀਆਂ ਵੱਲੋਂ ਵਾਪਸ ਭੇਜੇ ਜਾਣ ਦੀ ਕਾਰਵਾਈ ਨੂੰ ਰੋਕਣ ਤੇ ਉਨ੍ਹਾਂ ਨੂੰ ਵਾਪਸ ਨਾ ਭੇਜੇ ਜਾਣਾ ਯਕੀਨੀ ਬਣਾਉਣ। ਸੁਖਬੀਰ ਨੇ ਕਿਹਾ ਕਿ 700 ਪੰਜਾਬੀ ਵਿਦਿਆਰਥੀਆਂ ਨੂੰ ਕੈਨੇਡੀਅਨ ਬਾਰਡਰ ਸਰਵਿਸਿਜ ਏਜੰਸੀ (ਸੀ.ਬੀ.ਐਸ. ਏ) ਤੋਂ ਵਾਪਸ ਵਤਨ ਭੇਜੇ ਜਾਣ ਦੇ ਨੋਟਿਸ ਪ੍ਰਾਪਤ ਹੋਏ ਹਨ ਕਿਉਂਕਿ ਓਂਟਾਰੀਓ ਦੇ ਇਕ ਪਬਲਿਕ ਕਾਲਜ ਵਿਚ ਉਨ੍ਹਾਂ ਦੇ ਦਾਖਲ ਲਈ ਪੇਸ਼ਕਸ਼ਾਂ ਜਾਅਲੀ ਪਾਈਆਂ ਗਈਆਂ ਕਿਉਂਕਿ ਉਹ ਇਕ ਸਿੱਖਿਆ ਮਾਈਗਰੇਸ਼ਨ ਸਰਵਿਸ ਕੰਪਨੀ ਵੱਲੋਂ ਠੱਗੇ ਗਏ ਸਨ।

**ਵੈਨਕੂਵਰ:** ਕੈਨੇਡਾ ਦੇ ਸੂਬੇ ਓਂਟਾਰੀਓ ਦੇ ਇਕ ਕਾਲਜ ਵਿਚ ਦਾਖਲੇ ਦੇ ਆਧਾਰ 'ਤੇ ਵੀਜ਼ੇ ਲੈ ਕੇ ਪੁੱਜੇ ਸੈਂਕੜੇ ਪੰਜਾਬੀ ਵਿਦਿਆਰਥੀਆਂ ਵੱਲੋਂ ਵਰਤੇ ਗਏ ਦਸਤਾਵੇਜ਼ ਜਾਅਲੀ ਸਾਬਤ ਹੋਣ ਮਗਰੋਂ ਸਰਹੱਦੀ ਸੇਵਾਵਾਂ ਵਿਭਾਗ (ਸੀ.ਬੀ.ਐਸ.ਏ) ਨੇ ਉਨ੍ਹਾਂ ਦੇ ਦੇਸ਼ ਨਿਕਾਲੇ ਦੀ ਤਿਆਰੀ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਨ੍ਹਾਂ 722 ਵਿਦਿਆਰਥੀਆਂ ਵਿਚੋਂ ਬਹੁਗਿਣਤੀ ਉਹ ਵਿਦਿਆਰਥੀ ਹਨ ਜਿਨ੍ਹਾਂ ਨੂੰ ਜਲੰਧਰ ਦੇ ਇਕ ਏਜੰਟ ਨੇ ਭੇਜਿਆ ਸੀ ਤੇ ਉਹ ਤਿੰਨ-ਚਾਰ ਸਾਲ ਤੋਂ ਕੈਨੇਡਾ ਰਹਿ ਰਹੇ ਸਨ। ਇਹ ਜਾਅਲਸਾਜ਼ੀ ਉਦੋਂ ਸਾਹਮਣੇ ਆਈ, ਜਦੋਂ ਇਨ੍ਹਾਂ ਵਿਦਿਆਰਥੀਆਂ ਵੱਲੋਂ ਪੱਕੇ ਹੋਣ ਲਈ ਅਵਾਸ ਵਿਭਾਗ ਨੂੰ ਭੇਜੀਆਂ ਗਈਆਂ ਫਾਈਲਾਂ ਦੀ ਸਰਹੱਦੀ ਸੇਵਾਵਾਂ ਵਿਭਾਗ ਨੇ ਜਾਂਚ ਕੀਤੀ। ਵਿਭਾਗ ਵੱਲੋਂ ਵਿਦਿਆਰਥੀਆਂ ਦਾ ਪੱਖ ਜਾਨਣ ਮੌਕੇ ਏਜੰਟ ਦੀ ਜਾਅਲਸਾਜ਼ੀ ਦੀਆਂ ਪਰਤਾਂ ਖੁੱਲ੍ਹੀਆਂ। ਪਤਾ ਲੱਗਿਆ ਹੈ ਕਿ ਜਲੰਧਰ ਦੇ ਇਸ ਏਜੰਟ ਦਾ ਦਫਤਰ ਕਈ ਮਹੀਨਿਆਂ ਤੋਂ ਬੰਦ ਹੈ। ਇਹ ਏਜੰਟ ਟਰਾਂਟੋ ਦੇ ਇਕ ਕਾਲਜ ਦਾ ਜਾਅਲੀ ਆਫਰ-ਲੈਟਰ ਲਗਾ ਕੇ ਹਰੇਕ ਵਿਦਿਆਰਥੀ ਤੋਂ 17-18 ਲੱਖ ਰੁਪਏ ਲੈ ਕੇ ਵੀਜ਼ੇ ਲਵਾ ਦਿੰਦਾ ਸੀ। ਜਦ ਵਿਦਿਆਰਥੀ ਟਰਾਂਟੋ ਪਹੁੰਚਦੇ ਤਾਂ ਉਨ੍ਹਾਂ ਨੂੰ ਕਾਲਜ ਦੀਆਂ ਸੀਟਾਂ ਭਰਨ ਬਾਰੇ ਕਹਿ ਕੇ ਛੇ ਮਹੀਨੇ ਉਡੀਕ ਕਰਨ ਜਾਂ ਕਿਸੇ ਹੋਰ ਕਾਲਜ ਵਿਚ ਦਾਖਲ ਹੋਣ ਲਈ ਕਹਿੰਦਾ। ਭਰੋਸਾ ਪੱਕਾ ਕਰਨ ਲਈ ਹੋਰ ਕਾਲਜਾਂ ਵਿਚ ਦਾਖਲਾ ਭਰਨ ਲਈ ਇਹੀ ਏਜੰਟ 5-6 ਲੱਖ ਰੁਪਏ ਮੋੜ ਵੀ ਦਿੰਦਾ ਰਿਹਾ। ਦੋ-ਦੋ ਸਾਲ ਪੜ੍ਹਾਈ ਕਰਕੇ ਜਦੋਂ ਵਿਦਿਆਰਥੀਆਂ ਨੇ ਪੱਕੇ ਹੋਣ ਲਈ ਕਾਗ਼ਜ਼ ਭਰੇ ਤਾਂ ਜਾਂਚ ਦੌਰਾਨ ਜਾਅਲਸਾਜ਼ੀ ਦਾ ਭਾਂਡਾ ਫੁੱਟਿਆ। ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਕਿ ਏਜੰਟ ਵੀਜ਼ਾ ਦਰਖਾਸਤ ਉਤੇ ਵਿਦਿਆਰਥੀ ਵੱਲੋਂ 'ਖੁਦ ਫਾਰਮ ਭਰ ਰਿਹਾ ਤੇ ਏਜੰਟ ਦੀ ਮਦਦ ਨਹੀਂ ਲੈ ਰਿਹਾ' ਲਿਖਵਾ ਕੇ ਜਾਅਲਸਾਜ਼ੀ ਦੀ ਜ਼ਿੰਮੇਵਾਰੀ ਵੀ ਵਿਦਿਆਰਥੀਆਂ ਸਿਰ ਪਾਉਂਦਾ ਰਿਹਾ।

# ਅਮਰੀਕਾ ਵਿਚ ਅਦਾਕਾਰ ਅਮਨ ਧਾਲੀਵਾਲ ਉਤੇ ਹਮਲਾ




**ਮਾਨਸਾ:** ਅਮਰੀਕਾ ਦੇ ਕੈਲੇਫੋਰਨੀਆ ਸ਼ਹਿਰ ਵਿਚ ਪੰਜਾਬੀ ਅਦਾਕਾਰ ਅਮਨ ਧਾਲੀਵਾਲ ਉਤੇ ਇਕ ਵਿਅਕਤੀ ਵੱਲੋਂ ਤੇਜ਼ਧਾਰ ਹਥਿਆਰ ਨਾਲ ਹਮਲਾ ਕੀਤਾ ਗਿਆ ਹੈ। ਇਸ ਹਮਲੇ ਵਿਚ ਅਦਾਕਾਰ ਜ਼ਖ਼ਮੀ ਹੋ ਗਿਆ ਹੈ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ।

ਹਾਲ ਦੀ ਘੜੀ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਦਾਕਾਰ ਉਤੇ ਹਮਲਾ ਕਰਨ ਵਾਲੇ ਨੂੰ ਸਥਾਨਕ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਬਹੁਤੇ ਲੋਕ ਇਸ ਨੂੰ ਅਮਰੀਕਾ ਵਿਚ ਭਾਰਤੀਆਂ 'ਤੇ ਹੋ ਰਹੇ ਹਮਲਿਆਂ ਨਾਲ ਜੋੜ ਕੇ ਵੇਖ ਰਹੇ ਹਨ। ਅਦਾਕਾਰ ਦੇ ਪਿਤਾ ਸ਼੍ਰੋਮਣੀ ਕਮੇਟੀ ਮੈਂਬਰ ਤੇ ਸੀਨੀਅਰ ਅਕਾਲੀ ਆਗੂ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੇ ਦੱਸਿਆ ਕਿ ਅਮਰੀਕਾ ਦੀ ਇਕ ਜਿਮ ਵਿਚ ਅਮਨ ਉਤੇ ਇਹ ਹਮਲਾ ਹੋਇਆ ਹੈ। ਹਮਲਾਵਰ ਨੂੰ ਪੁਲਿਸ ਨੇ ਕਾਬੂ ਕਰ ਲਿਆ ਹੈ ਤੇ ਅਮਨ ਦੇ ਦੋਸਤਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ ਹੈ। ਅਦਾਕਾਰ ਦੇ ਪਿਤਾ ਨੇ ਕਿਸੇ ਨਾਲ ਕੋਈ ਦੁਸ਼ਮਣੀ ਹੋਣ ਦੀ ਗੱਲ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਮਲਾਵਰ ਪਹਿਲਾਂ ਅਮਨ ਨੂੰ ਚਾਕੂ ਵਰਗੀ ਕੋਈ ਤੇਜ਼ਧਾਰ ਚੀਜ਼ ਦਿਖਾ ਕੇ ਉਸ ਨੂੰ ਡਰਾ ਰਿਹਾ ਸੀ ਤੇ ਫਿਰ ਅਚਾਨਕ ਉਸ ਨੇ ਅਮਨ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਅਮਨ ਨੇ ਹਮਲਾਵਰ ਨੂੰ ਕਾਬੂ ਕਰਕੇ ਜਮੀਨ 'ਤੇ ਸੁੱਟ ਲਿਆ ਤੇ ਪੁਲਿਸ ਹਵਾਲੇ ਕੀਤਾ।

## ਪੰਜਾਬ ਸਰਕਾਰ ਦੀ ਅਰਜ਼ੀ 'ਤੇ ਸੁਪਰੀਮ ਕੋਰਟ ਵੱਲੋਂ ਮਜੀਠੀਆ ਨੂੰ ਨੋਟਿਸ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਨਸ਼ਿਆਂ ਦੇ ਮਾਮਲੇ 'ਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਜ਼ਮਾਨਤ



ਦੇਣ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਖਲ ਕੀਤੀ ਗਈ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਨੋਟਿਸ ਜਾਰੀ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਸ਼ਿਆਮ ਦੀਵਾਨ ਨੇ ਸੂਬੇ ਵਿਚ ਨਸ਼ਿਆਂ ਦੀ ਸਮੱਸਿਆ ਅਤੇ ਕੇਸ ਬਾਰੇ ਜਸਟਿਸ ਅਨਿਰੁੱਧ ਬੋਸ ਦੀ ਅਗਵਾਈ ਵਾਲੇ ਬੈਂਚ ਅੱਗੇ ਦਲੀਲਾਂ ਰੱਖੀਆਂ। ਮਜੀਠੀਆ ਖ਼ਿਲਾਫ਼ ਨਸ਼ਿਆਂ ਵਿਰੋਧੀ ਵਿਸ਼ੇਸ਼ ਟਾਸਕ ਫੋਰਸ ਵੱਲੋਂ ਸੂਬੇ ਵਿਚ ਨਸ਼ਿਆਂ ਦੇ ਜਾਲ ਬਾਰੇ 2018 ਵਿਚ ਪੇਸ਼ ਕੀਤੀ ਗਈ ਰਿਪੋਰਟ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਸੀ।

# ਗਰੀਨ ਕਾਰਡ ਉਡੀਕਦੇ ਵਰਕਰਾਂ ਨੂੰ ਰਾਹਤ ਮਿਲਣ ਦੀ ਆਸ



**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਦੀ ਸਲਾਹਕਾਰ ਕਮੇਟੀ ਉਨ੍ਹਾਂ ਲੋਕਾਂ ਨੂੰ ਵਰਕ ਪਰਮਿਟ ਜਾਰੀ ਕਰਨ ਉਤੇ ਵਿਚਾਰ ਕਰ ਰਹੀ ਹੈ ਜਿਹੜੇ ਪੰਜ ਸਾਲ ਤੋਂ ਵੀ ਵੱਧ ਸਮੇਂ ਤੋਂ ਗਰੀਨ ਕਾਰਡ ਦੀ ਉਡੀਕ ਕਰ ਰਹੇ ਹਨ। ਰਾਸ਼ਟਰਪਤੀ ਦਾ ਸਲਾਹਕਾਰ ਕਮਿਸ਼ਨ ਗਰੀਨ ਕਾਰਡ ਅਰਜ਼ੀ ਦੇ ਮੁਢਲੇ ਪੱਧਰਾਂ ਉਤੇ ਰੁਜ਼ਗਾਰ ਦੀ ਮਨਜ਼ੂਰੀ ਲਈ ਕਾਰਡ ਜਾਰੀ ਕਰਨ ਦੀ ਸੰਭਾਵਨਾ ਉਤੇ ਵਿਚਾਰ ਕਰ ਰਿਹਾ ਹੈ।

ਬਾਇਡਨ ਪ੍ਰਸ਼ਾਸਨ ਜੇਕਰ ਇਹ ਕਦਮ ਚੁੱਕਦਾ ਹੈ ਤਾਂ ਇਸ ਨਾਲ ਪੀਆਰ ਕਾਰਡ ਦੀ ਉਡੀਕ ਕਰਨ ਵਾਲਿਆਂ ਦੀ ਪਰੇਸ਼ਾਨੀ ਘਟੇਗੀ। ਭਾਰਤੀਆਂ ਸਣੇ ਵੱਡੀ ਗਿਣਤੀ ਹੋਰਾਂ ਮੁਲਕਾਂ ਦੇ ਜੰਮਪਲ ਲੋਕਾਂ ਨੂੰ ਇਸ ਕਦਮ ਨਾਲ ਰਾਹਤ ਮਿਲ ਸਕਦੀ ਹੈ। ਇਹ ਉੱਚੀ ਮੁਹਾਰਤ ਹਾਸਲ ਪੇਸ਼ੇਵਰ ਹਨ। ਅਮਰੀਕਾ ਵਿਚ ਆਵਾਸੀਆਂ ਨੂੰ ਗਰੀਨ

## ਐੱਚ-1ਬੀ ਵਰਕਰਾਂ ਦਾ ਸਮਾਂ ਪੀਰੀਅਡ ਵਧਾਉਣ ਦੀ ਸਿਫਾਰਸ਼

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਦੀ ਇਕ ਸਲਾਹਕਾਰ ਉਪ ਕਮੇਟੀ ਨੇ ਨੌਕਰੀ ਗੁਆਉਣ ਵਾਲੇ ਐੱਚ-1ਬੀ ਵੀਜ਼ਾ ਧਾਰਕ ਮੁਲਾਜ਼ਮਾਂ ਲਈ ਮੌਜੂਦਾ ਗਰੇਸ ਪੀਰੀਅਡ 60 ਤੋਂ ਵਧਾ ਕੇ 180 ਦਿਨ ਕਰਨ ਦੀ ਸਿਫਾਰਸ਼ ਕੀਤੀ ਹੈ ਤਾਂ ਜੋ ਮੁਲਾਜ਼ਮਾਂ ਨੂੰ ਨਵੀਂ ਨੌਕਰੀ ਲੱਭਣ ਲਈ ਢੁਕਵਾਂ ਮੌਕਾ ਮਿਲ ਸਕੇ। ਗੂਗਲ, ਮਾਈਕਰੋਸਾਫਟ ਤੇ ਐਮਾਜ਼ੋਨ ਵਰਗੀਆਂ ਕੰਪਨੀਆਂ ਨੇ ਹੁਣੇ ਜਿਹੇ ਅਮਰੀਕਾ 'ਚ ਮੁਲਾਜ਼ਮਾਂ ਦੀ ਛਾਂਟੀ ਕੀਤੀ ਹੈ ਜਿਸ ਕਾਰਨ ਕਈ ਵਿਦੇਸ਼ੀ ਵਰਕਰਾਂ ਦੀਆਂ ਨੌਕਰੀਆਂ ਖੁੱਸ ਗਈਆਂ ਹਨ।

ਕਾਰਡ ਮਿਲਣ ਦਾ ਮਤਲਬ ਹੈ ਕਿ ਉਹ ਪੱਕੇ ਤੌਰ ਉਤੇ ਉਥੇ ਰਹਿ ਸਕਦੇ ਹਨ। ਸਿਫਾਰਸ਼ਾਂ ਵਿਚ ਤਜਵੀਜ਼ ਰੱਖੀ ਗਈ ਹੈ ਕਿ ਅਮਰੀਕੀ ਨਾਗਰਿਕਤਾ ਤੇ ਆਵਾਸ ਸੇਵਾਵਾਂ ਉਨ੍ਹਾਂ ਵਿਅਕਤੀਆਂ ਨੂੰ 'ਈਏਡੀਜ' ਤੇ ਯਾਤਰਾ ਦਸਤਾਵੇਜ਼ ਜਾਰੀ ਕਰ ਸਕਦੀਆਂ ਹਨ ਜਿਨ੍ਹਾਂ ਦੀ ਆਈ-140 ਰੁਜ਼ਗਾਰ ਅਧਾਰਿਤ ਵੀਜ਼ਾ ਪਟੀਸ਼ਨ ਈਬੀ-1, ਈਬੀ-2, ਈਬੀ-3 ਵਰਗਾਂ ਵਿਚ ਮਨਜ਼ੂਰ ਹੋਈ ਹੈ। ਇਨ੍ਹਾਂ ਵਿਚ ਉਹ ਵੀ ਸ਼ਾਮਲ ਹਨ ਜੋ ਪੰਜ ਜਾਂ ਵੱਧ ਸਾਲਾਂ ਤੋਂ ਵੀਜ਼ਾ ਲਈ ਕਤਾਰ ਵਿਚ ਲੱਗੇ ਹੋਏ ਹਨ, ਭਾਵੇਂ ਉਨ੍ਹਾਂ ਸਥਿਤੀ 'ਚ ਫੇਰਬਦਲ ਲਈ ਅਰਜ਼ੀ ਦਿੱਤੀ ਹੈ ਜਾਂ ਨਹੀਂ। ਇਸ ਸਬੰਧੀ ਤਜਵੀਜ਼ ਉਘੇ ਭਾਰਤੀ-ਅਮਰੀਕੀ ਅਜੈ ਜੈਨ ਭੁਟੋਰੀਆ ਨੇ ਰੱਖੀ ਹੈ।

## ਹਥਿਆਰਾਂ ਦੀ ਹਿੰਸਾ 'ਤੇ ਰੋਕ ਲਈ ਵੱਡੇ ਕਦਮ ਚੁੱਕਣ ਦੀ ਲੋੜ: ਬਾਇਡਨ

**ਮੋਂਟੇਰੇ ਪਾਰਕ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਲਾਸ ਏਂਜਲਸ ਵਿਚ ਉਨ੍ਹਾਂ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਦੇ ਮੈਂਬਰ ਜਨਵਰੀ ਮਹੀਨੇ ਬੰਦੂਕਧਾਰੀ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਮਾਰੇ ਗਏ ਸਨ। ਇਸ ਮੌਕੇ ਬਾਇਡਨ ਨੇ ਦੱਸਿਆ ਕਿ ਸਰਕਾਰ ਬੰਦੂਕ ਹਿੰਸਾ 'ਤੇ ਲਗਾਮ ਕੱਸਣ ਲਈ ਕਈ ਕਦਮ ਚੁੱਕ ਰਹੀ ਹੈ, ਪਰ ਹੋਰ ਕਦਮ ਚੁੱਕਣ ਦੀ ਲੋੜ ਹੈ। ਰਾਸ਼ਟਰਪਤੀ ਨੇ ਕਿਹਾ ਕਿ ਇਸ ਲਈ ਵੱਡੇ ਕਦਮ ਚੁੱਕਣੇ ਪੈਣਗੇ। ਬਾਇਡਨ ਨੇ ਕਿਹਾ ਕਿ ਉਹ ਅਸਾਲਟ ਹਥਿਆਰਾਂ ਤੇ ਵੱਡੀ ਸਮਰੱਥਾਂ ਵਾਲੇ ਮੈਗਜ਼ੀਨਾਂ ਉਤੇ ਰੋਕ ਲਾਉਣ ਪ੍ਰਤੀ ਵਚਨਬੱਧ ਹਨ। ਦੱਸਣਯੋਗ ਹੈ ਕਿ ਰਾਸ਼ਟਰਪਤੀ ਨੇ ਅਟਾਰਨੀ ਜਨਰਲ ਨੂੰ ਹੁਕਮ ਦਿੱਤੇ ਹਨ ਕਿ ਉਹ ਹਥਿਆਰ ਖਰੀਦਣ ਵਾਲਿਆਂ ਦੇ ਪਿਛੋਕੜ ਬਾਰੇ ਹੋਰ ਜਾਣਕਾਰੀ ਇਕੱਤਰ ਕਰਨ। ਇਸ ਲਈ ਨੇਮ ਬਣਾਉਣ ਦੇ ਹੁਕਮ ਦਿੱਤੇ ਗਏ ਹਨ।

# ਦਲ ਖਾਲਸਾ ਦੇ ਸੰਸਥਾਪਕ ਜਸਵੰਤ ਸਿੰਘ ਠੇਕੇਦਾਰ ਵੱਲੋਂ ਮੋਦੀ ਦੇ ਸੋਹਲੇ

**ਨਵੀਂ ਦਿੱਲੀ:** ਦਲ ਖਾਲਸਾ ਦੇ ਸੰਸਥਾਪਕ ਤੇ ਸਾਬਕਾ ਖਾਲਿਸਤਾਨ ਪੱਖੀ ਆਗੂ ਜਸਵੰਤ ਸਿੰਘ ਠੇਕੇਦਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ ਦੇ ਸਿੱਖਾਂ ਲਈ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਹੈ। ਸ੍ਰੀ ਠੇਕੇਦਾਰ ਨੇ ਕਿਹਾ ਕਿ ਸਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿੱਖਾਂ ਤੇ ਸਿੱਖ ਧਰਮ ਲਈ ਬਹੁਤ ਕੁਝ ਕੀਤਾ ਹੈ। ਉਹ ਸਾਡੇ ਭਾਈਚਾਰੇ ਨੂੰ ਪਿਆਰ ਕਰਦੇ ਹਨ। ਉਨ੍ਹਾਂ ਨੇ ਬਹੁਤ ਕੁਝ ਕੀਤਾ ਹੈ। ਬਲੈਕਲਿਸਟਾਂ ਨੂੰ ਖਤਮ ਕੀਤਾ, ਕਰਤਾਰਪੁਰ ਲਾਂਘਾ ਖੋਲ੍ਹਿਆ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਕੌਮੀ ਵੀਰ ਬਾਲ ਦਿਵਸ ਮਨਾਉਣ ਦਾ



ਐਲਾਨ ਕੀਤਾ।

ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਵੱਲੋਂ ਰੱਖੀਆਂ ਪ੍ਰਮੁੱਖ ਮੰਗਾਂ ਨੂੰ ਪੂਰਾ ਕਰਨ ਲਈ ਕੰਮ ਕੀਤਾ ਹੈ। ਸਿਰਫ ਕੁਝ ਮੰਗਾਂ ਹੀ ਪੂਰੀਆਂ ਹੋਣੀਆਂ ਬਾਕੀ ਹਨ। 23 ਫਰਵਰੀ ਨੂੰ ਅੰਮ੍ਰਿਤਸਰ ਦੇ ਅਜਨਾਲਾ ਵਿਖੇ ਪੁਲਿਸ ਨਾਲ ਝੜਪ ਤੋਂ ਬਾਅਦ ਸੁਰਖੀਆਂ ਵਿਚ ਆਏ ਖਾਲਿਸਤਾਨ ਪੱਖੀ ਆਗੂ ਅਤੇ 'ਪੰਜਾਬ ਵਾਰਿਸ ਦੇ' ਮੁਖੀ ਅੰਮ੍ਰਿਤਪਾਲ ਸਿੰਘ ਬਾਰੇ ਠੇਕੇਦਾਰ ਨੇ ਕਿਹਾ ਕਿ ਉਹ ਖਾਲਿਸਤਾਨ ਬਾਰੇ ਕੁਝ ਨਹੀਂ ਜਾਣਦਾ। ਉਨ੍ਹਾਂ ਕਿਹਾ ਕਿ ਉਹ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਵੇਗਾ। ਅੰਮ੍ਰਿਤਪਾਲ ਖਾਲਿਸਤਾਨੀ ਨਹੀਂ ਹੈ, ਉਸ ਨੂੰ ਇਸ ਬਾਰੇ ਕੁਝ ਨਹੀਂ ਪਤਾ ਪਰ ਉਸ ਨੇ ਖਾਲਿਸਤਾਨ ਦੇ ਨਾਂ ਉਤੇ ਬਹੁਤ ਪੈਸਾ ਜਰੂਰ ਕਮਾਇਆ ਹੈ। ਮੈਨੂੰ ਨਹੀਂ ਲੱਗਦਾ ਕਿ ਉਹ ਅੱਗੇ ਜਾ ਕੇ ਆਪਣੇ ਮਨਸੂਬਿਆਂ 'ਚ ਕਾਮਯਾਬ ਹੋਵੇਗਾ। ਭਾਰਤ ਵੱਲੋਂ ਪਾਬੰਦੀਸ਼ੁਦਾ ਜਥੇਬੰਦੀ ਵੱਲੋਂ ਕੁਝ ਪੱਛਮੀ ਦੇਸਾਂ ਵਿਚ ਖਾਲਿਸਤਾਨ ਰਾਇਸ਼ੁਮਾਰੀ ਦੀਆਂ ਕੋਸ਼ਿਸ਼ਾਂ ਨੂੰ 'ਪਾਖੰਡ' ਅਤੇ ਇਸ ਪਿੱਛੇ ਪਾਕਿਸਤਾਨ ਦੀ ਆਈ.ਐਸ.ਆਈ. ਦਾ ਹੱਥ ਕਰਾਰ ਦਿੰਦਿਆਂ ਸ੍ਰੀ ਠੇਕੇਦਾਰ ਨੇ ਕਿਹਾ ਕਿ ਇਹ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਹੈ ਅਤੇ ਇਸ ਦਾ ਭਾਰਤੀ ਸਿੱਖਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

# ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਬਾਦਲਾਂ ਨਾਲ ਡਟਣ ਦਾ ਫੈਸਲਾ

**ਲੰਬੀ:** ਸੂਬਾ ਸਰਕਾਰ ਵੱਲੋਂ ਕੋਟਕਪੂਰਾ ਗੋਲੀ ਕਾਂਡ ਵਿਚ ਬਾਦਲ ਪਿਉ-ਪੁੱਤ ਦੀ ਕਾਨੂੰਨੀ ਘੇਰਾਬੰਦੀ ਉਪਰੰਤ ਸ਼੍ਰੋਮਣੀ ਅਕਾਲੀ ਦਲ ਦੀ ਪਿੰਡ ਬਾਦਲ ਵਿਚ ਕੋਰ ਕਮੇਟੀ ਮੀਟਿੰਗ ਹੋਈ ਜਿਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਫਰੀਦਕੋਟ ਅਦਾਲਤ 'ਚ ਪੇਸ਼ ਹੋਣ ਬਾਰੇ ਅਤੇ ਸਮੁੱਚੇ ਮਾਮਲੇ ਬਾਰੇ ਕਾਨੂੰਨੀ ਪੱਖਾਂ ਤੋਂ ਵਿਚਾਰ-ਵਟਾਂਦਰਾ ਕੀਤਾ ਗਿਆ। ਅਕਾਲੀ ਦਲ ਨੇ ਕਾਨੂੰਨੀ ਸੰਕਟ ਨਾਲ ਨਜਿੱਠਣ ਲਈ ਭਗਵੰਤ ਮਾਨ



ਸਰਕਾਰ ਖ਼ਿਲਾਫ਼ ਅਰੰਭੇ ਹੋਏ ਪੰਜਾਬ ਬਚਾਓ ਧਰਨਿਆਂ ਨੂੰ 3 ਅਪਰੈਲ ਤੱਕ ਮੁਲਤਵੀ ਕਰ ਦਿੱਤਾ ਹੈ। ਕੋਰ ਕਮੇਟੀ ਨੇ ਸਰਕਾਰ ਦੇ ਝੂਠੇ ਮੁਕੱਦਮਿਆਂ ਵਾਲੀ ਸਾਜ਼ਿਸ਼ੀ ਕਾਰਵਾਈ ਦੀ ਨਿਖੇਧੀ ਕਰਦਿਆਂ ਕਾਨੂੰਨੀ ਪੱਖੋਂ ਅਤੇ ਜਥੇਬੰਦਕ ਪੱਧਰ 'ਤੇ ਡਟਵਾਂ ਮੁਕਾਬਲਾ ਕਰਨ ਦਾ ਅਹਿਦ ਲਿਆ। ਸੂਤਰਾਂ ਮੁਤਾਬਕ ਵੱਡੇ ਬਾਦਲ ਦੇ ਅਦਾਲਤ 'ਚ ਪੇਸ਼ ਹੋਣ ਮੌਕੇ ਅਕਾਲੀ ਦਲ ਦੀ ਸਿਖ਼ਰਲੀ ਲੀਡਰਸ਼ਿਪ ਵੀ ਫਰੀਦਕੋਟ ਪੁੱਜੇਗੀ। ਆਗਾਮੀ ਵਟਾਂਦਰੇ ਲਈ ਕੋਰ ਕਮੇਟੀ ਦੀ ਆਗਾਮੀ ਮੀਟਿੰਗ ਚੰਡੀਗੜ੍ਹ 'ਚ ਕਰਨ ਦੀ ਚਰਚਾ ਹੈ। ਕੋਰ ਕਮੇਟੀ ਮੀਟਿੰਗ ਮੌਕੇ ਸੂਬੇ ਵਿੱਚ ਬਰਸਾਤਾਂ ਕਰਕੇ ਖ਼ਰਾਬ ਹੋਈ ਕਣਕ ਦੀ ਫ਼ਸਲ ਦੀ ਵਿਸ਼ੇਸ਼ ਗਿਰਦਾਵਰੀ ਕਰਵਾਉਣ ਦੀ ਮੰਗ ਕੀਤੀ ਗਈ।

## ਸੁਖਬੀਰ ਦੇ ਅਸਤੀਫੇ ਪਿੱਛੋਂ ਇਕੱਠੇ ਹੋ ਸਕਣਗੇ ਅਕਾਲੀ: ਢੀਂਡਸਾ

**ਬਠਿੰਡਾ:** ਅਕਾਲੀ ਦਲ (ਸੰਯੁਕਤ) ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿਚ ਅਦਾਲਤ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਮਗਰੋਂ ਹੁਣ ਸੁਖਬੀਰ ਸਿੰਘ ਬਾਦਲ ਨੂੰ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਜੇ ਉਹ ਅਸਤੀਫ਼ਾ ਦਿੰਦੇ ਹਨ ਤਾਂ ਸਾਰੇ ਅਕਾਲੀ ਦਲ ਇਕੱਠੇ ਹੋ ਸਕਦੇ ਹਨ। ਪੰਜਾਬ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਢੀਂਡਸਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਕੋਲ ਗ੍ਰਹਿ ਮੰਤਰਾਲਾ ਹੋਣ ਦੇ ਬਾਵਜੂਦ ਗੈਂਗਸਟਰ ਜੇਲ੍ਹਾਂ ਅੰਦਰ ਫੋਨ ਦੀ ਵਰਤੋਂ ਕਰ ਰਹੇ ਹਨ।

# ਜੀ-20 ਸਮਾਗਮ: ਖੋਜ ਤੇ ਨਵੀਨਤਮ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ 'ਤੇ ਜ਼ੋਰ

**ਅੰਮ੍ਰਿਤਸਰ:** ਜੀ-20 ਸਮਾਗਮ ਦੌਰਾਨ ਦੱਖਣੀ ਅਫਰੀਕਾ ਦੇ ਡੈਲੀਗੇਟਾਂ ਦਾ ਮੰਨਣਾ ਹੈ ਕਿ ਭਾਰਤ ਵਿਚ ਸਿੱਖਿਆ ਬਾਰੇ ਜੀ-20 ਸੰਮੇਲਨ ਦੋਵਾਂ ਵਿਕਾਸਸ਼ੀਲ ਦੇਸ਼ਾਂ ਦਰਮਿਆਨ ਅਕਾਦਮਿਕ ਅਤੇ ਹੁਨਰ ਵਿਕਾਸ ਭਾਈਵਾਲੀ ਤੇ ਆਪਸੀ ਦੁਵੱਲੇ ਸਿੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਢੁਕਵਾਂ ਮੰਚ ਸਾਬਤ ਹੋਵੇਗਾ।

ਜੀ-20 ਸੰਮੇਲਨ ਦੇ ਦੂਜੇ ਦਿਨ ਐਜੂਕੇਸ਼ਨ ਵਰਕਿੰਗ ਗਰੁੱਪ ਦੀ ਮੀਟਿੰਗ ਵਿਚ ਆਪਸੀ ਸਹਿਯੋਗ ਰਾਹੀਂ ਖੋਜ ਨੂੰ ਮਜ਼ਬੂਤ ਕਰਨ ਅਤੇ ਨਵੀਨਤਮ ਢੰਗਾਂ ਨੂੰ ਉਤਸ਼ਾਹਤ ਕਰਨ, ਕੰਮ ਦੇ ਸੰਦਰਭ ਵਿਚ ਜੀਵਨ ਭਰ ਸਿਖਲਾਈ ਨੂੰ ਉਤਸ਼ਾਹਤ ਕਰਨ ਅਤੇ ਬੁਨਿਆਦੀ ਸਾਖਰਤਾ ਨੂੰ ਯਕੀਨੀ ਬਣਾਉਣ 'ਤੇ ਜੋਰ ਦਿੱਤਾ ਗਿਆ। ਇਸ ਮੀਟਿੰਗ ਦੀ ਪ੍ਰਧਾਨਗੀ ਕੇਂਦਰੀ ਉਚੇਰੀ ਸਿੱਖਿਆ ਮੰਤਰਾਲੇ ਦੇ ਸਕੱਤਰ ਕੇ ਸੰਜੈ ਮੂਰਤੀ ਨੇ ਕੀਤੀ। ਜੀ-20 ਦੇਸ਼ਾਂ ਦੇ ਮੈਂਬਰਾਂ ਵੱਲੋਂ ਮੀਟਿੰਗ ਦੇ ਪਹਿਲੇ ਸੈਸ਼ਨ ਵਿਚ ਵਿਸ਼ਵ-ਵਿਆਪੀ ਚੁਣੌਤੀਆਂ ਦੇ ਹੱਲ ਲਈ ਗਿਆਨ ਦੀ ਵੰਡ ਅਤੇ ਸਹਿਯੋਗ ਦੀ ਮਹੱਤਤਾ 'ਤੇ ਚਰਚਾ ਕੀਤੀ ਗਈ। ਇਸ ਦੌਰਾਨ ਪੇਸ਼ ਆ ਰਹੀਆਂ ਸਮੱਸਿਆਵਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਖੋਜਕਰਤਾਵਾਂ ਅਤੇ ਵਿਦਿਆਰਥੀਆਂ ਦੇ ਆਦਾਨ-ਪ੍ਰਦਾਨ, ਅੰਤਰਰਾਸ਼ਟਰੀ ਖੋਜਾਂ ਨੂੰ ਸਾਂਝਾ ਕਰਨ ਅਤੇ ਸਾਂਝੇ ਸਹਿਯੋਗ ਲਈ ਇੱਕ ਢਾਂਚਾ ਵਿਕਸਤ ਕਰਨ ਦਾ ਮੁੱਦਾ ਵੀ ਵਿਚਾਰਿਆ ਗਿਆ। ਮੀਟਿੰਗ ਦੇ ਦੂਜੇ ਅਤੇ ਤੀਜੇ ਸੈਸ਼ਨ ਵਿਚ ਬੁਨਿਆਦੀ ਸਾਖਰਤਾ, ਸਿਖਲਾਈ ਸਮੱਗਰੀ ਤੇ ਹੁਨਰ ਵਿਕਾਸ ਫਰੇਮਵਰਕ ਦੇ ਵਿਕਾਸ ਨਾਲ ਕਲਾਸਰੂਮ ਵਿਚ ਰਚਨਾਤਮਕ ਕਿਰਿਆ ਨੂੰ ਪ੍ਰੇਰਿਤ ਕਰਨ ਲਈ ਅਧਿਆਪਕ ਸਿਖਲਾਈ ਦੀ ਮਹੱਤਤਾ 'ਤੇ ਚਰਚਾ ਹੋਈ। ਮੀਟਿੰਗ ਵਿਚ ਸਾਂਝੀ ਕਾਰਵਾਈ ਲਈ ਕੁਝ ਤਰਜੀਹੀ ਮੁੱਦੇ ਵੀ ਵਿਚਾਰੇ ਗਏ ਜਿਨ੍ਹਾਂ ਵਿਚ ਪਾਠਕ੍ਰਮ ਮੁਲਾਂਕਣ ਅਤੇ ਸਿੱਖਿਆ ਸ਼ਾਸਤਰੀ ਅਭਿਆਸ ਨੂੰ ਵਿਕਸਤ ਕਰਨ, ਬਰਾਬਰ ਦੇ ਮੌਕੇ ਪ੍ਰਦਾਨ ਕਰਨ, ਪੱਛੜੇ ਭਾਈਚਾਰਿਆਂ ਨੂੰ ਸਹਾਇਤਾ ਪ੍ਰਦਾਨ ਕਰਨਾ ਆਦਿ ਸ਼ਾਮਲ ਸਨ।



ਇਸ ਦੌਰਾਨ ਦੱਖਣੀ ਅਫਰੀਕਾ ਦੇ ਉਚੇਰੀ ਸਿੱਖਿਆ ਤੇ ਸਿਖਲਾਈ ਵਿਭਾਗ ਦੇ ਡਾਇਰੈਕਟਰ ਰੀਨੇਥ ਮਗੀਬਾ ਨੇ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ ਸਿੱਖਿਆ ਦਾ ਦ੍ਰਿਸ਼ਟੀਕੋਣ ਇਕੋ ਜਿਹਾ ਹੈ। ਦੋਵਾਂ ਦੇਸ਼ਾਂ ਦੇ ਸਿਖਰਲੇ ਦਰਜੇ ਦੀਆਂ ਯੂਨੀਵਰਸਿਟੀਆਂ ਅਤੇ ਵਿਦਿਅਕ ਸੰਸਥਾਵਾਂ ਦਾ ਆਪਸੀ ਸਹਿਯੋਗ ਅਤੇ ਸਾਂਝੀ ਖੋਜ ਨਾਲ ਦੋਹਾਂ ਦੇਸ਼ਾਂ ਵਿਚਾਲੇ ਸਿੱਖਿਆ ਦੀ ਸਥਿਤੀ ਬਿਹਤਰ ਹੋ ਸਕਦੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵੱਧ ਤੋਂ ਵੱਧ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਆਦਾਨ-ਪ੍ਰਦਾਨ , ਵਿਦਿਆਰਥੀਆਂ ਦੇ ਦਾਖਲੇ, ਫੈਕਲਟੀ ਵਿਕਾਸ ਅਤੇ ਸਕਾਲਰਸ਼ਿਪ ਪ੍ਰੋਗਰਾਮ ਸ਼ੁਰੂ ਕਰਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਉਚੇਰੀ ਸਿੱਖਿਆ ਹਾਸਲ ਕਰਨ ਦੀ ਇੱਛਾ ਰੱਖਣ ਵਾਲੇ ਦੱਖਣੀ ਅਫਰੀਕੀ ਵਿਦਿਆਰਥੀਆਂ ਲਈ ਭਾਰਤ ਸਿਖਰਲੇ ਪੰਜ ਦੇਸ਼ਾਂ ਵਿਚੋਂ ਸ਼ੁਮਾਰ ਹੈ।

## ਪੰਜਾਬੀਆਂ ਦੀ ਮਹਿਮਾਨਨਿਵਾਜ਼ੀ ਨੇ ਦਿਲ ਜਿੱਤੇ

**ਅੰਮ੍ਰਿਤਸਰ:** ਜੀ-20 ਸੰਮੇਲਨ ਦੌਰਾਨ ਵੱਖ-ਵੱਖ ਦੇਸ਼ਾਂ ਤੋਂ ਆਏ ਨੁਮਾਇੰਦਿਆਂ ਵੱਲੋਂ ਸਿੱਖਿਆ ਖੇਤਰ ਨੂੰ ਹੋਰ ਬਿਹਤਰ ਬਣਾਉਣ ਸਬੰਧੀ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਇਸ ਦੌਰਾਨ ਇਨ੍ਹਾਂ ਵਿਦੇਸ਼ੀ ਮਹਿਮਾਨਾਂ ਨੂੰ ਪੰਜਾਬੀਆਂ ਦੀ ਮਹਿਮਾਨਨਿਵਾਜ਼ੀ, ਪੰਜਾਬੀ ਸੱਭਿਆਚਾਰ ਤੇ ਸਵਾਦਲੇ ਪਕਵਾਨਾਂ ਦਾ ਆਨੰਦ ਵੀ ਮਾਣਨ ਨੂੰ ਮਿਲ ਰਿਹਾ ਹੈ। ਸੈਮੀਨਾਰ ਮਗਰੋਂ ਹੋਟਲ ਦੇ ਵਿਹੜੇ ਵਿਚ ਵਿਦੇਸ਼ੀ ਮਹਿਮਾਨਾਂ ਦੀ ਆਓ-ਭਗਤ ਲਈ ਪੰਡਾਲ ਸਜਾਇਆ ਗਿਆ ਸੀ, ਜਿਸ ਵਿਚ ਕਲਾਕਾਰਾਂ ਨੇ ਲੋਕ ਸਾਜ਼ਾਂ ਤੇ ਲੋਕ ਗੀਤਾਂ ਦੀਆਂ ਪੇਸ਼ਕਾਰੀਆਂ ਦਿੱਤੀਆਂ। ਇਸ ਮੌਕੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੇ ਕਲਾਕਾਰਾਂ ਨੇ ਪੰਜਾਬੀ ਲੋਕ ਸਾਜ਼ ਤੂੰਬੀ, ਅਲਗੋਜ਼ੇ, ਸਾਰੰਗੀ, ਢੋਲ, ਨਗਾਰਾ, ਬੀਨ, ਬੰਸਰੀ, ਚਿਮਟਾ, ਬੁਗਚੂ, ਛੈਣੇ ਆਦਿ ਨਾਲ ਪੰਜਾਬੀ ਲੋਕ ਗਾਇਕੀ ਦੇ ਖ਼ੂਬਸੂਰਤ ਰੰਗ ਪੇਸ਼ ਕੀਤੇ।

## ਪੰਜਾਬ ਨੂੰ ਲੁੱਟਣ ਦੀ ਵਿਉਂਤ ਬਣਾਈ ਜਾ ਰਹੀ: ਉਗਰਾਹਾਂ

**ਜੰਡਿਆਲਾ ਗੁਰੂ:** ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਦੇ ਸੱਦੇ 'ਤੇ ਇਕੱਠੇ ਹੋਏ ਹਜ਼ਾਰਾਂ ਕਿਸਾਨਾਂ, ਖੇਤ ਮਜ਼ਦੂਰਾਂ, ਔਰਤਾਂ ਤੇ ਵਿਦਿਆਰਥੀਆਂ ਨੇ ਅੰਮ੍ਰਿਤਸਰ ਵਿਚ ਹੋਏ ਜੀ-20 ਸੰਮੇਲਨ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਉਨ੍ਹਾਂ ਪੰਜਾਬ ਦੀ ਖੇਤੀ, ਸਨਅਤ, ਸਿੱਖਿਆ, ਸਿਹਤ, ਬਿਜਲੀ ਤੇ ਪਾਣੀ ਆਦਿ ਖੇਤਰਾਂ ਨੂੰ ਸਾਮਰਾਜੀਆਂ ਦੇ ਪਰਛਾਵੇਂ ਤੋਂ ਦੂਰ ਰੱਖਣ ਦੀ ਮੰਗ ਕੀਤੀ। ਜਥੇਬੰਦੀ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਭਗਵੰਤ ਮਾਨ ਸਰਕਾਰ ਅੰਮ੍ਰਿਤਸਰ ਵਿਚ ਜੱਲ੍ਹਿਆਂਵਾਲਾ ਬਾਗ ਵਰਗੇ ਕਾਂਡ ਲਈ ਜ਼ਿੰਮੇਵਾਰ ਬਰਤਾਨਵੀ ਸਾਮਰਾਜ ਸਮੇਤ ਹੋਰ 'ਲੁਟੇਰੇ' ਸਾਮਰਾਜੀ ਮੁਲਕਾਂ ਨੂੰ ਜੀ-20 ਸੰਮੇਲਨ ਲਈ ਸੱਦਾ ਦੇ ਕੇ ਕੌਮੀ ਮੁਕਤੀ ਲਹਿਰ ਦੇ ਸ਼ਹੀਦਾਂ ਨਾਲ ਧ੍ਰੋਹ ਕਮਾ ਰਹੀ ਹੈ।

## ਮਹਿੰਗਾਈ ਦਾ ਮਾੜਾ ਦੌਰ ਪਿੱਛੇ ਰਹਿ ਗਿਆ:ਭਾਰਤੀ ਰਿਜ਼ਰਵ ਬੈਂਕ

**ਮੁੰਬਈ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਬੈਂਕਾਂ ਨੂੰ ਅਸਾਸਿਆਂ ਅਤੇ ਦੇਣਦਾਰੀਆਂ ਵਿਚਲਾ ਸੰਤੁਲਨ ਵਿਗੜਨ ਬਾਰੇ ਚੌਕਸ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਤਰ੍ਹਾਂ ਦਾ ਅਸੰਤੁਲਨ ਵਿੱਤੀ ਸਥਿਰਤਾ ਲਈ ਹਾਨੀਕਾਰਕ ਹੈ।

ਉਨ੍ਹਾਂ ਸੰਕੇਤ ਦਿੱਤਾ ਕਿ ਅਮਰੀਕੀ ਬੈਂਕਿੰਗ ਪ੍ਰਣਾਲੀ ਵਿਚ ਜਾਰੀ ਸੰਕਟ ਇਸੇ ਤਰ੍ਹਾਂ ਦੇ ਅਸੰਤੁਲਨ ਕਾਰਨ ਪੈਦਾ ਹੋਇਆ ਹੈ। ਗਵਰਨਰ ਨੇ ਕੋਚੀ ਵਿਚ ਸਾਲਾਨਾ ਕੇਪੀ ਹੋਰਮਿਸ ਯਾਦਗਾਰੀ ਭਾਸ਼ਣ ਦਿੰਦਿਆਂ ਕਿਹਾ ਕਿ ਘਰੇਲੂ ਵਿੱਤੀ ਖੇਤਰ ਸਥਿਰ ਹੈ ਤੇ ਮਹਿੰਗਾਈ ਦਾ ਮਾੜਾ ਦੌਰ ਪਿੱਛੇ ਰਹਿ ਗਿਆ ਹੈ। ਮੁਦਰਾ ਵਟਾਂਦਰੇ ਦੀਆਂ ਦਰਾਂ ਵਿਚ ਜਾਰੀ ਅਸਥਿਰਤਾ ਕਾਰਨ ਬਾਹਰੀ ਕਰਜ਼ਾ ਮੋੜਨ ਦੀ ਸਮਰੱਥਾ ਉਤੇ ਪੈਣ ਵਾਲੇ ਅਸਰਾਂ ਬਾਰੇ ਦਾਸ ਨੇ ਕਿਹਾ ਕਿ ਭਾਰਤ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਸਾਡਾ ਬਾਹਰੀ ਕਰਜ਼ਾ ਪ੍ਰਬੰਧਨ ਸਮਰੱਥ ਹੈ। ਡਾਲਰ ਦੀ ਮਜ਼ਬੂਤੀ ਭਾਰਤ ਲਈ ਕੋਈ ਸਮੱਸਿਆ ਨਹੀਂ ਹੈ। ਗੌਰਤਲਬ ਹੈ ਕਿ ਡਾਲਰ ਦੀ ਕੀਮਤ ਵਧਣ ਕਾਰਨ ਉੱਚ ਬਾਹਰੀ ਕਰਜ਼ਾ ਜੋਖਮ ਵਾਲੇ ਦੇਸ਼ਾਂ ਅੱਗੇ ਚੁਣੌਤੀਆਂ ਵਧੀਆਂ ਹਨ। ਗਵਰਨਰ ਦਾ ਭਾਸ਼ਣ ਜ਼ਿਆਦਾਤਰ ਭਾਰਤ ਦੀ ਜੀ20 ਪ੍ਰਧਾਨਗੀ ਉਤੇ ਕੇਂਦਰਤ ਰਿਹਾ। ਦਾਸ ਨੇ ਨਾਲ ਹੀ ਕਿਹਾ ਕਿ ਜੀ20 ਸਮੂਹ ਨੂੰ ਜਲਵਾਯੂ ਤਬਦੀਲੀ ਲਈ ਵਿੱਤੀ ਮਦਦ ਦੇਣੀ ਚਾਹੀਦੀ ਹੈ। ਅਮਰੀਕੀ ਬੈਂਕਿੰਗ ਸੰਕਟ ਬਾਰੇ ਦਾਸ ਨੇ ਕਿਹਾ ਕਿ ਇਸ ਨਾਲ ਭਾਰਤ ਵਿਚ ਮੌਜੂਦ ਮਜ਼ਬੂਤ ਰੈਗੂਲੇਸ਼ਨ ਦੀ ਅਹਿਮੀਅਤ ਦਾ ਪਤਾ ਲੱਗਦਾ ਹੈ।


## ਲਿਵ-ਇਨ ਰਜਿਸਟ੍ਰੇਸ਼ਨ ਬਾਰੇ ਪਟੀਸ਼ਨ ਰੱਦ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਹ ਜਨਹਿਤ ਪਟੀਸ਼ਨ ਰੱਦ ਕਰ ਦਿੱਤੀ ਜਿਸ ਵਿਚ ਕੇਂਦਰ ਨੂੰ 'ਲਿਵ-ਇਨ' ਸਬੰਧਾਂ ਦੀ ਰਜਿਸਟ੍ਰੇਸ਼ਨ ਲਈ ਨਿਯਮ ਬਣਾਉਣ ਦੀ ਮੰਗ ਸੀ।

ਬੈਂਚ ਨੇ ਪੁੱਛਿਆ ਕਿ ਕੀ ਉਹ ਇਨ੍ਹਾਂ ਲੋਕਾਂ ਦੀ ਸੁਰੱਖਿਆ ਵਧਾਉਣਾ ਚਾਹੁੰਦੀ ਹੈ ਜਾਂ ਕੀ ਉਹ ਚਾਹੁੰਦੀ ਹੈ ਕਿ ਉਹ 'ਲਿਵ-ਇਨ' ਰਿਸ਼ਤੇ ਵਿਚ ਨਾ ਰਹਿਣ। ਜਵਾਬ 'ਚ ਵਕੀਲ ਨੇ ਕਿਹਾ ਕਿ ਪਟੀਸ਼ਨਰ 'ਲਿਵ-ਇਨ' ਵਿਚ ਰਹਿਣ ਵਾਲੇ ਲੋਕਾਂ ਦੀ ਸਮਾਜਿਕ ਸੁਰੱਖਿਆ ਨੂੰ ਵਧਾਉਣ ਲਈ ਇਨ੍ਹਾਂ ਸਬੰਧਾਂ ਦੀ ਰਜਿਸਟ੍ਰੇਸ਼ਨ ਚਾਹੁੰਦਾ ਹੈ। ਅਦਾਲਤ ਨੇ ਕਿਹਾ 'ਲਿਵ-ਇਨ' ਸਬੰਧਾਂ ਦੀ ਰਜਿਸਟ੍ਰੇਸ਼ਨ ਨਾਲ ਕੇਂਦਰ ਦਾ ਕੀ ਲੈਣਾ-ਦੇਣਾ ਹੈ? ਇਹ ਕਿੰਨਾ ਮੂਰਖ ਵਿਚਾਰ ਹੈ? ਹੁਣ ਸਮਾਂ ਆ ਗਿਆ ਹੈ ਕਿ ਅਦਾਲਤਾਂ ਅਜਿਹੀਆਂ ਜਨਹਿਤ ਪਟੀਸ਼ਨਾਂ ਦਾਇਰ ਕਰਨ ਵਾਲਿਆਂ ਉਤੇ ਜੁਰਮਾਨੇ ਲਗਾਉਣਾ ਸ਼ੁਰੂ ਕਰ ਦੇਣ। ਇਸ ਨੂੰ ਰੱਦ ਕਰ ਦਿੱਤਾ ਜਾਂਦਾ ਹੈ।

## ਐਚ3 ਐਨ2: ਡਰਨ ਦੀ ਥਾਂ ਸਾਵਧਾਨੀ ਵਰਤਣ ਦੀ ਸਲਾਹ

**ਨਵੀਂ ਦਿੱਲੀ:** ਕੋਵਿਡ ਦੇ ਕੇਸ ਘਟਣ ਮਗਰੋਂ ਦੇਸ਼ ਵਿਚ ਐਚ3ਐਨ2 ਕੇਸਾਂ ਵਿਚ ਤੇਜੀ ਨਾਲ ਵਾਧਾ ਹੋਇਆ ਹੈ। ਮਾਹਿਰਾਂ ਦਾ ਸੁਝਾਅ ਹੈ ਕਿ ਲੋਕਾਂ ਨੂੰ ਘਬਰਾਉਣ ਦੀ ਬਜਾਏ ਇਹਤਿਆਤ ਵਰਤਣ ਦੀ ਲੋੜ ਹੈ। ਇਸ ਵਾਇਰਸ ਦੇ ਲੱਛਣਾਂ ਬਾਰੇ ਗੱਲਬਾਤ ਕਰਦਿਆਂ ਦਿੱਲੀ ਦੇ ਅਪੋਲੋ ਹਸਪਤਾਲ ਦੇ ਸੀਨੀਅਰ ਡਾਕਟਰ ਡਾ. ਅਨੁਪਮ ਸਿੱਬਲ ਨੇ ਕਿਹਾ ਕਿ ਇਸ ਵਾਇਰਸ ਦੇ ਲੱਛਣ ਵੀ ਕੋਵਿਡ ਨਾਲ ਮਿਲਦੇ-ਜੁਲਦੇ ਹਨ ਪਰ ਇਹ ਲੰਬੇ ਸਮੇਂ ਤੱਕ ਰਹਿੰਦੇ ਹਨ।




ਉਨ੍ਹਾਂ ਦੱਸਿਆ ਕਿ ਇਸ ਵਾਇਰਸ ਵਿਚ ਸਮੇਂ ਸਮੇਂ 'ਤੇ ਬਦਲਾਅ ਦਿਖਾਈ ਦਿੰਦੇ ਹਨ। ਇਸ ਦੇ ਲੱਛਣ ਖੰਘ, ਜ਼ੁਕਾਮ ਤੇ ਬੁਖਾਰ ਹਨ ਪਰ ਇਸ ਵਾਇਰਸ ਨਾਲ ਪੀੜਤ ਮਰੀਜ਼ਾਂ ਵਿਚ ਲੰਬੇ ਸਮੇਂ ਤੱਕ ਇਹ ਲੱਛਣ ਰਹਿੰਦੇ ਹਨ। ਅਜਿਹੀ ਸਥਿਤੀ ਵਿਚ ਇਹਤਿਆਤ ਵਰਤਣੀ ਜ਼ਰੂਰੀ ਹੈ। ਵਾਇਰਸ ਤੋਂ ਬਚਣ ਲਈ ਮਾਸਕ ਪਹਿਨਿਆ ਜਾਵੇ ਤੇ ਹੱਥ ਸਾਫ ਰੱਖੇ ਜਾਣ, ਪੀੜਤ ਦੇ ਸੰਪਰਕ ਵਿੱਚ ਆਉਣ ਤੋਂ ਗੁਰੇਜ਼ ਕੀਤਾ ਜਾਵੇ।

## 'ਆਪ' ਸਰਕਾਰ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰ ਰਹੀ: ਬਾਦਲ

**ਮਾਨਸਾ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੋਟਲੀ ਕਲਾਂ ਵਿਚ ਮਾਰੇ ਗਏ 6 ਸਾਲਾ ਮਾਸੂਮ ਬੱਚੇ ਹਰਉਦੈਵੀਰ ਸਿੰਘ ਦੀ ਮੌਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰ ਰਹੀ ਹੈ, ਜਿਸ ਕਰਕੇ ਇਸ ਸੂਬੇ ਵਿਚ ਮਾੜੇ ਅਨਸਰਾਂ ਦੇ ਹੌਸਲੇ ਦਿਨੋ-ਦਿਨ ਵੱਧ ਰਹੇ ਹਨ। ਉਨ੍ਹਾਂ ਕਿਹਾ ਕਿ ਮਾੜੀ ਗੱਲ ਇਹ ਹੈ ਕਿ ਦਿਨੋ-ਦਿਨ ਖਰਾਬ ਹੋ ਰਹੇ ਹਾਲਾਤ ਤੋਂ ਬਾਅਦ ਹਾਲੇ ਵੀ ਮੁੱਖ ਮੰਤਰੀ ਗੰਭੀਰ ਨਹੀਂ ਹੋਏ। ਸ੍ਰੀ ਬਾਦਲ ਨੇ ਕਿਹਾ ਕਿ ਪਿੰਡ ਦੇ ਲੋਕਾਂ ਤੋਂ ਪਤਾ ਲੱਗਿਆ ਹੈ ਕਿ ਬੱਚੇ ਦਾ ਕਤਲ ਗੈਰ-ਕਾਨੂੰਨੀ ਹਥਿਆਰ ਨਾਲ ਕੀਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਰਾਜ ਵਿਚ ਗੈਂਗਸਟਰਾਂ ਦੇ ਵਧੇ ਬੋਲ-ਬਾਲੇ ਨਾਲ ਹੁਣ ਹਥਿਆਰ ਸ਼ਰੇਆਮ ਵਿਕਣ ਲੱਗੇ ਹਨ।

## ਕਸ਼ਮੀਰ ਦਾ ਟਿਊਲਿਪ ਗਾਰਡਨ ਆਮ ਲੋਕਾਂ ਲਈ ਖੋਲ੍ਹਿਆ

**ਸ੍ਰੀਨਗਰ:** ਕਸ਼ਮੀਰ ਦੀ ਡਲ ਝੀਲ ਤੇ ਜ਼ਬਰਵਾਨ ਪਹਾੜੀਆਂ ਦਰਮਿਆਨ ਟਹਿਕਦੇ ਏਸ਼ੀਆ ਦੇ ਸਭ ਤੋਂ ਵੱਡੇ ਟਿਊਲਿਪ ਬਾਗ 'ਇੰਦਰਾ ਗਾਂਧੀ ਟਿਊਲਿਪ ਗਾਰਡਨ' ਨੂੰ ਆਮ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ। ਉਦਘਾਟਨ ਸਮਾਗਮ ਵਿਚ ਜੰਮੂ ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਇਸ ਸਾਲ ਬਾਗ ਵਿਚ ਲਗਪਗ 68 ਕਿਸਮ ਦੇ ਟਿਊਲਿਪ ਫੁੱਲ ਖਿੜਨਗੇ। ਗਾਰਡਨ ਦੇ ਇੰਚਾਰਜ ਇਨਾਮ-ਉਲ-ਰਹਿਮਾਨ ਨੇ ਕਿਹਾ ਕਿ ਵੱਖ ਵੱਖ ਰੰਗਾਂ ਦੇ 15 ਲੱਖ ਟਿਊਲਿਪ ਤੋਂ ਇਲਾਵਾ ਗਾਰਡਨ ਵਿਚ ਬਸੰਤੀ ਮੌਸਮ ਦੇ ਹੋਰ



ਫੁੱਲ ਵੀ ਖੁਸ਼ਬੂ ਬਿਖੇਰਨਗੇ, ਜਿਨ੍ਹਾਂ ਵਿਚ ਅੰਗੂਰ ਜਲਕੁੰਭੀ, ਨਰਗਿਸ, ਮਸਕਰੀ ਅਤੇ ਸਾਈਕਲੇਮੈਨ ਸ਼ਾਮਲ ਹਨ। ਇਹ ਗਾਰਡਨ 'ਸਿਰਾਜ ਬਾਗ' ਦੇ ਨਾਮ ਨਾਲ ਵੀ ਮਸ਼ਹੂਰ ਹੈ। ਉਨ੍ਹਾਂ ਕਿਹਾ, ''ਹਰ ਸਾਲ ਇਹ ਬਾਗ ਵਧ-ਫੁੱਲ ਰਿਹਾ ਹੈ ਅਤੇ ਇੱਥੇ ਫੁੱਲਾਂ ਦੀਆਂ ਨਵੀਆਂ ਕਿਸਮਾਂ ਲਿਆਂਦੀਆਂ ਜਾਂਦੀਆਂ ਹਨ।''

ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਪਿਛਲੇ ਸਾਲ ਗਾਰਡਨ ਦੇਖਣ 3.60 ਲੱਖ ਲੋਕ ਆਏ ਸਨ। ਇਹ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਮਨੋਜ ਸਿਨਹਾ ਨੇ ਉਮੀਦ ਪ੍ਰਗਟਾਈ ਕਿ ਇਸ ਸਾਲ ਸੈਲਾਨੀਆਂ ਦੀ ਗਿਣਤੀ ਪਿਛਲੇ ਸਾਲ ਨਾਲੋਂ ਵੱਧ ਰਹੇਗੀ ਅਤੇ ਕਿਹਾ ਕਿ ਜੰਮੂ ਖੇਤਰ ਦੇ ਸਨਾਸਰ ਇਲਾਕੇ ਵਿਚ ਅਪਰੈਲ ਮਹੀਨੇ ਇਕ ਨਵਾਂ ਟਿਊਲਿਪ ਗਾਰਡਨ ਖੋਲ੍ਹਿਆ ਜਾਵੇਗਾ। ਇਸ ਵਿਚ 25 ਕਿਸਮ ਦੇ 2.75 ਲੱਖ ਟਿਊਲਿਪ ਖਿੜਨਗੇ।

## ਪੰਜਾਬ 'ਚ ਆਮਦਨ ਤੇ ਊਰਜਾ ਦਾ ਸਰੋਤ ਬਣੇਗੀ ਪਰਾਲੀ: ਅਮਨ ਅਰੋੜਾ



**ਚੰਡੀਗੜ੍ਹ:** ਪੰਜਾਬ ਦੇ ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤ 'ਚ ਕਈ ਵੱਡੇ ਫੈਸਲੇ ਲਏ ਗਏ ਹਨ, ਜਦਕਿ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਗ੍ਰੀਨ ਹਾਈਡਰੋਜਨ ਪਾਲਿਸੀ ਜਲਦ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਸ ਪਾਲਿਸੀ ਤਹਿਤ ਪਰਾਲੀ ਦੀ ਵਰਤੋਂ ਊਰਜਾ ਲਈ ਕੀਤੀ ਜਾਵੇਗੀ, ਜਿਸ ਨਾਲ ਕਿਸਾਨਾਂ ਦੀ ਆਮਦਨ 'ਚ ਵੀ ਵਾਧਾ ਹੋਵੇਗਾ। ਰਾਜ 'ਚ 20 ਮਿਲੀਅਨ ਟਨ ਪਰਾਲੀ ਪੈਦਾ ਹੁੰਦੀ ਹੈ ਤੇ 12 ਮਿਲੀਅਨ ਬਿਨਾ ਵਰਤੋਂ ਖਰਾਬ ਹੋ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਪਰਾਲੀ ਆਮਦਨ ਅਤੇ ਊਰਜਾ ਦਾ ਸਰੋਤ ਬਣੇਗੀ।

## ਅਡਾਨੀ ਗਰੁੱਪ ਨੇ 34,900 ਕਰੋੜ ਰੁਪਏ ਦੇ ਪ੍ਰੋਜੈਕਟ 'ਤੇ ਕੰਮ ਰੋਕਿਆ

**ਨਵੀਂ ਦਿੱਲੀ:** ਅਮਰੀਕਾ ਦੀ ਹਿੰਡਨਬਰਗ ਰਿਪੋਰਟ ਤੋਂ ਬਾਅਦ ਲੱਗੇ ਕਈ ਝਟਕਿਆਂ ਮਗਰੋਂ ਅਡਾਨੀ ਗਰੁੱਪ ਨੇ ਗੁਜਰਾਤ ਦੇ ਮੁੰਦਰਾ ਵਿਚ 34,900 ਕਰੋੜ ਰੁਪਏ ਦੇ ਪੈਟਰੋਕੈਮੀਕਲ ਪ੍ਰੋਜੈਕਟ ਦਾ ਕੰਮ ਰੋਕ ਦਿੱਤਾ ਹੈ। ਗਰੁੱਪ ਆਪਣੇ ਅਪਰੇਸ਼ਨ ਨੂੰ ਸੀਮਤ ਕਰਨ ਤੇ ਨਿਵੇਸ਼ਕਾਂ ਦੇ ਫਿਕਰਾਂ ਦਾ ਜਵਾਬ ਦੇਣ ਉਤੇ ਧਿਆਨ ਕੇਂਦਰਤ ਕਰ ਰਿਹਾ ਹੈ। ਅਡਾਨੀ ਐਂਟਰਪ੍ਰਾਇਜਿਜ਼ ਲਿਮਟਿਡ ਨੇ 2021 ਵਿਚ ਪੂਰੀ ਮਾਲਕੀ ਵਾਲੀ 'ਮੁੰਦਰਾ ਪੈਟਰੋਕੈਮ ਲਿਮਟਿਡ' ਉਤੇ ਕੰਮ ਸ਼ੁਰੂ ਕੀਤਾ ਸੀ।

ਇਸ ਤਹਿਤ ਗੁਜਰਾਤ ਦੇ ਕੱਛ ਜ਼ਿਲ੍ਹੇ ਵਿਚ ਗਰੀਨਫੀਲਡ ਕੋਲ-ਟੂ-ਪੀ.ਵੀ.ਸੀ. ਪਲਾਂਟ ਸਥਾਪਤ ਕੀਤਾ ਜਾਣਾ ਹੈ। ਇਹ ਪਲਾਂਟ ਅਡਾਨੀ ਬੰਦਰਗਾਹਾਂ ਤੇ ਵਿਸ਼ੇਸ਼ ਆਰਥਿਕ ਜ਼ੋਨ ਵਿਚ ਬਣਨਾ ਹੈ। ਪਰ ਹਿੰਡਨਬਰਗ ਰਿਪੋਰਟ ਵਿਚ ਗਰੁੱਪ 'ਤੇ ਸਟਾਕ ਹੇਰ-ਫੇਰ, ਅਕਾਊਂਟਿੰਗ ਧੋਖਾਧੜੀ ਤੇ ਕਾਰਪੋਰੇਟ ਗਵਰਨੈਂਸ ਸਬੰਧੀ ਲੱਗੇ ਕਈ ਦੋਸ਼ਾਂ ਤੋਂ ਬਾਅਦ ਇਸ ਦੀ ਬਾਜ਼ਾਰੀ ਕੀਮਤ ਨੂੰ 140 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਸੇਬਾਂ ਤੋਂ ਲੈ ਕੇ ਹਵਾਈ ਅੱਡਿਆਂ ਦੇ ਕਾਰੋਬਾਰ ਵਿਚ ਦਾਖਲ ਅਡਾਨੀ ਗਰੁੱਪ ਹੁਣ ਵਿੱਤੀ ਖਿਲਾਰੇ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਸਹਿਮੇ ਨਿਵੇਸ਼ਕਾਂ ਨੂੰ ਸ਼ਾਂਤ ਕਰਨ ਤੇ ਉਧਾਰ ਦੇਣ



ਵਾਲਿਆਂ ਨੂੰ ਭਰੋਸੇ ਵਿਚ ਲੈਣ ਲਈ ਰਣਨੀਤੀ ਬਣਾ ਰਿਹਾ ਹੈ। ਵਾਪਸੀ ਦੀ ਰਣਨੀਤੀ ਕਰਜ਼ੇ ਮੋੜ ਕੇ ਨਿਵੇਸ਼ਕਾਂ ਦੀਆਂ ਚਿੰਤਾਵਾਂ ਦਾ ਜਵਾਬ ਦੇਣ, ਚੱਲ ਰਹੇ ਪ੍ਰੋਜੈਕਟਾਂ ਨੂੰ ਸੀਮਤ ਕਰਨ ਤੇ ਇਲਜ਼ਾਮਾਂ ਵਿਰੁੱਧ ਲੜਨ ਉਤੇ ਕੇਂਦਰਤ ਹੈ। ਗਰੁੱਪ ਨੇ ਫੈਸਲਾ ਕੀਤਾ ਹੈ ਕਿ ਫਿਲਹਾਲ ਦਸ ਲੱਖ ਟਨ ਸਾਲਾਨਾ ਉਤਪਾਦਨ ਵਾਲੇ ਗਰੀਨ ਪੀ.ਵੀ.ਸੀ. ਪ੍ਰੋਜੈਕਟ ਉਤੇ ਕੰਮ ਰੋਕ ਦਿੱਤਾ ਜਾਵੇਗਾ।

ਗਰੁੱਪ ਨੇ ਇਸ ਪ੍ਰੋਜੈਕਟ ਉਤੇ ਕੰਮ ਰੋਕਣ ਲਈ ਸਬੰਧਤ ਧਿਰਾਂ ਨੂੰ ਈ-ਮੇਲ ਭੇਜ ਦਿੱਤੀ ਹੈ ਤੇ ਤੁਰਤ ਕੰਮ ਰੋਕਣ ਲਈ ਕਹਿ ਦਿੱਤਾ ਹੈ। ਮੈਨੇਜਮੈਂਟ ਮੁਤਾਬਕ ਇਸ ਵੱਲੋਂ ਵੱਖ-ਵੱਖ ਪ੍ਰੋਜੈਕਟਾਂ ਦੀ ਮੁੜ-ਸਮੀਖਿਆ ਕੀਤੀ ਜਾ ਰਹੀ ਹੈ। ਭਵਿੱਖੀ ਨਗਦੀ ਪ੍ਰਵਾਹ ਤੇ ਵਿੱਤੀ ਸਥਿਤੀ ਨੂੰ ਦੇਖ ਕੇ ਕੁਝ ਪ੍ਰੋਜੈਕਟਾਂ ਨੂੰ ਜਾਰੀ ਰੱਖਣ ਬਾਰੇ ਸਮੀਖਿਆ ਕੀਤੀ ਜਾ ਰਹੀ ਹੈ।

# 'ਸਵੇਰਾ' ਨੇ ਮਨਾਈ 'ਹਰ ਜੀਅ ਦੀ' ਲੋਹੜੀ

## ਸ਼ਿਕਾਗੋ 'ਚ ਲੱਗੀਆਂ ਲੋਹੜੀ ਦੀਆਂ ਰੌਣਕਾਂ; ਕੁੜੀਆਂ ਨੇ ਗਿੱਧੇ ਨਾਲ ਪਾਈ ਧਮਾਲ; ਬੱਚਿਆਂ ਦੀਆਂ ਪੇਸ਼ਕਾਰੀਆਂ ਯਾਦਗਾਰੀ ਹੋ ਨਿੱਬੜੀਆਂ

**ਸ਼ਿਕਾਗੋ (ਬਿਊਰੋ):** ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ... ਲੋਹੜੀ, ਜੋ ਕਿ ਪੰਜਾਬ ਜਾਂ ਕਹਿ ਲਓ



ਉੱਤਰੀ ਭਾਰਤ ਦਾ ਪ੍ਰਸਿੱਧ ਤਿਓਹਾਰ ਹੈ, ਪੰਜਾਬ ਦੇ ਨਾਇਕ ਦੁੱਲਾ ਭੱਟੀ ਨਾਲ ਸਬੰਧਤ ਗੀਤਾਂ ਤੋਂ ਬਿਨਾਂ ਅਧੂਰਾ ਹੈ। ਮਾਘ ਦੀ ਸੰਗਰਾਂਦ ਤੋਂ ਇਕ ਦਿਨ ਪਹਿਲਾਂ ਪੰਜਾਬੀਆਂ ਵਲੋਂ ਇਹ ਤਿਓਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਵੱਡੇ ਦਿਨਾਂ ਦੀ ਆਮਦ ਤੇ ਸਿਆਲ ਦੇ ਪਾਲੇ ਤੋਂ ਨਿਜਾਤ



ਮਿਲਣ ਦੀ ਖੁਸ਼ੀ 'ਚ ਰਿਉੜੀਆਂ, ਮੂੰਗਫਲੀ, ਗੱਚਕ ਦਾ ਖੂਬ ਆਨੰਦ ਮਾਣਿਆ ਜਾਂਦਾ ਹੈ। ਪਰਿਵਾਰ ਦੇ ਜੀਅ ਘਰ ਵਿਚ ਭੁੱਗਾ ਬਾਲ ਕੇ ਨਾਲੇ ਅੱਗ ਸੇਕਦੇ ਨੇ ਤੇ ਨਾਲ ਹੀ ਅੱਗ ਵਿਚ ਤਿਲ, ਮੂੰਗਫਲੀ ਸੁੱਟ ਕੇ 'ਇਸਰ ਆਏ, ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ' ਆਖ ਕੇ ਦਲਿੱਦਰ ਨੂੰ ਦੂਰ ਭੱਜਣ ਦੀ ਦੁਆ ਕਰਦੇ ਨੇ। ਪੰਜਾਬ ਦੇ ਨਾਲ-ਨਾਲ ਵਿਦੇਸ਼ੀਂ ਵਸਦੇ ਪੰਜਾਬੀਆਂ ਵਲੋਂ ਵੀ ਲੋਹੜੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾ ਕੇ ਪੰਜਾਬ ਦੀਆਂ ਯਾਦਾਂ ਨੂੰ ਤਰੋ-ਤਾਜ਼ਾ ਕੀਤਾ ਜਾਂਦਾ ਹੈ।

ਇਸੇ ਤਰ੍ਹਾਂ ਹੀ ਭਾਈਚਾਰੇ ਨਾਲ ਸੰਬੰਧਤ ਹਰੇਕ ਤਿਓਹਾਰ ਨੂੰ ਵਧ-ਚੜ੍ਹ ਕੇ ਮਨਾਉਣ ਤੇ ਲੜਕੀਆਂ ਦੀ ਮਦਦ ਲਈ ਹਮੇਸ਼ਾ ਤਤਪਰ ਰਹਿੰਦੀ ਸ਼ਿਕਾਗੋ ਦੀ ਸੰਸਥਾ 'ਸਵੇਰਾ' (ਸਿੱਖ ਵਿਮੈਨ ਇਰਾ) ਵਲੋਂ 11 ਮਾਰਚ ਨੂੰ ਐਟਲਾਂਟਿਕ ਬੈਂਕੁਇਟਸ ਵਿਚ 'ਪੁੱਤ ਦੀ ਨਾ ਧੀ ਦੀ, ਲੋਹੜੀ ਹਰ ਜੀਅ ਦੀ' ਸਿਰਲੇਖ ਹੇਠ ਲੋਹੜੀ ਮਨਾਈ ਗਈ, ਜਿਸ ਵਿਚ ਖਲਕਤ ਹੁੰਮ-ਹੁਮਾ ਕੇ ਪਹੁੰਚੀ।

ਪ੍ਰੋਗਰਾਮ ਦਾ ਆਗਾਜ਼ ਗੁਰਮਤਿ ਸਕੂਲ ਦੇ ਬੱਚਿਆਂ ਨੇ 'ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ' ਨਾਲ ਕੀਤਾ। ਉਪਰੰਤ ਸਟੇਜ ਦੀ ਜਿੰਮੇਵਾਰੀ ਪ੍ਰਬੰਧਕਾਂ ਵਲੋਂ ਉਲੀਕੇ ਪ੍ਰੋਗਰਾਮ ਮੁਤਾਬਕ ਗੁਰਲੀਨ ਕੌਰ ਦੇ ਹੱਥ ਆਈ। ਉਸਨੇ ਸ਼ੇਅਰੋ-ਸ਼ਾਇਰੀ ਕਰਦਿਆਂ ਸਮਾਗਮ ਨੂੰ ਦਿਲਚਸਪ ਬਣਾਈ ਰਖਿਆ। ਬਲਕਿ ਇਹ ਕਹਿਣਾ ਵੀ ਕੁਥਾਂ ਨਹੀਂ ਹੋਵੇਗਾ ਕਿ ਉਸਨੇ ਢੁਕਵੀਂ ਸ਼ੇਅਰੋ-ਸ਼ਾਇਰੀ ਨਾਲ ਡੀ ਜੇ ਦੀਆਂ ਕਮੀਆਂ ਨੂੰ ਲੁਕੋਈ ਰਖਿਆ। ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਦੀ ਤਰਜ਼ 'ਤੇ ਗੁਰਲੀਨ ਕੌਰ ਨੇ ਮੰਚ ਸੰਚਾਲਨ ਕਰਦਿਆਂ ਪ੍ਰੋਗਰਾਮ ਨੂੰ ਦਿਲਚਸਪ ਬਣਾਈ ਰੱਖਣ ਲਈ ਖੂਬਸੂਰਤ ਰੋਲ ਨਿਭਾਇਆ। ਲਗਦੈ, ਉਹ ਦਿਨ ਦੂਰ ਨਹੀਂ ਜਦੋਂ ਗੁਰਲੀਨ ਨੂੰ ਵੀ 'ਸਟੇਜਾਂ ਦੀ ਰਾਣੀ' ਦਾ ਖਿਤਾਬ ਹਾਸਲ ਹੋ ਜਾਏ। ਉਸਨੇ ਪ੍ਰੋਗਰਾਮ ਦੀ ਸ਼ੁਰੂਆਤ:

ਵਾਹਿਗੁਰੂ ਆਖਿਆ ਮੁੱਖ ਪਵਿੱਤਰ
ਵਾਹਿਗੁਰੂ ਆਖਿਆ ਵੈਰੀ ਮਿੱਤਰ
ਵਾਹਿਗੁਰੂ ਆਖਿਆ ਸਾਫ਼ ਚਰਿੱਤਰ
ਵਾਹਿਗੁਰੂ ਆਖਿਆ ਦੁੱਖ-ਦਰਦ ਸਭ ਤਿੱਤਰ

ਨਾਲ ਕੀਤੀ। ਮੰਚ ਸੰਚਾਲਨ ਦੀ ਕਾਰਵਾਈ ਨੇਪਰੇ ਚੜ੍ਹਾਉਣ ਲਈ ਰਾਜ ਲਾਲੀ ਬਟਾਲਾ ਉਸਦਾ ਸਾਥ ਦੇ ਰਹੇ ਸਨ।

ਸਿੱਖ ਰਿਲੀਜੀਅਸ ਸੁਸਾਇਟੀ ਦੇ ਸਕੱਤਰ ਸ. ਤਰਲੋਚਨ ਸਿੰਘ ਮੁਲਤਾਨੀ ਨੇ ਲੋਹੜੀ ਦੇ ਇਤਿਹਾਸ ਬਾਰੇ ਵਿਸਥਾਰ ਵਿਚ ਦਰਸ਼ਕਾਂ ਨਾਲ ਸਾਂਝ ਪਾਈ ਅਤੇ ਲੋਹੜੀ ਮੰਗਣ ਜਾਂਦੇ ਆਪਣੇ ਸਮੇਂ ਦਾ ਇਕ ਗੀਤ ਗਾ ਕੇ ਲੋਹੜੀ ਦਾ ਨਜ਼ਾਰਾ ਬੰਨ੍ਹ ਦਿੱਤਾ। ਉਨ੍ਹਾਂ ਸਵੇਰਾ ਸੰਸਥਾ ਵਲੋਂ ਹਰ ਸਾਲ ਲੋਹੜੀ ਦਾ ਸਮਾਗਮ ਵੱਡੇ ਪੱਧਰ 'ਤੇ ਮਨਾਉਣ ਤੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਲਈ ਕੀਤੇ ਜਾਂਦੇ ਇਸ ਉਪਰਾਲੇ ਦੀ ਸ਼ਲਾਘਾ

ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਗੁਰਲੀਨ ਤੇ ਸਿਮਰਜੋਤ ਕੌਰ ਨੇ 'ਵੇ ਮੈਂ ਤੇਰੇ ਲੜ ਲੱਗੀ ਆਂ' ਅਤੇ ਹਰਮੀਤ ਕੌਰ ਤੇ ਕਿਰਨ ਤੇ ਨੇ 'ਮੇਰਾ ਮਾਹੀ ਤੂੰ ਪੱਟਿਆ' ਗੀਤਾਂ 'ਤੇ ਖੂਬਸੂਰਤ ਡਾਂਸ ਪੇਸ਼ ਕੀਤਾ। ਰਿੰਪਲ ਡੋਗਰਾ ਤੇ ਸੁਖਵੀਰ ਢਿੱਲੋਂ ਦੀ ਜੋੜੀ ਨੇ ਜਦੋਂ ਮਰਦ ਤੇ ਤੀਵੀਂ ਬਣ ਕੇ 'ਮਿੱਤਰਾਂ ਦਾ ਚੱਲਿਆ ਟਰੱਕ ਨੀ' ਗੀਤ ਉਤੇ ਕੋਰੀਓਗ੍ਰਾਫੀ ਕੀਤੀ ਤਾਂ ਦਰਸ਼ਕਾਂ ਨੇ ਤਾੜੀਆਂ ਤੇ







ਸੀਟੀਆਂ ਨਾਲ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਬੱਚਿਆਂ ਦੀਆਂ ਡਾਂਸ ਟੀਮਾਂ ਨੇ ਵੀ ਵੱਖ ਵੱਖ ਗੀਤਾਂ 'ਤੇ ਖੂਬਸੂਰਤ ਪੇਸ਼ਕਾਰੀਆਂ ਦਿੱਤੀਆਂ। ਪ੍ਰਾਚੀ ਜੇਤਲੀ ਤੇ ਉਸ ਦੀਆਂ ਸਾਥਣਾਂ ਨੇ 'ਸੂਟ ਪਾਉਨੀ ਆਂ ਪੌਣੇ ਪੌਣੇ ਲੱਖ ਦੇ' ਗੀਤ 'ਤੇ ਡਾਂਸ ਕੀਤਾ।

ਮੋਨਾ ਭੱਲਾ ਨੇ 'ਕਾਲਾ ਸ਼ਾਹ ਕਾਲਾ' ਗੀਤ ਗਾਇਆ ਅਤੇ ਬਾਕੀ ਮੁਟਿਆਰਾਂ ਦੇ ਨਾਲ-ਨਾਲ ਆਪ ਵੀ ਡਾਂਸ ਫਲੋਰ 'ਤੇ ਖੂਬ ਧੂੜਾਂ ਪੁੱਟੀਆਂ। ਮਨਮੀਤ ਕੌਰ ਨੇ ਆਪਣੀ ਖੂਬਸੂਰਤ ਆਵਾਜ਼ ਵਿਚ ਗੀਤ 'ਤਾਰਿਆਂ ਤੋਂ ਪੁੱਛ ਚੰਨ ਵੇ' ਤੇ ਸੁਨੀਤਾ ਮਲਹੋਤਰਾ ਨੇ ਟੱਪੇ ਤੇ ਬੋਲੀਆਂ ਗਾ ਕੇ ਰੌਣਕਾਂ ਲਾਈਆਂ। ਉੱਭਰ ਰਹੇ ਕਲਾਕਾਰ ਸੰਨੀ ਸਿੰਘ ਨੇ 'ਮਾਂ' ਗੀਤ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ ਤੇ ਮਗਰੋਂ ਕਈ ਟੱਪੇ ਗਾ ਕੇ ਖੂਬ ਰੰਗ ਬੰਨ੍ਹਿਆ।

ਆਪਣੀ ਅਦਾਕਾਰੀ ਦਾ ਨਵਾਂ ਰੰਗ ਪੇਸ਼ ਕਰਦੇ ਸ਼ਿਕਾਗੋ ਦੇ ਉੱਘੇ ਕਲਾਕਾਰ ਗੁਰਮੁਖ ਸਿੰਘ ਭੁੱਲਰ ਨੇ ਆਪਣੀ ਸਕਿੱਟ ਵਿਚ ਪੰਜਾਬ ਪੁਲਿਸ ਦੇ ਠਾਣੇਦਾਰ ਦੀ ਠਾਣੇਦਾਰੀ ਖੂਬ ਝਾੜੀ। ਉਨ੍ਹਾਂ ਦਾ ਸਾਥ ਜਸਮੀਤ ਸਿੰਘ ਤੇ ਸੰਦੀਪ ਕੌਰ ਨੇ ਦਿੱਤਾ। ਗੁਰਮੁਖ ਭੁੱਲਰ ਨੇ ਆਪਣੇ ਅੰਦਾਜ਼ ਨਾਲ ਹਮੇਸ਼ਾਂ ਵਾਂਗ ਦਰਸ਼ਕਾਂ ਦੇ ਚਿਹਰਿਆਂ 'ਤੇ ਰੌਣਕ ਲਿਆ ਦਿੱਤੀ। ਠਾਣੇਦਾਰ ਬਣ ਕੇ ਚਲਾਨ ਕੱਟਦਾ ਗੁਰਮੁਖ ਭੁੱਲਰ ਅਸਲੀ ਪੁਲਿਸ ਵਾਲੇ ਦਾ ਭੁਲੇਖਾ ਹੀ ਪਾ ਰਿਹਾ ਸੀ।



ਮਗਰੋਂ ਗਿੱਧੇ ਵਾਲੀਆਂ ਮੁਟਿਆਰਾਂ ਨੇ ਜਦੋਂ ਪਿੜ ਮੱਲਿਆ ਤਾਂ ਮਾਹੌਲ ਪੂਰਾ ਪੰਜਾਬ ਵਰਗਾ ਹੋ ਗਿਆ, ਜਿਵੇਂ ਕੋਈ ਵਿਆਹ ਸਮਾਗਮ ਹੋ ਰਿਹਾ ਹੋਵੇ। ਇਸ ਮੌਕੇ ਨਵ ਜਨਮੇ ਬੱਚਿਆਂ ਜ਼ੋਰਾਵਰ ਸਿੰਘ, ਹਰਸ਼ਾਂਤ ਸਿੰਘ, ਸਹਿਰ ਕੌਰ ਸੱਗੂ, ਪ੍ਰਭਜੀਤ ਸਿੰਘ ਬਾਂਸਲ ਤੇ ਕਿਰਪਾ ਕੌਰ ਦੀ ਲੋਹੜੀ ਮਨਾਈ ਗਈ। ਮਹਿੰਦਰਜੀਤ ਰਕਾਲਾ ਨੇ ਸਾਰੇ ਪ੍ਰੋਗਰਾਮ ਨੂੰ ਕੈਮਰੇ 'ਚ ਕੈਦ ਕੀਤਾ। ਇਸ ਪ੍ਰੋਗਰਾਮ ਦੌਰਾਨ ਮੂੰਗਫਲੀ ਅਤੇ ਗੱਚਕ ਸਿੰਘ ਗਰੌਸਰ (ਪੈਲਾਟਾਈਨ) ਅਤੇ ਸਟਾਰ ਫੂਡ (ਸ਼ਾਮਬਰਗ) ਨੇ ਸਪਾਂਸਰ ਕੀਤੀ ਸੀ। ਲਜ਼ੀਜ਼ ਖਾਣਾ ਹਮੇਸ਼ਾ ਵਾਂਗ ਕੇ. ਕੇ. ਪੰਮਾ ਵਲੋਂ ਤਿਆਰ ਕੀਤਾ ਗਿਆ ਸੀ।

ਸਮਾਗਮ ਦੇ ਮੁੱਖ ਮਹਿਮਾਨ ਸ. ਰਣਜੀਤ ਸਿੰਘ ਕੌਂਸਲ ਵਿਸ਼ੇਸ਼ ਤੌਰ 'ਤੇ ਆਪਣੀ ਪਤਨੀ ਸਮੇਤ ਹਾਜ਼ਰ ਸਨ। ਉਨ੍ਹਾਂ ਨੇ 'ਸਵੇਰਾ' ਸੰਸਥਾ ਦੀ ਰੂਹ-ਏ-ਰਵਾਂ ਬੀਬੀ ਜਸਬੀਰ ਕੌਰ ਮਾਨ ਅਤੇ ਪੂਰੀ ਟੀਮ ਦੀ ਸ਼ਲਾਘਾ ਕਰਦਿਆਂ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਬੱਚਿਆਂ ਤੇ ਕਲਾਕਾਰਾਂ ਦਾ ਸਨਮਾਨ ਕੀਤਾ। ਜ਼ਿਕਰਯੋਗ ਹੈ ਕਿ ਸ. ਰਣਜੀਤ ਸਿੰਘ ਸ਼ਿਕਾਗੋ ਵਿਚ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਹਮੇਸ਼ਾ ਤਤਪਰ ਰਹਿੰਦੇ ਹਨ। ਜਸਵੀਰ ਕੌਰ ਮਾਨ ਨੇ ਆਏ ਮਹਿਮਾਨਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ ਦੇ ਪ੍ਰਧਾਨ ਸ. ਭੁਪਿੰਦਰ ਸਿੰਘ ਧਾਲੀਵਾਲ ਨੇ ਸਭ ਨੂੰ ਲੋਹੜੀ ਦੀ ਵਧਾਈ ਦਿੰਦਿਆਂ 25 ਮਾਰਚ ਨੂੰ ਪੀ. ਸੀ. ਐੱਸ ਦੇ ਪ੍ਰੋਗਰਾਮ 'ਰੰਗਲਾ ਪੰਜਾਬ' ਵਿਚ ਪਰਿਵਾਰਾਂ ਸਣੇ ਪਹੁੰਚਣ ਦਾ ਸੱਦਾ ਦਿੱਤਾ।

ਪ੍ਰੋਗਰਾਮ ਦੇ ਮੁੱਖ ਸਪਾਂਸਰ ਅਮਰਬੀਰ ਸਿੰਘ ਘੁਮਾਣ ਤੇ ਹਰਸ਼ਰਨ ਸਿੰਘ ਘੁਮਾਣ ਤੋਂ ਇਲਾਵਾ ਲੱਕੀ ਸਹੋਤਾ, ਡਾ. ਹਰਜਿੰਦਰ ਸਿੰਘ ਖਹਿਰਾ ਤੇ ਜੋਤੀ ਖਹਿਰਾ, ਗੁਲਜ਼ਾਰ ਸਿੰਘ ਮੁਲਤਾਨੀ ਤੇ ਮਿੰਨੀ ਮੁਲਤਾਨੀ, ਗੁਰੂ ਲਾਧੋ ਰੇ ਸੁਸਾਇਟੀ ਵਿਸਕਾਨਸਿਨ ਡਾ. ਇੰਦਰਜੀਤ ਰਕਾਲਾ, ਜੈਰਾਮ ਸਿੰਘ ਕਾਹਲੋਂ, ਪਰਦੀਪ ਕਾਹਲੋਂ, ਤਰਲੋਚਨ ਸਿੰਘ ਗਿੱਲ, ਡਾ. ਵਿਕਰਮ ਗਿੱਲ, ਕੇਹਰ ਸਿੰਘ, ਅਮਨਦੀਪ ਸਿੰਘ ਕੁਲਾਰ, ਅਜੀਤ ਸਿੰਘ, ਚਰਨਜੀਤ ਸੱਗੂ, ਪੰਮੀ ਸੰਘਾ, ਜੌਲੀ ਡੰਡੋਨਾ, ਬਿਕਰਮ ਸਿੰਘ ਸਿੱਧੂ, ਪਰਮਜੀਤ ਸਿੰਘ ਸਿੱਧੂ (ਮਹਿਰਾਜ), ਪੰਮੀ ਵੋਹਰਾ, ਦਵਿੰਦਰ ਸਿੰਘ ਰੰਗੀ, ਜੱਸੀ ਧਾਲੀਵਾਲ, ਲਾਡੀ ਕੇ. ਸਿੰਘ, ਸਵਰਨ ਸਿੰਘ ਸੇਖੋਂ, ਅਮਰਸੁੱਖ ਸਿੰਘ, ਗੁਰਪ੍ਰੀਤ ਸਿੰਘ ਬਾਂਸਲ, ਅਮਿਤ ਬਾਂਸਲ, ਮੋਹਿੰਦਰਜੀਤ ਸਿੰਘ ਰਕਾਲਾ ਤੇ ਪੀ. ਸੀ. ਐਸ. ਸ਼ਿਕਾਗੋ ਸ਼ਾਮਲ ਸਨ।

ਇਸ ਮੌਕੇ ਟੀਮ ਸਵੇਰਾ ਤੋਂ ਕਿਰਪਾਲ ਕੌਰ ਲਾਲ, ਨਿੱਕੀ ਸੇਖੋਂ, ਰਾਜ ਧਾਲੀਵਾਲ, ਸੁਖਵੀਰ ਕੌਰ, ਜੀਤੂ ਕੌਰ, ਮਨਦੀਪ ਸੰਧੂ, ਬੇਅੰਤ ਕੌਰ ਵਿਰਕ, ਮਨਜੀਤ ਕੌਰ ਸਿੱਧੂ, ਜੋਤੀ ਖਹਿਰਾ, ਮਨਮੀਤ ਕੌਰ, ਪਰਮਜੀਤ ਭੱਠਲ, ਮਨਦੀਪ ਮਾਨ, ਅਮਰਜੀਤ ਕੌਰ, ਸੁਖਜੀਤ ਕਾਹਲੋਂ, ਜੋਤੀ ਕਾਹਲੋਂ, ਸੁਖਵਿੰਦਰ ਕੌਰ, ਗੁਰਪ੍ਰੀਤ ਕੌਰ ਸਿੰਘ, ਅਮਨ ਢਿੱਲੋਂ, ਭੁਪਿੰਦਰ ਧਨੋਆ, ਕਮਲ ਸਹੋਤਾ, ਸਤਿੰਦਰ ਕੌਰ, ਅਨੁਰੀਤ ਢਿੱਲੋਂ, ਰੰਮੀ ਹੰਜਰਾ, ਨਵਜੋਤ ਕੌਰ, ਪ੍ਰਭ ਖੈਰਾ, ਪੰਮੀ ਸੰਘਾ, ਨਰਿੰਦਰ ਸੰਧੂ ਅਤੇ ਵਿਪਨ ਕਲੇਰ ਹਾਜ਼ਰ ਸਨ।



ਪੰਜਾਬ ਟਾਈਮਜ਼

ਸ਼ਨਿਚਰਵਾਰ, 25 ਮਾਰਚ 2023

## ਸਿਆਸਤ ਪੰਜਾਬ

'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਦੇ ਮਸਲੇ ਨੇ ਪੰਜਾਬ ਦੀ ਸਿਆਸਤ ਇਕ ਵਾਰ ਫਿਰ ਭਖਾ ਦਿੱਤੀ ਹੈ। ਅਸਲ ਵਿਚ, ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਜੇਲ੍ਹ ਅੰਦਰੋਂ ਹੀ ਦੋ-ਦੋ ਇੰਟਰਵਿਊ ਨਸ਼ਰ ਹੋਣ ਤੋਂ ਬਾਅਦ ਹੀ ਇਹ ਸੰਕੇਤ ਮਿਲਣੇ ਸ਼ੁਰੂ ਹੋ ਗਏ ਸਨ ਕਿ ਕੇਂਦਰ ਸਰਕਾਰ ਕੋਈ ਵੱਡੀ ਕਾਰਵਾਈ ਕਰ ਸਕਦੀ ਹੈ। ਪੰਜਾਬ ਚਿਰਾਂ ਤੋਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ, ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਮੁੱਖ ਏਜੰਡੇ 'ਤੇ ਹੈ।ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਵੀ ਇਸ ਨੇ ਆਪਣੀ ਮਨਮਰਜ਼ੀ ਕਰਨ ਦਾ ਯਤਨ ਕੀਤਾ ਸੀ ਅਤੇ ਕਿਸਾਨਾਂ ਦੇ ਅੰਦੋਲਨ ਨੂੰ ਖਾਲਿਸਤਾਨੀਆਂ ਦਾ ਅੰਦੋਲਨ ਦੱਸ ਕੇ ਅੰਦੋਲਨ ਖਿਲਾਫ ਕਿਸੇ ਵੱਡੀ ਕਾਰਵਾਈ ਲਈ ਮਾਹੌਲ ਸਿਰਜਣ ਦਾ ਯਤਨ ਕੀਤਾ ਸੀ ਪਰ ਕਿਸਾਨ ਆਗੂਆਂ ਵੱਲੋਂ ਮੌਕਾ ਸੰਭਾਲਣ ਕਰ ਕੇ ਮੋਦੀ ਸਰਕਾਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੀ ਅਤੇ ਆਖਰਕਾਰ ਇਸ ਨੂੰ ਵਿਵਾਦਾਂ ਵਿਚ ਘਿਰੇ ਤਿੰਨੇ ਖੇਤੀ ਕਾਨੂੰਨ ਵਾਪਸ ਲੈਣੇ ਪੈ ਗਏ। ਉਸ ਵਕਤ ਕੁਝ ਸਿੱਖ ਧਿਰਾਂ ਨੇ ਅੰਦੋਲਨ ਨੂੰ ਕਿਸਾਨ ਅੰਦੋਲਨ ਤੋਂ ਅਗਾਂਹ ਵਧਾ ਕੇ ਸਿਆਸਤ ਨਾਲ ਜੋੜਨ ਦੀ ਬਹੁਤ ਕੋਸ਼ਿਸ਼ ਕੀਤੀ ਸੀ ਪਰ ਅੰਦੋਲਨ ਚਲਾ ਰਹੇ ਆਗੂਆਂ ਨੇ ਆਪਣੇ ਸੰਘਰਸ਼ ਨੂੰ ਸਿਰਫ ਖੇਤੀ ਕਾਨੂੰਨਾਂ ਤੱਕ ਸੀਮਤ ਰੱਖਿਆ ਅਤੇ ਜਿੱਤ ਹਾਸਲ ਕੀਤੀ।ਇਹ ਤੱਥ ਵੀ ਵਿਚਾਰਨ ਵਾਲਾ ਹੈ ਕਿ ਕਿਸਾਨ ਅੰਦੋਲਨ ਨੇ ਪੰਜਾਬ ਦੇ ਲੋਕਾਂ ਨੂੰ ਬਹੁਤ ਵੱਡੇ ਪੱਧਰ 'ਤੇ ਜਾਗਰੂਕ ਕੀਤਾ। ਇਸ ਜਾਗਰੂਕਤਾ ਦਾ ਹੀ ਨਤੀਜਾ ਸੀ ਕਿ ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀਆਂ ਮੁੱਖ ਰਵਾਇਤੀ ਪਾਰਟੀਆਂ- ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਰਤੀ ਜਨਤਾ ਪਾਰਟੀ, ਨੂੰ ਬਹੁਤ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਲੀਡਰ ਤੱਕ ਚੋਣ ਹਾਰ ਗਏ।

ਹੁਣ ਜਦੋਂ ਤੋਂ ਪੰਜਾਬ ਦੇ ਸਿਆਸੀ ਮੰਚ ਉਤੇ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਨੌਜਵਾਨ ਸਾਥੀ ਆਏ ਸਨ ਤਾਂ ਉਪਰੋਂ ਦੇਖਿਆ ਇਹੀ ਜਾਪ ਰਿਹਾ ਸੀ ਕਿ ਸੂਬੇ ਅੰਦਰ ਬੜੀ ਹਲਚਲ ਹੋ ਰਹੀ ਹੈ। ਉਂਞ, ਅੰਮ੍ਰਿਤਪਾਲ ਸਿੰਘ ਦੀ ਸਰਗਰਮੀ ਦਾ ਇਕ ਪਹਿਲੂ ਇਹ ਵੀ ਸੀ ਕਿ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਜਿਨ੍ਹਾਂ ਮਸਲਿਆਂ ਨੂੰ ਉਭਾਰ ਕੇ ਕਿਸਾਨ ਅੰਦੋਲਨ ਨੂੰ ਲੀਹੋਂ ਲਾਹ ਦੇਣਾ ਚਾਹੁੰਦੀਆਂ ਸਨ, ਉਹ ਮਸਲੇ ਖੁਦ ਅੰਮ੍ਰਿਤਪਾਲ ਸਿੰਘ ਨੇ ਮੋਦੀ ਸਰਕਾਰ ਨੂੰ ਮੁਹੱਈਆ ਕਰਵਾ ਦਿੱਤੇ। ਅਜਨਾਲਾ ਥਾਣੇ ਵਾਲੀ ਘਟਨਾ ਤੋਂ ਬਾਅਦ ਮੋਦੀ ਸਰਕਾਰ ਅਤੇ ਇਸ ਦਾ ਪਾਣੀ ਭਰਨ ਵਾਲੇ ਗੋਦੀ ਮੀਡੀਆ ਨੇ ਪੰਜਾਬ ਅਤੇ ਸਿੱਖਾਂ ਨੂੰ ਵਿਲੇਨ ਦੇ ਰੂਪ ਵਿਚ ਪੇਸ਼ ਕੀਤਾ ਅਤੇ ਇਹ ਆਪਣੀ ਇਸ ਮੁਹਿੰਮ ਵਿਚ ਬਹੁਤ ਹੱਦ ਤੱਕ ਕਾਮਯਾਬ ਵੀ ਰਹੇ। ਹੁਣ ਜਦੋਂ 'ਵਾਰਿਸ ਪੰਜਾਬ ਦੇ' ਖਿਲਾਫ ਕਾਰਵਾਈ ਕੀਤੀ ਗਈ ਤਾਂ ਜਥੇਬੰਦੀ ਦਾ ਸਾਰਾ ਤਾਮ-ਝਾਮ ਤਾਸ਼ ਦੇ ਪੱਤਿਆਂ ਵਾਂਗ ਖਿੰਡ-ਬਿਖਰ ਗਿਆ। ਹੋਰ ਤਾਂ ਹੋਰ, ਸ਼ਹਾਦਤਾਂ ਦੇਣ ਅਤੇ ਪੈਰ-ਪੈਰ 'ਤੇ ਅੜਨ ਤੇ ਲੜਨ ਦਾ ਹੋਕਾ ਦੇ ਵਾਲਾ ਜਥੇਬੰਦੀ ਦਾ ਮੁਖੀਵੀ ਪੁਲਿਸ ਦੀ ਪਹਿਲੀ ਕਾਰਵਾਈ ਨਾਲ ਹੀ ਹਰਫਲ ਗਿਆ ਦਿਸਿਆ। ਉਸ ਨੇ ਆਪਣੇ ਨਾਲ ਹਥਿਆਰਬੰਦ ਨੌਜਵਾਨਾਂ ਦਾ ਜਿਹੜਾ ਲਾਮ-ਲਸ਼ਕਰ ਤੋਰਿਆ ਹੋਇਆ ਸੀ, ਉਹ ਵੀ ਕਿਤੇ ਨਜ਼ਰ ਨਾ ਆਇਆ। ਹੁਣ ਤੱਕ ਉਸ ਦੇ ਪੰਜ ਸਾਥੀਆਂ ਖਿਲਾਫ ਕੌਮੀ ਸੁਰੱਖਿਆ ਐਕਟ) ਐਨ.ਐਸ.ਏ. ਲਾਇਆ ਜਾ ਚੁੱਕਾ ਹੈ ਅਤੇ 154 ਤੋਂ ਵੱਧ ਸਾਥੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

ਹੁਣ ਵਿਚਾਰਨ ਵਾਲਾ ਵੱਡਾ ਸਵਾਲ ਇਹ ਹੈ ਕਿ ਭਾਰਤੀ ਸਟੇਟ ਦੀ ਜਿੰਨੀ ਵੱਡੀ ਤਾਕਤ ਹੈ, ਉਸ ਨੂੰ ਕਿਸ ਤਰ੍ਹਾਂ ਟੱਕਰਨਾ ਪਵੇਗਾ? ਬਿਨਾਂ ਸ਼ੱਕ, ਅੰਮ੍ਰਿਤਪਾਲ ਸਿੰਘ ਵਾਲਾ ਰਾਹ ਸਵਾਲਾਂ ਦੇ ਘੇਰੇ ਵਿਚ ਹੈ। ਇਸ ਪ੍ਰਸੰਗ ਵਿਚ ਕਿਸਾਨ ਅੰਦੋਲਨ ਦੀ ਗੱਲ ਇਕ ਵਾਰ ਫਿਰ ਕਰਨੀ ਪਵੇਗੀ।ਇਸ ਅੰਦੋਲਨ ਦੀਆਂ ਬਹੁਤ ਸਾਰੀਆਂ ਘਾਟਾਂ ਹੋਣਗੀਆਂ ਅਤੇ ਕਿਸਾਨ ਆਗੂਆਂ ਅੰਦਰ ਵੀ ਬਥੇਰੀਆਂ ਕਮਜ਼ੋਰੀਆਂ ਨੋਟ ਕੀਤੀਆਂ ਜਾ ਸਕਦੀਆਂ ਹਨ ਪਰ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਅਤੇ ਭਾਰਤ ਪੱਧਰ ਦੀਆਂ 450 ਦੇਕਰੀਬ ਜਥੇਬੰਦੀਆਂ ਦੇ ਬਾਵਜੂਦ ਆਗੂਆਂ ਨੇ ਸਰਕਾਰ ਨੂੰ ਭਾਰੂ ਪੈਣ ਦਾ ਮੌਕਾ ਨਹੀਂ ਦਿੱਤਾ। ਹੁਣ ਸਰਕਾਰ ਦੀ ਕਾਰਵਾਈ ਦੇ ਪ੍ਰਸੰਗ ਵਿਚ ਅੰਮ੍ਰਿਤਪਾਲ ਸਿੰਘ ਕੋਲ ਹੋਰ ਕੋਈ ਚਾਰਾ ਵੀ ਕੋਈ ਨਹੀਂ ਸੀ; ਇਸੇ ਕਰ ਕੇ ਜਿੰਨੀ ਦੇਰ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ, ਓਨੀਦੇਰਉਸ ਦੀ ਸਿਆਸਤ ਚੱਲਦੀ ਰਹੀ ਅਤੇ ਜਦੋਂ ਕਾਰਵਾਈ ਹੋਈ ਤਾਂ ਉਸ ਨੂੰ ਮੈਦਾਨ ਹੀ ਛੱਡਣਾ ਪੈ ਗਿਆ। ਇਸੇ ਕਰ ਕੇ ਬਹੁਤੇ ਸਿਆਸੀ ਵਿਸ਼ਲੇਸ਼ਕ ਹੁਣ ਇਹੀ ਸਿੱਟਾ ਕੱਢ ਰਹੇ ਹਨ ਕਿ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਭਾਰਤੀ ਜਨਤਾ ਪਾਰਟੀ ਦੇ ਐਨ ਸੂਤ ਬੈਠਦੀ ਸੀ। ਇਸਾਈਆਂ ਨਾਲ ਟਕਰਾਅ ਦੇ ਮਸਲੇ 'ਤੇ ਅੰਮ੍ਰਿਤਪਾਲ ਸਿੰਘ ਦੀ ਹਰ ਸਰਗਰਮੀ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਅਨੁਸਾਰ ਸੀ। ਇਸੇ ਤਰ੍ਹਾਂ ਜਦੋਂ ਉਹ ਸ਼ਰੇਆਮ ਖਾਲਿਸਤਾਨ ਦੀ ਗੱਲ ਕਰਦਾ ਸੀ ਤਾਂ ਸ਼ਹਿਰੀ ਹਿੰਦੂ ਤਬਕਾ ਜੋ ਆਮ ਕਰ ਕੇ ਕਾਂਗਰਸ ਦਾ ਵੋਟ ਬੈਂਕ ਮੰਨਿਆ ਜਾਂਦਾ ਹੈ, ਭਾਰਤੀ ਜਨਤਾ ਪਾਰਟੀ ਵੱਲ ਝੁਕਣ ਲੱਗ ਪਿਆ। ਹੁਣ ਜਦੋਂ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਨੇ ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਨੂੰ ਖਾਲਿਸਤਾਨ ਦਾ ਹਊਆ ਬਣਾ ਦਿੱਤਾ ਤਾਂ ਵੱਡੀ ਕਾਰਵਾਈ ਕਰ ਦਿੱਤੀ ਗਈ। ਅਸਲ ਵਿਚ ਭਾਰਤੀ ਜਨਤਾ ਪਾਰਟੀ ਦੀ ਅੱਖ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਹੈ। ਕੁਝ ਵਿਸ਼ਲੇਸ਼ਕ ਤਾਂ ਇਹ ਵੀ ਆਖ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ 2027 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਵੀ ਅੱਖ ਲਗਾਈ ਬੈਠੀ ਹੈ। ਪੰਜਾਬ ਦੇ ਮਾਮਲੇ 'ਤੇ ਇਹ ਹੁਣ ਤੱਕ ਜੋ ਵੀ ਸਿਆਸਤ ਕਰ ਰਹੀ ਹੈ, ਉਸ ਤੋਂ ਜਾਪ ਵੀ ਇਹੀ ਰਿਹਾ ਹੈ ਕਿ ਇਹ ਕਿਸੇ ਨਾ ਕਿਸੇ ਢੰਗ-ਤਰੀਕੇ ਪੰਜਾਬ ਦੀ ਸੱਤਾ ਚਾਹੁੰਦੀ ਹੈ। ਇਸ ਹਿਸਾਬ ਨਾਲ 'ਵਾਰਿਸ ਪੰਜਾਬ ਦੇ' ਦੀਆਂ ਸਰਗਰਮੀਆਂ ਨੇ ਇਸ ਦਾ ਰਾਹ ਸੁਖਾਲਾ ਕਰ ਦਿੱਤਾ ਜਾਪਦਾ ਹੈ। ਆਉਣ ਵਾਲੇ ਦਿਨਾਂ ਵਿਚ ਇਸ ਸਿਆਸਤ ਦੇ ਰੰਗ-ਢੰਗ ਬਹੁਤ ਗੂੜ੍ਹੇ ਰੂਪ ਵਿਚ ਲੋਕਾਂ ਦੇ ਸਾਹਮਣੇ ਆਉਣ ਵਾਲੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮੰਗ ਜ਼ਮਾਨਤਾਂ ਦੀ

ਲੁੱਟਣ ਵੇਲੇ ਤਾਂ ਰਗੜਿਆ ਸਾਰਿਆਂ ਨੂੰ, ਮੁੰਨਣ ਵਾਲੇ ਜਿਉਂ ਕਰਨ ਹਜਾਮਤਾਂ ਨੂੰ।
'ਪੰਜ ਸਾਲ' ਹੀ ਮਿਲੇ ਐ ਭੁੱਲਿਆ ਸੀ, ਵਾਂਗੂੰ ਰਾਜਿਆਂ ਮਾਣਿਆ ਨਿਆਮਤਾਂ ਨੂੰ।
ਇਸ਼ਟ ਤੱਕ ਵੀ ਲਾਇਆ ਸੀ ਦਾਅ ਉਤੇ, ਸੱਦਾ ਦਿੰਦੇ ਰਹੇ ਆਪ ਹੀ 'ਸ਼ਾਮਤਾਂ' ਨੂੰ।
ਕੁਰਸੀ ਸਦਾ ਲਈ ਆਪਣੀ ਸਮਝ ਬੈਠੇ, ਝੂਠ ਜਾਣਿਆ ਆਉਣੀਆਂ ਕਿਆਮਤਾਂ ਨੂੰ।
ਖਾਤਰ ਵੋਟਾਂ ਦੀ 'ਕਾਰੇ' ਨਿਸੰਗ ਕੀਤੇ, ਨਾਹੀਂ ਬਖਸ਼ਿਆ 'ਕੌਮੀ ਅਮਾਨਤਾਂ' ਨੂੰ।
ਰਾਜ-ਮਦ੍ਹ ਦੇ ਨਸ਼ੇ ਵਿੱਚ ਰਾਜ ਕੀਤਾ, ਹੁਣ ਮੰਗਦੇ ਫਿਰਨ ਜ਼ਮਾਨਤਾਂ ਨੂੰ!

# ਆਪ ਸਰਕਾਰ ਨੇ ਇੱਕ ਸਾਲ 'ਚ ਕੀ 'ਬਦਲਾਅ' ਕੀਤਾ?

*ਪਿਛਲੇ ਸਾਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਲੱਕ ਬੰਨ੍ਹ ਕੇ ਵੋਟਾਂ ਪਾਈਆਂ। ਲੋਕਾਂ ਨੂੰ ਨਵੀਂ ਬਣੀ ਸਰਕਾਰ ਤੋਂ ਬਹੁਤ ਆਸਾਂ ਸਨ ਪਰ ਕੁਝ ਕੁ ਮਹੀਨਿਆਂ ਵਿਚ ਹੀ ਸਪਸ਼ਟ ਹੋ ਗਿਆ ਕਿ ਆਮ ਆਦਮੀ ਪਾਰਟੀ ਵੀ ਉਨ੍ਹਾਂ ਰਵਾਇਤੀ ਪਾਰਟੀਆਂ ਤੋਂ ਬਹੁਤੀ ਵੱਖਰੀ ਨਹੀਂ ਜਿਨ੍ਹਾਂ ਨੂੰ ਹਰਾ ਕੇ ਆਮ ਆਦਮੀ ਪਾਰਟੀ ਨੂੰ ਜੇਤੂ ਬਣਾਇਆ ਗਿਆ ਸੀ। ਹੁਣ ਸਰਕਾਰ ਬਣੀ ਨੂੰ ਇਕ ਸਾਲ ਹੋ ਗਿਆ ਹੈ ਤਾਂ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਸਰਕਾਰ ਦੀ ਇਕ ਸਾਲ ਦੀ ਕਾਰਗੁਜ਼ਾਰੀ ਬਾਰੇ ਪੁਣ-ਛਾਣ ਕੀਤੀ ਹੈ।*

ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਦੀ ਸੱਤਾ ਸੰਭਾਲਿਆਂ ਸਾਲ ਤੋਂ ਕੱਝ ਦਿਨ ਜ਼ਿਆਦਾ ਦਾ ਵਕਤ ਹੋ ਗਿਆ ਹੈ ਤਾਂ ਸਾਡੇ ਲਈ ਇਹ ਮਹੱਤਵਪੂਰਨ ਹੈ ਕਿ ਸਾਨੂੰ ਸਰਕਾਰ ਦੇ ਇਸ ਵਕਤ ਦੀ ਪੜਚੋਲ ਕਰਨੀ ਬਣਦੀ ਹੈ। ਬਹੁਤ ਸਾਰੇ ਲੋਕ 'ਆਪ' ਸਰਕਾਰ ਦੇ ਕਾਰਜਕਾਲ ਦੀ ਪੜਚੋਲ ਕਰਦਿਆਂ ਇਸ ਦੀ ਤੁਲਨਾ ਅਕਾਲੀ-ਭਾਜਪਾ ਸਰਕਾਰ ਜਾਂ ਕਾਂਗਰਸ ਸਰਕਾਰ ਦੇ ਕਾਰਜਕਾਲ ਨਾਲ ਕਰਨ ਲੱਗ ਪੈਂਦੇ ਹਨ। ਅਜਿਹੀ ਤੁਲਨਾ ਬਿਲਕੁੱਲ ਬੇਬੁਨਿਆਦ ਹੈ ਕਿਉਂਕਿ ਇਸ ਪਾਰਟੀ ਨੂੰ ਲੋਕਾਂ ਨੇ ਸੱਤਾ ਇਹਨਾਂ ਦੇ ਕੰਮ ਦੇਖ ਕੇ ਨਹੀਂ ਬਲਕਿ ਰਵਾਇਤੀ ਪਾਰਟੀਆਂ ਤੋਂ ਅੱਕ ਕੇ ਸੌਂਪੀ ਹੈ; ਭਾਵ ਲੋਕਾਂ ਨੇ 'ਆਪ' ਨੂੰ ਜਿਤਾਉਣ ਲਈ ਘੱਟ ਬਲਕਿ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੋਟ ਪਾਏ ਸਨ। ਵੈਸੇ ਲੋਕ ਵੀ ਤੁਲਨਾ ਤਦ ਹੀ ਕਰਦੇ ਹਨ ਜਦ ਸਮਾਨਤਾ ਨਜ਼ਰ ਪੈਂਦੀ ਹੈ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੰਜਾਬ ਵਿਚ ਫੈਲੀ ਬੇਰੁਜ਼ਗਾਰੀ ਅਤੇ ਅਨਿਸ਼ਚਿਤ ਭਵਿੱਖ ਕਾਰਨ ਨੌਜਵਾਨਾਂ ਦਾ ਇੱਕ ਹਿੱਸਾ ਨਸ਼ਿਆਂ ਦੀ ਦਲਦਲ ਵਿਚ ਫਸ ਰਿਹਾ ਹੈ ਤੇ ਇਸ ਇੱਕ ਸਾਲ ਦੌਰਾਨ ਸਰਕਾਰ ਨੇ ਨਾ ਤਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਲਈ ਕੋਈ ਠੋਸ ਯੋਜਨਾ ਉਲੀਕੀ ਤੇ ਨਾ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਚੋਂ ਕੱਢਣ ਲਈ ਕੋਈ ਕਾਰਗਰ ਉਪਰਾਲਾ ਹੀ ਵਿੱਢਿਆ ਹੈ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਜਦ ਤੱਕ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਦੇ ਸਕਦੀ ਤਦ ਤੱਕ ਸਨਮਾਨ ਯੋਗ ਬੇਰੁਜ਼ਗਾਰੀ ਭੱਤਾ ਮੁਹੱਈਆ ਕਰੇ ਲੇਕਿਨ ਸਰਕਾਰ ਅਜਿਹਾ ਕਰਨ ਤੋਂ ਭੱਜ ਚੁੱਕੀ ਹੈ। ਸੋ ਤੱਥਾਂ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਇਸ ਇੱਕ ਸਾਲ ਦੌਰਾਨ ਰੁਜ਼ਗਾਰ ਖਾਤਰ ਅਨੇਕਾਂ ਵਾਰ ਬੇਰੁਜ਼ਗਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਅੱਗੇ ਪੁਲਿਸ ਦੀਆਂ ਡਾਂਗਾਂ ਦਾ ਸੇਕ ਝੱਲਿਆ ਲੇਕਿਨ ਸਰਕਾਰ ਨੇ ਰੁਜ਼ਗਾਰ ਨਹੀਂ ਦਿੱਤਾ ਹੈ। ਅੱਜ ਵੀ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ।

ਭਗਵੰਤ ਮਾਨ ਸਰਕਾਰ ਨੇ ਇਸ ਗੱਲ ਨੂੰ ਬਹੁਤ ਵੱਡੀ ਪੱਧਰ 'ਤੇ ਉਭਾਰਿਆ ਹੈ ਕਿ ਸਰਕਾਰ ਨੇ ਜੁਲਾਈ ਤੋਂ ਹਰ ਮਹੀਨੇ 300 ਯੂਨਿਟ ਮੁਫਤ ਬਿਜਲੀ ਦੇਣ ਦੀ ਗਰੰਟੀ ਪੂਰੀ ਕਰ ਦਿੱਤੀ ਹੈ; ਸਰਕਾਰ ਦਾ ਦਾਅਵਾ ਹੈ ਕਿ ਨਵੰਬਰ-ਦਸੰਬਰ 2022 ਵਿਚ ਸੂਬੇ ਦੇ 87 ਫੀਸਦੀ ਲੋਕਾਂ ਨੂੰ ਜ਼ੀਰੋ ਬਿੱਲ ਆਇਆ ਹੈ। ਪਹਿਲੀ ਗੱਲ ਤਾਂ ਸਰਕਾਰ ਨੇ ਮਾਰਕੀਟ ਕੰਪਨੀਆਂ ਵਾਂਗ 600 ਯੂਨਿਟ ਦਾ ਆਫਰ ਦਿੱਤਾ ਹੈ ਤੇ ਜੇ 601 ਯੂਨਿਟ ਵੀ ਮੱਚੀ ਤਾਂ ਪੂਰਾ ਬਿੱਲ ਆਵੇਗਾ। ਸਰਕਾਰ ਨੇ ਚਲਾਕੀ ਨਾਲ ਠੰਢ ਦੇ ਮਹੀਨਿਆਂ ਦਾ ਅੰਕੜਾ ਜਾਰੀ ਕੀਤਾ, ਮਈ-ਜੂਨ ਮਹੀਨੇ ਦੇ ਬਿਜਲੀ ਬਿਲ ਦੌਰਾਨ ਇਹ ਅੰਕੜਾ ਨਹੀਂ ਹੋਵੇਗਾ। ਦੂਜਾ ਇਹ ਕਿ ਸਭਨਾਂ ਨੂੰ 600 ਯੂਨਿਟ ਮੁਫਤ ਬਿਜਲੀ ਦੇਣ ਦੀ ਥਾਂ ਸਿਰਫ ਲੋੜਵੰਦਾਂ ਨੂੰ ਹੀ ਮੁਫਤ ਬਿਜਲੀ ਦੇਣੀ ਚਾਹੀਦੀ ਹੈ। ਅਮੀਰਾਂ ਤੇ ਧਨਾਢਾਂ ਨੂੰ ਮੁਫਤ ਬਿਜਲੀ ਦੇਣ ਦਾ ਕੋਈ ਤਰਕ ਨਹੀਂ ਬਣਦਾ ਹੈ ਸਗੋਂ ਇਸ ਨਾਲ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੇ ਸਾਡੇ ਸੂਬੇ 'ਤੇ ਹੋਰ ਬੋਝ ਪਵੇਗਾ।

ਇੱਕ ਸਾਲ ਦੌਰਾਨ ਕੌਮਾਂਤਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਹੋਈ। ਗੁੰਡਿਆਂ ਵੱਲੋਂ ਕੀਤੇ ਇਹਨਾਂ ਕਤਲਾਂ ਦੇ ਮਾਮਲੇ ਵਿਚ ਸੂਬਾ ਸਰਕਾਰ ਦੀਆਂ ਕਾਰਵਾਈਆਂ ਤੋਂ ਦੋਵੇਂ ਪੀੜਤ ਪਰਿਵਾਰ ਅਸੰਤੁਸ਼ਟ ਹਨ। ਜਿਸ ਤਰ੍ਹਾਂ ਜੇਲ੍ਹ ਵਿਚੋਂ ਗੈਂਗਸਟਰ ਲਾਰੈਂਸ ਬਿਸ਼ਨੋਈ ਦੀਆਂ ਇੰਟਰਵਿਊ ਆਈਆਂ ਹਨ, ਉਹ ਹੈਰਾਨੀਜਨਕ ਹਨ। ਉਸ ਦੀ ਇੰਟਰਵਿਊ ਦਾ ਪਾਰਟ-2 ਤਾਂ ਪੰਜਾਬ ਦੇ ਡੀ.ਜੀ.ਪੀ. ਵੱਲੋਂ ਇੰਟਰਵਿਊ ਨਸ਼ਰ ਹੋਣ ਤੋਂ ਇੱਕ ਦਿਨ ਪਹਿਲਾਂ ਕੀਤੇ ਦਾਅਵਿਆਂ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾਉਂਦਾ ਹੈ। ਪੰਜਾਬ ਦੀਆਂ ਜੇਲ੍ਹਾਂ ਵਿਚ ਮੋਬਾਈਲ ਫੋਨ, ਨਸ਼ੇ ਆਮ ਪਹੁੰਚ ਰਹੇ ਹਨ ਜਿਸ ਦਾ ਸਬੂਤ ਪਿਛਲੇ ਦਿਨੀਂ ਗੋਇੰਦਵਾਲ ਸਾਹਿਬ ਦੀ ਜੇਲ੍ਹ ਵਿਚ ਹੋਏ ਦੋ ਕਤਲਾਂ ਬਾਅਦ ਵਾਇਰਲ ਹੋਈ ਵੀਡੀਓ ਹੈ। ਪੰਜਾਬ ਵਿਚ ਇਸ ਇੱਕ ਸਾਲ ਦੌਰਾਨ ਕਤਲ ਅਤੇ ਲੁੱਟ-ਖੋਹ ਦੀਆਂ ਘਟਨਾਵਾਂ ਰੁਕੀਆਂ ਨਹੀਂ। ਕੋਟਕਪੂਰਾ ਵਿਚ ਡੇਰਾ ਪ੍ਰੇਮੀ ਪ੍ਰਦੀਪ ਸਿੰਘ ਦੀ ਹੱਤਿਆ ਅਤੇ ਦਸੰਬਰ ਮਹੀਨੇ ਨਕੋਦਰ 'ਚ ਇੱਕ ਵਪਾਰੀ ਤੇ ਉਸ ਦੇ ਗੰਨਮੈਨ ਦੀ ਹੱਤਿਆ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ।



ਸਰਕਾਰ ਨੇ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਟਰੇਨਿੰਗ ਲਈ ਭੇਜ ਕੇ ਸੂਬੇ ਵਿਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਯਤਨਸ਼ੀਲ ਹੋਣ ਦਾ ਦੰਭ ਤਾਂ ਰਚਿਆ, ਜ਼ਮੀਨੀ ਪੱਧਰ 'ਤੇ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ ਕੋਈ ਬਣਦਾ ਯਤਨ ਨਹੀਂ ਕੀਤਾ। ਸਕੂਲਾਂ ਵਿਚ ਸਭ ਤੋਂ ਪਹਿਲੀ ਲੋੜ ਅਧਿਆਪਕਾਂ ਅਤੇ ਨਾਨ-ਟੀਚਿੰਗ ਸਟਾਫ ਦੀਆਂ ਖਾਲੀ ਅਸਾਮੀਆਂ ਭਰਨ ਅਤੇ ਸਕੂਲਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਦੀ ਹੈ। ਕਈ ਪ੍ਰਾਇਮਰੀ ਸਕੂਲਾਂ ਵਿਚ ਇੱਕ ਜਾਂ ਦੋ ਅਧਿਆਪਕਾਂ ਨਾਲ ਡੰਗ ਸਾਰਿਆ ਜਾ ਰਿਹਾ ਹੈ ਤੇ ਜ਼ਿਆਦਾਤਰ ਸਕੂਲ ਪ੍ਰਿੰਸੀਪਲ/ਹੈੱਡਮਾਸਟਰ ਤੇ ਅਧਿਆਪਕਾਂ ਦੀ ਥੁੜ੍ਹ ਨਾਲ ਜੂਝ ਰਹੇ ਹਨ। ਪੰਜਾਬ ਦੇ ਲੋਕਾਂ ਨੇ 'ਆਪ' ਤੋਂ ਮੰਗ ਕੀਤੀ ਸੀ ਕਿ ਪ੍ਰਾਈਵੇਟ ਸਕੂਲਾਂ ਦੀ ਲੁੱਟ ਬੰਦ ਕਰਵਾਈ ਜਾਵੇ ਲੇਕਿਨ ਸਰਕਾਰ ਨੇ ਇਸ ਪਾਸੇ ਭੋਰਾ ਵੀ ਧਿਆਨ ਨਹੀਂ ਦਿੱਤਾ।

ਕੱਚੇ ਕਾਮਿਆਂ ਨੂੰ ਪੱਕਾ ਕਰਨ ਦਾ ਮਾਮਲਾ ਇਸ ਇੱਕ ਸਾਲ ਦੌਰਾਨ ਹੱਲ ਨਹੀਂ ਹੋਇਆ। ਪਿਛਲੀਆਂ ਸਰਕਾਰਾਂ ਵਾਂਗ ਇਸ ਸਰਕਾਰ ਨੇ ਕਈ ਵਾਰ ਐਲਾਨ ਕੀਤੇ ਤੇ ਇਸ਼ਤਿਹਾਰ ਵੀ ਲਗਵਾਏ ਕਿ ਕੱਚੇ ਕਾਮੇ ਪੱਕੇ ਕੀਤੇ ਪਰ ਸਿਹਤ ਵਿਭਾਗ ਵਿਚ ਅਜੇ ਤੱਕ ਇੱਕ ਵੀ ਮੁਲਾਜ਼ਮ ਪੱਕਾ ਨਹੀਂ ਕੀਤਾ ਗਿਆ ਤੇ ਬਾਕੀ ਵਿਭਾਗਾਂ ਦਾ ਵੀ ਇਹੋ ਹਾਲ ਹੈ।

ਭਗਵੰਤ ਮਾਨ ਦਾ ਕਹਿਣਾ ਹੈ ਕਿ ਉਨ੍ਹਾਂ ਭ੍ਰਿਸ਼ਟਾਚਾਰ ਵਿਰੁੱਧ 'ਜ਼ੀਰੋ ਟਾਲਰੈਂਸ' ਦੀ ਨੀਤੀ ਅਪਣਾਈ ਹੋਈ ਹੈ; ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ, ਸ਼ਾਮ ਸੁੰਦਰ ਅਰੋੜਾ, ਭਾਰਤ ਭੂਸ਼ਣ ਆਸ਼ੂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਲੁੱਕ ਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਅੱਧੀ ਦਰਜਨ ਦੇ ਕਰੀਬ ਸਾਬਕਾ ਵਿਧਾਇਕਾਂ ਖਿਲਾਫ ਵਿਜੀਲੈਂਸ ਜਾਂਚ ਚੱਲ ਰਹੀ ਹੈ। ਚੰਗੀ ਗੱਲ ਹੈ, ਭ੍ਰਿਸ਼ਟਾਚਾਰੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ ਲੇਕਿਨ ਹਕੀਕਤ ਇਹ ਹੈ ਕਿ ਭ੍ਰਿਸ਼ਟਾਚਾਰ ਪਹਿਲਾਂ ਵਾਂਗ ਹੀ ਚੱਲ ਰਿਹਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਮੰਤਰੀ ਪਦ ਤੋਂ ਲਾਂਭੇ ਕੀਤਾ ਵਿਜੇ ਸਿੰਗਲਾ ਤਾਂ ਉਦਘਾਟਨ ਕਰਦਾ ਫਿਰਦਾ ਹੈ, ਸਰਕਾਰ ਨੇ ਬਠਿੰਡਾ ਤੋਂ ਐਮ.ਐਲ.ਏ. ਅਮਿਤ ਰਤਨ ਦੀ ਗ੍ਰਿਫਤਾਰੀ ਵੀ ਲੋਕਾਂ ਦੇ ਵਿਰੋਧ ਤੋਂ ਬਾਅਦ ਹੀ ਕੀਤੀ, ਸਰਕਾਰ ਤਾਂ ਵਿਧਾਇਕ ਦਾ ਪੀ.ਏ. ਫੜ ਕੇ ਬੁੱਤਾ ਸਾਰਨ ਲੱਗੀ ਸੀ। ਭ੍ਰਿਸ਼ਟਾਚਾਰ ਬਾਰੇ ਆਡੀਓ ਲੀਕ ਹੋਣ ਤੋਂ ਬਾਅਦ ਫੌਜਾ ਸਿੰਘ ਸਰਾਰੀ ਦੀ ਕੈਬਨਿਟ ਮੰਤਰੀ ਵਜੋਂ ਛੁੱਟੀ ਤਾਂ ਕਰ ਦਿੱਤੀ ਪਰ ਉਸ ਖਿਲਾਫ ਬਣਦੀ ਕਾਰਵਾਈ ਨਹੀਂ ਕੀਤੀ।

'ਆਪ' ਸਰਕਾਰ ਨੇ ਇਸ ਇੱਕ ਸਾਲ ਦੌਰਾਨ ਆਪਣੇ ਸਿਆਸੀ ਬ੍ਰਾਂਡ ਵਜੋਂ 504 ਆਮ ਆਦਮੀ ਕਲੀਨਿਕ ਖੋਲ੍ਹੇ ਹਨ ਤੇ ਇਹਨਾਂ ਕਲੀਨਿਕਾਂ 'ਚ ਦਵਾਈਆਂ ਮੁਫ਼ਤ ਦੇਣ ਦਾ ਦਾਅਵਾ ਕੀਤਾ ਹੈ। ਸੱਚਾਈ ਇਹ ਹੈ ਕਿ ਇਹਨਾਂ ਕਲੀਨਿਕਾਂ ਜ਼ਰੀਏ ਨਿੱਜੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਪਹਿਲਾਂ ਚੱਲ ਰਹੇ ਹਸਪਤਾਲਾਂ/ਸਿਹਤ ਕੇਂਦਰਾਂ ਨੂੰ ਸਹੂਲਤਾਂ ਦੇਣ ਦੀ ਬਜਾਏ ਰੰਗ-ਰੋਗਨ ਕਰ ਕੇ ਸਿਰਫ 'ਆਮ ਆਦਮੀ ਕਲੀਨਿਕ' ਹੀ ਨਹੀਂ ਲਿਖਿਆ ਬਲਕਿ ਉਹਨਾਂ ਦੀ ਸਮਰੱਥਾ ਵੀ ਘਟਾ ਦਿੱਤੀ ਗਈ ਹੈ। ਇਹਨਾਂ ਕਲੀਨਿਕਾਂ ਵਿਚ ਮਰੀਜ਼ਾਂ ਨੂੰ ਦਾਖਲ ਕਰਨ ਜਾਂ ਅਪ੍ਰੇਸ਼ਨ ਦੀ ਕੋਈ ਸਹੂਲਤ ਨਹੀਂ।

ਕੁਝ ਲੋਕ ਕਹਿੰਦੇ ਹਨ ਕਿ ਇੱਕ ਸਾਲ ਥੋੜ੍ਹਾ ਹੁੰਦਾ ਹੈ, ਸਰਕਾਰ ਨੂੰ ਹੋਰ ਸਮਾਂ ਚਾਹੀਦਾ ਹੈ ਪਰ ਮੌਜੂਦਾ ਸਰਕਾਰ ਵਿਚ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਸਰਕਾਰ ਬਣਨ ਤੋਂ ਪਹਿਲਾਂ ਚੁਟਕੀ ਮਾਰ ਕੇ ਪੰਜ ਮਿੰਟਾਂ ਵਿਚ ਫਸਲਾਂ 'ਤੇ ਐਮ.ਐਸ.ਪੀ. ਦੇਣ ਦਾ ਦਾਅਵਾ ਕਰਦੀ ਸੀ ਪਰ ਤੱਥ ਇਹ ਹੈ ਕਿ ਇਸ ਇੱਕ ਸਾਲ ਦੌਰਾਨ ਸੂਬਾ ਸਰਕਾਰ ਨੇ ਕਿਸੇ ਫਸਲ 'ਤੇ ਐਮ.ਐਸ.ਪੀ. ਨਹੀਂ ਦਿੱਤੀ ਹੈ। ਇਹ ਮੰਨ ਸਕਦੇ ਹਾਂ ਕਿ 'ਸਾਰਾ ਕੁਝ' ਦਰੁਸਤ ਕਰਨ ਲਈ ਸਮਾਂ ਚਾਹੀਦਾ ਹੁੰਦਾ ਹੈ ਲੇਕਿਨ ਉਹ ਤਾਂ ਹੀ ਸੰਭਵ ਹੈ ਜੇ ਰਸਤਾ ਸਹੀ ਦਿਸ਼ਾ ਵਿਚ ਜਾਣ ਵਾਲਾ ਚੁਣਿਆ ਹੋਵੇ। ਭਗਵੰਤ ਮਾਨ ਸਰਕਾਰ ਦੀ ਦਿਸ਼ਾ ਮਸਲੇ ਹੱਲ ਕਰਨ ਵੱਲ ਵਧਣ ਦੀ ਬਜਾਏ ਹੋਰ ਉਲਝਾਉਣ ਦੀ ਨਜ਼ਰ ਆ ਰਹੀ ਹੈ। ਜਿਸ ਮੁੱਖ ਮੰਤਰੀ ਨੇ ਇੱਕ ਸਾਲ ਦੌਰਾਨ ਦਰਮਿਆਨ ਤੈਅ ਹੋਣ ਦੇ ਬਾਵਜੂਦ ਮਜ਼ਦੂਰ ਆਗੂਆਂ ਨਾਲ ਇੱਕ ਵੀ ਢੰਗ ਦੀ ਮੀਟਿੰਗ ਨਹੀਂ ਕੀਤੀ, ਉਸ ਤੋਂ ਮਜ਼ਦੂਰਾਂ ਦੇ ਮਸਲੇ ਹੱਲ ਕਰਨ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ 7 ਜਨਵਰੀ ਤੋਂ ਕੌਮੀ ਇਨਸਾਫ ਮੋਰਚੇ ਦੀ ਅਗਵਾਈ ਹੇਠ ਮੁਹਾਲੀ-ਚੰਡੀਗੜ੍ਹ ਹੱਦ ਨੇੜੇ ਪੱਕਾ ਮੋਰਚਾ ਚੱਲ ਰਿਹਾ ਹੈ; ਸੂਬਾ ਸਰਕਾਰ ਦਾ ਮੋਰਚੇ ਪ੍ਰਤੀ ਰਵੱਈਆ ਹਾਂ-ਪੱਖੀ ਨਹੀਂ। ਇਸ ਇੱਕ ਸਾਲ ਦੌਰਾਨ ਪੰਜਾਬ ਦੇ ਰਾਜਪਾਲ ਅਤੇ ਮੁੱਖ ਮੰਤਰੀ ਵਿਚਕਾਰ ਕਈ ਮਸਲਿਆਂ 'ਤੇ ਬੇਲੋੜਾ ਟਕਰਾਅ ਨਜ਼ਰ

(ਬਾਕੀ ਅਗਲੇ ਸਫੇ 'ਤੇ)

# ਪੰਜਾਬ, ਖ਼ਾਲਿਸਤਾਨ ਦਾ ਹਊਆ ਅਤੇ ਰਾਜਕੀ ਦਹਿਸ਼ਤਵਾਦ

***ਪੰਜਾਬ ਇਕ ਵਾਰ ਫਿਰ ਸੰਕਟ ਦੇ ਰੂਬਰੂ ਹੈ। ਇਹ ਸੰਕਟ ਅਸਲ ਵਿਚ ਸਿਆਸੀ ਪਾਰਟੀਆਂ ਦੀ ਨਾ-ਅਹਿਲੀਅਤ ਦਾ ਹੀ ਨਤੀਜਾ ਹੈ। ਸੂਬੇ ਅੰਦਰ ਅੱਜ ਕੱਲ੍ਹ ਸਿਰਫ ਇਕ ਹੀ ਮਸਲੇ 'ਤੇ ਚਰਚਾ ਚੱਲ ਰਹੀ ਹੈ, ਇਹ ਮਸਲਾ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੀ ਗ੍ਰਿਫਤਾਰੀ ਦਾ ਹੈ। ਇਹ ਮਸਲਾ ਜਿਸ ਢੰਗ ਨਾਲ ਨਜਿੱਠਣ ਦਾ ਯਤਨ ਕੀਤਾ ਜਾ ਰਿਹਾ ਹੈ, ਉਸ ਨਾਲ ਪੰਜਾਬ ਸਰਕਾਰ ਉਤੇ ਵੱਡੇ ਸਵਾਲ ਉਠਾਏ ਜਾ ਰਹੇ ਹਨ। ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਇਸ ਮਸਲੇ ਦੇ ਪਿਛੋਕੜ ਬਾਰੇ ਜ਼ਿਕਰ ਕਰਦਿਆਂ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪੰਜਾਬ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਕੀਤੇ 'ਅਪਰੇਸ਼ਨ ਏ.ਪੀ.' ਨਾਲ ਪੰਜਾਬ ਵਿਚ ਅਫ਼ਵਾਹਾਂ, ਸੰਸਿਆਂ ਅਤੇ ਦਹਿਸ਼ਤ ਦਾ ਮਾਹੌਲ ਹੈ। ਵੱਡੀ ਤਾਦਾਦ 'ਚ ਪੁਲਿਸ ਅਤੇ ਕੇਂਦਰੀ ਨੀਮ-ਫ਼ੌਜੀ ਦਸਤੇ ਲਗਾ ਕੇ ਜਲੰਧਰ ਜ਼ਿਲੇ 'ਚ ਸ਼ਾਹਕੋਟ ਨੇੜੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ। ਰਿਪੋਰਟਾਂ ਅਨੁਸਾਰ ਪੁਲਿਸ ਨੇ ਹੁਣ ਤੱਕ ਉਸ ਦੇ 112 ਹਮਾਇਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਦੋ ਵਿਅਕਤੀਆਂ ਨੇ ਆਤਮ-ਸਮਰਪਣ ਕੀਤਾ ਹੈ। ਉਸ ਦੇ ਚਾਰ ਸਹਿਯੋਗੀਆਂ ਨੂੰ ਵਿਸ਼ੇਸ਼ ਜਹਾਜ਼ ਰਾਹੀਂ ਅਸਾਮ ਲਿਜਾ ਕੇ ਡਿਬਰੂਗੜ੍ਹ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਕੋਲੋਂ ਗ਼ੈਰ-ਕਾਨੂੰਨੀ ਹਥਿਆਰ ਬਰਾਮਦ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਆਹਲਾ ਪੁਲਿਸ ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਅਜੇ ਤੱਕ ਅੰਮ੍ਰਿਤਪਾਲ ਸਿੰਘ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹੈ ਪਰ ਉਸ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਨੂੰ ਛੇਤੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੰਜਾਬ ਪੁਲਿਸ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਦੇ ਮੱਦੇਨਜ਼ਰ ਪੁਲਿਸ ਅਧਿਕਾਰੀਆਂ ਦੇ ਇਨ੍ਹਾਂ ਬਿਆਨਾਂ ਉੱਪਰ ਬਿਲਕੁਲ ਯਕੀਨ ਨਹੀਂ ਕੀਤਾ ਜਾ ਸਕਦਾ ਅਤੇ ਇਹ ਦਾਅਵੇ ਸ਼ੱਕ ਨੂੰ ਹੋਰ ਵਧਾਉਣ ਵਾਲੇ ਹਨ। ਜ਼ਿਆਦਾਤਰ ਸੰਭਾਵਨਾ ਇਹੀ ਹੈ ਕਿ ਅੰਮ੍ਰਿਤਪਾਲ ਸਿੰਘ ਪਹਿਲਾਂ ਹੀ ਪੁਲਿਸ ਜਾਂ ਆਈ.ਐੱਨ.ਏ. ਦੀ ਹਿਰਾਸਤ ਵਿਚ ਹੈ ਅਤੇ ਮਾਮਲੇ ਨੂੰ ਅਤਿ-ਸਨਸਨੀਖ਼ੇਜ਼ ਬਣਾ ਕੇ ਕੁਝ ਦਿਨ ਬਾਅਦ ਉਸ ਦੀ ਨਾਟਕੀ ਗ੍ਰਿਫ਼ਤਾਰੀ ਦਿਖਾਈ ਜਾਵੇਗੀ। ਇੰਟਰਨੈੱਟ 'ਤੇ ਐੱਸ.ਐੱਮ.ਐੱਸ. ਸਰਵਿਸ ਬੰਦ ਕੀਤੇ ਜਾਣ ਦੀ ਬੇਹੂਦਗੀ ਵੀ ਇਹੀ ਇਸ਼ਾਰਾ ਕਰਦੀ ਹੈ ਕਿ ਕਿਸੇ ਡੂੰਘੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਲਾਰੈਂਸ ਬਿਸ਼ਨੋਈ ਲਈ ਜੇਲ੍ਹ ਵਿਚੋਂ ਇੰਟਰਨੈੱਟ ਰਾਹੀਂ ਵੀਡੀਓ ਇੰਟਰਵਿਊ ਦੇਣ 'ਚ ਕੋਈ ਰੁਕਾਵਟ ਨਹੀਂ ਹੈ ਪਰ ਆਮ ਨਾਗਰਿਕ ਲਈ ਇੰਟਰਨੈੱਟ ਸੇਵਾ ਤਿੰਨ ਦਿਨ ਤੋਂ ਬੰਦ ਹੈ ਕਿਉਂਕਿ 'ਪਬਲਿਕ ਸੇਫਟੀ' ਦਾ ਸਵਾਲ ਹੈ! ਇਹ ਨਾਗਰਿਕਾਂ ਦੇ ਸੂਚਨਾ ਦੇ ਆਦਾਨ-ਪ੍ਰਦਾਨ ਦੇ ਹੱਕ ਉੱਪਰ ਹਮਲਾ ਹੈ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਸੁਰੱਖਿਆ ਤੰਤਰ ਕਿਨ੍ਹਾਂ ਦੇ ਇਸ਼ਾਰੇ 'ਤੇ ਕੰਮ ਕਰਦਾ ਹੈ ਅਤੇ ਸਰਕਾਰਾਂ ਦੇ ਸ਼ਬਦ-ਕੋਸ਼ ਵਿਚ 'ਪਬਲਿਕ ਸੇਫਟੀ' ਦੇ ਮਾਇਨੇ ਕੀ ਹਨ।

2 ਮਾਰਚ ਨੂੰ ਅਮਿਤ ਸ਼ਾਹ ਨਾਲ ਮਿਲਣੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕੀਤਾ ਸੀ ਕਿ 'ਕਾਨੂੰਨ ਵਿਵਸਥਾ ਦੇ ਮਸਲੇ 'ਤੇ ਕੇਂਦਰ-ਪੰਜਾਬ ਮਿਲ ਕੇ ਕੰਮ ਕਰਨਗੇ'। ਮੀਟਿੰਗ 'ਚ ਪੰਜਾਬ ਅੰਦਰ 'ਅਮਨ-ਕਾਨੂੰਨ' ਦੀ ਸਥਿਤੀ ਉੱਪਰ ਵਿਸ਼ੇਸ਼ ਚਰਚਾ, ਰੈਪਿਡ ਐਕਸ਼ਨ ਫੋਰਸ ਦੀਆਂ 8 ਕੰਪਨੀਆਂ ਸਮੇਤ ਨੀਮ-ਫ਼ੌਜੀ ਤਾਕਤਾਂ ਦੀ ਤਾਇਨਾਤੀ, ਇਕ ਹਫ਼ਤਾ ਪਹਿਲਾਂ ਡਿਬਰੂਗੜ੍ਹ ਜੇਲ੍ਹ ਦੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਦੀਆਂ ਕੰਨਸੋਆਂ ਅਤੇ ਅਸਾਮ ਦੇ ਮੁੱਖ ਮੰਤਰੀ ਵੱਲੋਂ ਦੋਵਾਂ ਰਾਜਾਂ ਦੀ ਪੁਲਿਸ ਦੇ ਦੁਵੱਲੇ ਸਹਿਯੋਗ ਦੀ ਗੱਲ ਕਰਨਾ, ਪੰਜਾਬ ਵਿਚ ਉੱਚ ਸੁਰੱਖਿਆ



ਜੇਲ੍ਹ ਪ੍ਰਬੰਧ ਦੇ ਬਾਵਜੂਦ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਚਾਰਟਡ ਜਹਾਜ਼ ਰਾਹੀਂ ਅਸਾਮ ਦੀ ਜੇਲ੍ਹ 'ਚ ਭੇਜਣਾ, ਗ਼ੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦੀ ਅਤੇ 'ਸਖ਼ਤ' ਕਾਰਵਾਈ ਦਾ ਗੋਦੀ ਮੀਡੀਆ ਰਾਹੀਂ ਜੰਗੀ ਪੱਧਰ 'ਤੇ ਪ੍ਰਚਾਰ ਅਤੇ ਪਰਚੇ ਦਰਜ ਕਰਨ ਲਈ ਪੁਲਿਸ ਅਧਿਕਾਰੀਆਂ ਵੱਲੋਂ ਦਿਖਾਈ ਜਾ ਰਹੀ ਵਿਸ਼ੇਸ਼ ਫ਼ੁਰਤੀ ਦਿਖਾਉਂਦੀ ਹੈ ਕਿ ਇਹ ਸਭ ਕੇਂਦਰੀ ਗ੍ਰਹਿ ਮੰਤਰਾਲੇ ਦੇ ਇਸ਼ਾਰੇ 'ਤੇ ਤੈਅਸ਼ੁਦਾ ਸਕ੍ਰਿਪਟ ਮੁਤਾਬਿਕ ਹੋ ਰਿਹਾ ਹੈ। ਜਿੱਥੋਂ ਤੱਕ ਪੰਜਾਬ ਸਰਕਾਰ ਦਾ ਸਵਾਲ ਹੈ, ਪਿਛਲੇ ਇਕ ਸਾਲ ਦੇ ਘਟਨਾਕ੍ਰਮ ਤੋਂ ਇਕ ਗੱਲ ਬਿਲਕੁਲ ਸਪਸ਼ਟ ਹੈ ਕਿ ਸਰਕਾਰ ਸੰਵੇਦਨਸ਼ੀਲ ਮਸਲਿਆਂ ਨੂੰ ਸੰਜੀਦਗੀ ਨਾਲ ਨਜਿੱਠਣ ਦੀ ਬਜਾਇ ਕੇਂਦਰ ਸਰਕਾਰ ਦਾ ਹੱਥਠੋਕਾ ਬਣ ਕੇ ਕੰਮ ਕਰ ਰਹੀ ਹੈ। ਇਸ ਨੂੰ ਪੰਜਾਬ ਦੇ ਅਮਨ-ਚੈਨ ਦੀ ਕੋਈ ਚਿੰਤਾ ਨਹੀਂ ਹੈ ਅਤੇ ਨਾ ਇਸ ਕੋਲ ਐਸੇ ਮਸਲਿਆਂ ਨਾਲ ਨਜਿੱਠਣ ਦੀ ਕੋਈ ਵੱਖਰੀ ਨੀਤੀ ਹੈ। ਸਿੱਧੂ ਮੂਸੇਵਾਲੇ ਦੇ ਕਤਲ ਤੋਂ ਲੈ ਅਜਨਾਲਾ ਕਾਂਡ ਤੱਕ ਹਰ ਘਟਨਾ 'ਚ ਇਸ ਦੀ ਦੁਰਗਤ ਹੋਈ ਹੈ।

ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀਆਂ ਸ਼ੁਰੂ ਤੋਂ ਹੀ ਸਵਾਲਾਂ ਦੇ ਘੇਰੇ 'ਚ ਹਨ। ਅਗਸਤ 2022 'ਚ ਅਚਾਨਕ ਦੁਬਈ ਤੋਂ ਪੰਜਾਬ ਆ ਕੇ ਰੈਡੀਕਲ ਸਿੱਖ ਪ੍ਰਚਾਰਕ ਬਣ ਕੇ ਉੱਭਰਨਾ, ਲਾਇਸੈਂਸੀ ਹਥਿਆਰਾਂ ਤੇ ਗੱਡੀਆਂ ਦਾ ਲਾਮ-ਲਸ਼ਕਰ ਅਤੇ ਪੰਜਾਬ ਦੇ ਅਸਲ ਮੁੱਦਿਆਂ ਤੇ ਸਰੋਕਾਰਾਂ ਨੂੰ ਦਰਕਿਨਾਰ ਕਰ ਕੇ ਭੜਕਾਊ ਬਿਆਨਬਾਜ਼ੀ ਕਿਸੇ ਡੂੰਘੀ ਯੋਜਨਾ ਵੱਲ ਇਸ਼ਾਰਾ ਕਰਦੀ ਹੈ। ਉਸ ਦੀ ਭੜਕਾਊ ਮੁਹਿੰਮ ਨੂੰ ਬੇਅਸਰ ਕਰਨ ਦਾ ਸਭ ਤੋਂ ਕਾਰਗਰ ਤਰੀਕਾ ਰਾਜਨੀਤਕ ਮੁਹਿੰਮ ਚਲਾ ਕੇ ਉਸ ਵਿਰੁੱਧ ਲੋਕ ਰਾਇ ਬਣਾਉਣਾ ਅਤੇ ਉਸ ਵੱਲੋਂ ਉਠਾਏ ਜਾ ਰਹੇ ਮੁੱਦਿਆਂ ਨੂੰ ਵਿਹਾਰਕ ਪੱਧਰ 'ਤੇ ਕਾਟ ਕਰਨਾ ਸੀ। ਰਾਜਨੀਤਕ ਪਹੁੰਚ ਦੀ ਬਜਾਇ ਸਰਕਾਰ ਵੱਲੋਂ ਪਹਿਲਾਂ ਖੁੱਲ੍ਹ ਦੇਈ ਰੱਖਣ ਅਤੇ ਹੁਣ ਪੁਲਿਸ ਤਾਕਤ ਦੀ ਬੇਤਹਾਸ਼ਾ ਵਰਤੋਂ ਰਾਜਨੀਤਕ ਦੀਵਾਲੀਏਪਣ ਅਤੇ ਤਾਨਾਸ਼ਾਹ ਕਿਰਦਾਰ ਦਾ ਖ਼ਾਸ ਲੱਛਣ ਹੈ। ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮ ਆਪਣੇ ਬੁਨਿਆਦੀ ਮਸਲਿਆਂ ਦੇ ਹੱਲ ਲਈ ਜਮਹੂਰੀ ਤਰੀਕੇ ਨਾਲ ਸੰਘਰਸ਼ ਕਰ ਰਹੇ ਹਨ। ਅੰਮ੍ਰਿਤਪਾਲ ਸਿੰਘ ਦੇ ਖ਼ਾਲਿਸਤਾਨ ਦੇ ਪ੍ਰਚਾਰ ਦਾ ਪੰਜਾਬ ਦੇ ਲੋਕ ਕੋਈ ਅਸਰ ਨਹੀਂ ਕਬੂਲ ਰਹੇ। ਆਮ ਲੋਕਾਂ ਦੇ ਮੁੱਦਿਆਂ ਅਤੇ ਸਰੋਕਾਰਾਂ ਪ੍ਰਤੀ ਸੰਜੀਦਾ ਪਹੁੰਚ ਅਖ਼ਤਿਆਰ ਕਰ ਕੇ ਅਤੇ ਮਸਲਿਆਂ ਨੂੰ ਹੱਲ ਕਰ ਕੇ ਸਮਾਜੀ ਬੇਚੈਨੀ ਨੂੰ ਦੂਰ ਕਰਨ ਦੀ ਬਜਾਇ ਕੇਂਦਰੀ ਨੀਮ-ਫ਼ੌਜੀ ਦਸਤਿਆਂ ਦੀ ਤਾਇਨਾਤੀ ਅਤੇ ਜੰਗੀ ਪੱਧਰ 'ਤੇ ਗ੍ਰਿਫ਼ਤਾਰੀਆਂ ਰਾਹੀਂ ਇਹ ਪ੍ਰਭਾਵ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਵਿਚ ਅੰਮ੍ਰਿਤਪਾਲ ਸਿੰਘ ਦੀ ਖ਼ਾਲਿਸਤਾਨ ਦੀ ਮੁਹਿੰਮ ਬਹੁਤ ਵੱਡਾ ਖ਼ਤਰਾ ਬਣ ਚੁੱਕੀ ਹੈ; ਜ਼ਮੀਨੀ ਪੱਧਰ 'ਤੇ ਐਸਾ ਕੁਝ ਵੀ ਨਹੀਂ ਹੈ। ਅੰਮ੍ਰਿਤਪਾਲ ਸਿੰਘ ਦੇ ਵਰਤਾਰੇ ਨੂੰ ਰਾਜਨੀਤਕ ਤੌਰ 'ਤੇ ਨਜਿੱਠਣ 'ਚ ਪੰਜਾਬ ਸਰਕਾਰ ਦੀ ਨਾਕਾਮੀ ਨੇ ਸੰਘ ਬ੍ਰਿਗੇਡ ਨੂੰ ਖ਼ਾਲਿਸਤਾਨ ਨੂੰ ਹਊਆ ਬਣਾ ਕੇ ਵਰਤਣ ਦਾ ਮੌਕਾ ਦਿੱਤਾ ਹੈ।

ਦਰਅਸਲ, ਸਿਲਸਿਲੇਵਾਰ ਤਰੀਕੇ ਨਾਲ ਖ਼ਾਸ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਜਿਸ ਨੂੰ ਆਉਣ ਵਾਲੇ ਸਮੇਂ 'ਚ ਹੁਕਮਰਾਨਾਂ ਨੇ ਆਪਣੇ ਗੁਪਤ ਏਜੰਡੇ ਲਈ ਵਰਤਣਾ ਹੈ। ਖ਼ਾਲਿਸਤਾਨ ਦਾ ਹਊਆ ਖੜ੍ਹਾ ਕਰਨ ਦਾ ਸਭ ਤੋਂ ਵੱਧ ਫ਼ਾਇਦਾ ਕਿਸ ਨੂੰ ਹੈ? ਸਪਸ਼ਟ ਤੌਰ 'ਤੇ ਇਹ ਸਭ ਤੋਂ ਵੱਧ ਆਰ.ਐੱਸ.ਐੱਸ.-ਭਾਜਪਾ ਦੇ ਹਿਤ 'ਚ ਹੈ। ਇਹ ਸੰਘ ਬ੍ਰਿਗੇਡ ਲਈ 2024 ਦੀਆਂ ਆਮ ਚੋਣਾਂ ਵਿਚ ਰਾਸ਼ਟਰੀ ਏਕਤਾ ਦਾ ਰਖਵਾਲਾ ਬਣ ਕੇ ਪੇਸ਼ ਹੋਣ ਲਈ ਸਹਾਈ ਹੋਵੇਗਾ। ਇਹ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਏ.ਕੇ.ਐੱਫ. (ਆਨੰਦਪੁਰ ਖ਼ਾਲਸਾ ਫੋਰਸ) ਤਿਆਰ ਕਰ ਰਿਹਾ ਸੀ, ਉਸ ਦਾ ਪਾਕਿਸਤਾਨ ਦੀ ਆਈ.ਐੱਸ.ਆਈ. ਨਾਲ ਅਤੇ ਵਿਦੇਸ਼ਾਂ 'ਚ ਬੈਠੇ ਖ਼ਾਲਿਸਤਾਨੀਆਂ ਲਖਬੀਰ ਸਿੰਘ ਰੋਡੇ, ਅਵਤਾਰ ਸਿੰਘ ਖੰਡਾ, ਪਰਮਜੀਤ ਸਿੰਘ ਪੰਮਾ ਵਗੈਰਾ ਨਾਲ ਸੰਪਰਕ ਹੈ ਅਤੇ ਉਹੀ ਉਸ ਨੂੰ ਖ਼ਾਲਿਸਤਾਨ ਦੇ ਪ੍ਰਚਾਰ ਲਈ ਫੰਡ ਮੁਹੱਈਆ ਕਰ ਰਹੇ ਹਨ। ਅੰਮ੍ਰਿਤਪਾਲ ਸਿੰਘ ਦੀ ਬਿਆਨਬਾਜ਼ੀ ਪੰਜਾਬ 'ਚ ਹਿੰਦੂਆਂ, ਇਸਾਈਆਂ, ਡੇਰਾ ਬਿਆਸ ਅਤੇ ਡੇਰਾ ਸਿਰਸਾ ਦੇ ਸ਼ਰਧਾਲੂਆਂ ਵਿਚ ਡਰ ਦਾ ਜੋ ਮਾਹੌਲ ਬਣਾ ਰਹੀ ਸੀ, ਇਸ ਦਾ ਫ਼ਾਇਦਾ ਵੀ ਸੰਘ ਬ੍ਰਿਗੇਡ ਨੂੰ ਹੋ ਰਿਹਾ ਹੈ। ਰਾਜ ਸਰਕਾਰ ਅਤੇ ਕੇਂਦਰ ਸਰਕਾਰ ਪਹਿਲਾਂ ਹੀ ਐਸੇ ਬਹਾਨੇ ਦੀ ਭਾਲ 'ਚ ਹਨ ਜਿਸ ਨਾਲ ਪੰਜਾਬ ਦੇ ਸਜ਼ਾ ਪੂਰੇ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਰੋਕੀ ਜਾਵੇ। ਪੰਜਾਬ 'ਚ 'ਗੜਬੜ' ਹੁਕਮਰਾਨਾਂ ਲਈ ਇਸ ਪੱਖੋਂ ਵੀ ਲਾਹੇਵੰਦੀ ਹੈ।

ਭਗਵੰਤ ਮਾਨ ਸਰਕਾਰ ਆਮ ਜੁਰਮਾਂ ਨੂੰ ਰੋਕਣ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਪੱਖੋਂ ਵਾਰ-ਵਾਰ ਬੇਹੱਦ ਨਖਿੱਧ ਸਰਕਾਰ ਸਾਬਤ ਹੋ ਰਹੀ ਹੈ। ਪੰਜਾਬ ਵਿਚ 50 ਕਿਲੋਮੀਟਰ ਦਾ ਸਰਹੱਦੀ ਖੇਤਰ ਪਹਿਲਾਂ ਹੀ ਬੀ.ਐੱਸ.ਐੱਫ. ਦੇ ਅਧਿਕਾਰ ਹੇਠ ਹੈ। ਇਸ ਦੇ ਬਾਵਜੂਦ ਭਗਵੰਤ ਮਾਨ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲ ਕੇ ਪੰਜਾਬ ਵਿਚ ਢਾਈ ਹਜ਼ਾਰ ਦੇ ਕਰੀਬ ਕੇਂਦਰੀ ਨੀਮ-ਫ਼ੌਜੀ ਤਾਕਤਾਂ ਭੇਜਣ ਨੂੰ ਸਹਿਮਤੀ ਦੇ ਦਿੱਤੀ। ਪੰਜਾਬ ਪੁਲਿਸ ਦੀ ਐਨੀ ਵੱਡੀ ਨਫ਼ਰੀ ਕਾਹਦੇ ਲਈ ਹੈ, ਕੀ ਇਹ ਜੀ-20 ਮੀਟਿੰਗ ਜਾਂ ਹੋਲੇ-ਮੁਹੱਲੇ ਦੇ ਇਕੱਠ ਸਮੇਂ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਨਹੀਂ ਨਿਭਾ ਸਕਦੀ? ਪਹਿਲਾਂ ਹੀ 3 ਲੱਖ ਕਰੋੜ ਦੇ ਕਰਜ਼ੇ ਹੇਠ ਪਿਸ ਰਹੇ ਪੰਜਾਬ ਉੱਪਰ ਨੀਮ-ਫ਼ੌਜੀ ਤਾਕਤਾਂ ਦੀ ਤਾਇਨਾਤੀ ਦਾ ਨਵਾਂ ਬੋਝ ਕਾਹਦੇ ਲਈ ਪਾਇਆ ਗਿਆ? ਕੀ ਇਹ ਇਸ ਬਹਾਨੇ ਮਿਲੀਭੁਗਤ ਨਾਲ ਕੇਂਦਰ ਦਾ ਦਖ਼ਲ ਵਧਾਉਣ ਦੀ ਚਾਲ ਨਹੀਂ ਹੈ?

ਦਰਅਸਲ, ਇਸ ਪਾਰਟੀ 'ਚ ਐਸੀ ਰਾਜਨੀਤਕ ਇੱਛਾ ਸ਼ਕਤੀ ਹੈ ਹੀ ਨਹੀਂ ਕਿ ਇਹ ਕੇਂਦਰ ਸਰਕਾਰ ਦੇ ਫਾਸ਼ੀਵਾਦੀ ਕੇਂਦਰੀਕਰਨ ਦੀ ਧੁਸ ਅੱਗੇ ਖੜ੍ਹ ਅਤੇ ਅੜ ਸਕੇ। ਰਾਸ਼ਟਰਵਾਦ ਅਤੇ ਸੱਤਾ ਦੇ ਕੇਂਦਰੀਕਰਨ ਦੇ ਮਾਮਲੇ 'ਚ ਇਹ ਭਾਜਪਾ ਦੀ ਬੀ ਟੀਮ ਹੀ ਹੈ। ਚੰਡੀਗੜ੍ਹ 'ਚ ਕੇਂਦਰ ਦੀ ਦਖ਼ਲਅੰਦਾਜ਼ੀ, ਹਰਿਆਣਾ ਦੀ ਪੰਜਾਬ ਉੱਪਰ ਹਾਲੀਆ ਦਾਅਵੇਦਾਰੀ, ਦਰਿਆਈ ਪਾਣੀਆਂ ਦੀ ਰਾਖੀ, ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਅਧਿਕਾਰ 'ਚ ਲਿਆਉਣ ਵਰਗੇ ਕਿਸੇ ਵੀ ਸਵਾਲ ਉੱਪਰ ਇਸ ਸਰਕਾਰ ਨੇ ਡਟ ਕੇ ਸਟੈਂਡ ਨਹੀਂ ਲਿਆ। 'ਬਦਲਾਅ' ਲਿਆਉਣ ਦੇ ਵਾਅਦੇ ਨਾਲ ਸੱਤਾ ਵਿਚ ਆਏ 'ਇਨਕਲਾਬੀਆਂ' ਨੂੰ ਤਾਂ ਕਰੋੜਾਂ ਰੁਪਏ ਇਸ਼ਤਿਹਾਰਬਾਜ਼ੀ ਉੱਪਰ ਖ਼ਰਚ ਕੇ ਆਪਣੀਆਂ 'ਪ੍ਰਾਪਤੀਆਂ' ਦਾ ਪ੍ਰਚਾਰ ਕਰਨ ਤੋਂ ਹੀ ਵਿਹਲ ਨਹੀਂ ਹੈ। ਪੂਰਾ ਸੂਹੀਆ ਤੰਤਰ ਅਤੇ ਪੁਲਿਸ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਧਰਨਿਆਂ-ਵਿਰੋਧ ਪ੍ਰਦਰਸ਼ਨਾਂ ਨੂੰ ਕੁਚਲਣ ਅਤੇ ਬੈਰੀਕੇਡ ਲਗਾ ਕੇ ਉਨ੍ਹਾਂ ਨੂੰ ਰੋਕਣ ਦੇ ਕੰਮ 'ਚ ਲਾ ਰੱਖੇ ਹਨ। ਇਹ ਸਭ ਲੋਕ ਹਿਤਾਂ ਅਤੇ ਪੰਜਾਬ ਦੇ ਹਿਤਾਂ ਨੂੰ ਦਾਅ 'ਤੇ ਲਾ ਕੇ ਕੀਤਾ ਜਾ ਰਿਹਾ ਹੈ। ਹੁਣ ਕੇਂਦਰੀ ਨੀਮ-ਫ਼ੌਜੀ ਦਸਤੇ ਸੱਦਣ ਦਾ ਅਸਲ ਕਾਰਨ ਆਖ਼ਿਰ ਸਾਹਮਣੇ ਆ ਗਿਆ ਹੈ। ਇਹ ਹੈ ਕੇਂਦਰ ਸਰਕਾਰ ਦੇ ਪੰਜਾਬ ਵਿਚ ਦਖ਼ਲਅੰਦਾਜ਼ੀ ਵਧਾਉਣ ਦੇ ਦਬਾਓ ਅੱਗੇ ਗੋਡੇ ਟੇਕਣਾ ਅਤੇ ਕੇਂਦਰੀ ਸੁਰੱਖਿਆ ਦਸਤੇ ਸੱਦਣ ਨੂੰ ਵਾਜਬੀਅਤ ਮੁਹੱਈਆ ਕਰਨ ਲਈ ਖ਼ਾਲਿਸਤਾਨੀ ਪ੍ਰਚਾਰ ਨੂੰ ਹਊਆ ਬਣਾਉਣਾ।

ਭਗਵੰਤ ਮਾਨ ਸਰਕਾਰ ਸ਼ਾਇਦ ਸੱਤਾ ਦੇ ਗ਼ਰੂਰ 'ਚ ਇਸ ਹਕੀਕਤ ਨੂੰ ਮਨੋ ਵਿਸਾਰ ਚੁੱਕੀ ਹੈ ਕਿ 1980ਵਿਆਂ ਦੇ ਦਹਾਕੇ 'ਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬ 'ਚ ਅਪਣਾਈ 'ਅਮਨ-ਕਾਨੂੰਨ' ਦੀ ਜਾਬਰ ਪਹੁੰਚ ਦੇ ਨਤੀਜੇ ਕੀ ਨਿੱਕਲੇ ਸਨ। ਐੱਸ.ਵਾਈ.ਐੱਲ. ਨਹਿਰ ਬਣਾਉਣ ਦੇ ਖ਼ਿਲਾਫ਼ ਅਤੇ ਰਾਜਾਂ ਨੂੰ ਵੱਧ ਅਧਿਕਾਰਾਂ ਲਈ ਮੋਰਚਾ ਕਾਂਗਰਸ ਹਕੂਮਤ ਦੀਆਂ ਘਿਨਾਉਣੀਆਂ ਚਾਲਾਂ ਅਤੇ ਜਾਬਰ ਵਤੀਰੇ ਕਾਰਨ ਵੱਖਰਾ ਸਿੱਖ ਬਣਾਉਣ ਲਈ ਕਤਲੋਗ਼ਾਰਤ 'ਚ ਬਦਲ ਗਿਆ ਸੀ। ਪੰਜਾਬ ਦੇ ਸਿਆਸੀ ਮਸਲਿਆਂ ਨੂੰ ਰਾਜਨੀਤਕ ਪਹੁੰਚ ਨਾਲ ਹੱਲ ਕਰਨ ਦੀ ਬਜਾਇ, ਵੋਟ ਸਿਆਸਤ ਦੀਆਂ ਗਿਣਤੀਆਂ-ਮਿਣਤੀਆਂ 'ਚੋਂ ਉਲਝਾ ਕੇ ਅਤੇ ਲਟਕਾ ਕੇ ਰੱਖਣ ਅਤੇ ਰਾਜਨੀਤਕ ਮਸਲੇ ਨੂੰ ਅਮਨ-ਕਾਨੂੰਨ ਦਾ ਮਸਲਾ ਬਣਾ ਕੇ ਨਜਿੱਠਣ ਅਤੇ ਰਾਜਕੀ ਦਹਿਸ਼ਤਵਾਦ ਰਾਹੀਂ ਪੰਜਾਬ ਦੀ ਜਵਾਨੀ ਦਾ ਘਾਣ ਕਰਨ ਦੇ ਜ਼ਖ਼ਮ ਅਜੇ ਵੀ ਅੱਲੇ ਹਨ। ਘੱਟਗਿਣਤੀ ਸਿੱਖ ਭਾਈਚਾਰੇ ਦੇ ਮਨਾਂ 'ਚ ਪੰਜਾਬ ਨਾਲ ਭਾਰਤੀ ਹੁਕਮਰਾਨ ਜਮਾਤ ਦੀਆਂ ਮਨਮਾਨੀਆਂ, ਵਧੀਕੀਆਂ, ਬੇਇਨਸਾਫ਼ੀਆਂ ਅਤੇ ਵਿਤਕਰਿਆਂ ਕਾਰਨ ਬੇਗਾਨਗੀ ਦੀ ਉਹ ਡੂੰਘੀ ਭਾਵਨਾ ਅੱਜ ਵੀ ਕਿਸੇ ਨਾ ਕਿਸੇ ਰੂਪ 'ਚ ਮੌਜੂਦ ਹੈ। ਵੱਖਰਾ ਖ਼ਾਲਿਸਤਾਨ ਬਣਾਉਣਾ ਭਾਵੇਂ ਸਿੱਖ ਭਾਈਚਾਰੇ ਦੀ ਮੰਗ ਨਹੀਂ ਹੈ ਪਰ ਕੇਂਦਰੀ ਹੁਕਮਰਾਨਾਂ ਦੀ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਨੀਤੀਗਤ ਧੱਕੇਸ਼ਾਹੀਆਂ ਅਤੇ ਬਹੁ-ਗਿਣਤੀਵਾਦੀ ਧੌਂਸ ਘੱਟਗਿਣਤੀ ਦੇ ਸੰਸਿਆਂ ਅਤੇ ਤੌਖ਼ਲਿਆਂ ਨੂੰ ਬੇਗਾਨਗੀ ਦੇ ਅਹਿਸਾਸ ਵੱਲ ਧੱਕਣ ਅਤੇ 'ਸਿੱਖਾਂ ਦਾ ਰਾਜ' ਮੁੜ ਕਾਇਮ ਕਰਨ ਦੀ ਸੋਚ ਵੱਲ ਉਲਾਰ ਹੋਣ ਲਈ ਕਾਫ਼ੀ ਹੈ। ਇਹ ਭਾਵੇਂ ਕਿੰਨਾ ਵੀ ਆਰਜ਼ੀ ਕਿਉਂ ਨਾ ਹੋਵੇ।

ਲਿਹਾਜ਼ਾ, ਇਹ ਜ਼ਰੂਰੀ ਹੈ ਕਿ ਪੰਜਾਬ ਦੇ ਲੋਕ ਸੰਘ ਬ੍ਰਿਗੇਡ ਵੱਲੋਂ ਖੇਡੀ ਜਾ ਰਹੀ ਖ਼ਤਰਨਾਕ ਸਾਜ਼ਿਸ਼ ਬਾਰੇ ਵੀ ਚੌਕਸ ਹੋਣ ਅਤੇ ਸਿੱਖੀ ਦੇ ਨਾਂ 'ਤੇ ਫਿਰਕੂ ਸੌੜੀ ਸਿਆਸਤ ਨੂੰ ਵੀ ਸਮਝਣ। ਪੰਜਾਬ ਦੀ ਜਵਾਨੀ ਨੂੰ ਵੀ ਨਾਇਕ-ਪੂਜਾ ਚੋਂ ਬਾਹਰ ਆ ਕੇ ਅਤੇ ਪੰਜਾਬ ਦੇ ਹਿਤਾਂ ਲਈ ਜਮਹੂਰੀ ਰਾਜਨੀਤਕ ਲੜਾਈ ਦਾ ਮਹੱਤਵ ਆਤਮ-ਸਾਤ ਕਰ ਕੇ ਰਾਜਨੀਤਕ ਸੂਝ ਵਿਕਸਤ ਕਰਨੀ ਚਾਹੀਦੀ ਹੈ ਅਤੇ ਆਪਣੀ ਤਾਕਤ ਇਸ ਪਾਸੇ ਲਾਉਣ ਵੱਲ ਤੁਰਨਾ ਚਾਹੀਦਾ ਹੈ।

ਸਮੂਹ ਇਨਸਾਫ਼ਪਸੰਦਾਂ ਤਾਕਤਾਂ ਨੂੰ ਇਹ ਮੰਗ ਕਰਨੀ ਚਾਹੀਦੀ ਹੈ ਕਿ ਪੰਜਾਬ ਸਰਕਾਰ ਮਾਮਲੇ ਨੂੰ ਸਨਸਨੀਖ਼ੇਜ਼ ਬਣਾਉਣਾ ਬੰਦ ਕਰੇ ਅਤੇ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਦੀ ਸਥਿਤੀ ਤੁਰੰਤ ਸਪਸ਼ਟ ਕਰੇ। ਥੋਕ 'ਚ ਗ੍ਰਿਫ਼ਤਾਰ ਕੀਤੇ ਨੌਜਵਾਨਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਕਾਲਾ ਕਾਨੂੰਨ ਐੱਨ.ਐੱਸ.ਏ. ਲਾਉਣਾ ਬੰਦ ਕੀਤਾ ਜਾਵੇ ਅਤੇ ਹਿੰਸਾ ਦੇ ਮਾਮਲਿਆਂ ਦੀ ਨਿਰਪੱਖ ਜੁਡੀਸ਼ੀਅਲ ਜਾਂਚ ਹੋਵੇ। ਕੇਂਦਰੀ ਫੋਰਸਾਂ ਤੁਰੰਤ ਹਟਾਈਆਂ ਜਾਣ ਅਤੇ ਕੌਮੀ ਜਾਂਚ ਏਜੰਸੀ ਦੀ ਦਖ਼ਲਅੰਦਾਜ਼ੀ ਬੰਦ ਕੀਤੀ ਜਾਵੇ।

## ਆਪ ਸਰਕਾਰ ਨੇ ਇੱਕ ਸਾਲ 'ਚ ਕੀ 'ਬਦਲਾਅ' ਕੀਤਾ?

*(ਪਿਛਲੇ ਸਫੇ ਦੀ ਬਾਕੀ)*

ਆਇਆ। ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦੀ ਗਾਰੰਟੀ ਦਿੱਤੀ ਸੀ ਲੇਕਿਨ ਇੱਕ ਸਾਲ ਦੌਰਾਨ ਔਰਤਾਂ ਨੂੰ ਇਹ ਰਾਸ਼ੀ ਨਹੀਂ ਮਿਲੀ।

ਗਹੁ ਨਾਲ ਤੱਕਿਆਂ ਭਗਵੰਤ ਮਾਨ ਦੀ ਸਰਕਾਰ ਇਸ ਤਰ੍ਹਾਂ ਪ੍ਰਤੀਤ ਹੋ ਰਹੀ ਹੈ ਜਿਸ ਦਾ ਕਮਾਂਡ ਦਿੱਲੀ ਬੈਠੇ ਪਾਰਟੀ ਮੁਖੀ ਅਰਵਿੰਦ ਕੇਜਰੀਵਾਲ ਅਤੇ ਰਾਘਵ ਚੱਢਾ ਹੱਥ ਹੈ। ਭਗਵੰਤ ਮਾਨ ਇੱਕ ਵੀ ਫੈਸਲਾ ਖੁਦ ਲੈਂਦਾ ਪ੍ਰਤੀਤ ਨਹੀਂ ਹੋ ਰਿਹਾ ਹੈ। ਉਹਨੇ ਆਪਣਾ ਸਰਕਾਰੀ ਜਹਾਜ਼ ਹਿਮਾਚਲ ਪ੍ਰਦੇਸ਼, ਗੁਜਰਾਤ ਚੋਣਾਂ ਤੇ ਦਿੱਲੀ ਬੈਠੇ ਆਪਣੇ ਲੀਡਰਾਂ ਨੂੰ ਮਿਲਣ ਲਈ ਬਹੁਤ ਘੁੰਮਾਇਆ ਹੈ। ਇਸ ਇੱਕ ਸਾਲ ਦੌਰਾਨ ਪੰਜਾਬ ਤੋਂ ਰਾਜ ਸਭਾ ਲਈ ਭੇਜੇ ਦੋ ਵੱਡੇ ਵਪਾਰੀਆਂ ਨੂੰ ਲੈ ਕੇ ਵੀ ਭਗਵੰਤ ਮਾਨ ਦੀ ਕਾਰਜ ਪ੍ਰਣਾਲੀ 'ਤੇ ਸਵਾਲ ਉੱਠਦੇ ਰਹੇ ਹਨ।

ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਲਈ ਜਿਸ ਤਰ੍ਹਾਂ ਸੂਬੇ ਵਿਚ ਇੰਟਰਨੈੱਟ ਸੇਵਾਵਾਂ ਬੰਦ ਕਰ ਕੇ ਸਰਕਾਰ ਨੇ ਸਨਸਨੀ ਪੈਦਾ ਕੀਤੀ, ਉਸ ਤੋਂ ਸਾਫ ਜ਼ਾਹਿਰ ਹੈ ਕਿ ਸੂਬਾ ਸਰਕਾਰ ਦਾ ਛੁਪਿਆ ਏਜੰਡਾ ਕੋਈ ਹੋਰ ਹੈ।

ਸਰਕਾਰ ਨੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ 'ਤੇ ਉੱਠ ਰਹੇ ਸਵਾਲ ਅਤੇ ਸਿੱਧੂ ਮੂਸੇਵਾਲਾ ਦੀ ਬਰਸੀ 'ਤੇ ਹੋਇਆ ਇਕੱਠ ਸੀਮਤ ਕਰਨਾ ਚਾਹੁੰਦੀ ਸੀ। ਸੋ ਅੱਜ ਜਦ ਅਸੀਂ ਸਰਕਾਰ ਦੇ ਇੱਕ ਸਾਲ ਦੀ ਪੜਚੋਲ ਕਰ ਰਹੇ ਹਾਂ ਤਾਂ ਇਹ ਕਹਿ ਸਕਦੇ ਹਾਂ ਕਿ ਇਸ ਸਮੇਂ 'ਆਪ' ਸਰਕਾਰ ਨੇ ਅਣ-ਐਲਾਨੀ ਐਮਰਜੈਂਸੀ ਥੋਪਣ ਵਾਲਾ ਮਾਹੌਲ ਬਣਾਇਆ ਹੋਇਆ ਹੈ ਜਿੱਥੇ ਇੰਟਰਨੈੱਟ ਬੰਦ ਕਰ ਕੇ ਮੀਡੀਆ ਦਾ ਵੱਡਾ ਹਿੱਸਾ ਸਰਕਾਰ ਦੀਆਂ ਤੈਅਸ਼ੁਦਾ ਸਕਰਿਪਟਾਂ ਪੜ੍ਹ ਰਿਹਾ ਹੈ।

ਇਸ ਇੱਕ ਸਾਲ ਦੌਰਾਨ ਸਿਵਾਇ ਅਖਬਾਰਾਂ ਦੇ ਪਹਿਲੇ ਪੰਨਿਆਂ 'ਤੇ ਜਾਰੀ ਕੀਤੇ ਜਾਂਦੇ ਇਸ਼ਤਿਹਾਰਾਂ ਦੇ ਕਿੱਧਰੇ ਵੀ 'ਬਦਲਾਅ' ਨਜ਼ਰ ਨਹੀਂ ਆ ਰਿਹਾ।

# ਪੰਜਾਬ ਦੀ ਸਿੱਖ ਅਤੇ ਕਮਿਊਨਿਸਟ ਧਾਰਾ ਦੀ ਸਾਂਝ -2

***ਪੰਜਾਬ ਦੀ ਸਿਆਸਤ ਅਤੇ ਸਿਆਸੀ ਲੜਾਈ ਬਾਰੇ ਪਹੁੰਚ ਦਾ ਮਸਲਾ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਵਿਚਕਾਰ ਕਿਸਾਨ ਅੰਦੋਲਨ ਦੌਰਾਨ ਵਾਹਵਾ ਚਰਚਾ ਵਿਚ ਰਿਹਾ ਹੈ। 28 ਜਨਵਰੀ 2023 ਵਾਲੇ ਅੰਕ ਵਿਚ ਸ.ਹਰਚਰਨ ਸਿੰਘ ਪ੍ਰਹਾਰ ਦਾ ਲੇਖ 'ਪੰਜਾਬ ਵਿਚ ਕਮਿਊਨਿਸਟ ਧਿਰਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਦੇ ਮਸਲੇ' ਅਤੇ ਉਸ ਤੋਂ ਅਗਲੇ 4 ਫਰਵਰੀ 2023 ਵਾਲੇ ਅੰਕ ਵਿਚ ਹਜ਼ਾਰਾ ਸਿੰਘ ਮਿਸੀਸਾਗਾ ਦਾ ਲੇਖ 'ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ' ਛਾਪਿਆ ਗਿਆ। ਇਸੇ ਪ੍ਰਸੰਗ ਵਿਚ ਸ. ਗੁਰਬਚਨ ਸਿੰਘ ਦੀ ਲੰਮੀ ਟਿੱਪਣੀ ਦੀ ਦੂਜੀ ਤੇ ਆਖਰੀ ਕਿਸ਼ਤ ਪ੍ਰਾਪਤ ਹੋਈ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਲੇਖ ਵਿਚ ਪ੍ਰਗਟ ਵਿਚਾਰਾਂ ਨਾਲ ਸਾਡੀ ਸਹਿਮਤੀ ਹੋਵੇ, ਇਹ ਜ਼ਰੂਰੀ ਨਹੀਂ; ਉਂਝ, ਇਸ ਮਸਲੇ 'ਤੇ ਆਉਣ ਵਾਲੇ ਵਿਚਾਰਾਂ ਦਾ ਸਵਾਗਤ ਕੀਤਾ ਜਾਵੇਗਾ।***

ਸ. ਹਜ਼ਾਰਾ ਸਿੰਘ ਮਿਸੀਸਾਗਾ ਜੀ ਦੀ ਇਹ ਧਾਰਨਾ ਬਿਲਕੁਲ ਦਰੁਸਤ ਹੈ ਕਿ ਸੰਤ ਜਰਨੈਲ ਸਿੰਘ ਨੇ ਧਾਰਮਿਕ ਗ੍ਰੰਥ ਪੜ੍ਹੋ, ਅੰਮ੍ਰਿਤ ਛਕਾਉਣ ਦੀ ਲਹਿਰ ਚਲਾਈ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਖਾਲਸਾ ਰਾਜ ਦੇ ਵਿਚਾਰ ਨੂੰ ਮੁੜ ਸੁਰਜੀਤ ਕੀਤਾ।

ਇਸ ਪ੍ਰਸੰਗ ਵਿਚ ਸੰਨ 1914 ਦੇ ਫਾਂਸੀ ਵਾਲੇ ਸ਼ਹੀਦਾਂ ਦਾ ਫਾਂਸੀ ਦੇ ਤਖਤ ਤੋਂ ਦਿੱਤਾ ਸੰਦੇਸ਼ਾ ਪੜ੍ਹਨ ਵਾਲਾ ਹੈ:

ਸਦਾ ਜੀਵਣਾ ਨਹੀਂ ਜਹਾਨ ਅੰਦਰ, ਖਿਲੀ ਰਹੇਗੀ ਸਦਾ ਗੁਲਜ਼ਾਰ ਨਾਹੀਂ!

ਸਦਾ ਕੂੜ ਦੀ ਰਹੇ ਨਾ ਜ਼ਾਰਸ਼ਾਹੀ, ਸਦਾ ਜਾਬਰਾਂ ਹਥ ਤਲਵਾਰ ਨਾਹੀਂ!

ਰੰਗ ਬਦਲਦੀ ਰਹੇਗੀ ਸਦਾ ਕੁਦਰਤ, ਬਣਦਾ ਵਕਤ ਕਿਸੇ ਦਾ ਯਾਰ ਨਾਹੀਂ!

ਹੋਸੀ ਧਰਮ ਦੀ ਜਿਤ ਅਖੀਰ ਬੰਦੇ, ਬੇੜੀ ਪਾਪ ਦੀ ਲਗਣੀ ਪਾਰ ਨਾਹੀਂ!

.........

ਸਾਡੇ ਵੀਰਨੋ ਤੁਸਾਂ ਨਾ ਫਿਕਰ ਕਰਨਾ, ਵਿਦਾ ਬਖਸ਼ਣੀ ਖੁਸ਼ੀ ਦੇ ਨਾਲ ਸਾਨੂੰ!



**ਗੁਰਬਚਨ ਸਿੰਘ**
**ਫੋਨ: +91-98156-98451**

ਫਾਂਸੀ, ਤੋਪ, ਬੰਦੂਕ ਤੇ ਤੀਰ ਬਰਛੀ, ਕਟ ਸਕਦੀ ਨਹੀਂ ਤਲਵਾਰ ਸਾਨੂੰ!

ਸਾਡੀ ਆਤਮਾ ਸਦਾ ਅਡੋਲ ਵੀਰੋ, ਕਰੂ ਕੀ ਤੁਫੰਗ ਦਾ ਵਾਰ ਸਾਨੂੰ!

ਖਾਤਰ ਧਰਮ ਦੀ ਗੁਰਾਂ ਨੇ ਪੁਤਰ ਵਾਰੇ, ਦਿਸੇ ਚਮਕਦੀ ਨੇਕ ਮਿਸਾਲ ਸਾਨੂੰ!

ਭਾਈ ਸੰਤੋਖ ਸਿੰਘ ਹੁਰਾਂ ਨੇ ਇਸ ਸੰਦੇਸ਼ ਦੀ ਸਮੂਹਿਕ ਰਚਨਾ ਬਾਰੇ ਬੜੀ ਦਿਲਚਸਪ ਜਾਣਕਾਰੀ ਦਿੱਤੀ ਹੈ:

'ਇਹ ਕਵਿਤਾ ਉਨ੍ਹਾਂ ਕੌਮੀ ਬਜ਼ੁਰਗਾਂ ਨੇ ਫਾਂਸੀ ਦੇ ਦਿਨ ਤੋਂ ਪਹਿਲੇ ਕਈ ਦਿਨ ਭਰ ਸਾਂਝੀ ਮਿਹਨਤ ਅਤੇ ਵਿਚਾਰ ਦੇ ਨਾਲ ਤਿਆਰ ਕੀਤੀ ਸੀ ਅਤੇ ਸ਼ਹੀਦੀ ਵਾਸਤੇ ਤੁਰਨ ਵੇਲੇ ਸਭਨਾਂ ਨੇ ਪਰੇਮ ਨਾਲ ਉਚਾਰੀ ਸੀ। ...ਇਸ ਤਰ੍ਹਾਂ ਰਲਮਿਲ ਕੇ ਲੇਖ ਆਦਿਕ ਤਿਆਰ ਕਰਨ ਦੀ ਵਿਉਂਤ ਸਾਬਤ ਕਰਦੀ ਹੈ, ਕਿ ਉਨ੍ਹਾਂ ਬਜ਼ੁਰਗਾਂ ਨੇ ਆਪਣਾ ਆਪ ਆਪਣੇ ਕਾਜ ਵਿਚ ਕਿਸ ਹੱਦ ਤਕ ਲੀਨ ਕਰ ਦਿੱਤਾ ਸੀ, ਕਿ ਉਨ੍ਹਾਂ ਨੇ ਸੰਸਾਰ ਨੂੰ ਸਿੱਖਿਆ ਦਿੱਤੀ ਹੈ ਕਿ ਸੇਵਕਾਂ ਨੂੰ ਕਿਸ ਤਰ੍ਹਾਂ ਆਪਣੀ ਸ਼ਖਸੀਅਤ ਮਿਟਾ ਕੇ, ਆਪਣੇ ਪਵਿੱਤਰ ਕਾਜ ਦੀ ਵੱਡੀ ਸ਼ਖਸੀਅਤ ਨੂੰ ਉਸਾਰਨਾ ਚਾਹੀਦਾ ਹੈ। ਹਰ ਸਾਂਝੇ ਕਾਰਜ ਦੀ ਕਾਮਯਾਬੀ ਦੀ ਇਹ ਕੁੰਜੀ ਗੁਝੀ ਛਿਪੀ ਨਹੀਂ। ਪ੍ਰੰਤੂ ਇਸ ਕੁੰਜੀ ਨੂੰ ਉਹੋ ਵਰਤ ਸਕਦੇ ਹਨ, ਜਿਹਨਾਂ ਦੇ ਮਨ ਵਿਚ ਪਰਉਪਕਾਰ ਦੀ ਧੁਨ ਪੈਦਾ ਹੋ ਜਾਵੇ। ਇਨ੍ਹਾਂ ਪਵਿੱਤਰ ਜਿੰਦਾਂ ਦੇ ਮਨ ਵਿਚ ਹੋਰ ਕਿਸੇ ਕਿਸਮ ਦੇ ਵਿਚਾਰਾਂ ਜਾਂ ਫੁਰਨਿਆਂ ਵਾਸਤੇ ਕੋਈ ਥਾਂ ਨਹੀਂ ਸੀ, ਉਹ ਮਾਨਸ ਜਾਤੀ ਦੀ ਸੇਵਾ ਦੀ ਧੁਨ ਵਿਚ ਲਗੇ ਹੋਏ ਸਨ। ਇਸ ਧੁਨ ਵਿਚ ਉਹ ਤੁਰਦੇ-ਫਿਰਦੇ, ਉਠਦੇ-ਬੈਠਦੇ, ਜਾਗਦੇ-ਸੌਂਦੇ ਤੇ ਜਿਉਂਦੇ ਸਨ।'

ਸ਼ਹੀਦ ਭਗਤ ਸਿੰਘ ਹੁਰਾਂ ਦੇ ਕਥਨ ਅਨੁਸਾਰ, 'ਗਦਰ ਪਾਰਟੀ ਦੇ ਫੇਲ੍ਹ ਹੋਣ ਦਾ ਮੁਖ ਕਾਰਨ, ਜਨਤਾ ਦੀ ਅਗਿਆਨਤਾ, ਬੇਲਾਗਤਾ ਅਤੇ ਕਈ ਵਾਰ ਵਿਰੋਧ ਸੀ।'ਯਕੀਨਨ ਜੇ ਕਮਿਊਨਿਸਟ 'ਗਦਰ ਪਾਰਟੀ' ਪ੍ਰਤੀ 'ਜਨਤਾ ਦੀ ਅਗਿਆਨਤਾ, ਬੇਲਾਗਤਾ ਅਤੇ ਕਈ ਵਾਰ ਵਿਰੋਧ' ਦੇ ਕਾਰਨਾਂ ਦੀ ਹੋਰ ਗੰਭੀਰ ਘੋਖ ਕਰਦੇ ਤਾਂ ਉਨ੍ਹਾਂ ਨੂੰ ਇਸ ਦੇ ਇਕ ਅਹਿਮ ਕਾਰਨ ਸਿੱਖਾਂ ਦੇ ਇਕ ਹਿੱਸੇ ਸਮੇਤ ਪੰਜਾਬ ਦੇ ਬਹੁ-ਗਿਣਤੀ ਲੋਕਾਂ ਦੇ ਮਨਾਂ ਵਿਚਲੀ ਬ੍ਰਾਹਮਣਵਾਦੀ ਸੋਚ ਤੇ ਇਸ ਦੇ ਅਜੋਕੇ ਰੂਪ ਆਰੀਆ ਸਮਾਜੀ ਸੋਚ ਦੇ ਭਾਰੂ ਹੋਣ ਦਾ ਪਤਾ ਲੱਗਣਾ ਸੀ। ਕਮਿਊਨਿਸਟ ਜੇ ਇਸ ਵਰਤਾਰੇ ਦੀ ਹੋਰ ਡੂੰਘਾਈ ਵਿਚ ਜਾਂਦੇ ਤਾਂ ਉਨ੍ਹਾਂ ਨੂੰ ਪੰਜਾਬ ਦੇ ਇਤਿਹਾਸ ਬਾਰੇ ਹੋਰ ਜਾਣਨ ਦੀ ਜਿਗਿਆਸਾ ਪੈਦਾ ਹੋਣੀ ਸੀ ਅਤੇ ਗੁਰਮਤਿ ਨੂੰ ਪੜ੍ਹਨ ਦੀ ਲੋੜ ਮਹਿਸੂਸ ਹੋਣੀ ਸੀ। ਜੇ ਉਨ੍ਹਾਂ ਨੇ ਸਿੱਖ ਇਤਿਹਾਸ ਨੂੰ ਗੁਰਮਤਿ ਦੇ ਪ੍ਰਸੰਗ ਵਿਚ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਗਦਰੀ ਬਾਬਿਆਂ ਦੀ ਸਿੱਖ-ਕਮਿਊਨਿਸਟ ਫਿਲਾਸਫੀ ਦੀ ਅਹਿਮੀਅਤ ਦਾ ਪਤਾ ਲੱਗਣਾ ਸੀ। ਫਿਰ ਉਨ੍ਹਾਂ ਨੂੰ ਪਤਾ ਲੱਗਣਾ ਸੀ ਕਿ ਗਦਰੀ ਬਾਬੇ, ਜਿਵੇਂ ਆਰੀਆ ਸਮਾਜੀ ਸਮਝਦੇ ਸਨ, 'ਅਨਪੜ੍ਹ' ਪੇਂਡੂ ਨਹੀਂ ਸਨ ਸਗੋਂ ਚੇਤੰਨ ਗਿਆਨੀ ਸਨ। ਜਿਨ੍ਹਾਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਇਹ ਅਨੁਭਵੀ ਗਿਆਨ, ਸਰਬਸਾਂਝੀਵਾਲਤਾ ਦੀ ਭਾਵਨਾ ਤੇ ਸਰਬੱਤ ਦੇ ਭਲੇ ਦੇ ਜਜ਼ਬੇ ਅਧੀਨ ਆਪਣੀ ਜ਼ਿੰਦਗੀ ਜਿਉਂਦਿਆਂ ਹੋਇਆਂ ਆਪਣੇ ਜੀਵਨ ਵਿਚੋਂ ਪ੍ਰਾਪਤ ਕੀਤਾ ਸੀ।

ਬਾਬਾ ਵਸਾਖਾ ਸਿੰਘ ਜੀ ਦੇ ਬਚਨ ਹਨ - 'ਕਈ ਕਹਿੰਦੇ ਹਨ ਕਿ ਮੈਂ ਕਮਿਊਨਿਸਟ ਹਾਂ ਤੇ ਰੂਸੀ ਸਾਂਝੀਵਾਲਤਾ ਮੇਰਾ ਨਿਸ਼ਾਨਾ ਹੈ। ਮੇਰਾ ਨਿਸ਼ਾਨਾ ਸ੍ਰੀ ਦਸਮੇਸ਼ ਜੀ ਦੀ ਕਰਨੀ ਹੈ ਤੇ ਮੇਰੀ ਸਾਂਝੀਵਾਲਤਾ ਗੁਰੂ ਕਿਆਂ ਵਾਲੀ ਸਾਂਝੀਵਾਲਤਾ ਹੈ। 1906-07 ਈਸਵੀ ਵਿਚ ਕਿਹੜੀ ਰੂਸੀ ਸਾਂਝੀਵਾਲਤਾ ਸੀ ਜਦੋਂ ਤੋਂ ਸਰਬੱਤ ਦਾ ਭਲਾ ਮੇਰੇ ਵਿਚਾਰ ਅਤੇ ਕਰਮ ਦਾ ਸ੍ਰੇਸ਼ਟ ਅੰਗ ਬਣਿਆ ਹੈ? ਮੈਂ ਜੋ ਕੁਝ ਲਿਆ ਹੈ, ਇਹ ਗੁਰੂ ਘਰੋਂ ਲਿਆ ਹੈ। ਕਮਿਊਨਿਜ਼ਮ ਨੇ ਗਰੀਬ ਦੁਖੀ ਦੁਨੀਆ ਦਾ ਬੜਾ ਭਲਾ ਕੀਤਾ ਹੈ ਪਰ ਇਸ ਵਿਚ ਅਜੇ ਤਰੁਟੀਆਂ ਹਨ। ਸਿੱਖੀ ਬਹੁਤ ਵੱਡੀ ਚੀਜ਼ ਹੈ। ਕਮਿਊਨਿਜ਼ਮ ਸਿੱਖੀ ਦਾ ਇਕ ਅੰਗ ਹੈ, ਇਹ ਸਿੱਖੀ ਵਿਚ ਸਮਾਅ ਸਕਦਾ ਹੈ ਪਰ ਸਿੱਖੀ ਇਸ ਵਿਚ ਨਹੀਂ ਸਮਾਅ ਸਕਦੀ। ਗੁਰੂ ਕਾ ਲੰਗਰ, ਸਾਂਝੀ ਸੇਵਾ, 'ਤੇਰਾ ਘਰ ਸੋ ਮੇਰਾ ਘਰ', ਇਸ ਦਾ ਪ੍ਰਚਾਰ ਸੈਂਕੜੇ ਸਾਲ ਗੁਰੂ ਸਾਹਿਬਾਨ ਨੇ ਕਰਕੇ, ਸਾਂਝੀਵਾਲਤਾ ਅਤੇ ਬਰਾਬਰੀ ਦਾ ਰਾਹ ਦੱਸਿਆ।'

ਬਾਬਾ ਵਸਾਖਾ ਸਿੰਘ ਜੀ ਦੇ ਉਪਰੋਕਤ ਬਚਨਾਂ ਦੀ ਗੰਭੀਰਤਾ ਤੇ ਮਹਾਨਤਾ ਦਾ ਪਤਾ ਉਨ੍ਹਾਂ ਦੇ ਜੀਵਨ ਨੂੰ ਪੜ੍ਹ ਕੇ ਲੱਗਦਾ ਹੈ। ਪਿੰਡ ਦਦੇਹਰ ਜ਼ਿਲ੍ਹਾ ਅੰਮ੍ਰਿਤਸਰ ਵਿਖੇ 13 ਅਪਰੈਲ 1877 ਈ. ਨੂੰ ਜਨਮੇ, ਬਾਬਾ ਵਸਾਖਾ ਸਿੰਘ ਜੀ ਦੇ ਪੁਰਖਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਕੋਲੋਂ ਅੰਮ੍ਰਿਤ ਛਕਿਆ ਸੀ। 1907 ਵਿਚ ਬਾਬਾ ਜੀ ਕੁਝ ਚਿਰ ਲਈ ਫੌਜ ਵਿਚ ਭਰਤੀ ਹੋ ਗਏ ਪਰ ਬਾਅਦ ਵਿਚ ਫੌਜ ਛੱਡ ਕੇ ਚੀਨ ਚਲੇ ਗਏ ਜਿੱਥੋਂ ਉਹ ਅਮਰੀਕਾ ਪਹੁੰਚ ਗਏ। ਅਮਰੀਕਾ ਪਹੁੰਚ ਕੇ ਬਾਬਾ ਜੀ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਨਾਲ ਰਲ ਕੇ ਪੰਜ ਸੌ ਏਕੜ ਦਾ ਸਾਂਝਾ ਫਾਰਮ ਬਣਾਇਆ। ਜਿਸ ਤੋਂ ਹੁੰਦੀ ਕਮਾਈ ਦਾ ਇਕ ਹਿੱਸਾ 'ਗੁਰੂ ਨਾਨਕ ਐਜੂਕੇਸ਼ਨ ਸੁਸਾਇਟੀ' ਰਾਹੀਂ ਅਮਰੀਕਾ ਪੜ੍ਹਾਈ ਕਰਨ ਪਹੁੰਚੇ ਲੋੜਵੰਦ ਭਾਰਤੀ ਵਿਦਿਆਰਥੀਆਂ ਦੀ ਸਹਾਇਤਾ ਲਈ ਖਰਚ ਕੀਤਾ ਜਾਂਦਾ ਸੀ। ਅਮਰੀਕਾ ਵਿਚ ਸਟਾਕਟਨ ਵਿਖੇ ਗੁਰਦੁਆਰਾ ਸਥਾਪਿਤ ਕਰਨ ਲਈ ਬਾਬਾ ਜੀ ਨੇ ਅਹਿਮ ਰੋਲ ਨਿਭਾਇਆ।

31 ਦਸੰਬਰ 1913 ਨੂੰ ਬਾਬਾ ਜੀ ਸੈਕਰਾਮੈਂਟੋ ਪਹੁੰਚੇ, ਜਿੱਥੇ ਗਦਰ ਪਾਰਟੀ ਦੀ ਹੋਈ ਪਹਿਲੀ ਮੀਟਿੰਗ ਵਿਚ ਉਨ੍ਹਾਂ ਨੂੰ ਕੇਂਦਰੀ ਕਾਰਜਕਾਰਨੀ ਕਮੇਟੀ ਦਾ ਮੈਂਬਰ ਚੁਣਿਆ ਗਿਆ। ਭਾਰਤ ਅੰਦਰ ਗ਼ਦਰ ਮਚਾਉਣ ਦੀ ਪਾਰਟੀ ਮੁਹਿੰਮ ਵਿਚ ਹਿੱਸਾ ਲੈਣ ਲਈ ਦੇਸ ਪਹੁੰਚੇ ਬਾਬਾ ਜੀ ਨੂੰ 7 ਜਨਵਰੀ 1915 ਨੂੰ ਮਦਰਾਸ ਤੋਂ ਪੁਲਿਸ ਹਿਰਾਸਤ ਵਿਚ ਲਿਆ ਗਿਆ। ਸਾਰੇ ਗਦਰੀ ਆਗੂਆਂ ਨਾਲ ਬਾਬਾ ਜੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਤੇ ਲਾਹੌਰ ਸਾਜ਼ਿਸ਼ ਕੇਸ-1 (1915) ਵਿਚ ਉਨ੍ਹਾਂ ਨੂੰ ਉਮਰ ਕੈਦ ਅਤੇ ਕੁਲ ਜਾਇਦਾਦ ਜ਼ਬਤੀ ਦੀ ਸਜ਼ਾ ਮਿਲੀ। ਕਾਲੇ ਪਾਣੀ ਪਹੁੰਚ ਕੇ ਬਾਬਾ ਜੀ ਨੇ ਸਿਆਸੀ ਕੈਦੀਆਂ ਨਾਲ ਹੁੰਦੇ ਦੁਰਵਿਹਾਰ ਵਿਰੁੱਧ ਇਕ ਮਹੀਨੇ ਦੀ ਭੁੱਖ ਹੜਤਾਲ ਕੀਤੀ। ਬੜੀ ਕਮਜ਼ੋਰੀ ਵਾਲੀ ਹਾਲਤ ਵਿਚ ਬਾਬਾ ਜੀ 14 ਅਪਰੈਲ 1920 ਨੂੰ ਰਿਹਾਅ ਹੋ ਕੇ ਪਿੰਡ ਪਹੁੰਚੇ।

ਰਿਹਾਅ ਹੁੰਦਿਆਂ ਹੀ ਬਾਬਾ ਜੀ ਨੇ ਮੁੜ ਆਜ਼ਾਦੀ ਦੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਜੇਲ੍ਹਾਂ ਵਿਚ ਰੁਲ ਰਹੇ ਸਿਆਸੀ ਕੈਦੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਹਾਇਤਾ ਵਾਸਤੇ 'ਦੇਸ ਭਗਤ ਪਰਿਵਾਰ' ਸਹਾਇਕ ਕਮੇਟੀ ਬਣਾ ਕੇ ਉਨ੍ਹਾਂ ਦੀ ਮਦਦ ਕੀਤੀ। 1932-33 ਵਿਚ ਬਾਬਾ ਜੀ ਦੋ ਸਾਲ ਪਿੰਡ ਵਿਚ ਨਜ਼ਰਬੰਦ ਰਹੇ ਅਤੇ 1942 ਤੋਂ 1944 ਤਕ ਫਿਰ ਜੇਲ੍ਹ ਯਾਤਰਾ ਕੀਤੀ। ਗੁਰੂ ਕੇ ਬਾਗ ਦੇ ਮੋਰਚੇ ਵਿਚ 100 ਸਿੱਖਾਂ ਦੇ ਇਕ ਜਥੇ ਦੀ ਅਗਵਾਈ ਬਾਬਾ ਜੀ ਨੇ ਕੀਤੀ।

10 ਜਨਵਰੀ 1931 ਨੂੰ ਤਰਨ ਤਾਰਨ ਦੇ ਪਵਿੱਤਰ ਸਰੋਵਰ ਦੀ ਕਾਰ ਸੇਵਾ ਦਾ ਆਰੰਭ ਕਰਨ ਵਾਸਤੇ ਚੁਣੇ ਗਏ ਪੰਜ ਪਿਆਰਿਆਂ ਵਿਚ ਬਾਬਾ ਜੀ ਸ਼ਾਮਿਲ ਹੋਏ। ਗੁਰਦੁਆਰਾ ਪੰਜਾ ਸਾਹਿਬ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ ਰੱਖਣ ਵੇਲੇ ਵੀ ਬਾਬਾ ਜੀ ਪੰਜ ਪਿਆਰਿਆਂ ਵਿਚ ਸ਼ਾਮਿਲ ਸਨ। 1934 ਵਿਚ ਬਾਬਾ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਥਾਪੇ ਗਏ ਜਿੱਥੋਂ ਇਕ ਸਾਮਰਾਜੀ ਅਫਸਰ ਨੂੰ ਸਿਰੋਪਾ ਦੇਣ ਦੇ ਰੋਸ ਵਜੋਂ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ।

ਸਾਰੇ ਸਿੱਖ ਗਦਰੀ ਬਾਬੇ ਇਹੋ ਜਿਹੇ ਮਹਾਨ ਵਿਰਸੇ ਦੀ ਦੇਣ ਸਨ। 'ਕਾਮਾਗਾਟਾ ਮਾਰੂ' ਜਹਾਜ਼ ਨੂੰ ਕੈਨੇਡਾ ਲੈ ਕੇ ਜਾਣ ਵਾਲੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਦਾ ਆਪਣਾ ਕਥਨ ਹੈ: 'ਮੇਰਾ ਭਾਰਤ ਭੂਮੀ ਦੇ ਬੱਚਿਆਂ ਉਤੇ ਗੈਰਤ ਖਾ ਕੇ ਸੁਦਾਈਆਂ ਵਾਂਗ ਲੱਖਾਂ ਰੁਪਏ ਬਰਬਾਦ ਕਰ ਕੇ, ਆਪਣੇ-ਆਪ ਤੇ ਆਪਣੇ ਸਾਥੀਆਂ ਨੂੰ ਖਤਰੇ ਵਿਚ ਪਾ ਕੇ ਕਾਨੂੰਨ ਦੀ ਹਦ ਅੰਦਰ ਰਹਿ ਕੇ, ਇਨ੍ਹਾਂ ਦੁਖਾਂ ਦੇ ਦੂਰ ਕਰਨ ਵਾਸਤੇ ਜਹਾਜ਼ ਦਾ ਚਲਾਉਣਾ ਕੋਈ ਹੈਰਾਨੀ ਵਾਲੀ ਬਾਤ ਨਹੀਂ ਤੇ ਇਹ ਹਰ ਸਿੱਖ ਦਾ ਫਰਜ਼ ਹੈ, ਕਿ ਉਹ ਆਪਣੇ ਗੁਰੂਆਂ ਦੇ ਅਸੂਲ ਉਤੇ ਚਲ ਕੇ ਅਪਨਾ ਫਰਜ਼ ਪੂਰਾ ਕਰਦਾ ਹੋਇਆ ਪਰਉਪਕਾਰ ਤੇ ਨੇਕੀ ਦਾ ਕੰਮ ਕਰੇ।

... ਮੈਂ ਇਕ ਸਿਖ ਹੋਣ ਕਰਕੇ ਧਰਮ ਤੇ ਦੇਸ ਦੀ ਸੇਵਾ ਕਰਨ ਦਾ ਚਾਹਵਾਨ ਹਾਂ। ਪ੍ਰੰਤੂ ਮੈਂ ਆਪਣੇ ਆਪ ਨੂੰ ਸਿਖ ਬਣਾਉਣ ਦੀ ਇਛਯਾ ਕਰਦਾ ਹਾਂ, ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਪੰਥ ਦੀ ਬੁਨਿਆਦ ਰਖੀ, ਤਾਂ ਪਹਿਲਾਂ ਪਿਤਾ ਜੀ ਤੇ ਫਿਰ ਬੱਚੇ ਭੀ ਧਰਮ ਪੁਰ ਕੁਰਬਾਨ ਕਰ ਦਿਤੇ। ਮੇਰੇ ਬਜ਼ੁਰਗ ਪਿਤਾ ਤੇ ਪੁੱਤਰ ਭੀ ਮੇਰੇ ਨਾਲ ਗਡੀ ਵਿਚ ਬੈਠੇ ਹੈਨ। ਜੇ ਕਦੇ ਸ੍ਰੀ ਨਨਕਾਣਾ ਸਾਹਿਬ ਵਾਂਗੂ ਮੌਕਿਆਂ ਮਿਲੇ, ਤਾਂ ਸ਼ਾਂਤਮਈ ਅਸੂਲ ਅਨੁਸਾਰ ਕੁਰਬਾਨੀ ਲਈ ਤਿਆਰ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਮੇਰੇ ਵਾਸਤੇ ਪ੍ਰਾਰਥਨਾ ਕਰੋ ਕਿ ਮੈਂ ਸਿਖ ਧਰਮ ਵਿਚ ਪੱਕਾ ਹੋ ਜਾਵਾਂ।

... ਕਈ ਮੇਰੇ ਹਮਦਰਦ ਮੇਰੀਆਂ ਤਕਲੀਫਾਂ ਨੂੰ ਅਨੁਭਵ ਕਰਦੇ ਹਨ, ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਸਿਖ ਬਣਨਾ ਕੋਈ ਆਸਾਨ ਗੱਲ ਨਹੀਂ ਹੈ, ਕਿਉਂਕਿ ਸਿਖੀ ਵਿਚ ਪਾਸ ਹੋਣ ਦਾ ਇਮਤਿਹਾਨ ਬਹੁਤ ਕਠਿਨ ਹੈ। ਜੈਸਾ ਕਿ ਗਰਮ ਰੇਤ ਆਪਣੇ ਤਨ ਉਤੇ ਪਵਾਉਣਾ, ਉਬਲਦੀ ਦੇਗ ਵਿਚ ਬੈਠਣਾ ਤੇ ਖੋਪਰੀਆਂ ਦਾ ਉਤਰਵਾਉਣਾ, ਅੰਗ-ਅੰਗ ਕਟਵਾਉਣਾ ਤੇ ਆਪਣੇ ਆਪ ਨੂੰ ਆਰੇ ਨਾਲ ਚਰਵਾਉਣਾ ਜਾਂ ਗੰਡਾਸੀਆਂ ਤੇ ਛਵੀਆਂ ਨਾਲ ਕੀਮਾ ਕਰਵਾਉਣਾ ਤੇ ਗੋਲੀਆਂ ਦਾ ਸ਼ਿਕਾਰ ਹੋ ਕੇ ਮਿਟੀ ਦੇ ਤੇਲ ਨਾਲ ਜਲਾਏ ਜਾਣਾ ਇਤਿਆਦਿ, ਸਿਖ ਬਣਨ ਦੇ ਕਠਿਨ ਇਮਤਿਹਾਨ ਹਨ।'

ਬੇਸ਼ੱਕ ਪੰਜਾਬ ਅੰਦਰਲੀ ਸਾਮਰਾਜ ਵਿਰੋਧੀ ਲਹਿਰ ਵਿਚ ਦੋ ਵਿਚਾਰਧਾਰਾਵਾਂ ਦਾ ਰਲੇਵਾਂ ਸੀ। ਇਕ ਵਿਚਾਰਧਾਰਾ ਵੈਦਿਕ ਫਿਲਾਸਫੀ ਦੀ ਬ੍ਰਾਹਮਣਵਾਦੀ ਵਿਆਖਿਆ ਕਰ ਰਹੀ ਧਾਰਾ ਤੋਂ ਅਗਵਾਈ ਲੈ ਕੇ 'ਰਾਸ਼ਟਰਵਾਦੀ' ਦੇਸ ਭਗਤੀ ਦੇ ਨਾਂ ਉਤੇ, ਅੰਗਰੇਜ਼ ਸਾਮਰਾਜੀਆਂ ਤੋਂ 'ਆਜ਼ਾਦੀ' ਚਾਹੁੰਦੀ ਸੀ। ਇਸ ਦਾ ਆਧਾਰ ਬੰਗਾਲ ਅਤੇ ਮਹਾਰਾਸ਼ਟਰ ਸਨ। ਰਾਸ਼ਟਰਵਾਦ ਦੀ ਬੰਗਾਲੀ ਧਾਰਾ ਮੁਸਲਿਮ ਵਿਰੋਧੀ ਰੁਝਾਨ ਰੱਖਦੀ ਸੀ। ਪੰਜਾਬ ਅੰਦਰ ਇਸ ਧਾਰਾ ਦੇ ਬੰਗਾਲੀ ਪੱਖ ਦੀ ਅਗਵਾਈ ਰਾਸਬਿਹਾਰੀ ਬੋਸ ਅਤੇ ਸ਼ਚਿੰਦਰ ਨਾਥ ਸਾਨਿਆਲ ਹੁਰੀਂ ਕਰ ਰਹੇ ਸਨ ਅਤੇ ਮਰਾਠੀ ਪੱਖ ਦੀ ਅਗਵਾਈ ਸ਼ਹੀਦ ਭਗਤ ਸਿੰਘ ਹੁਰਾਂ ਦੇ ਪਿਤਾ ਜੀ ਸ. ਕਿਸ਼ਨ ਸਿੰਘ ਅਤੇ ਚਾਚਾ ਸ. ਅਜੀਤ ਸਿੰਘ ਜੀ ਸਮੇਤ ਕੁਝ ਹੋਰ ਲੋਕ ਕਰ ਰਹੇ ਸਨ। ਆਰੀਆ ਸਮਾਜੀ ਲਹਿਰ ਨੇ ਇਸ ਪੱਖ ਨੂੰ ਜ਼ਿਆਦਾ ਪ੍ਰਭਾਵਿਤ ਕੀਤਾ। ਆਰੀਆ ਸਮਾਜੀ ਲਹਿਰ ਵੀ ਮੁਸਲਿਮ ਵਿਰੋਧੀ ਰੁਝਾਨ ਦੀ ਪੈਰੋਕਾਰ ਸੀ। ਰਾਸ਼ਟਰਵਾਦ ਦੀ ਬੰਗਾਲੀ ਧਾਰਾ ਦਾ ਮੁਸਲਿਮ ਵਿਰੋਧੀ ਰੁਝਾਨ ਅਤੇ ਆਰੀਆ ਸਮਾਜ ਦਾ ਸਿੱਖ-ਮੁਸਲਿਮ ਵਿਰੋਧੀ ਰੁਝਾਨ, ਦੋਵੇਂ ਪੰਜਾਬ ਅੰਦਰ ਆ ਕੇ ਇਕਜੁਟ ਹੋ ਗਏ ਅਤੇ ਹੋਰ ਵੀ ਕੱਟੜ ਰੂਪ ਧਾਰਨ ਕਰ ਗਏ।

ਦੂਜੀ ਵਿਚਾਰਧਾਰਾ ਦੇ ਮੋਢੀ ਗੁਰਮਤਿ ਤੋਂ ਅਗਵਾਈ ਲੈ ਰਹੇ ਗਦਰੀ ਬਾਬੇ ਸਨ। ਇਸ ਧਾਰਾ ਦਾ ਹਿੰਦੂ ਮੁਸਲਮਾਨਾਂ ਨਾਲ ਕੋਈ ਵਿਰੋਧ ਨਹੀਂ ਸੀ। ਸਿੱਖ ਗਦਰੀ ਬਾਬਿਆਂ ਦੀ ਅਗਵਾਈ ਦੇ ਵਜੂਦ ਸਮੋਈ ਕਿਸੇ ਵੀ ਧਰਮ ਨਾਲ ਵਿਤਕਰਾ ਨਾ ਕਰਨ ਦੀ ਗੁਰਮਤਿ-ਚੇਤਨਾ ਸੀ ਜਿਸ ਨੇ ਗਦਰ ਲਹਿਰ ਵਿਚ ਹਿੰਦੂ-ਮੁਸਲਿਮ ਵਿਰੋਧੀ ਭਾਵਨਾ ਨੂੰ ਪੈਦਾ ਹੀ ਨਾ ਹੋਣ ਦਿੱਤਾ।

ਕਮਿਊਨਿਸਟਾਂ ਨੇ ਜੇ ਗੁਰੂ ਗ੍ਰੰਥ ਸਾਹਿਬ ਨੂੰ ਇਸ ਖੇਤਰ ਵਿਚ ਪੈਦਾ ਹੋਏ ਸਾਰੇ ਧਰਮਾਂ ਦੇ ਪ੍ਰਸੰਗ ਵਿਚ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਹੋਰ ਵੀ ਦਿਲਚਸਪ ਗਿਆਨ ਹੋਣਾ ਸੀ। ਉਨ੍ਹਾਂ ਨੂੰ ਪਤਾ ਲੱਗਣਾ ਸੀ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਮਤਿ ਚੇਤਨਾ ਸਾਰੇ ਧਰਮਾਂ ਦਾ ਅਗਲਾ ਵਿਕਸਿਤ ਰੂਪ ਹੈ। ਗੁਰੂ ਗ੍ਰੰਥ ਸਾਹਿਬ ਨੇ ਆਪਣੇ ਤੋਂ ਪਹਿਲੇ ਸਾਰੇ ਧਰਮਾਂ ਨੂੰ ਨਕਾਰਿਆ ਨਹੀਂ ਸਗੋਂ ਉਨ੍ਹਾਂ ਵਿਚਲੇ ਆਤਮਿਕ ਸੱਚ ਨੂੰ ਆਪਣੇ ਆਤਮ ਵਿਚ ਸਮੇਟਦਿਆਂ ਹੋਇਆਂ, ਉਨ੍ਹਾਂ ਦੇ ਕੁਦਰਤੀ ਨੇਮਾਂ ਤੇ ਸਮਾਜੀ ਸਦਾਚਾਰ ਦੇ ਪੈਮਾਨੇ ਉਤੇ ਪੂਰੀਆਂ ਉਤਰਦੀਆਂ ਸਾਰੀਆਂ ਧਾਰਨਾਵਾਂ ਨੂੰ ਬੁਲੰਦ ਕੀਤਾ ਹੈ।

ਮਿਸਾਲ ਦੇ ਤੌਰ ਉਤੇ ਗੁਰਮਤਿ ਨੇ ਆਪਣੀ ਚੇਤਨਾ ਵਿਚ ਬੁੱਧ ਤੇ ਜੈਨ ਧਰਮ ਦੇ ਸਦਾਚਾਰ ਨੂੰ ਆਤਮਸਾਤ ਕਰਦਿਆਂ ਹੋਇਆਂ, ਜੈਨ ਤੇ ਬੁੱਧ ਧਰਮ ਦੇ ਕਰਮਕਾਂਡੀ ਪੱਖ ਨੂੰ ਪੂਰੀ ਦ੍ਰਿੜਤਾ ਨਾਲ ਨਕਾਰ ਦਿੱਤਾ ਹੈ। ਇਸਲਾਮ ਅਤੇ ਇਸਲਾਮ ਰਾਹੀਂ ਯਹੂਦੀ ਅਤੇ ਇਸਾਈ ਧਰਮ ਦੀਆਂ, ਇਸ ਸ੍ਰਿਸ਼ਟੀ ਦੀ ਰਚਨਾ ਬਾਰੇ ਤੇ ਮਨੁੱਖੀ ਮੌਤ ਤੋਂ ਬਾਅਦ ਮਿਲਣ ਵਾਲੇ ਕਿਸੇ ਨਰਕ-ਸਵਰਗ ਬਾਰੇ, ਬਣੀਆਂ ਭਰਮਾਊ ਧਾਰਨਾਵਾਂ ਨਕਾਰ ਦਿੱਤੀਆਂ ਹਨ ਅਤੇ ਉਨ੍ਹਾਂ ਵਿਚਲੀਆਂ ਰਵਾਇਤਾਂ ਨੂੰ ਸਦਾਚਾਰੀ ਅਰਥ ਦਿੱਤੇ ਹਨ।

ਪੰਜਾਬ ਦੇ ਸੂਫੀ ਸ਼ਾਇਰ ਬਾਬਾ ਬੁੱਲ੍ਹੇ ਸ਼ਾਹ ਨੇ ਸਾਰੇ ਮਨੁੱਖੀ ਗਿਆਨ ਨੂੰ ਇਕ ਕਾਵਿ ਬੰਦ ਵਿਚ ਸਮੇਟ ਦਿੱਤਾ ਹੈ। ਉਸ ਦਾ ਕਾਵਿ ਬੰਦ ਹੈ:

ਗੱਲ ਸਮਝ ਲਈ ਤਾਂ ਰੌਲਾ ਕੀ। ਰਾਮ ਰਹੀਮ ਤੇ ਮੌਲਾ ਕੀ।

ਸਮਝਣ ਵਾਲੀ ਇਹ ਖਾਸ ਗੱਲ ਕੀ ਹੈ, ਇਸ ਦੀ ਜਾਣਕਾਰੀ ਵੀ ਬਾਬਾ ਬੁੱਲ੍ਹੇ ਸ਼ਾਹ ਨੇ ਦਿੱਤੀ ਹੈ:

ਪੜ੍ਹ-ਪੜ੍ਹ ਇਲਮ ਹਜ਼ਾਰ ਕਿਤਾਬਾਂ, ਕਦੇ ਆਪਣੇ ਆਪ ਨੂੰ ਪੜ੍ਹਿਆ ਈ ਨਹੀਂ।

ਜਾ-ਜਾ ਵੜਦੈ ਮੰਦਰ ਮਸੀਤੀਂ, ਕਦੇ ਮਨ ਆਪਣੇ ਵਿਚ ਵੜਿਆ ਈ ਨਹੀਂ।

ਆਖੇ ਪੀਰ ਬੁੱਲੇ ਸ਼ਾਹ, ਆਸਮਾਨੀ ਫੜਦਾ ਏ, ਜਿਹੜਾ ਮਨ ਵਿਚ ਵਸਦੈ, ਉਹਨੂੰ ਫੜਿਆ ਈ ਨਹੀਂ।

ਅਰਥਾਤ ਜੋ ਕੁਝ ਮਨੁੱਖ 'ਰੱਬ' ਬਾਰੇ ਸੋਚਦਾ ਹੈ, ਉਹ ਉਸ ਦੇ ਆਪਣੇ ਹੀ ਮਨ ਵਿਚ ਰੱਬ ਦੇ ਬਣੇ ਹੋਏ ਸੰਕਲਪ ਦਾ ਪ੍ਰਤੌਅ ਹੁੰਦਾ ਹੈ ਤੇ ਜੇ ਏਨੀ ਗੱਲ ਸਮਝ ਆ ਜਾਵੇ ਤਾਂ ਰਾਮ ਰਹੀਮ ਦਾ ਰੌਲਾ ਉਂਝ ਹੀ ਮੁੱਕ ਜਾਂਦਾ ਹੈ; ਭਾਵ ਸਾਰੇ ਧਰਮਾਂ ਵਿਚਲਾ ਆਤਮਿਕ ਸੱਚ ਸਮਝ ਆ ਜਾਂਦਾ ਹੈ, ਕਿ ਸਾਰੇ ਧਰਮਾਂ ਵਿਚਲੇ ਰੱਬੀ ਗੁਣ ਅਸਲ ਵਿਚ ਇਨਸਾਨੀ ਗੁਣਾਂ ਦਾ ਹੀ ਦੂਜਾ ਰੂਪ ਹਨ ਅਤੇ ਇਹ ਗੁਣ ਅਪਣਾਉਣੇ ਮਨੁੱਖੀ ਜ਼ਿੰਦਗੀ ਲਈ ਅਤਿ ਜ਼ਰੂਰੀ ਹਨ। ਇਹੀ ਮਨੁੱਖ ਦਾ ਧਰਮ ਹੈ। ਇਹ ਸਮਝ ਆਉਣ ਨਾਲ ਸਾਰੇ ਧਰਮਾਂ ਵਿਚਲੇ ਕਰਮਕਾਂਡੀ ਵਖਰੇਵੇਂ ਉਂਝ ਹੀ ਖਤਮ ਹੋ ਜਾਂਦੇ ਹਨ।

ਆਰੀਆ ਸਮਾਜ ਤੇ ਬ੍ਰਾਹਮਣਵਾਦ ਜਿੱਥੇ ਹਿੰਦੂਆਂ ਨੂੰ 'ਵੇਦਾਂ ਵੱਲੀ' ਪਿੱਛੇ ਮੁੜਨ ਦਾ ਸੱਦਾ ਦਿੰਦੇ ਹਨ, ਉਥੇ ਗੁਰਮਤਿ ਮਨੁੱਖ ਨੂੰ ਵੈਦਿਕ ਫਿਲਾਸਫੀ ਸਮੇਤ, ਪਿਛਲੇ ਸਾਰੇ ਆਤਮਿਕ ਗਿਆਨ ਨੂੰ ਆਪਣੇ ਅਨੁਭਵ ਵਿਚ ਸਮੇਟ ਕੇ ਅਗਾਂਹ ਨੂੰ ਵਧਣ ਦਾ ਸੱਦਾ ਦਿੰਦੀ ਹੈ: ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ॥ (ਪੰਨਾ 1096)

ਗਦਰੀ ਬਾਬੇ ਗੁਰਮਤਿ ਦੀ ਇਸੇ ਅਗਾਂਵਧੂ ਚੇਤਨਾ ਵਿਚ ਪਲੇ ਹੋਏ ਸਨ। ਉਹ ਕਮਿਊਨਿਸਟ ਲਹਿਰ ਤੋਂ ਕਿਵੇਂ ਪ੍ਰਭਾਵਿਤ ਹੋਏ, ਇਸ ਦੀ ਜਾਣਕਾਰੀ ਗਦਰੀ ਬਾਬਾ ਹਰਜਾਪ ਸਿੰਘ ਦੀ ਡਾਇਰੀ ਵਿਚੋਂ ਮਿਲਦੀ ਹੈ: '1919 ਵਿਚ ਕੌਮਾਂਤਰੀ ਸਭਾ (ਤੀਜੀ ਇੰਟਰਨੈਸ਼ਨਲ) ਦੀ ਨੀਂਹ ਰੱਖੀ ਗਈ। ਇਸ (ਸਭਾ) ਦਾ ਆਦਰਸ਼ ਸਾਰੀ ਦੁਨੀਆ ਅੰਦਰ ਰੂਸ ਵਰਗਾ ਇਨਕਲਾਬ ਪੈਦਾ ਕਰ ਕੇ, ਸਾਰੇ ਸੰਸਾਰ ਨੂੰ ਇਕ ਲੜੀ ਵਿਚ ਪਰੋਅ ਦੇਣਾ ਹੈ। ਇਸ ਦਾ ਮੰਤਵ ਹੇਠਲਿਆਂ ਨੂੰ ਉਤੇ ਕਰਨਾ ਹੈ। ਜੋ ਲੁੱਟੇ ਜਾਂਦੇ ਰਹੇ ਹਨ, ਉਹ ਲੁਟੇਰਿਆਂ ਦਾ ਖਾਤਮਾ ਕਰ ਦੇਣ ਤੇ ਸੰਸਾਰ ਅੰਦਰ ਸਰਮਾਏਦਾਰਾਂ ਦੀ ਥੋੜ੍ਹੀ ਜਿਹੀ ਗਿਣਤੀ ਦੀ ਥਾਂ ਗਰੀਬਾਂ ਦਾ ਰਾਜ ਹੋਵੇ। ਇਨ੍ਹਾਂ ਆਦਰਸ਼ਾਂ ਦਾ, ਸੰਸਾਰ ਦੀਆਂ ਬਾਕੀ ਇਨਕਲਾਬੀ ਪਾਰਟੀਆਂ ਵਾਂਗੂ ਗਦਰ ਪਾਰਟੀ ਉਤੇ ਵੀ ਅਸਰ ਹੋਇਆ।'

ਇਸੇ ਕਰਕੇ ਗਦਰੀ ਬਾਬੇ ਕਮਿਊਨਿਸਟ ਲਹਿਰ ਵੱਲ ਖਿੱਚੇ ਗਏ। 'ਹਲੇਮੀ ਰਾਜ' ਤੇ 'ਬੇਗਮਪੁਰਾ' ਸਮਾਜ ਸਿਰਜਣ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਹੀ ਨਿਸ਼ਾਨਾ ਹੁਣ ਤਕ ਸਿੱਖਾਂ ਨੂੰ ਇਕ ਲੜੀ ਵਿਚ ਪਰੋਅ ਕੇ ਲਗਾਤਾਰ ਸੰਘਰਸ਼ ਕਰਨ ਲਈ ਪ੍ਰੇਰਦਾ ਆਇਆ ਹੈ। ਸੰਤ ਭਿੰਡਰਾਂਵਾਲੇ ਦੇ ਆਪਣੇ ਬਚਨ ਹਨ: 'ਅਨੰਦਪੁਰ ਦਾ ਮਤਾ ਕੇਵਲ ਏਨਾ ਨਹੀਂ ਕਿ ਦੋ ਚਾਰ ਚੀਜ਼ਾਂ- ਪਾਣੀ ਮੰਗ ਲਿਆ, ਬਿਜਲੀ ਮੰਗ ਲਈ, ਕਣਕ ਦਾ ਭਾਅ ਵਧਾ ਲਿਆ, ਏਨਾ ਕੰਮ ਕੇਵਲ ਅਨੰਦਪੁਰ ਦੇ ਮਤੇ ਵਿਚ ਨਹੀਂ ਹੈ। ਅਨੰਦਪੁਰ ਦਾ ਮਤਾ, ਅਨੰਦਪੁਰ ਦੀ ਠੇਰੀ ਉਤੇ ਸਤਿਗੁਰੂ ਜੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਉਨ੍ਹਾਂ ਵਿਚਾਰਾਂ ਦਾ ਆਪਾਂ ਧਾਰਨੀ ਬਣਨਾ ਹੈ।... ਹਲੇਮੀ ਰਾਜ ਪ੍ਰਾਪਤ ਕਰਨ ਦਾ ਨਿਸ਼ਾਨਾ ਤਾਂ ਹੀ ਪ੍ਰਾਪਤ ਹੋਵੇਗਾ, ਜੇ ਕੇਸਰੀ ਨਿਸ਼ਾਨ ਸਾਹਿਬ ਥੱਲੇ ਰਹਾਂਗੇ। ਜੇ ਕਦੇ ਚਿੱਟੀ ਝੰਡੀ ਥੱਲੇ, ਕਦੇ ਹਰੀ ਝੰਡੀ ਥੱਲੇ, ਕਦੇ ਲਾਲ ਝੰਡੀ ਥੱਲੇ ਤੁਰੇ ਫਿਰਦੇ ਰਹੇ ਤਾਂ ਫਿਰ ਘਾਟਾ ਹੀ ਪਵੇਗਾ।... ਚਾਰ ਪੰਜ ਪ੍ਰੇਮੀ ਕਲ੍ਹ ਆਏ ਸੀਗੇ, ਉਹ ਪੁਛਣ ਲਗੇ, ਸੰਤ ਜੀ ਜੇ ਜਗਜੀਤ ਸਿੰਘ ਚੌਹਾਨ ਨੇ ਇੰਗਲੈਂਡ ਤੇ ਅਮਰੀਕਾ ਦੀ ਮਦਦ ਲੈ ਕੇ ਹਿੰਦੁਸਤਾਨ ਉਤੇ ਹਮਲਾ ਕਰ ਦਿਤਾ, ਤੁਸੀਂ ਕੀਹਦੀ ਮਦਦ ਕਰੋਗੇ? ਦਾਸ ਨੇ ਉਤਰ ਦਿਤਾ ਸੀ, 'ਅਸੀਂ ਮਦਦ ਕਰਾਂਗੇ ਸਿੱਖੀ ਸਰੂਪ ਦੀ ਤੇ ਮਜ਼ਲੂਮ ਦੀ।' ਉਨ੍ਹਾਂ ਦਾ ਖਿਆਲ ਸੀ ਕਿ ਕਹਿਣਗੇ, ਮੈਂ ਜਗਜੀਤ ਸਿੰਘ ਦੀ ਮਦਦ ਕਰੂੰਗਾ ਜਾਂ ਹਿੰਦੁਸਤਾਨ ਦੀ। ਉਤਰ ਦਿਤਾ ਸੀ, ਸਿੱਖੀ ਧਰਮ ਦੀ, ਮਜ਼ਲੂਮ ਦੀ ਮਦਦ ਕਰਾਂਗੇ, ਜਿਹੜਾ ਮਜ਼ਲੂਮ ਹੋਇਆ, ਉਹਨੂੰ ਜ਼ਰੂਰ ਗਲ ਨਾਲ ਲਾਵਾਂਗੇ, ਜਿਹੜਾ ਜ਼ਾਲਮ ਐ, ਉਹਨੂੰ ਝਟਕਾਵਾਂਗੇ।'

*(ਸਮਾਪਤ)*

# ਸਾਹਿਤਕ ਠੱਗਾਂ ਦੀਆਂ ਠਿੱਬੀਆਂ




***ਐੱਸ.ਅਸ਼ੋਕ ਭੌਰਾ ਪੰਜਾਬੀ ਸਾਹਿਤਕ ਖੇਤਰ 'ਚ ਇਕ ਜਾਣਿਆ ਪਛਾਣਿਆ ਨਾਮ ਹੈ, 'ਪੰਜਾਬ ਟਾਈਮਜ਼' 'ਚ ਇਸ ਤੋਂ ਪਹਿਲਾਂ ਉਸਨੇ 'ਗੱਲੀਂ ਬਾਤੀਂ', 'ਨੈਣ ਨਕਸ਼', 'ਗੱਲ ਬਣੀ ਕਿ ਨਹੀਂ', 'ਢਾਡੀ ਇਤਿਹਾਸ ਦੇ ਪੰਨੇ', 'ਪੰਜਾਬੀ ਗਾਇਕੀ ਦੇ ਅੰਦਰ ਬਾਹਰ' ਕਾਲਮ ਲਗਾਤਾਰ ਲਿਖੇ ਹਨ। ਇਨ੍ਹਾਂ ਕਾਲਮਾਂ 'ਚ ਉਸਦਾ ਨਵਾਂ ਕਾਲਮ 'ਗਿੱਲ੍ਹਾ ਪੀਹਣ' ਸ਼ੁਰੂ ਕਰਨ ਦੀ ਖੁਸ਼ੀ ਮਹਿਸੂਸ ਕਰ ਰਹੇ ਹਾਂ।***

ਕਈ ਬਿਮਾਰੀਆਂ ਦਾ ਡਾਕਟਰਾਂ ਕੋਲ ਤਾਂ ਕੀ ਕਿਸੇ ਕੋਲ ਵੀ ਇਲਾਜ ਨਹੀਂ ਹੁੰਦਾ।

ਮੈਂ ਮਸਾਂ ਪੰਦਰਾਂ ਕੁ ਸਾਲ ਦਾ ਹੋਵਾਂਗਾ। ਘਰੇ ਇਕ ਚਿੱਠੀ ਆਈ। ਘਰ ਆਇਆ ਤਾਂ ਮਾਂ ਡਰੀ ਬੈਠੀ ਸੀ। ਆਖਣ ਲੱਗੀ, 'ਵੇ ਤੈਂ ਕੀ ਨਵਾਂ ਚੰਦ ਚੜ੍ਹਾ'ਤਾ? ਸਾਡੇ ਘਰ ਸਰਕਾਰੀ ਚਿੱਠੀ ਕਾਹਦੀ ਆ ਗਈ'? ਚਿੱਠੀ ਭਾਸ਼ਾ ਵਿਭਾਗ ਦੀ ਸੀ। ਖੋਲ੍ਹੀ ਤਾਂ ਲਿਖਿਆ ਹੋਇਆ ਸੀ, ਜਲੰਧਰ ਸਮਾਗਮ ਹੈ, ਈਸ਼ਰ ਸਿੰਘ ਅਟਾਰੀ ਦੀ ਪੁਸਤਕ 'ਜ਼ਿਲ੍ਹਾ ਜਲੰਧਰ ਦੀ ਪੰਜਾਬੀ ਸਾਹਿਤ ਨੂੰ ਦੇਣ'। ਤੁਹਾਡੀ ਹਾਜ਼ਰੀ, ਸਾਡਾ ਧੰਨਭਾਗ।

ਡਾ. ਸਾਧੂ ਸਿੰਘ ਹਮਦਰਦ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ ਤੇ ਬਾਕੀ ਤਾਂ ਯਾਦ ਨਹੀਂ ਇਹ ਜ਼ਰੂਰ ਚੇਤੇ ਹੈ ਕਿ ਵਿਭਾਗ ਦੇ ਡਿਪਟੀ ਡਾਇਰੈਕਟਰ ਅਜੀਤ ਸਿੰਘ ਕੱਕੜ ਸਨ। ਮੇਰੇ ਲਈ ਖ਼ੁਸ਼ੀ ਵਾਲੀ ਗੱਲ ਇਹ ਸੀ ਕਿ ਚਿੱਠੀ 'ਚ ਲਿਖਿਆ ਹੋਇਆ ਸੀ, 'ਤੁਹਾਨੂੰ ਆਉਣ ਜਾਣ ਦਾ ਪੰਜਾਹ ਰੁਪਏ ਦਾ ਸੇਵਾ ਫ਼ਲ ਦਿੱਤਾ ਜਾਵੇਗਾ'। ਮਾਂ ਨੂੰ ਦੱਸਿਆ ਤਾਂ ਉਹ ਗੁੱਸੇ 'ਚ ਬੋਲੀ, 'ਤੈਨੂੰ ਪੰਜਾਹ ਰੁਪਏ! ਤੂ ਡੀ.ਸੀ. ਲੱਗਿਆਂ ਹੋਇਆਂ?'

ਖ਼ੈਰ ਸਮਾਗਮ 'ਤੇ ਜਾਣ ਲਈ ਮਾਂ ਤੋਂ ਪੰਜ ਰੁਪਏ ਕਿਰਾਇਆ ਇਹ ਕਹਿ ਕੇ ਲਿਆ ਕਿ ਮੈਂ ਆ ਕੇ ਪੰਜਾਹ ਰੁਪਏ ਦਿਆਂਗਾ। ਅਸਲ 'ਚ ਉਨ੍ਹੀਂ ਦਿਨੀਂ ਮੈਂ ਅਖਬਾਰਾਂ 'ਚ ਮਾੜਾ ਮੋਟਾ ਛਪਣ ਲੱਗ ਪਿਆ ਸੀ, ਸੱਦਾ ਪੱਤਰ ਤਾਂ ਆਇਆ ਸੀ। ਬੰਗਿਆਂ ਤੱਕ ਸਾਈਕਲ 'ਤੇ ਗਿਆ, ਚਾਅ 'ਚ ਹਵਾ ਬਣਿਆ ਫਿਰਾਂ। 1 ਰੁਪਇਆ 20 ਪੈਸੇ ਬੰਗਿਆਂ ਤੋਂ ਜਲੰਧਰ ਤੱਕ ਦਾ ਕਿਰਾਇਆ ਸੀ।

ਜਲੰਧਰ ਨਹਿਰੂ ਗਾਰਡਨ ਰੋਡ 'ਤੇ ਇਕ ਕਾਲਜ 'ਚ ਸਮਾਗਮ ਸੀ। ਖ਼ੂਬ ਚਰਚਾ ਹੋਈ, ਚੰਗੇ ਲੇਖਕ ਆਏ ਹੋਏ ਸਨ ਤੇ ਹੈਰਾਨੀ ਇਹ ਸੀ ਕਿ ਮੈਂ ਵਿਚਾਲੇ ਨਿਆਣਾ ਜਿਹਾ ਫ਼ਸਿਆ ਹੋਇਆ ਸੀ। ਇਹ ਵੀ ਯਾਦ ਹੈ ਕਿ ਉਦੋਂ ਡਾ. ਸਾਧੂ ਸਿੰਘ ਹਮਦਰਦ ਹੁਰਾਂ ਜੇਬ 'ਚੋਂ ਈਸ਼ਰ ਸਿੰਘ ਅਟਾਰੀ ਹੁਰਾਂ ਨੂੰ 500 ਰੁਪਏ ਸਨਮਾਨ ਵਜੋਂ ਦਿੱਤੇ। ਸਮਾਗਮ ਮੁੱਕਿਆ ਤਾਂ ਬਾਹਰ ਗੇਟ 'ਤੇ ਅਜੀਤ ਸਿੰਘ ਕੱਕੜ ਚੋਣਵੇਂ ਲੇਖਕਾਂ ਨੂੰ ਪੈਸੇ ਦੀ ਅਦਾਇਗੀ ਕਰ ਸਨ। ਮੇਰੇ ਨਾਲ ਮੇਰੇ ਇਲਾਕੇ ਦੇ ਕਈ ਲੇਖਕ ਜਿਨ੍ਹਾਂ ਨੂੰ ਸਿਰਫ਼ ਕਾਰਡ ਹੀ ਸੱਦਾ ਪੱਤਰ ਵਜੋਂ ਭੇਜੇ ਗਏ ਸਨ, ਜੀਭ ਦੰਦਾਂ ਹੇਠ ਦੇ ਕੇ ਸੋਚ ਰਹੇ ਸਨ ਕਿ ਇਸ ਜੁਆਕ ਨੂੰ ਪੈਸੇ! ਮੈਂ ਪੈਸੇ ਲਏ ਤਾਂ ਇਕ ਕਹਿਣ ਲੱਗਾ, 'ਸ਼ਲਾਰੂ ਜਿਹੇ ਨੂੰ ਪੈਸੇ'।

ਮੇਰੇ ਨਾਂ ਦੇ ਨਾਲ ਹੀ ਮੋਹਣ ਦੁਸਾਂਝਵੀਂ ਦਾ ਨਾਮ ਲਿਖਿਆ ਹੋਇਆ ਸੀ ਜੋ ਸਾਡੇ ਹਲਕੇ ਦਾ ਚੰਗਾ ਸ਼ਾਇਰ ਸੀ। ਉਹ ਆਇਆ ਹੀ ਨਹੀਂ ਸੀ। ਹੈਰਾਨੀ ਦੀ ਹੱਦ ਇਹ ਸੀ ਕਿ ਮੇਰੇ ਪਿੱਛੇ ਖੜ੍ਹਿਆਂ 'ਚੋਂ ਇਕ ਨੇ ਗੇੜੀ ਦੇ ਕੇ ਆਪਣੇ ਆਪ ਨੂੰ ਮੋਹਣ ਦੁਸਾਂਝ ਵੀ ਬਣਾ ਲਿਆ ਅਤੇ ਪੰਜਾਹ ਰੁਪਏ ਵੀ ਲੈ ਲਏ। ਉਦੋਂ ਕਿਹੜਾ ਕੋਈ ਪਛਾਣ ਪੱਤਰ ਦੇਖਦਾ ਸੀ। ਮੈਨੂੰ ਲੱਗਦਾ ਸੀ ਕਿ ਹੰਢੇ ਵਰਤੇ ਲੇਖਕ ਮੇਰੇ ਤੋਂ ਕਾਫ਼ੀ ਖ਼ਫ਼ਾ ਹਨ। ਅੱਜ ਕੱਲ੍ਹ ਇਨ੍ਹਾਂ 'ਚੋਂ ਇਕ ਅਕਸਰ ਹੀ ਮੈਨੂੰ ਮਿਲਦਾ ਰਹਿੰਦਾ ਹੈ। ਵਾਪਸ ਆਉਣ ਲੱਗੇ ਉਸ ਨੇ ਪੁੱਛਿਆ 'ਕਿੱਦਾਂ ਆਇਆ ਸੀ?' ਮੈਂ ਕਿਹਾ 'ਬੰਗਿਆਂ ਤੱਕ ਸਾਈਕਲ 'ਤੇ, ਫ਼ਿਰ ਬੱਸ 'ਚ ਤੇ ਫ਼ਿਰ ਅੱਗੇ ਰਕਸ਼ੇ 'ਤੇ।'

ਉਹਨੇ ਕਿਹਾ, 'ਆਹ ਤਾਂ ਬੱਸ ਅੱਡਾ ਆ, ਆ ਆਪਾਂ ਪੈਦਲ ਹੀ ਚੱਲਦੇ ਹਾਂ।' ਤੇ ਮੈਂ ਨਾਲ ਹੀ ਤੁਰ ਪਿਆ। ਮੈਂ ਇਹ ਵੀ ਦੱਸ ਦਿਆਂ ਕਿ ਉਨ੍ਹਾਂ 'ਚ ਅੱਜ ਦਾ ਇਕ ਚੰਗਾ ਕਹਾਣੀਕਾਰ ਵੀ ਸੀ ਜੋ ਨਾਲ ਹੀ ਸੀ। ਉਹ ਅੱਗੇ ਆ ਕੇ ਕਹਿਣ ਲੱਗਾ, 'ਸਾਨੂੰ ਤਾਂ ਪੈਸੇ ਮਿਲੇ ਨਹੀਂ! ਤੈਨੂੰ ਪਤਾ ਕਾਹਤੇ ਮਿਲੇ ਆ?'

ਮੈਂ ਕਿਹਾ, 'ਨਹੀਂ'

'ਤੈਨੂੰ ਮਹੀਨੇ ਤੱਕ ਭਾਸ਼ਾ ਵਿਭਾਗ ਨੇ ਕੁਝ ਲਿਖਣ ਲਈ ਕਹਿਣਾ। ਕਮਲਿਆ ਉਹ ਤੈਥੋਂ ਲਿਖਿਆ ਨਹੀਂ ਜਾਣਾ, ਤੇ ਉਨ੍ਹੀਂ ਕਹਿਣਾ ਸਾਡੇ ਪੰਜਾਹ ਰੁਪਏ ਖਜ਼ਾਨੇ 'ਚ ਜਮ੍ਹਾਂ ਕਰਵਾ ਆ। ਤੈਨੂੰ ਖਜ਼ਾਨੇ ਦਾ ਪਤਾ?'

ਮੈਂ ਕਿਹਾ, 'ਨਹੀਂ'।

'ਇਹ ਪਟਿਆਲੇ ਜਮ੍ਹਾਂ ਕਰਵਾਉਣੇ ਪੈਣੇ ਆ' ਉਹਦਾ ਉੱਤਰ ਸੀ।

ਤੈਨੂੰ ਨਿਆਣੇ ਨੂੰ ਕੀ ਪਤੈ। ਮੈਨੂੰ ਫੜਾ ਮੈਂ ਜਮ੍ਹਾਂ ਕਰਵਾ ਦਿਆਂਗਾ।

ਮੈਂ ਨਾਂਹ ਕਰ'ਤੀ। ਕੋਈ ਨੀਂ ਮੈਂ ਆਪੇ ਜਮ੍ਹਾਂ ਕਰਵਾ ਦਿਆਂਗਾ।

ਥੋੜ੍ਹਾ ਜਿਹਾ ਅੱਗੇ ਗਏ ਤਾਂ ਇਕ ਹੋਰ ਕਹਿਣ ਲੱਗਾ, 'ਮੁੰਡਿਆ ਦੇ ਦੇ ਇਹਨੂੰ, ਸਾਨੂੰ ਤਾਂ ਦਿੱਤੇ ਨੀਂ। ਸਰਕਾਰ ਕਮਲੀ ਤਾਂ ਨਹੀਂ ਜਿਹੜੀ ਤੈਨੂੰ ਐਵੇਂ ਦੇ ਰਹੀ ਹੈ।'

ਮੈਂ ਚੁੱਪ ਰਿਹਾ।

ਜਲੰਧਰ ਬੱਸ ਅੱਡੇ ਨੇੜੇ ਆ ਕੇ ਇਕ ਹੋਰ ਕਹਿਣ ਲੱਗਾ, 'ਜੇ ਤੈਥੋਂ ਲਿਖ ਨਾ ਹੋਇਆ ਤਾਂ ਪੰਜਾਹ ਦੇ ਸੱਠ ਲਊ ਸਰਕਾਰ!'

ਮੈਂ ਸੋਚਿਆ ਪਿਓ ਸਿਰ 'ਤੇ ਨਹੀਂ, ਘਰ ਗਰੀਬੀ ਐ, ਇਹ ਚੱਲ ਗਏ ਤਾਂ ਦਿਆਂਗਾ ਕਿੱਥੋਂ? ਤੇ ਮੈਂ ਦੋ ਵੀਹਾਂ ਵੀਹਾਂ ਦੇ ਤੇ ਇਕ ਦਸਾਂ ਦਾ ਨੋਟ ਕਹਾਣੀਕਾਰ ਸਾਬ੍ਹ ਨੂੰ ਫੜਾ ਦਿੱਤੇ।

ਉਹ ਹੱਸ ਪਿਆ ਤੇ ਕਹਿਣ ਲੱਗਾ, 'ਚੰਗਾ ਰਹੇਂਗਾ ਤੇ ਆਹ ਲੈ ਪੰਜ ਰੁਪਏ, ਕਿਰਾਇਆ ਲਾ ਲਵੀਂ।' ਤੇ ਉਹਨੇ ਮੇਰੇ ਖੜ੍ਹੇ ਖੜ੍ਹੇ ਹੀ ਮੇਰੇ ਪੈਸਿਆਂ 'ਚੋਂ ਦੋ ਬੋਤਲਾਂ ਓਲਡ ਮੌਂਕ ਦੀਆਂ ਬੱਸ ਅੱਡੇ ਦੇ ਸਾਹਮਣੇ ਠੇਕੇ ਤੋਂ ਲਈਆਂ ਅਤੇ ਹਾਤੇ 'ਚ ਵੜ ਗਏ।

ਮੈਨੂੰ ਲੱਗਾ ਸੀ ਜਿਵੇਂ ਠੱਗਾਂ ਦੀ ਕਹਾਣੀ ਵਾਂਗ ਮੇਰੇ ਹੱਥਾਂ 'ਚ ਲੇਲੇ ਦਾ ਕਤੂਰਾ ਬਣ ਗਿਆ ਹੋਵੇ।

ਡਰਦੇ ਨੇ ਆ ਕੇ ਮਾਂ ਨੂੰ ਕਹਾਣੀ ਦੱਸੀ ਉਹਨੇ ਵੱਟ ਕੇ ਕੰਨ 'ਤੇ ਚਪੇੜ ਮਾਰ ਕੇ ਕਿਹਾ, 'ਘਰ ਲੁਟਾ ਕੇ ਆ ਗਿਆਂ, ਬੰਦਾ ਬਣ ਕੇ ਪੜ੍ਹ ਲੈ ਨਹੀਂ ਤਾਂ ਲੇਖਕਾਂ ਤੇ ਕਵੀਆਂ ਦਾ ਭੂਤ ਛਿੱਤਰਾਂ ਨਾਲ ਉਤਾਰੂੰ।'

ਮਾਂ ਤਾਂ ਚਲੋ ਚਲੇ ਗਈ, ਇਨ੍ਹਾਂ 'ਮਹਾਨ' ਲੇਖਕਾਂ, ਕਹਾਣੀਕਾਰਾਂ 'ਚੋਂ ਕਈ ਮਿਲਦੇ ਰਹਿੰਦੇ ਨੇ। ਠਿੱਠ ਵੀ ਕਰਦਾ ਰਹਿੰਨਾ, ਫ਼ਿਰ ਕਹਿਣਗੇ, 'ਛੱਡ ਯਾਰ ਉਨ੍ਹਾਂ ਗੱਲਾਂ ਨੂੰ'।

ਲੱਗਦਾ ਨਹੀਂ ਕਿ ਕਈ ਤੁਹਾਡੇ ਖਾਜ ਨਹੀਂ ਕਰਦੇ, ਛਿੱਲ ਸੁੱਟਦੇ ਹਨ।

### ਦੁੰਮਛੱਲਾ

ਅਖ਼ਬਾਰ ਕੋਲ ਪਈ ਸੀ, ਇਕ ਅੱਧਖੜ੍ਹ ਉਮਰ ਦਾ ਬੰਦਾ, ਗੋਡਿਆਂ 'ਚ ਮੂੰਹ ਦੇ ਕੇ ਉੱਚੀ ਉੱਚੀ ਰੋ ਰਿਹਾ ਸੀ।

ਕੋਲ ਦੀ ਪਹਿਲਾਂ ਲੰਘਿਆ ਤਾਂ ਕਹਿਣ ਲੱਗਾ, 'ਮਾਂ ਮਰ ਗਈ ਲੱਗਦੀ ਐ!'

ਦੂਜਾ ਆਇਆ, 'ਤੀਵੀਂ ਪੇਕੇ ਚਲੀ ਗਈ ਹੋਣੀ ਐ ਤਾਂ ਰੋਂਦਾ ਹੋਵੇਗਾ'

ਤੀਜਾ

ਕਹਿੰਦਾ, 'ਘਾਟਾ ਪੈ ਗਿਆ ਹੋਣਾ ਕਿਸੇ ਕੰਮ 'ਚੋਂ'।

ਇਕ ਹੋਰ ਆਇਆ, 'ਸਾਲਾ ਜ਼ੋਰੂ ਦਾ ਗ਼ੁਲਾਮ ਹੋਣਾ।'

ਅੱਗੇ ਇਕ ਆਇਆ, 'ਖ਼ਤਰਨਾਕ ਬਿਮਾਰੀ ਚਿੰਬੜ ਗਈ ਲੱਗਦੀ ਐ!'

ਅਗਲਾ ਆਇਆ, 'ਔਲਾਦ ਬੇਕਾਬੂ ਹੋਣੀ ਐ!'

ਉਸ ਤੋਂ ਅਗਲੇ ਨੇ ਸਿਰੇ ਲਾ'ਤੀ, 'ਅੱਜ ਘੁੱਟ ਪੀਣ ਨੂੰ ਨਹੀਂ ਮਿਲੀ ਲੱਗਦੀ!'

ਉਹਦੇ ਮੋਢੇ 'ਤੇ ਹੱਥ ਰੱਖ ਕੇ ਇਕ ਹੋਰ ਨੇ ਕਿਹਾ, 'ਅਖ਼ਬਾਰ ਕੋਲ ਪਈ ਐ, ਪਤੰਦਰ ਦੀ ਲਾਟਰੀ ਨਹੀਂ ਨਿਕਲੀ ਹੋਣੀ।'

ਤੇ ਉਹ ਦੁਖੀ ਉੱਠ ਕੇ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ...

'ਵੱਡਿਓ ਸਿਆਣਿਓ, ਹੁਣੇ ਖ਼ਬਰ ਪੜ੍ਹੀ ਸੀ, ਧੀ ਦੇ ਪੇਟ 'ਚ ਪਿਓ ਕੰਜਰ ਦੀ ਔਲਾਦ ਪਲ ਰਹੀ ਹੈ, ਗਰਕ ਚੱਲੀ ਦੁਨੀਆਂ, ਤਾਂ ਰੋਨਾਂ।'

ਕਿਸੇ ਕੋਲ ਵੀ ਕੋਈ ਜਵਾਬ ਨਹੀਂ ਸੀ।

## 'ਚੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰੋਬਰ ਬੋਲੇ'

# ਕਾਨੂੰਨ ਮੰਤਰੀ ਵਲੋਂ ਕੁਝ ਸਾਬਕਾ ਜੱਜਾਂ ਲਈ ਸ਼ਬਦ 'ਗੈਂਗ' ਦੀ ਵਰਤੋਂ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

18 ਮਾਰਚ ਨੂੰ ਇਕ ਮੀਡੀਆ ਈਵੈਂਟ ਵਿਚ ਭਾਗ ਲੈਂਦਿਆਂ ਭਾਰਤ ਦੇ ਕੇਂਦਰੀ ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਕੁਝ ਸੇਵਾ-ਮੁਕਤ ਜੱਜਾਂ ਨੂੰ 'ਭਾਰਤ-ਵਿਰੋਧੀ ਗੈਂਗ' ਗਰਦਾਨਿਆ, ਜੋ ਨਿਆਂਪਾਲਿਕਾ ਨੂੰ ਸਰਕਾਰ ਵਿਰੁੱਧ ਕਰਨ ਦੀ ਕੋਸ਼ਿਸ਼ ਹੈ। ਅਸੀਂ ਨਿਆਂਪਾਲਿਕਾ ਦੇ 'ਕੁਝ' ਸਾਬਕਾ ਜੱਜਾਂ ਲਈ ਵਰਤੇ ਇਸ ਅਪਮਾਨਜਨਕ ਸ਼ਬਦ ਨੂੰ ਪੜ੍ਹ ਕੇ ਝਟਕਾ ਮਹਿਸੂਸ ਕੀਤਾ।

ਸਾਨੂੰ ਸਭ ਨੂੰ ਪਤੈ ਕਿ ਗੈਂਗ ਦਾ ਅਰਥ ਕੀ ਹੁੰਦੈ। ਜਿਨ੍ਹਾਂ ਨੂੰ ਨਹੀਂ ਪਤਾ ਤਾਂ ਆਓ ਜ਼ਰਾ ਇਸ ਬਾਰੇ ਜ਼ਿਕਰ ਕਰ ਲਈਏ।

ਅੰਗਰੇਜ਼ੀ ਦੇ ਇਸ ਸ਼ਬਦ ਦਾ ਅਰਥ ਅਸੀਂ ਅਨੇਕਾਂ ਸ਼ਬਦਕੋਸ਼ਾਂ ਵਿਚ ਲੱਭਿਆ। ਇਨ੍ਹਾਂ ਵਿਚ ਮੇਰੀਅਮ-ਵੈੱਬਸਟਰ, ਆਕਸਫੋਰਡ, ਕੈਂਬਰਿਜ, ਕੋਲਿਨਜ਼ ਵਰਗੀਆਂ ਨਾਮੀ ਡਿਕਸ਼ਨਰੀਆਂ ਸ਼ਾਮਲ ਹਨ। ਬੇਸ਼ਕ ਇਨ੍ਹਾਂ ਡਿਕਸ਼ਨਰੀਆਂ ਨੇ ਇਸ ਦਾ ਅਰਥ ਆਪਣੇ ਆਪਣੇ ਅੰਦਾਜ਼ ਵਿਚ ਕੀਤਾ ਹੈ,ਪਰ ਸਭ ਨੇ ਲਾ ਪਾ ਕੇ ਗੈਂਗ ਨੂੰ ਇਕ ਜਰਾਇਮ ਪੇਸ਼ਾ ਲੋਕਾਂ ਦਾ ਸੰਗਠਤ ਗਰੋਹ ਦੱਸਿਐ ਜੋ ਮੁਜਰਮਾਨਾਂ ਜਾਂ ਗੈਰ-ਕਾਨੂੰਨੀ ਗਤੀਵਿਧੀਆਂ ਵਿਚ ਭਾਗ ਲੈਂਦੈ। ਕਈ ਥਾਈਂ ਇਸ ਅਰਥ ਨਾਲ ਸਮਾਜ-ਵਿਰੋਧੀ ਗਤੀਵਿਧੀਆਂ ਵਿਚ ਸ਼ਾਮਿਲ ਹੋਣਾ ਜਾਂ ਅਪਰਾਧੀ ਵਤੀਰੇ ਵਾਲਾ ਟੋਲਾ ਵੀ ਦੱਸਿਆ ਗਿਐ। ਉਪੱਦਰੀ ਆਦਮੀ, ਗੁੰਡਾ, ਬਦਮਾਸ਼ ਆਦਿ ਅਰਥ ਵੀ ਕੀਤੇ ਗਏ ਹਨ!

ਭਾਵੇਂ ਸ਼ਬਦ-ਵਿਗਿਆਨ ਪ੍ਰਾਚੀਨ ਵੇਲਿਆਂ ਵਿਚ ਇਸ ਦਾ ਅਰਥ ਵੱਖਰਾ ਕਰਦੈ, ਪਰ ਅਜੋਕਾ ਅਰਥ ਉਪਰੋਕਤ ਹੀ ਹੈ। ਵੱਖਰੇ ਵੱਖਰੇ ਸਰੋਤਾਂ ਅਨੁਸਾਰ 'ਗੈਂਗ' ਸ਼ਬਦ ਮਿਡਲ ਇੰਗਲਿਸ਼ ਦੇ 'ਗੈਂਗਜਨ', ਓਲਡ ਇੰਗਲਿਸ਼ ਦੇ 'ਗੈਂਗਨ, ਗੈਨ', ਪਰੋਟੋ-ਜਰਮੈਨਿਕ ਦੇ 'ਗੈਨਗਾਨਾ', ਓਲਡ ਨੌਰਸ ਦੇ 'ਗੈਂਗਰ' ਵਿਚੋਂ ਉਪਜਿਐ ਜਿਨ੍ਹਾਂ ਦਾ ਮਤਲਬ 'ਜਾਣਾ, ਚੱਲਣਾ, ਯਾਤਰਾ, ਰਸਤਾ', ਆਦਿ ਹੈ।

ਹੁਣ ਆਪਾਂ ਇਹ ਤਾਂ ਕਹਿਣ ਦੀ ਹਿਮਾਕਤ ਨਹੀਂ ਕਰ ਸਕਦੇ ਕਿ ਸਾਡੇ ਕਾਨੂੰਨ ਮੰਤਰੀ ਨੂੰ 'ਗੈਂਗ' ਸ਼ਬਦ ਦੇ ਅਜੋਕੇ ਅਰਥ ਨਹੀਂ ਆਉਂਦੇ ਹੋਣਗੇ। ਬਲਕਿ ਗੈਂਗ ਸ਼ਬਦ ਤਾਂ ਅੱਜ ਕੱਲ੍ਹ ਸਾਡੀ ਆਪਣੀ ਬੋਲੀ ਵਿਚ ਰਚ-ਮਿਚ ਗਿਐ ਅਤੇ ਬੱਚੇ ਬੱਚੇ ਨੂੰ ਇਸ ਦੇ ਅਰਥ ਪਤੈ!



ਆਓ ਹੁਣ ਜ਼ਰਾ ਕਾਨੂੰਨ ਮੰਤਰੀ ਦੀਆਂ ਕਹੀਆਂ 'ਕੀਮਤੀ' ਗੱਲਾਂ ਉਪਰ ਝਾਤ ਮਾਰ ਲਈਏ। ਉਨ੍ਹਾਂ ਉਸ ਮੀਡੀਆ ਈਵੈਂਟ ਵਿਚ ਕਿਹਾ, 'ਕੁਝ ਕੁ ਸੇਵਾ ਮੁਕਤ ਜੱਜ, ਬੱਸ 3-4 ਕੁ ਹੀ, ਐਕਟੇਵਿਸਟ (ਸੰਸਥਾਗਤ ਕਾਰਕੁਨ) ਹਨ ਜੋ ਭਾਰਤ ਵਿਰੋਧੀ ਗੈਂਗ ਦਾ ਭਾਗ ਹਨ ਅਤੇ ਨਿਆਂਪਾਲਿਕਾ ਨੂੰ ਸਰਕਾਰ ਵਿਰੁੱਧ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਹਨ। ਇਹ ਲੋਕ ਭਾਰਤੀ ਨਿਆਂਪਾਲਿਕਾ ਨੂੰ ਵਿਰੋਧੀ ਪਾਰਟੀ ਦਾ ਰੋਲ ਨਿਭਾਉਣ ਲਈ ਯਤਨਸ਼ੀਲ ਹਨ'। ਮੰਤਰੀ ਜੀ ਨੇ ਹੋਰ ਕਿਹਾ, 'ਕੁਝ ਲੋਕ ਕੋਰਟਾਂ ਵਿਚ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਕ੍ਰਿਪਾ ਕਰ ਕੇ ਸਰਕਾਰ ਉਪਰ ਸ਼ਿਕੰਜਾ ਕੱਸਿਆ ਜਾਵੇ, ਸਰਕਾਰ ਦੀ ਨੀਤੀ ਬਦਲੀ ਜਾਵੇ। ਇਹ ਲੋਕ ਚਾਹੁੰਦੇ ਹਨ ਕਿ ਨਿਆਂਪਾਲਿਕਾ ਵਿਰੋਧੀ ਧਿਰ ਦਾ ਰੋਲ ਨਿਭਾਵੇ, ਜੋ ਕਿ ਹੋ ਨਹੀਂ ਸਕਦਾ'।

ਪਹਿਲਾਂ ਹੀ ਕੌਲਿਜੀਅਮ ਤੋਂ ਤਪੇ ਹੋਏ ਕਾਨੂੰਨ ਮੰਤਰੀ ਚੋਣ ਕਮਿਸ਼ਨ ਬਾਰੇ ਵੀ ਕੌਲਿਜੀਅਮ ਦੀ ਤਰਜ਼ ਉਪਰ ਇਕ ਉੱਚ-ਪੱਧਰੀ 3 ਮੈਂਬਰੀ ਚੋਣ ਕਮੇਟੀ ਬਣਾਏ ਜਾਣ 'ਤੇ ਬਾਹਲੇ ਹੀ ਤੜਿੰਗ ਵਿਚ ਨਜ਼ਰ ਆਏ। ਕੌਲਿਜੀਅਮ ਦਾ ਉਹ ਹਰ ਚੜ੍ਹੇ ਦਿਨ ਵਿਰੋਧ ਕਰਦੇ ਹਨ ਅਤੇ ਹੁਣ ਚੋਣ ਕਮਿਸ਼ਨਰ ਸਬੰਧੀ ਵੀ ਇਕ ਕਿਸਮ ਦੇ ਇਕ ਹੋਰ ਕੌਲਿਜੀਅਮ ਬਣਾਏ ਜਾਣ ਨੇ ਬਲਦੀ ਉਪਰ ਤੇਲ ਦਾ ਕੰਮ ਕੀਤਾ ਹੈ।

ਉਨ੍ਹਾਂ ਕਿਹਾ, 'ਚੋਣ ਕਮਿਸ਼ਨ ਦੀ ਨਿਯੁਕਤੀ ਸੰਵਿਧਾਨ ਵਿਚ ਨਿਰਧਾਰਤ ਹੈ। ਸੰਸਦ ਨੇ ਸੰਵਿਧਾਨ ਅਨੁਸਾਰ ਕਾਨੂੰਨ ਬਣਾਉਣੈ। ਉਸ ਅਨੁਸਾਰ ਹੀ ਨਿਯੁਕਤੀ ਹੋਣੀ ਐ। ਮੈਂ ਮੰਨਦੈਂ ਕਿ ਸੰਸਦ ਨੇ ਇਸ ਬਾਰੇ ਅਜੇ ਕਾਨੂੰਨ ਨਹੀਂ ਪਾਸ ਕੀਤਾ...ਇਕ ਖ਼ਲਾਅ ਦੀ ਸਥਿਤੀ ਹੈ। ਪਰ ਮੈਂ ਜੋ ਕਹਿ ਰਿਹੈਂ ਉਹ ਇਹ ਹੈ ਕਿ ਜੇ ਭਾਰਤ ਦਾ ਨਿਆਂਧੀਸ਼ ਜਾਂ ਹੋਰ ਜੱਜ ਹਰ ਮਹੱਤਵਪੂਰਨ ਨਿਯੁਕਤੀ ਕਰਨ ਲਈ ਬੈਠਣਗੇ ਤਾਂ ਫਿਰ ਨਿਆਂਇਕ ਕੰਮ ਕਾਜ ਅੱਗੇ ਕੌਣ ਚਲਾਏਗਾ? ਦੇਸ਼ ਵਿਚ ਅਨੇਕਾਂ ਪ੍ਰਸ਼ਾਸਨਿਕ ਮਾਮਲੇ ਹਨ। ਸਾਨੂੰ ਇਹ ਦੇਖਣਾ ਹੋਏਗਾ ਕਿ ਜੱਜਾਂ ਨੂੰ ਮੌਲਿਕ ਰੂਪ ਵਿਚ ਅਜਿਹੇ ਮਾਮਲਿਆਂ ਨੂੰ ਨਿਆਂਇਕ ਤੌਰ 'ਤੇ ਨਜਿੱਠਣਾ ਹੋਏਗਾ। ਜੇ ਜੱਜ ਪ੍ਰਸ਼ਾਸਨਿਕ ਮਸਲਿਆਂ ਵਿਚ ਪੈਣਗੇ ਤਾਂ ਉਨ੍ਹਾਂ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਵੇਗਾ ਅਤੇ ਇਸ ਨਾਲ ਨਿਆਂ ਦੇ ਸਿਧਾਂਤ ਉਪਰ ਆਂਚ ਆਵੇਗੀ'।

ਸਾਨੂੰ ਇੱਥੇ ਗੁਰਬਾਣੀ ਦੀ ਇਕ ਪੰਕਤੀ ਯਾਦ ਆ ਗਈ-''ਆਪਿ ਨ ਵੰਞੈ ਸਾਹੁਰੈ ਲੋਕਾਂ ਮਤੀਂ ਦੇ ਸਮਝਾਏ''॥ (ਭਾਈ ਗੁਰਦਾਸ)। ਜਨਾਬ! ਨਿਆਂਪਾਲਿਕਾ ਦੀ ਤੁਹਾਡੇ ਜਿੰਨੀ ਆਲੋਚਨਾ ਤਾਂ ਸ਼ਾਇਦ ਹੀ ਕਿਸੇ ਹੋਰ ਕਾਨੂੰਨ ਮੰਤਰੀ ਨੇ ਕੀਤੀ ਹੋਵੇ! (ਤੇ ਤੁਹਾਡੇ ਨਾਲ ਰਾਜ ਸਭਾ ਦੇ ਚੇਅਰਮੈਨ ਤੇ ਦੇਸ਼ ਦੇ ਉਪ-ਰਾਸ਼ਟਰਪਤੀ ਜੀ ਅਤੇ ਲੋਕ ਸਭਾ ਦੇ ਸਪੀਕਰ ਸਾਹਿਬ ਨੇ ਵੀ ਘੱਟ ਨਹੀਂ ਕੀਤੀ!)

ਖ਼ੈਰ, ਇਕ ਅੱਛੇ ਅਧਿਆਪਕ ਵਾਂਗ ਉਦਾਹਰਨ ਦੇ ਕੇ ਆਪਣੀ ਗੱਲ ਸਮਝਾਉਂਦਿਆਂ ਕਾਨੂੰਨ ਮੰਤਰੀ ਜੀ ਨੇ ਅੱਗੋਂ ਕਿਹਾ, 'ਮੰਨ ਲਓ ਤੁਸੀਂ ਮੁੱਖ ਨਿਆਂਧੀਸ਼ ਜਾਂ ਜੱਜ ਹੋ। ਤੁਸੀਂ ਇਕ ਪ੍ਰਸ਼ਾਸਨਿਕ ਪ੍ਰਕਿਰਿਆ ਦਾ ਹਿੱਸਾ ਹੋ ਜਿਸ ਉਪਰ ਸਵਾਲ ਖੜ੍ਹੇ ਹੋ ਰਹੇ ਹਨ। ਇਹ ਮਾਮਲਾ ਤੁਹਾਡੀ ਅਦਾਲਤ ਵਿਚ ਆਉਂਦੈ। ਕੀ ਤੁਸੀਂ ਉਸ ਮਾਮਲੇ ਬਾਰੇ ਫੈਸਲਾ ਸੁਣਾ ਸਕਦੇ ਹੋ ਜਿਸ ਵਿਚ ਤੁਸੀਂ ਖੁਦ ਸ਼ਾਮਿਲ ਹੋ? (ਅਜਿਹਾ ਕਰਨ ਨਾਲ) ਨਿਆਂ ਦੇ ਸਿਧਾਂਤ ਉਪਰ ਹੀ ਸਮਝੌਤਾ ਹੋ ਜਾਵੇਗਾ। ਇਸ ਕਾਰਨ ਹੀ ਸੰਵਿਧਾਨ ਵਿਚ ਲਕਸ਼ਮਣ ਰੇਖਾ ਬਹੁਤ ਸਪੱਸ਼ਟ ਹੈ। ਮੈਂ ਜੱਜਮੈਂਟ ਦੀ ਆਲੋਚਨਾ ਨਹੀਂ ਕਰ ਰਿਹਾ, ਨਾ ਹੀ ਇਸ ਦੇ ਪੈਣ ਵਾਲੇ ਅਸਰਾਂ ਬਾਰੇ ਕਹਿ ਰਿਹਾਂ ਅਤੇ ਨਾ ਹੀ ਇਹ ਸੁਝਾਅ ਰਿਹਾਂ ਕਿ ਇਸ ਮੁੱਦੇ 'ਤੇ ਸਰਕਾਰ ਕੀ ਕਰਨ ਜਾ ਰਹੀ ਹੈ'।

ਪਰ ਇਸੇ ਹੀ ਪ੍ਰੋਗਰਾਮ ਦੇ ਇਕ ਸੈਸ਼ਨ ਵਿਚ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਨੇ ਇਕ ਵਾਰ ਫਿਰ ਕੌਲਿਜੀਅਮ ਪ੍ਰਣਾਲੀ ਦੇ ਹੱਕ ਵਿਚ ਖੜ੍ਹਦਿਆਂ ਕਿਹਾ ਕਿ 'ਕੋਈ ਵੀ ਪ੍ਰਣਾਲੀ 'ਪਰਫੈਕਟ' (ਪੂਰਨ) ਨਹੀਂ ਹੁੰਦੀ ਪਰ ਕੌਲਿਜੀਅਮ ਦੀ ਇਹ ਪ੍ਰਣਾਲੀ ਉਪਲੱਬਧ ਪ੍ਰਣਾਲੀਆਂ ਵਿਚੋਂ ਸਰਬੋਤਮ ਹੈ'।

ਜੱਜਾਂ ਦੁਆਰਾ ਜੱਜਾਂ ਦੀ ਨਿਯੁਕਤੀ ਦੀ ਹਿਫਾਜ਼ਤ ਕਰਦਿਆਂ ਜਸਟਿਸ ਚੰਦਰਚੂੜ ਨੇ ਕਿਹਾ, 'ਜੇ ਨਿਆਂਪਾਲਿਕਾ ਨੇ ਆਜ਼ਾਦ ਰਹਿਣੈ ਤਾਂ ਇਸ ਦੀ ਬਾਹਰੀ ਅਸਰ-ਅੰਦਾਜ਼ਾਂ (ਦਖਲਾਂ) ਤੋਂ ਹਿਫਾਜ਼ਤ ਕਰਨੀ ਪਵੇਗੀ'।

ਉਨ੍ਹਾਂ ਹੋਰ ਕਿਹਾ, 'ਹਰ ਪ੍ਰਣਾਲੀ ਪੂਰਨ ਨਹੀਂ ਹੁੰਦੀ, ਪਰ ਇਹ ਸਿਸਟਮ (ਕੌਲਿਜੀਅਮ) ਜੋ ਅਸੀਂ ਵਿਕਸਤ ਕੀਤੈ ਸਰਬੋਤਮ ਹੈ। ਪਰ ਮੰਤਵ ਨਿਆਂਪਾਲਿਕਾ ਦੀ ਆਜ਼ਾਦੀ ਦੀ ਹਿਫਾਜ਼ਤ ਕਰਨਾ ਸੀ ਜੋ (ਆਜ਼ਾਦੀ) ਕਿ ਵਡਮੁੱਲਾ ਗੁਣ ਹੈ। ਜੇ ਨਿਆਂਪਾਲਿਕਾ ਦੀ ਆਜ਼ਾਦ ਹਸਤੀ ਬਣਾਈ ਰੱਖਣੀ ਹੈ ਤਾਂ ਸਾਨੂੰ ਇਸ ਨੂੰ ਬਾਹਰੀ ਪ੍ਰਭਾਵਾਂ ਤੋਂ ਬਚਾਉਣਾ ਹੋਵੇਗਾ'।

ਉਨ੍ਹਾਂ ਨੇ ਕਾਨੂੰਨ ਮੰਤਰੀ ਵਲੋਂ ਕੌਲਿਜੀਅਮ ਸਿਸਟਮ ਦੀ ਵਿਰੋਧਤਾ ਬਾਰੇ ਬੜੇ ਹੀ ਸਹਿਜ ਭਾਅ ਨਾਲ ਪ੍ਰਸ਼ਨ-ਕਰਤਾ ਨੂੰ ਪੁੱਛਿਆ ਕਿ "ਪਰਸੈਪਸ਼ਨ ਵਿਚ ਫਰਕ ਹੋਣ ਵਿਚ ਕੀ ਗਲਤ ਹੈ? ਮੈਨੂੰ ਅਜਿਹੇ ਮੱਤਭੇਦਾਂ ਨਾਲ ਸਿਹਤਮੰਦ ਸੰਵਿਧਾਨਕ ਨੀਤੀਵਾਨਤਾ ਨਾਲ ਪੇਸ਼ ਆਉਣਾ ਪਵੇਗਾ। ਮੈਂ ਕਾਨੂੰਨ ਮੰਤਰੀ ਨਾਲ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ, ਸਾਡੇ ਦਰਮਿਆਨ ਪਰਸੈਪਸ਼ਨ ਦਾ ਭੇਦ ਹੋਣਾ ਹੀ ਹੋਣੈ"।

ਜਸਟਿਸ ਚੰਦਰਚੂੜ ਦੀ ਸਹਿਜਤਾ ਹੀ ਉਨ੍ਹਾਂ ਦੀ ਸਿਰੜੀ, ਸਾਹਸੀ ਤੇ ਪਰਪੱਕ ਸੂਝ-ਬੂਝ ਦਾ ਸੰਕੇਤ ਹੈ।

ਪਰ ਓਧਰ ਕਿਰਨ ਰਿਜਿਜੂ ਵੱਲੋਂ ਵਰਤੇ ਗਏ ਸ਼ਬਦ ਬੜੇ ਇਤਰਾਜ਼ਯੋਗ ਅਤੇ ਅਪਮਾਨਜਨਕ ਹਨ, ਬੇਸ਼ੱਕ ਇਹ ਸ਼ਬਦ, ਭਾਵ 'ਭਾਰਤ-ਵਿਰੋਧੀ ਗੈਂਗ', ਕੁਝ ਕੁ ਸੇਵਾ-ਮੁਕਤ ਜੱਜਾਂ ਲਈ ਹੀ ਵਰਤੇ ਗਏ ਹਨ। ਇਹ ਜੱਜ ਵੀ ਸਿਖਰਲੀ ਅਦਾਲਤ 'ਚੋਂ ਹੀ ਸੇਵਾ-ਮੁਕਤ ਹੋਏ ਹਨ ਅਤੇ ਇਨ੍ਹਾਂ ਨੇ ਕੌਲਿਜੀਅਮ ਸਿਸਟਮ ਦੀ ਵਕਾਲਤ ਕੀਤੀ ਸੀ ਜੋ ਸਾਡੇ ਕਾਨੂੰਨ ਮੰਤਰੀ ਪਚਾ ਨਹੀਂ ਸਕੇ। ਖੈਰ, ਕਾਨੂੰਨ ਮੰਤਰੀ ਤਾਂ ਸ਼ਤਰੰਜ ਦੀ ਬਿਸਾਤ ਦਾ ਇਕ ਮੋਹਰਾ ਹੈ, ਚਾਲ ਚੱਲਣ ਵਾਲੇ ਹੱਥ ਤਾਂ ਹੋਰ ਹਨ।

ਸਾਨੂੰ ਇੱਥੇ ਪੰਜਾਬੀ ਦੇ ਇਕ ਗੀਤ ਦੇ ਬੋਲ ਚੇਤੇ ਆ ਰਹੇ ਹਨ-

ਤੂੰ ਨੀ ਬੋਲਦੀ ਰਕਾਨੇ ਤੂੰ ਨੀ ਬੋਲਦੀ
ਤੇਰੇ 'ਚ ਤੇਰਾ ਯਾਰ ਬੋਲਦਾ।

ਵਾਕਿਆ ਹੀ,

'ਚੱਕੀ ਹੋਈ ਲੰਬੜਾਂ ਦੀ ਥਾਣੇਦਾਰ ਦੇ ਬਰੋਬਰ ਬੋਲੇ'!

# ਸਾਧੂਆਂ ਦੀ ਦੁਨੀਆ ਅਤੇ ਸਿਆਸਤ

***ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਇਸ ਕਿਤਾਬ ਵਿਚ ਪੇਸ਼ ਕੀਤੇ ਹਨ। ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਦੀ ਪਹਿਲੀ ਕਿਸ਼ਤ ਹਾਜ਼ਿਰ ਹੈ।***

ਇਸਾਈ ਧਰਮ ਵਾਂਗ ਹਿੰਦੂ ਧਰਮ ਦੀ ਕੇਂਦਰੀ ਕਮਾਂਡ ਨਹੀਂ ਹੈ। ਬਹੁਤ ਸਾਰੇ ਸੰਪਰਦਾਇ ਜਾਂ ਰਵਾਇਤਾਂ ਦੇ ਮੱਠ, ਇਸ ਧਰਮ ਦੀ ਮੁੱਢਲੀ ਪਛਾਣ ਹਨ। ਇਨ੍ਹਾਂ ਦੇ ਸਾਧੂ ਆਮ ਲੋਕਾਂ ਲਈ ਧਾਰਮਿਕ ਆਗੂ ਹਨ। ਉਹ ਆਪਣੀਆਂ ਸਿੱਖਿਆਵਾਂ, ਗੁਰੂ-ਚੇਲਾ ਪਰੰਪਰਾ ਰਾਹੀਂ ਦਿੰਦੇ ਹਨ। ਭਗਤ ਸੋਚਦੇ ਹਨ ਕਿ ਅਜਿਹਾ ਕਰਨ ਨਾਲ ਸਾਡੀ ਖੁਸ਼ਹਾਲੀ ਅਤੇ ਮੁਕਤੀ ਹੁੰਦੀ ਹੈ। ਇਹ ਵਿਸ਼ਨੂੰ ਅਤੇ ਸ਼ਿਵ, ਦੋ ਤਰ੍ਹਾਂ ਦੇ ਹੁੰਦੇ ਹਨ। ਵਿਸ਼ਨੂੰ ਦੇ ਭਗਤ ਰਾਮ ਤੇ ਕ੍ਰਿਸ਼ਨ ਨੂੰ ਦੇਵਤੇ ਮੰਨਦੇ ਹਨ ਅਤੇ ਦੂਜੇ ਸ਼ਿਵ ਨੂੰ ਮੁੱਖ ਦੇਵਤਾ ਮੰਨਦੇ ਹਨ। ਇਹ ਕੁੰਭ ਸਮੇਂ ਅਲਾਹਾਬਾਦ, ਹਰਿਦੁਆਰ, ਨਾਸਿਕ ਅਤੇ ਉਜੈਨ ਵਿਚ ਗੰਗਾ ਇਸਨਾਨ ਕਰਦੇ ਹਨ। ਸ਼ਿਵ ਦੇ ਭਗਤ ਨੰਗੇ ਇਸ਼ਨਾਨ ਕਰਦੇ ਹਨ।

ਅਖਾੜੇ ਦਾ ਭਾਵ ਹੈ ਕੁਸ਼ਤੀ ਵਾਲਾ ਮੈਦਾਨ।



1980 ਤੋਂ ਬਾਅਦ ਇਨ੍ਹਾਂ ਦੇ ਅਖਾੜੇ ਵੀ ਹਥਿਆਰਾਂ ਅਤੇ ਹਰ ਤਰ੍ਹਾਂ ਦੀ ਸ਼ਕਤੀ ਨਾਲ ਲੈਸ ਹੋਣ ਲੱਗੇ ਹਨ। ਪਹਿਲਾਂ ਇਹ ਰਾਜੇ ਮਹਾਰਾਜਿਆਂ ਦੀ ਨੇਤ੍ਰਤਾ ਵਿਚ ਰਹਿੰਦੇ ਸਨ ਪਰ

**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਅੱਜ ਕੱਲ੍ਹ ਇਹ ਕੁੰਭ ਮੇਲੇ ਦੀ ਮੁੱਖ ਸ਼ਕਤੀ ਹਨ।

ਨਾਗਾ, ਸ਼ੈਵ ਅਤੇ ਵੈਸ਼ਨਵ, ਦੋਨੋਂ ਅਖਾੜਿਆਂ ਨਾਲ ਸਬੰਧਿਤ ਹੁੰਦੇ ਹਨ। ਮੁੱਢਲੇ ਤੌਰ 'ਤੇ ਸ਼ੈਵ ਸਾਧੂ ਚੇਲੇ ਬਣਨ ਦੀ ਰਸਮ ਸਮੇਂ ਕੱਪੜੇ ਤਿਆਗ ਦਿੰਦੇ ਹਨ। ਬਾਅਦ ਵਿਚ ਵੈਸ਼ਨਵ ਵਿਚੋਂ ਵੀ ਕੁਝ ਕੱਪੜੇ ਤਿਆਗ ਕੇ (ਖਾਸ ਤੌਰ 'ਤੇ ਕੁੰਭ ਸਮੇਂ) ਨਾਗੇ ਬਣਨ ਲੱਗੇ। ਜਿਹੜੇ ਵੈਸ਼ਨਵ ਕੱਪੜੇ ਨਹੀਂ ਤਿਆਗਦੇ, ਉਹ ਮੱਠ ਅਤੇ ਆਸ਼ਰਮ ਰਾਹੀਂ ਆਪਣੇ ਅਖਾੜੇ ਨਾਲ ਜੁੜੇ ਰਹਿੰਦੇ ਹਨ। ਸ਼ਿਵ ਦੇ ਅਖਾੜੇ ਹੁੰਦੇ ਹਨ। ਅਗਨੀ ਅਖਾੜੇ ਦੇ ਲੋਕ ਬ੍ਰਹਮਚਾਰੀ ਅਖਵਾਉਂਦੇ ਹਨ ਜੋ ਬ੍ਰਾਹਮਣ ਜਾਤ ਵਿਚੋਂ ਆਏ ਹਨ। ਇਨ੍ਹਾਂ ਨੂੰ ਦਸਨਾਮੀ ਅਖਾੜਾ ਵੀ ਕਹਿੰਦੇ ਹਨ ਜੋ ਆਦਿ ਸ਼ੰਕਰ ਦੇ ਚੇਲੇ ਵੀ ਅਖਵਾਉਂਦੇ ਹਨ। ਇਨ੍ਹਾਂ ਦੇ ਨਾਮ ਅਕੱਨਿਆ, ਭਾਰਤੀ, ਗਿਰੀ, ਪਰਬਤ, ਪੁਰੀ, ਸਰਸਵਤੀ, ਸਾਗਰ, ਤੀਰਥ ਤੇ ਵੈਦ, ਸਾਰੇ ਦਸਨਾਮੀ ਅਖਾੜਿਆਂ ਦੀ ਹੀ ਕੁਲ ਹਨ।

ਵੈਸ਼ਨਵ ਵਿਚ ਜੋ ਰਾਮਾਨੰਦਚਾਰਿਆ ਦੀ ਕੁਲ ਵਿਚੋਂ ਹਨ, ਰਾਮਾਨੰਦੀ ਨਾਗੇ ਅਖਵਾਉਂਦੇ ਹਨ। ਇਨ੍ਹਾਂ ਦੇ ਤਿੰਨ ਨਿਰਵਾਣੀ, ਨਿਰਮੋਹੀ ਅਤੇ ਦਿਗੰਬਰ ਅਖਾੜੇ ਹਨ। ਵੈਸ਼ਨਵ ਵੈਰਾਗੀ ਸਾਧੂ ਹਨ, ਚਿੱਟੇ ਕੱਪੜੇ ਪਹਿਨਦੇ ਹਨ। ਮੱਥੇ 'ਤੇ ਤਿੰਨ ਖੜ੍ਹੀਆਂ ਲਾਈਨਾਂ ਲਗਾਉਂਦੇ ਹਨ। ਸ਼ੈਵ ਸੰਨਿਆਸੀ ਸਾਧੂ ਹਨ ਜੋ ਭਗਵੇਂ ਕੱਪੜੇ ਪਹਿਨਦੇ ਹਨ। ਤਿੰਨ ਹੋਰ ਅਖਾੜੇ- ਬੜਾ ਉਦਾਸੀ, ਛੋਟਾ ਉਦਾਸੀ ਤੇ ਨਿਰਮਲਾ, ਦਸਨਾਮੀ ਅਖਾੜੇ ਦੇ ਵੱਧ ਨੇੜੇ ਹਨ।

ਪਹਿਲਾਂ-ਪਹਿਲਾਂ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐੱਚ.ਪੀ.) ਬਹੁਤੇ ਸਾਧੂ ਨਾ ਖਿੱਚ ਸਕੀ ਪਰ ਇਹ ਟਿਕੀ ਰਹੀ। ਹਰਿਦੁਆਰ ਕੁੰਭ ਸਮੇਂ ਇਸ ਦੀਆਂ ਜੜ੍ਹਾਂ ਲੱਗਣ ਲੱਗੀਆਂ। ਸ਼ੈਵ ਸਾਧੂਆਂ ਵਿਚ ਕੁੰਭ ਮੇਲੇ ਨੇ ਇਸ ਦੇ ਵਧਣ-ਫੁੱਲਣ ਵਿਚ ਅਹਿਮ ਯੋਗਦਾਨ ਪਾਇਆ।

1980 ਵਿਚ ਬਾਲਾ ਸਾਹਿਬ ਦੇਵਰਸ ਨੇ ਆਰ.ਐੱਸ.ਐੱਸ. ਦੇ 150 ਧਰਮ ਪ੍ਰਚਾਰਕ ਲਗਾ ਕੇ ਇਸ ਵਿਚ ਨਵੀਂ ਰੂਹ ਫੂਕ ਦਿੱਤੀ। ਵੀ.ਐਚ.ਪੀ. ਨੇ 1982 ਤੱਕ ਸ਼ੈਵ ਅਖਾੜਾ ਹਰਿਦੁਆਰ ਤੋਂ 100 ਧਰਮ ਪ੍ਰਚਾਰਕ ਤਿਆਰ ਕੀਤੇ ਅਤੇ ਵੀ.ਐੱਚ.ਪੀ. ਦਾ ਮਾਰਗ ਦਰਸ਼ਨ ਮੰਡਲ ਮਜ਼ਬੂਤ ਕੀਤਾ। 1984 ਵਿਚ ਰਾਮ ਜਨਮ ਭੂਮੀ ਦੇ ਮਸਲੇ ਦੇ ਆਲੇ ਦੁਆਲੇ ਸਿਆਸੀ ਧਾਰਮਿਕ ਜਨ-ਸਮੂਹ ਆਧਾਰਿਤ ਬਿੰਬ ਸਿਰਜ ਕੇ ਭਦਰਤੀ ਜਨਤਾ ਪਾਰਟੀ (ਬੀ.ਜੇ.ਪੀ.) ਨੂੰ ਪੈਰਾਂ ਸਿਰ ਕਰਨ ਦੀ ਕੋਸ਼ਿਸ਼ ਕੀਤੀ ਜਿਸ ਨਾਲ ਇਹ ਪਾਰਟੀ ਲੋਕ ਸਭਾ 'ਤੇ ਕਾਬਜ਼ ਹੋਣ ਬਾਰੇ ਸੋਚਣ ਲੱਗੀ।

ਲਾਲ ਕ੍ਰਿਸ਼ਨ ਅਡਵਾਨੀ ਦੀ 1990 ਵਾਲੀ ਰੱਥ ਯਾਤਰਾ ਵੀ.ਐੱਚ.ਪੀ. ਲਈ ਵੱਡਾ ਮੋੜ ਸਾਬਤ ਹੋਈ। ਇਸ ਵਿਚ ਵੀ.ਐੱਚ.ਪੀ. ਅਤੇ ਸਾਧੂ ਵਰਗ ਦਾ ਵੱਡਾ ਯੋਗਦਾਨ ਰਿਹਾ। ਵੀ.ਐੱਚ.ਪੀ. ਦਾ ਦਬੰਗਪੁਣਾ ਅਤੇ ਬੀ.ਜੇ.ਪੀ. ਦੀ ਨਰਮ ਨੀਤੀ, ਹਿੰਦੂ ਭਾਵਨਾਵਾਂ ਨੂੰ ਸਮਝਣ ਵਿਚ ਕਾਮਯਾਬ ਰਹੀ। ਇਸ ਨੇ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹ ਕੇ ਬੀ.ਜੇ.ਪੀ. ਲਈ ਸੱਤਾ ਦਾ ਰਾਹ ਅਸਾਨ ਕਰ ਦਿੱਤਾ।

ਵੀ.ਐੱਚ.ਪੀ. ਦੀ ਨੀਤੀ ਸਾਧੂਆਂ ਨੂੰ ਆਰ.ਐੱਸ.ਐੱਸ. ਦੇ ਸਿਆਸੀ ਪ੍ਰੋਜੈਕਟ ਲਈ ਵਰਤਦੇ ਹੋਏ, ਨੈਤਿਕ ਕਦਰਾਂ ਵੀ ਨਾਲ ਲੈ ਕੇ ਚੱਲਣ ਦੀ ਸੀ। ਵੀ.ਐੱਚ.ਪੀ. ਨੇ ਅਜਿਹੇ ਮੁੱਦੇ ਚੁਣੇ ਜਿਨ੍ਹਾਂ ਦੇ ਬਹੁਤ ਸਾਰੇ ਮਤਲਬ ਨਿਕਲਦੇ ਸਨ। ਸਾਧੂ ਹਿੰਦੂ ਸਭਿਆਚਾਰ ਦੇ ਪ੍ਰਚਾਰ ਹਿੱਤ ਉਨ੍ਹਾਂ ਦੀ ਵੱਖ-ਵੱਖ ਤਰ੍ਹਾਂ ਨਾਲ ਵਰਤੋਂ ਕਰਦੇ ਸਨ। ਹਿੰਦੂ ਵਿਚਾਰਧਾਰਾ ਦੇ ਦੋ ਚਿੰਨ੍ਹਾਂ- ਰਾਮ ਤੇ ਦੁਰਗਾ, ਦੀ ਖੂਬ ਵਰਤੋਂ ਕੀਤੀ ਗਈ। ਰਾਮ-ਰਾਜ ਆਦਰਸ਼ਕ ਰਾਜ ਦਾ ਚਿੰਨ੍ਹ ਸੀ। ਹਿੰਦੂ ਸਾਧੂਆਂ ਅਤੇ ਉੱਚ ਕੋਟੀ ਹਿੰਦੂ ਲੀਡਰਾਂ ਲਈ ਅਸਲੀ ਮਕਸਦ ਹਿੰਦੂ ਰਾਸ਼ਟਰ ਸੀ ਨਾ ਕਿ ਧਰਮ-ਨਿਰਪੱਖ ਭਾਰਤ। ਬਾਬਰੀ ਮਸਜਿਦ ਨਸ਼ਟ ਕਰਨਾ ਇਸਲਾਮ ਉੱਪਰ ਹਿੰਦੂਤਵੀ ਸ਼ਕਤੀਆਂ ਦੀ ਜਿੱਤ ਦਾ ਪ੍ਰਤੀਕ ਸੀ। ਸਾਧੂਆਂ ਦੀ ਧਾਰਨਾ ਹੈ ਕਿ ਕਿਸੇ ਵੇਲੇ ਭਾਰਤ ਵਿਚ ਸੁਨਹਿਰੀ ਯੁੱਗ ਸੀ, ਜਦੋਂ ਉਨ੍ਹਾਂ ਦੇ ਪੂਰਵਜ ਹਿੰਦੂ ਯੋਧਿਆਂ ਦਾ ਰਾਜ ਸੀ। ਉਹ ਇਸ ਰਾਜ ਨੂੰ ਲੋਕਾਂ ਦੀ ਮਾਨਸਿਕਤਾ ਵਿਚ ਜਚਾਉਣ ਦਾ ਯਤਨ ਕਰਦੇ ਰਹਿੰਦੇ। ਆਸ਼ਰਮਾਂ/ਅਖਾੜਿਆਂ ਵਿਚ ਨਵੇਂ ਭਰਤੀ ਹੋਣ ਵਾਲੇ ਹਰ ਸਾਧੂ ਨੂੰ ਅਜਿਹਾ ਪਾਠ ਪੜ੍ਹਾਇਆ ਜਾਂਦਾ ਤਾਂ ਕਿ ਉਹ 'ਨਵੇਂ ਭਾਰਤ' ਦੀ ਉਸਾਰੀ ਕਰ ਸਕੇ। ਸਾਧੂਆਂ ਦੇ ਹਥਿਆਰਬੰਦ ਪੂਰਵਜਾਂ ਦੇ ਹੋਰ ਮਨੋਰਥ ਸਨ। ਮੱਧ ਯੁੱਗ ਦੇ ਹਥਿਆਰਬੰਦ ਨਾਗੇ ਬਾਕੀ ਲੜਾਕੂਆਂ ਵਾਂਗ ਕੰਮ ਕਰਦੇ ਸਨ। ਉਹ ਉਦੋਂ ਪੈਸੇ ਲਈ ਅਜਿਹੇ ਕੰਮ ਕਰਦੇ ਸਨ, ਨਾ ਕਿ ਸਿਆਸੀ ਤਾਕਤ ਲਈ। ਉਹ ਗੁਰੀਲਿਆਂ ਵਾਂਗ ਕੰਮ ਕਰਦੇ ਸਨ। ਇਹ ਰਾਜਪੂਤਾਨਾ, ਗੁਜਰਾਤ ਅਤੇ ਹੋਰ ਰਾਜਾਂ ਦੇ ਰਾਜਿਆਂ ਲਈ ਲੜਦੇ ਰਹੇ ਅਤੇ ਇਵਜਾਨੇ ਵਜੋਂ ਜ਼ਮੀਨਾਂ ਤੇ ਸਾਲਾਨਾ ਭੇਟਾ ਪ੍ਰਾਪਤ ਕਰਦੇ ਰਹੇ। ਇਹ ਉਦੈਪੁਰ, ਜੈਪੁਰ, ਜੈਸਲਮੇਰ, ਬੀਕਾਨੇਰ, ਬੜੌਦਾ, ਮਾਰਵਾੜ ਅਤੇ ਭੁੱਜ ਦੇ ਰਾਜਿਆਂ ਦੀ ਸੈਨਾ ਦਾ ਹਿੱਸਾ ਵੀ ਰਹੇ। ਦਸਨਾਮੀ ਅਖਾੜੇ ਦੇ ਰਜਿੰਦਰ ਗਿਰੀ ਗੋਸਾਈਂ, ਅਨੂਪ ਗਿਰੀ ਗੋਸਾਈਂ ਅਤੇ ਉਮਰੋ ਗਿਰੀ ਗੋਸਾਈਂ ਰਜਿੰਦਰ ਗਿਰੀ ਦੇ ਚੇਲੇ ਸਨ। ਉਨ੍ਹਾਂ ਦੀ 4000 ਦੀ ਫੌਜ ਸੀ। 1751-53 ਵਿਚ ਰਜਿੰਦਰ ਗਿਰੀ ਸਫਦਰ ਜੰਗ ਦੇ ਵਜ਼ੀਰ ਅਹਿਮਦ ਸ਼ਾਹ ਅਤੇ ਉਸ ਦੇ ਉਤਰਾਧਿਕਾਰੀ ਸ਼ੁਜਾ-ਉਦ-ਦੌਲਾ ਨੂੰ ਸੇਵਾਵਾਂ ਦਿੰਦੇ ਰਹੇ। ਉਹ ਬਨਾਰਸ ਦੇ ਹਿੰਦੂ ਰਾਜਾ ਬਲਵੰਤ ਸਿੰਘ ਵਿਰੁੱਧ ਮੁਗਲਾਂ ਪ੍ਰਤੀ ਵਫਾਦਾਰ ਰਹੇ। ਜਦੋਂ ਸ਼ੁਜਾ-ਉਦ-ਦੌਲਾ ਅਫਗਾਨਾਂ ਨਾਲ ਮਿਲ ਕੇ ਮਰਾਠਿਆਂ ਵਿਰੁੱਧ ਲੜੇ ਤਾਂ ਨਾਗਾ ਵੀ ਨਾਲ ਸਨ। 1761 ਦੀ ਪਾਣੀਪਤ ਦੀ ਲੜਾਈ ਸਮੇਂ ਅਫਗਾਨ ਫੌਜੀ ਨੰਗੀ ਫੌਜ ਦੇਖ ਕੇ ਘਬਰਾ ਗਏ। ਇਨ੍ਹਾਂ ਦੀ ਨਾਗਾ ਫੌਜ ਨੇ ਮੁਗਲਾਂ, ਪਠਾਣਾਂ, ਰੁਹੇਲਿਆਂ, ਰਾਜਪੂਤਾਂ ਨਾਲ ਮਿਲ ਕੇ 1764 ਵਿਚ ਪਟਨਾ ਅਤੇ ਬਕਸਰ ਦੀ ਲੜਾਈ ਲੜੀ ਪਰ ਅੰਗਰੇਜ਼ਾਂ ਨੇ ਇਨ੍ਹਾਂ ਨੂੰ ਭਾਂਜ ਦਿੱਤੀ। 1764-65 ਵਿਚ ਇਹ ਜਾਟ ਰਾਜੇ ਜਹਾਂਗੀਰ ਸਿੰਘ ਨਾਲ ਰਹੇ। ਫਿਰ ਇਨ੍ਹਾਂ ਨੂੰ ਸ਼ੁਜਾ-ਉਦ-ਦੌਲਾ ਨੇ ਰੱਖ ਲਿਆ। ਇਨ੍ਹਾਂ ਨੇ ਬੁੰਦੇਲਖੰਡ ਅਤੇ ਹੋਰ ਕਈ ਥਾਵਾਂ ਦੀ ਲੁੱਟ-ਮਾਰ ਵੀ ਕੀਤੀ। 1789-1802 ਮਰਾਠਾ ਅਲੀ ਬਹਾਦਰ (ਜੋ ਕ੍ਰਿਸ਼ਨ ਸਿਹੁੰ ਵਜੋਂ ਮਸ਼ਹੂਰ ਸੀ) ਦੀ ਅਗਵਾਈ ਵਿਚ ਇਨ੍ਹਾਂ ਬੁੰਦੇਲਖੰਡ 'ਤੇ ਕਬਜ਼ਾ ਕੀਤਾ ਜਿਸ ਦੀ ਵਾਪਸੀ ਲਈ ਨਾਗਿਆ ਨੂੰ 13 ਲੱਖ ਰੁਪਏ ਇਨਾਮ ਮਿਲਿਆ। ਬਾਅਦ ਵਿਚ ਅਨੂਪ ਗਿਰੀ ਜਿਸ ਨੂੰ 'ਹਿੰਮਤ ਬਹਾਦਰ' ਦਾ ਟਾਈਟਲ ਮਿਲਿਆ ਸੀ, ਦੀ ਸ਼ਮਸ਼ੇਰ ਬਹਾਦਰ ਨੂੰ ਦਬਾਉਣ ਲਈ ਵਰਤੋਂ ਕੀਤੀ। ਇਹ ਦੋਨੋਂ ਭਰਾ ਉੱਤਰ ਵਿਚ ਸਰਗਰਮ ਸਨ। ਬਾਕੀ ਸੰਨਿਆਸੀ ਬੰਗਾਲ ਦੇ ਮੁਸਲਿਮ ਫਕੀਰਾਂ ਨਾਲ ਮਿਲ ਕੇ ਈਸਟ ਇੰਡੀਆ ਕੰਪਨੀ ਨਾਲ ਪੰਗੇ ਲੈ ਰਹੇ ਸਨ। ਅੰਗਰੇਜ਼ਾਂ ਅਤੇ ਰਾਜਿਆਂ ਨੇ ਇਨ੍ਹਾਂ ਦਾ ਰੋਲ ਘਟਾ ਦਿੱਤਾ। ਬਦਲੇ ਵਾਤਾਵਰਨ ਵਿਚ ਇਨ੍ਹਾਂ ਨੇ ਸ਼ਹਿਰੀ ਜ਼ਮੀਨਾਂ 'ਤੇ ਕਬਜ਼ਾ ਕਰ ਲਿਆ। ਦਸਨਾਮੀ ਅਖਾੜੇ ਕੋਲ 2.5 ਲੱਖ ਏਕੜ ਜ਼ਮੀਨ ਦੀ ਮਾਲਕੀ ਹੈ। ਜੂਨਾ ਅਖਾੜੇ ਦਾ ਗੁਜਰਾਤ ਦੀ ਗਿਰਨਾਰ ਪਹਾੜੀ 'ਤੇ ਕਬਜ਼ਾ ਹੈ। ਅੱਜ ਵੀ ਅੱਧਾ ਅਯੁੱਧਿਆ ਅਤੇ ਹਰਿਦੁਆਰ ਵੈਸ਼ਨਵ ਤੇ ਸ਼ਿਵ ਅਖਾੜੇ ਦੇ ਕਬਜ਼ੇ ਹੇਠ ਹੈ। ਇਨ੍ਹਾਂ ਦੀ ਸਿਆਸੀ ਅਖਾੜਿਆਂ ਦੀ ਇੱਛਾ ਕੁੰਭ ਮੇਲੇ ਦੌਰਾਨ ਸ਼ਕਤੀ ਪ੍ਰਦਰਸ਼ਨ ਕਰ ਕੇ ਦਿਖਾਈ ਜਾਂਦੀ ਹੈ।





*ਹਥਿਆਰਬੰਦ ਨਾਗਾ ਸਾਧੂ ਦਾ ਇਕ ਚਿੱਤਰ ਅਤੇ (ਸੱਜੇ) ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਕੁਨ।*

ਸਮਾਂ ਲੰਘਣ ਨਾਲ ਨਾਗਿਆਂ ਦਾ ਇਤਿਹਾਸ ਨਵੀਆਂ ਮਿੱਥਾਂ ਨਾਲ ਪੇਸ਼ ਕੀਤਾ ਗਿਆ। ਇਨ੍ਹਾਂ ਨੂੰ ਮੁਸਲਮਾਨਾਂ ਅਤੇ ਅੰਗਰੇਜ਼ਾਂ ਵਿਰੁੱਧ ਹਿੰਦੂ ਧਰਮ ਨੂੰ ਬਚਾਉਣ ਵਾਲੇ ਯੋਧਿਆਂ ਦੇ ਰੂਪ ਵਿਚ ਪੇਸ਼ ਕੀਤਾ ਗਿਆ।




**ਧੀਰੇਂਦਰ ਕੇ. ਝਾਅ ਦੀ ਅੰਗਰੇਜ਼ੀ 'ਚ ਲਿਖੀ ਕਿਤਾਬ ਦਾ ਮੁਖੜਾ।**

ਸੰਨਿਆਸੀ ਵਿਦਵਾਨ ਮਧੂ ਸੂਦਨ ਸਰਸਵਤੀ ਵੇਲੇ ਦੇ ਸ਼ਾਸਕ ਅਕਬਰ ਕੋਲ ਸੰਨਿਆਸੀਆਂ ਦੀ ਰੱਖਿਆ ਲਈ ਗਿਆ ਸੀ। ਬੀਰਬਲ ਵੀ ਉੱਥੇ ਹਾਜ਼ਰ ਸੀ। ਉਸ ਨੇ ਗੈਰ-ਬ੍ਰਾਹਮਣਾਂ ਦੀ ਭਰਤੀ ਅਤੇ ਰੱਖਿਆ ਕਰਨ ਲਈ ਕਿਹਾ। ਮਧੂ ਸੂਦਨ ਨੇ ਦਸਨਾਮੀ ਅਖਾੜੇ ਵਿਚ ਖੱਤਰੀ ਅਤੇ ਵੈਸ਼ਾਂ ਦੀ ਭਰਤੀ ਕੀਤੀ।

ਰਾਮ ਆਸਰੇ ਦਾਸ 1950 ਦੇ ਨੇੜੇ-ਤੇੜੇ ਗੋਪਾਲ ਗੰਜ ਬਿਹਾਰ ਤੋਂ ਅਯੁੱਧਿਆ ਆਇਆ। ਆਪਣੇ ਗੁਰੂ ਮਹੰਤ ਗਿਰੀਰਾਮ ਦਾਸ ਨਾਲ ਹਨੂੰਮਾਨ ਗੜ੍ਹੀ ਵਿਚ ਰਿਹਾ ਅਤੇ ਨਾਗਾ ਵੈਰਾਗੀ ਬਣ ਗਿਆ। ਫਿਰ ਗੁਰੂ-ਚੇਲਾ ਰਾਮਨੰਦ ਦੇ ਪੁਰਾਣੇ ਮੰਦਰ ਵਿਚ ਚਲਾ ਗਿਆ। ਇਸ ਮੰਦਰ ਦੇ ਨਾਮ ਕਾਫੀ ਜ਼ਮੀਨ ਸੀ। ਗੁਰੂ ਦੀ ਮੌਤ ਤੋਂ ਬਾਅਦ ਉਹ ਮਹੰਤ ਬਣਿਆ। 1984 ਵਿਚ ਉੱਥੇ ਵਧੀਆ, ਵੱਡਾ ਮੰਦਰ ਉਸਾਰਿਆ ਜਿਸ ਨੂੰ ਦਸਰਥ ਗੱਦੀ ਕਿਹਾ ਗਿਆ। ਅਯੁੱਧਿਆ ਵਿਚ ਇਸ ਨੂੰ ਚੌਬੁਰਜੀ ਵੀ ਕਹਿੰਦੇ ਹਨ। ਇਸ ਦੀਆਂ ਚਾਰਦੀਵਾਰਾਂ ਕੋਲ ਚਾਰ ਮੀਨਾਰ ਹਨ। ਬ੍ਰਿਜਮੋਹਨ ਦਾਸ ਉਸ ਦਾ ਚੇਲਾ ਨਹੀਂ ਸੀ। ਉਹ ਆਪਣੇ ਪਿਤਾ ਜੋ ਉੱਥੇ ਕੰਮ ਕਰਦਾ ਸੀ, ਨਾਲ ਰਹਿੰਦਾ ਸੀ। ਮੰਦਰ ਖਿਲਾਫ ਕਈ ਕੇਸ ਸਨ। ਰਾਮ ਆਸਰੇ ਦਾਸ ਨੇ ਉਨ੍ਹਾਂ ਕੇਸਾਂ ਦੀ ਜ਼ਿੰਮੇਵਾਰੀ ਬ੍ਰਿਜਮੋਹਨ ਨੂੰ ਦੇ ਦਿੱਤੀ। 2010 ਵਿਚ ਉਸ ਨੇ ਵਿਸ਼ਵਾਸ ਕਰ ਕੇ ਉਨ੍ਹਾਂ ਕੇਸਾਂ ਦੀ ਪਾਵਰ ਆਫ ਅਟਰਨੀ ਵੀ ਦੇ ਦਿੱਤੀ ਪਰ ਉਸ ਨੇ ਧੋਖੇ ਨਾਲ ਉਸ ਸਮੇਂ ਮੰਦਰ ਦੀ ਟਰਸਟੀਸ਼ਿਪ ਦੇ ਕਾਗਜ਼ਾਂ 'ਤੇ ਵੀ ਦਸਤਖਤ ਕਰਵਾ ਲਏ। ਸਾਲ ਬਾਅਦ ਉਸਹੇ ਰਾਮ ਆਸਰੇ ਦਾਸ ਨੂੰ ਮੰਦਰ ਵਿਚੋਂ ਬਾਹਰ ਕਰ ਦਿੱਤਾ। ਬ੍ਰਿਜਮੋਹਨ ਦਾਸ ਕਹਿੰਦਾ ਹੈ ਕਿ ਰਾਮ ਆਸਰੇ ਦਲਾਲਾਂ ਪਿੱਛੇ ਲੱਗ ਕੇ ਮੰਦਰ ਦੀ ਜਾਇਦਾਦ ਵੇਚਣ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਲਈ ਉਹਨੇ ਅਜਿਹਾ ਕੀਤਾ। ਬ੍ਰਿਜਮੋਹਨ ਨੇ ਉਸ ਦਾ ਖੂਬ ਕੁਟਾਪਾ ਕੀਤਾ: 'ਰਾਮ ਆਸਰੇ ਦਾਸ ਨੇ ਬਜਰੰਗ ਬਲੀ ਦੇ ਦਰਸ਼ਨ ਕੀਤੇ ਅਤੇ 80 ਸਾਲਾ ਬਜ਼ੁਰਗ ਉਨ੍ਹਾਂ ਦੇ ਪੰਜੇ ਵਿਚੋਂ ਛੁੱਟ ਕੇ ਭੱਜ ਗਿਆ'। ਉਹ ਕੁਝ ਸਮਾਂ ਗੋਪਾਲ ਗੰਜ ਪਿੰਡ ਦੇ ਮੰਦਰ ਵਿਚ ਰਿਹਾ ਅਤੇ ਕਦੇ-ਕਦੇ ਅਯੁੱਧਿਆ ਗੇੜਾ ਮਾਰਦਾ ਰਹਿੰਦਾ। 2017 ਵਿਚ 90 ਸਾਲ ਦੀ ਉਮਰ ਵਿਚ ਉਸ ਨੇ ਉਸੇ ਬ੍ਰਿਜਮੋਹਨ ਨਾਲ ਸਮਝੌਤਾ ਕਰ ਲਿਆ ਅਤੇ ਇੱਕ ਖੂੰਜੇ ਵਿਚ ਜਗ੍ਹਾ ਮੱਲ ਲਈ। 8 ਫਰਵਰੀ 2018 ਨੂੰ ਉਸ ਦੀ ਮੌਤ ਹੋ ਗਈ। ਬ੍ਰਿਜ ਮੋਹਨ ਮੰਦਰ ਦੇ ਮਹੰਤ ਦੇ ਨਾਲ-ਨਾਲ ਵੀ.ਐੱਚ.ਪੀ. ਦੀ ਸ਼ਹਿਰੀ ਇਕਾਈ ਦਾ ਪ੍ਰਧਾਨ ਵੀ ਸੀ। ਮੰਦਰਾਂ ਲਈ ਇਹ ਜ਼ਮੀਨ ਅਵਧ ਦੇ ਨਵਾਬ ਅਤੇ ਹੋਰ ਰਾਜਿਆਂ ਨੇ ਦਾਨ ਵਜੋਂ ਦਿੱਤੀ ਸੀ।

ਗੁਰੂ-ਚੇਲੇ ਦੀ ਪਰੰਪਰਾ ਵਿਚ ਉਥਲ-ਪੁਥਲ ਸੀ। ਅਯੁੱਧਿਆ ਦੇ ਬਹੁਤੇ ਸਾਧੂ ਇਸ ਉਥਲ-ਪੁਥਲ ਲਈ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਾਮ ਜਨਮ ਭੂਮੀ ਪ੍ਰੋਜੈਕਟ ਨੂੰ ਜ਼ਿੰਮੇਵਾਰ ਮੰਨਦੇ ਹਨ ਜੋ 1980 ਵਿਚ ਸ਼ੁਰੂ ਹੋਇਆ। 1949 ਦੇ ਮੂਰਤੀ ਰੱਖਣ ਤੋਂ ਬਾਅਦ ਇਹ ਮੁੱਦਾ ਭੁੱਲ-ਭੁਲਾ ਗਿਆ ਸੀ। 17ਗੁਣਾ21ਗੁਣਾ16 ਫੁੱਟ ਦਾ ਚਬੂਤਰਾ ਬਾਬਰੀ ਮਸਜਿਦ ਤੋਂ 100 ਕਦਮ ਦੂਰ ਸਥਿਤ ਸੀ ਜਿਸ ਨੂੰ ਰਾਮ ਚੰਦਰ ਦੀ ਜਨਮ ਭੂਮੀ ਸਮਝ ਕੇ ਕੁਝ ਲੋਕ ਉੱਥੇ ਰਾਮ ਮੰਦਰ ਦੀ ਉਸਾਰੀ ਕਰਨਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਇਸ ਦੀ ਆਗਿਆ ਨਨੀਂ ਸੀ ਦਿੱਤੀ। ਆਜ਼ਾਦੀ ਤੋਂ ਬਾਅਦ ਰਾਮਾਨੰਦੀ ਨਾਗਾ ਅਤੇ ਹਿੰਦੂ ਮਹਾਂਸਭਾ ਲੀਡਰ ਸਾਰੀ ਬਾਬਰੀ ਮਸਜਿਦ 'ਤੇ ਕਬਜ਼ਾ ਕਰਨ ਦੇ ਯੋਗ ਹੋ ਗਏ ਪਰ ਮੂਰਤੀਆਂ ਰੱਖਣ ਤੋਂ ਬਾਅਦ ਅਦਾਲਤੀ ਲੜਾਈ ਸ਼ੁਰੂ ਹੋ ਗਈ ਸੀ।

1984 ਵਿਚ ਦਿੱਲੀ ਵਿਚ ਧਰਮ ਸੰਸਦ ਬੁਲਾ ਕੇ ਰਾਮ ਜਨਮ ਭੂਮੀ ਆਜ਼ਾਦ ਕਰਵਾਉਣ ਦਾ ਮਤਾ ਪਾਸ ਕੀਤਾ ਗਿਆ। ਉਸੇ ਸਾਲ ਜੁਲਾਈ ਵਿਚ ਸ੍ਰੀ ਰਾਮ ਜਨਮ ਭੂਮੀ ਮੁਕਤੀ ਯੋਜਨਾ ਸਮਿਤੀ ਦੀ ਸਥਾਪਨਾ ਵੀ ਕੀਤੀ ਗਈ। ਪਹਿਲੀ ਅਕਤੂਬਰ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਪਣਾ ਖਾੜਕੂ ਵਿੰਗ ਬਜਰੰਗ ਦਲ ਵਿਨੇ ਕਟਿਆਰ ਦੀ ਅਗਵਾਈ ਵਿਚ ਕਾਇਮ ਕੀਤਾ ਜੋ ਪਹਿਲਾਂ ਆਰ.ਐੱਸ.ਐੱਸ. ਪ੍ਰਚਾਰਕ ਸੀ। ਸੀਤਾਮੜ੍ਹੀ (ਬਿਹਾਰ) ਤੋਂ ਚੱਲਿਆ ਜਲੂਸ 6 ਅਕਤੂਬਰ ਨੂੰ ਅਯੁੱਧਿਆ ਪਹੁੰਚਿਆ। ਇਹ ਜਲੂਸ ਰਾਮ ਸੀਤਾ ਦੀਆਂ ਮੂਰਤੀਆਂ ਨਾਲ 'ਭਾਰਤ ਮਾਤਾ ਦੀ ਜੈ' ਦੇ ਨਾਅਰੇ ਹੇਠ ਸ਼ੁਰੂ ਕੀਤਾ ਗਿਆ। ਪੀਟਰ ਵਾਨ ਡੇਰ ਵੀਰ ਅਨੁਸਾਰ 5 ਤੋਂ 7 ਹਜ਼ਾਰ ਤੱਕ ਲੋਕ ਭਾਸ਼ਣ ਸੁਣਨ ਲਈ ਇਕੱਠੇ ਹੋਏ ਜਿਸ ਨੂੰ ਮੀਡੀਆ ਨੇ 50 ਹਜ਼ਾਰ ਤੋਂ ਇੱਕ ਲੱਖ ਦਰਸਾਇਆ। ਇੱਕ ਦਿਨ ਅਯੁੱਧਿਆ ਰੁਕਣ ਤੋਂ ਬਾਅਦ ਇਹ ਉਤਰ ਪ੍ਰਦੇਸ਼ (ਯੂ.ਪੀ.) ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਲਈ ਲਖਨਊ ਰਵਾਨਾ ਹੋਇਆ। ਰਸਤੇ ਵਿਚ ਅਤੇ ਲਖਨਊ ਵਿਚ ਇਕੱਠ ਕਿਤੇ ਵੱਧ ਦੇਖਿਆ ਗਿਆ। ਅਯੁੱਧਿਆ ਵਿਚ ਸਾਧੂਆਂ ਅਤੇ ਆਮ ਹਿੰਦੂਆਂ ਦਾ ਵਿਆਪਕ ਸਮਰਥਨ ਨਾ ਮਿਲਣ ਕਾਰਨ ਵੀ ਵੀ.ਐੱਚ.ਪੀ. ਨੇ ਯੋਜਨਾ ਬਦਲ ਲਈ।

ਫਿਰ 1984 ਵਿਚ ਨਵੰਬਰ ਵਿਚ ਤਿੰਨ ਰਮਾਇਣ ਮੇਲੇ ਲਗਾਏ ਗਏ- ਦੋ ਸਰਕਾਰੀ ਅਤੇ ਇੱਕ ਰਾਮ ਚੰਦਰ ਦਾਸ ਪਰਮਹੰਸ ਵੱਲੋਂ। ਰਾਮ ਚੰਦਰ ਦਾਸ ਪਰਮਹੰਸ ਵੀ.ਐੱਚ.ਪੀ. ਦਾ ਖਾਸ ਆਦਮੀ ਸੀ। ਉਹ ਅਤੇ ਦਿਗੰਬਰ ਅਖਾੜੇ ਦਾ ਮੁਖੀ ਵੈਸ਼ਨਵ ਮੱਤ ਦੇ ਰਾਮਾਨੰਦੀ ਅਖਾੜਿਆਂ ਵਿਚੋਂ ਸਨ, ਉਹ ਭਾਵੇਂ ਸਭ ਤੋਂ ਛੋਟੇ ਅਖਾੜੇ ਦਾ ਮੁਖੀ ਸੀ। ਸਰਕਾਰੀ ਮੇਲਿਆਂ ਵਿਚ ਇਕੱਠ ਚੰਗਾ ਸੀ ਪਰ ਪਰਮਹੰਸ ਦਾ ਮੇਲਾ ਤਾਂ ਅਸਫਲ ਹੀ ਸਮਝੋ। ਵੀ.ਐੱਚ.ਪੀ ਨੇ ਰਾਮ ਜਨਮ ਭੂਮੀ ਟਰਸਟ ਲਈ ਜਗਤ ਗੁਰੂ ਰਾਮਾਨੰਦ ਅਚਾਰੀਆ ਸ਼ਿਵ ਰਾਮ ਅਚਾਰੀਆ ਨੂੰ ਚੇਅਰਮੈਨ ਬਣਾਇਆ। ਸ਼ਿਵਰਾਮ ਅਚਾਰੀਆ ਦੀ ਵੈਸ਼ਨਵ ਅਦਾਰੇ ਵਿਚ ਚੰਗੀ ਇੱਜ਼ਤ ਸੀ। ਵਿਜੈ ਰਾਜਾ, ਬਿਰਲਾ ਸਿੰਧੀਆ, ਸਿੰਘਾਨੀਆ ਆਦਿ ਵੀ ਟਰਸਟ ਨਾਲ ਜੁੜ ਗਏ। ਉਹ ਸਰਕਾਰ ਤੋਂ ਇਸ ਦੀ ਟਰਸਟੀਸ਼ਿਪ/ਟਰਸਟ ਦੇ ਨਾਮ ਆਦਿ ਤਬਦੀਲ ਕਰਨ ਦੀ ਮੰਗ ਕਰਨ ਲੱਗੇ।

ਸ਼ਿਵਰਾਮ ਅਚਾਰੀਆ ਵੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਿਆਸ ਕੀਤੇ ਨਤੀਜੇ ਨਾ ਕੱਢ ਸਕਿਆ, ਭਾਵੇਂ ਉਤਰ ਪ੍ਰਦੇਸ਼ ਦੀਆਂ ਹੋਰ ਥਾਵਾਂ 'ਤੇ ਇਸ ਲਹਿਰ ਨੂੰ ਚੰਗਾ ਹੁਲਾਰਾ ਮਿਲਿਆ। ਫੈਜ਼ਾਬਾਦ ਦੇ ਸੈਸ਼ਨ ਜੱਜ ਵੱਲੋਂ 1986 ਵਿਚ ਬਾਬਰੀ ਮਸਜਿਦ-ਰਾਮ ਜਨਮ ਭੂਮੀ ਦੇ ਗੇਟ ਖੋਲ੍ਹ ਕੇ ਦਰਸ਼ਨਾਂ ਦੀ ਆਗਿਆ ਦੇਣ ਦੇ ਫੈਸਲੇ ਨਾਲ ਇਹ ਮੁਹਿੰਮ ਹੋਰ ਅੱਗੇ ਵਧੀ ਪਰ ਅਯੁੱਧਿਆ ਵਿਚ ਫਿਰ ਵੀ ਕੋਈ ਬਹੁਤਾ ਹੁੰਗਾਰਾ ਨਾ ਮਿਲਿਆ।

ਇਸ ਲਹਿਰ ਨੇ ਮੰਦਰਾਂ ਦਾ ਸਿਆਸੀ ਮੁੱਲ ਵਧਾ ਦਿੱਤਾ। ਇਸ ਲਈ ਮਹੰਤਾਂ ਨੂੰ ਉਸੇ ਕਤਾਰ ਵਿਚ ਖੜ੍ਹਨਾ ਜ਼ਰੂਰੀ ਹੋ ਗਿਆ। ਸਿਆਸਤ ਨੂੰ ਅਜਿਹੇ ਮਹੰਤਾਂ ਦੀ ਲੋੜ ਸੀ। ਇਸ ਲਈ ਡੇਰਿਆਂ 'ਤੇ ਕਬਜ਼ੇ, ਕਤਲ ਆਦਿ ਦੀ ਸ਼ੁਰੂਆਤ ਹੋਈ।

ਸਵਰਗ ਦੁਆਰ ਆਸ਼ਰਮ ਮੰਦਰ ਰਘੁਨੰਦਨ ਦਾਸ ਦੇ ਮਹੰਤ ਨੇ ਦੱਸਿਆ ਕਿ

**(ਬਾਕੀ ਅਗਲੇ ਸਫੇ 'ਤੇ)**

# ਮੇਰੇ ਨਾਟਕ ਤੇ ਰੰਗਮੰਚ ਦਾ ਸਫਰ

ਮੇਰੇ ਰੰਗਮੰਚ ਦਾ ਸਫਰ ਸਕੂਲ ਤੋਂ ਆਰੰਭ ਹੁੰਦਾ ਹੈ। ਪਰ ਉਦੋਂ ਪਤਾ ਹੀ ਨਹੀਂ ਸੀ ਹੁੰਦਾ ਕਿ ਰੰਗਮੰਚ ਕੀ ਹੁੰਦਾ ਹੈ ਤੇ ਇਹ ਕਿਸ ਬਲਾ ਦਾ ਨਾਂ ਹੈ। ਜੇਕਰ ਥੋੜੀ ਖਬਰ ਸੀ ਤਾਂ ਸਿਰਫ ਏਨੀ ਕਿ ਕਿਸੇ ਵੀ ਕਿਤਾਬ ਜਾਂ ਰਸਾਲੇ ਦੇ ਵਰਕੇ ਉਲਟਾਓ ਤੇ ਜਿਹੜੇ ਵੀ ਇਕਾਂਗੀ ਜਾਂ ਨਾਟਕ 'ਤੇ ਤੁਹਾਡੀ ਨਜ਼ਰ ਅਟਕ ਕੇ ਰਹਿ ਜਾਵੇ ਬੱਸ ਖੇਡ ਦਿਓ ਉਹ ਇਕਾਂਗੀ, ਨਾਟਕ। ਜਾਂ ਫਿਰ ਆਪਣੇ ਅਧਿਆਪਕਾਂ 'ਤੇ ਛੱਡ ਦਿੱਤਾ ਜਾਂਦਾ ਸੀ। ਸਭ ਤੋਂ ਪਹਿਲਾ

**ਸੁਖਮਿੰਦਰ ਸੇਖੋਂ**
**98145-07693**

ਇਕਾਂਗੀ ਜੋ ਮੈਨੂੰ ਖੇਡਣ ਦਾ ਸੁਭਾਗ ਪ੍ਰਾਪਤ ਹੋਇਆ ਉਹ ਸੀ ਡਾ. ਹਰਚਰਨ ਸਿੰਘ ਦਾ - ਨਵੀ ਰੌਸ਼ਨੀ। ਨਵਾਂ ਨਕੋਰ ਵਿਸ਼ਾ। ਜੇਕਰ ਪੜ੍ਹਾਈ ਲਿਖਾਈ ਤੇ ਕੁਦਰਤੀ ਸੁੰਦਰਤਾ ਦਾ ਸੁਮੇਲ ਹੋ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਮੈਂ ਤੇ ਰਾਣੀ ਨੇ ਇਸ ਵਿਚ ਪਾਰਟ ਅਦਾ ਕੀਤਾ। ਉਸ ਜ਼ਮਾਨੇ ਦਾ ਇਹ ਇੱਕ ਮਾਡਰਨ ਇਕਾਂਗੀ ਸੀ। ਇਸ ਉਪਰੰਤ ਬਲਵੰਤ ਗਾਰਗੀ ਦਾ 'ਬੇਬੇ' ਸਟੇਜ ਕਰਨ ਦਾ ਅਵਸਰ ਮਿਲਿਆ। ਇਹ ਇਕਾਂਗੀ ਮੈਨੂੰ ਨਿੱਜੀ ਤੌਰ 'ਤੇ ਇਸ ਲਈ ਵੀ ਪਸੰਦ ਸੀ ਕਿ ਇਸ ਵਿਚ ਬੇਬੇ, ਯਾਨੀ ਕਿ ਮਾਂ ਦਾ ਕਿਰਦਾਰ ਬਹੁਤ ਸ਼ਕਤੀਸ਼ਾਲੀ ਸੀ ਤੇ ਮੇਰੇ ਪਿੰਡ ਮੈਨੂੰ ਇਸ ਤਰ੍ਹਾਂ ਦੀਆਂ ਮਾਵਾਂ ਦੇ ਦਰਸ਼ਨ ਹੁੰਦੇ ਰਹਿੰਦੇ ਸਨ। ਪਹਿਲਾਂ ਮੈਨੂੰ ਡਾਇਰੈਕਸ਼ਨ ਦਾ ਕੁਝ ਵੀ ਗਿਆਨ ਨਹੀਂ ਸੀ, ਬੱਸ ਕੇਵਲ ਏਨਾ ਹੀ ਆਉਂਦਾ ਸੀ ਕਿ ਕਿਸੇ ਕਿਤਾਬ ਵਿਚੋਂ ਕੋਈ ਇਕਾਂਗੀ ਵਗੈਰਾ ਪੜ੍ਹੋ ਤੇ ਫਿਰ ਆਪਣੇ ਹਿਸਾਬ ਨਾਲ ਬੱਚਿਆਂ ਨੂੰ ਇਕੱਠਾ ਕਰ ਕੇ ਤੋਤੇ ਵਾਂਗ ਡਾਇਲਾਗ ਯਾਦ ਕਰਵਾ ਦੇਵੋ ਅਤੇ ਪਾਤਰਾਂ ਦੇ ਸੁਭਾਅ ਅਨੁਕੂਲ ਨਕਲ ਕਰ ਕੇ ਖੇਡ ਲਵੋ ਨਾਟਕ। ਹਾਂ, ਜੇਕਰ ਪਤਾ ਸੀ ਤਾਂ ਫਿਲਮੀ ਡਾਇਰੈਕਸ਼ਨ ਦਾ, ਚੂੰਕਿ ਪੋਸਟਰਾਂ ਅਤੇ ਸਕਰੀਨ ਉਤੇ ਡਾਇਰੈਕਟਰ ਦਾ ਨਾਉਂ ਮੋਟੇ ਅੱਖਰਾਂ ਵਿਚ ਉਕਰਿਆ ਹੁੰਦਾ ਸੀ। ਪਰ ਰਫਤਾ ਰਫਤਾ ਇਤਨਾ ਜ਼ਰੂਰ ਸਮਝ ਲਿਆ ਕਿ ਐਕਟਿੰਗ ਜਾਂ ਅਦਾਕਾਰੀ ਕੀ ਹੁੰਦੀ ਹੈ ਤੇ ਮੈਂ ਵੀ ਇਹ ਕਰ ਸਕਦਾ ਹਾਂ। ਸਕੂਲ ਤੋਂ ਬਾਅਦ ਅਗਲੀ ਪੜ੍ਹਾਈ ਦੌਰਾਨ ਨਾਟਕਾਂ ਵਿਚ ਕੰਮ ਕਰਨ ਦਾ ਬਰਾਬਰ ਮੌਕਾ ਮਿਲਦਾ ਰਿਹਾ।

ਉਨ੍ਹਾਂ ਦਿਨਾਂ ਵਿਚ ਹੀ ਮੈਨੂੰ ਕੁਝ ਬੇਹਤਰ ਰੰਗਕਰਮੀਆਂ ਦੇ ਨਾਟਕ ਵੇਖਣ ਦਾ ਮੌਕਾ ਮਿਲਿਆ, ਜਿਨ੍ਹਾਂ 'ਚ ਧਮਕ ਨਗਾਰੇ ਦੀ (ਰਿਪੁਦਮਨ ਕਾਲਜ ਨਾਭਾ), ਲੌਂਗ ਦਾ ਲਿਸ਼ਕਾਰਾ ਅਤੇ ਲੂਣਾ (ਸੈਂਟਰਲ ਲਾਇਬਰੇਰੀ (ਪਟਿਆਲਾ) ਅਤੇ ਅੰਡਰ ਸੈਕਰੇਟਰੀ (ਬੰਬਈ) ਸ਼ਾਮਲ ਸਨ। ਪੰਜਾਬੀ ਭਵਨ ਲੁਧਿਆਣਾ, ਟੈਗੋਰ ਥੀਏਟਰ ਚੰਡੀਗੜ੍ਹ, ਸੈਂਟਰਲ ਲਾਇਬਰੇਰੀ ਪਟਿਆਲਾ ਉਦੋਂ ਡਰਾਮਿਆਂ ਦੇ ਗੜ੍ਹ ਹੁੰਦੇ ਸਨ। ਹਾਂਅ, ਪੰਜਾਬੀ ਤੇ ਪੰਜਾਬ ਯੂਨੀਵਰਸਿਟੀ ਵਿਚ ਵੀ ਨਾਟਕ ਤੇ ਰੰਗਮੰਚ ਸਿਖਾਇਆ ਜਾਂ ਪੜ੍ਹਾਇਆ ਜਾਂਦਾ ਸੀ। ਨਾਟਕ ਮੁਕਾਬਲੇ ਤੇ ਨਾਟ-ਮੇਲੇ ਹੁੰਦੇ ਸਨ। ਗਾਰਗੀ, ਸੇਠੀ, ਟਿਵਾਣਾ ਦਾ ਆਪਣਾ ਰੰਗਮੰਚ ਸੀ ਤੇ ਗੁਰਸ਼ਰਨ ਭਾਜੀ ਦਾ ਆਪਣਾ ਵੱਖਰਾ ਸਟਾਈਲ। ਪੰਜਾਬੀ ਤੋਂ ਇਲਾਵਾ ਦੂਸਰੀਆਂ ਭਾਸ਼ਾਵਾਂ ਦੇ ਨਾਟਕ ਪੜ੍ਹਨ ਤੇ ਪੇਸ਼ਕਾਰੀਆਂ ਦੇਖਣ ਦਾ ਸਬੱਬ ਵੀ ਬਣਦਾ ਰਿਹਾ। ਸ਼ਾਇਦ ਇਸੇ ਦਾ ਨਤੀਜਾ ਹੋਵੇਗਾ ਕਿ ਮੈਥੋਂ ਇਕ ਪੰਜਾਬੀ ਨਾਟਕ ਵੀ ਲਿਖਿਆ ਗਿਆ ਜਿਸਦਾ ਨਾਂ ਸੀ 'ਪਾਗਲ ਕਿਸੇ ਥਾਂ ਦੇ'। ਸੈਂਟਰਲ ਪਬਲਿਕ ਲਾਇਬਰੇਰੀ ਤੇ ਹੋਰ ਥਾਂਵਾਂ 'ਤੇ ਸਟੇਜ ਕੀਤਾ। ਰੰਗਮੰਚ ਤੇ ਨਾਟਕਾਂ ਦੀ ਗੱਡੀ ਵਾਹਵਾ ਚੱਲ ਨਿਕਲੀ। ਗਾਰਗੀ, ਪ੍ਰੋ. ਅਜਮੇਰ ਔਲਖ ਤੇ ਡਾਕਟਰ ਆਤਮਜੀਤ ਰਚਿਤ ਬਹੁਤ ਸਾਰੇ ਨਾਟਕਾਂ ਵਿਚ ਭਾਗ ਲਿਆ ਤੇ ਨਿਰਦੇਸ਼ਨ ਵੀ ਦਿੱਤਾ। ਕਾਲੀਦਾਸ, ਸ਼ੇਕਸਪੀਅਰ ਦੁਬਾਰਾ ਪੜ੍ਹੇ। ਪੰਜਾਬੀ ਨਾਟਕ ਦੇ ਪਿਤਾਮਾ ਈਸ਼ਵਰ ਚੰਦਰ ਨੰਦਾ ਨੂੰ ਵੀ ਮੁੜ ਪੜ੍ਹਿਆ। ਤਾਲਸਤਾਏ, ਚੈਖੋਵ, ਮੁਨਸ਼ੀ ਪ੍ਰੇਮ ਚੰਦ ਆਦਿ ਲੇਖਕਾਂ ਦੀਆਂ ਸਾਹਿਤਕ ਕਿਰਤਾਂ 'ਤੇ ਆਧਾਰਿਤ ਨਾਟਕਾਂ ਦਾ ਵੀ ਹਿੱਸਾ ਬਣਿਆ। ਪਹਿਲੇ ਨਾਟਕ ਤੋਂ ਬਾਅਦ ਹੋਰ ਕੁਝ ਨਾਟਕਾਂ ਨੇ ਵੀ ਮੇਰੀ ਕਲਮ ਤੋਂ ਜਨਮ ਲਿਆ ਮਸਲਨ-ਨਕਾਬਪੋਸ਼, ਹੀਰੋ ਨਹੀਂ ਆਏਗਾ, ਆਓ ਦਫਤਰ ਚੱਲੀਏ, ਜੰਗਲ ਦਾ ਰਾਜ, ਸੁਲਗਦਾ ਸ਼ਹਿਰ, ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਖੂਨੀ ਦਸਤਾਵੇਜ਼ ਆਦਿ। ਇਨ੍ਹਾਂ ਵਿਚੋਂ ਕੁਝ ਨਾਟਕ ਜਨ ਸਾਹਿਤ (ਭਾਸ਼ਾ ਵਿਭਾਗ, ਪੰਜਾਬ), ਜਾਗ੍ਰਤੀ (ਲੋਕ ਸੰਪਰਕ, ਪੰਜਾਬ) ਆਦਿ ਰਸਾਲਿਆਂ ਵਿਚ ਛਪਣ ਦਾ ਸ਼ਰਫ ਹਾਸਲ ਹੋਇਆ ਅਤੇ ਇੱਕ ਨਾਟ-ਸੰਗ੍ਰਿਹ ਹੀਰੋ ਨਹੀਂ ਆਏਗਾ ਵੀ ਪ੍ਰਕਾਸ਼ਿਤ ਹੋਇਆ। ਇਨ੍ਹਾਂ ਨਾਟ-ਰਚਨਾਵਾਂ ਨੂੰ ਪੜ੍ਹ ਕੇ ਦੂਰੋਂ ਨੇੜਿਓਂ ਰੰਗਕਰਮੀਆਂ ਨੇ ਇਨ੍ਹਾਂ ਇਕਾਂਗੀ ਤੇ ਨਾਟਕਾਂ ਨੂੰ ਸਟੇਜ ਪ੍ਰਦਾਨ ਕੀਤੀ। ਉਨ੍ਹਾਂ ਵਿੱਚੋਂ ਕੁਝ ਇੱਕ ਨੇ ਤਾਂ ਇਨਵੀਟੇਸ਼ਨ ਦਿੱਤੀ, ਪਰ ਕਈਆਂ ਨੇ ਤਾਂ ਨਾਟਕਕਾਰ ਤੋਂ ਪਰਵਾਨਗੀ ਲੈਣੀ ਵੀ ਗਵਾਰਾ ਨਾ ਸਮਝੀ। ਬੱਸ ਦੋਸਤਾਂ ਮਿੱਤਰਾਂ ਜਾਂ ਪਰੈੱਸ ਦੇ ਮਾਧਿਅਮ ਰਾਹੀਂ ਹੀ ਪਤਾ ਲੱਗਦਾ ਰਿਹਾ। ਏਥੇ ਮੈਨੂੰ ਮਰਹੂਮ ਨਾਟਕਕਾਰ ਹਰਸ਼ਰਨ ਸਿੰਘ ਦਾ ਸੰਵਾਦ ਚੇਤੇ ਆ ਰਿਹਾ ਹੈ, 'ਦੇਖ ਸੁਖਮਿੰਦਰ, ਤੂੰ ਖੁਸ਼ਕਿਸਮਤ ਏਂ, ਜੋ ਤੇਰੇ ਨਾਟਕ ਇੰਜ ਵੀ ਖੇਡੇ ਜਾਂਦੇ ਨੇ। ਨਹੀਂ ਮਰਨੇ ਬਾਅਦ ਕਿਸ ਭੜੂਏ ਨੇ ਪੁੱਛਣਾ ਜੇ? ਇਹ ਰਾਜ਼ ਉਸ ਮੇਰੇ ਨਾਲ ਉਦੋਂ ਸਾਂਝਾ ਕੀਤਾ ਜਦੋਂ ਉਸ ਮੈਨੂੰ ਪ੍ਰੇਮ ਸਹਿਤ ਆਪਣੀ ਨਾਟਕੀ-ਕਿਤਾਬ ਉਦਾਸ ਲੋਕ ਭੇਟ ਕੀਤੀ ਸੀ।

ਲੋਕ ਨਾਟਕਕਾਰ ਤੇ ਰੰਗਕਰਮੀ ਗੁਰਸ਼ਰਨ ਸਿੰਘ ਜਦ ਵੀ ਮਿਲਦੇ ਤਾਂ ਮੈਨੂੰ ਕਹਿੰਦੇ, 'ਸੁਖਮਿੰਦਰ, ਤੈਨੂੰ ਮੇਰਾ ਕੋਈ ਵੀ ਨਾਟਕ ਖੇਡਣ ਲਈ ਪਰਮੀਸ਼ਨ ਦੀ ਜ਼ਰੂਰਤ ਨਈਂ, ਜਦ ਵੀ ਦਿਲ ਕਰੇ ਖੇਡ ਛੱਡਿਆ ਕਰ-ਮੇਰੇ ਬੋਲਾਂ ਨੂੰ ਹੀ ਮੇਰੇ ਵੱਲੋਂ ਲਿਖੀ ਅਪਰੂਵਲ ਸਮਝੀਂ...। ਪਰ ਇਸਦੇ ਨਾਲ ਹੀ ਹੋਰ ਵੀ ਤਾਕੀਦ ਕਰਦੇ... 'ਤੂੰ ਨਾ ਤਾਂ ਨਾਟਕ ਲਿਖਣਾ ਕਦੇ ਛੱਡੀਂ ਤੇ ਨਾ ਹੀ ਰੰਗਮੰਚ ਦਾ ਸਾਥ...। ਹੋਰ ਨਹੀਂ ਤਾਂ ਆਪਣੀ ਜਾਂ ਕਿਸੇ ਹੋਰ ਕਹਾਣੀਕਾਰ ਦੀ ਕਿਸੇ ਕਹਾਣੀ ਤੋਂ ਹੀ ਨਾਟਕ ਤਿਆਰ ਕਰ ਛੱਡਿਆ ਕਰ...।' ਉਨ੍ਹਾਂ ਦੇ ਨਸੀਹਤ ਭਰੇ ਗਰਜਵੇਂ ਬੋਲ ਅੱਜ ਵੀ ਮੈਨੂੰ ਫਿਜ਼ਾ ਵਿਚ ਗੂੰਜਦੇ ਸੁਣਾਈ ਦਿੰਦੇ ਹਨ। ਬੇਸ਼ੱਕ ਲੇਖਕ-ਮਿੱਤਰ ਮੈਨੂੰ ਹਮੇਸ਼ਾ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਦਾ ਰਚੇਤਾ ਵਧੇਰੇ ਮੰਨਦੇ ਹਨ ਤੇ ਗਾਹੇ ਬਗਾਹੇ ਉਤਸ਼ਾਹ ਵੀ ਦਿੰਦੇ ਰਹਿੰਦੇ ਹਨ ਪ੍ਰੰਤੂ ਇਸ ਦੇ ਬਾਵਜੂਦ ਨਾਟਕ ਤੇ ਰੰਗਮੰਚ ਮੈਥੋਂ ਕਦੇ ਵੀ ਦੂਰ ਨਹੀਂ ਰਿਹਾ। ਬੇਹਤਰ ਨਾਟਕ ਅੱਜ ਵੀ ਪੜ੍ਹਦਾ ਹਾਂ ਤੇ ਰੰਗਮੰਚ ਘਰਾਂ ਵਿਚ ਵੀ ਹੋ ਆਉਂਦਾ ਹਾਂ। ਸ਼ਾਇਦ ਇਸੇ ਦਾ ਸਿੱਟਾ ਹੈ ਕਿ ਅੱਜ ਵੀ ਮੈਂ ਕਦੇ-ਕਦਾਈਂ ਨਾਟਕ-ਸਿਰਜਣ ਦੀ ਕੋਸ਼ਿਸ਼ ਕਰਦਾ ਹਾਂ। ਨਾਟਕ ਤੇ ਰੰਗਮੰਚ ਮੇਰੇ ਸਾਹਵਾਂ ਵਿਚ ਮਹਿਕ ਬਣ ਕੇ ਘੁਲੇ ਹੋਏ ਹਨ। ਕਾਸ਼! ਇਵੇਂ ਹੀ ਨਾਟਕ ਤੇ ਰੰਗਮੰਚ ਨਾਲ ਭੌਰ ਤੇ ਫੁੱਲਾਂ ਦਾ ਰਿਸ਼ਤਾ ਤਾਅ ਉਮਰ ਬਣਿਆ ਰਹੇ।

---

ਅਯੁੱਧਿਆ ਵਿਚ ਮਾਰ-ਧਾੜ ਰਾਹੀਂ ਕੁਝ ਵੀ ਹਾਸਲ ਕੀਤਾ ਜਾ ਸਕਦਾ ਹੈ। 1984 ਵਿਚ ਦਰਭੰਗਾ (ਬਿਹਾਰ) ਵਿਚ ਜਲੂਸ ਦੀ ਅਗਵਾਈ ਕਰਨ ਵਾਲੇ ਇਸ ਮਹੰਤ ਨੇ 3 ਦਹਾਕਿਆਂ ਬਾਅਦ ਮੰਨਿਆ ਕਿ ਵੀ.ਐੱਚ.ਪੀ. ਨੇ ਇਕੱਲਿਆਂ, ਅਯੁੱਧਿਆ ਦੀ ਪਵਿੱਤਰਤਾ ਭੰਗ ਕਰ ਦਿੱਤੀ। ਹਿੰਸਾ, ਪੈਸਾ, ਸਿਆਸੀ ਤਾਕਤ ਨਾਲ ਕਿਸੇ ਵੀ ਆਸ਼ਰਮ ਜਾਂ ਮੰਦਰ ਅੰਦਰ ਗੁੰਡਿਆਂ ਨੂੰ ਸਾਧੂਆਂ ਦੇ ਭੇਸ ਵਿਚ ਭੇਜ ਕੇ ਕਬਜ਼ਾ ਕੀਤਾ ਜਾ ਸਕਦਾ ਹੈ। ਪੁਰਾਣੇ ਮਹੰਤ ਇਸ ਦਾ ਸ਼ਿਕਾਰ ਬਣੇ।

ਇਉਂ ਬਿਹਾਰ ਅਤੇ ਯੂ.ਪੀ. ਦੇ ਗੁੰਡੇ, ਆਸ਼ਰਮਾਂ 'ਤੇ ਕਾਬਜ਼ ਹੋਣ ਲੱਗੇ। ਇਹ ਮੁਹਿੰਮ 6 ਦਸੰਬਰ 1992 ਤੋਂ ਬਾਅਦ ਹੋਰ ਤੇਜ਼ੀ ਫੜ ਗਈ। ਮਹੰਤੀ ਵਪਾਰ ਬਣ ਗਈ। 1950-84 ਤੱਕ ਅਦਾਲਤੀ ਝਗੜੇ ਸਨ। ਧਾਰਮਿਕ ਯਾਤਰੀ ਆਸਥਾ ਨਾਲ ਆਉਂਦੇ ਸਨ। ਰਾਮ ਜਨਮ ਭੂਮੀ ਝਗੜੇ ਬਾਅਦ ਰਾਜਸੀ-ਧਾਰਮਿਕ ਟੂਰਿਜ਼ਮ ਵਧ ਗਿਆ। ਆਸ਼ਰਮ ਧਰਮਸ਼ਾਲਾਵਾਂ ਬਣ ਗਏ। ਜਾਇਦਾਦ ਦੇ ਰੇਟ ਅਸਮਾਨੀਂ ਪਹੁੰਚ ਗਏ।

ਅਯੁੱਧਿਆ ਵਿਚ 90% ਕੇਸ ਗੈਰ-ਕਾਨੂੰਨੀ ਕਬਜ਼ੇ ਦੇ ਹਨ। ਬਹੁਤ ਸਾਰੇ ਮੰਦਰ ਅਪਰਾਧੀਆਂ ਲਈ ਸ਼ਰਨ ਲੈਣ ਦੀ ਜਗ੍ਹਾ ਹਨ। ਆਪਣੇ ਇਲਾਕੇ ਵਿਚ ਅਪਰਾਧ ਕਰ ਕੇ ਇੱਥੇ ਮੰਦਰ ਵਿਚ ਸ਼ਰਨ ਲੈ ਕੇ 10-15 ਸਾਲਾਂ ਵਿਚ ਮਹੰਤ ਬਣ ਗਏ ਤਾਂ ਚੰਗਾ, ਨਹੀਂ ਵਾਪਸ ਚਲੇ ਜਾਂਦੇ ਹਨ। ਕੇਸ ਉਸ ਸਮੇਂ ਤੱਕ ਠੰਢੇ ਪੈ ਜਾਂਦੇ ਹਨ। ਇਹ ਵੈਰਾਗੀਆਂ ਦੀ ਸ਼ਕਲ ਵਿਚ ਘੁੰਮਦੇ ਗੁੰਡੇ, ਆਰ.ਐੱਸ.ਐੱਸ. ਲਈ ਮਨਭਾਉਂਦੀ ਫੌਜ ਹਨ।

ਮੰਦਰਾਂ ਨਾਲ ਜੁੜੀ ਜ਼ਮੀਨ ਮੰਦਰ ਦੇ ਦੇਵਤਾ ਦੇ ਨਾਮ ਹੁੰਦੀ ਹੈ ਅਤੇ ਮਹੰਤ ਉਸ ਦੇ ਰਖਵਾਲੇ ਹੁੰਦੇ ਹਨ। ਹਰ ਡਵੀਜ਼ਨ ਦਾ ਕਮਿਸ਼ਨਰ ਹੀ ਇਸ ਨੂੰ ਵੇਚਣ ਦੀ ਮਨਜ਼ੂਰੀ ਦੇ ਸਕਦਾ ਹੈ ਪਰ ਬਿਨਾ ਮਨਜ਼ੂਰੀ 'ਮੰਦਰ ਦੇ ਭਲੇ' ਦੇ ਨਾਮ ਹੇਠ ਜ਼ਮੀਨ ਦੀ ਖਰੀਦ-ਵੇਚ ਕੀਤੀ ਜਾਂਦੀ ਹੈ। ਆਮ ਰਿਵਾਜ਼ ਅਨੁਸਾਰ ਅਯੁੱਧਿਆ ਦੇ ਮਹੰਤ ਅੱਗੇ ਦੀ ਅੱਗੇ ਗੁਰਗੱਦੀ ਸੌਂਪਣ ਨਾਲ ਜਾਇਦਾਦ ਵੀ ਸਪੁਰਦ ਕਰਦੇ ਜਾਂਦੇ ਹਨ। ਇਸ ਲਈ ਗੁਰੂ-ਚੇਲਾ, ਸਹਿ-ਚੇਲਾ, ਭਤੀਜਾ ਚੇਲਾ, ਗੁਰੂ ਭਰਾ, ਗੁਰੂ ਭੈਣ ਦੇ ਨਾਮ ਕਰ ਦਿੱਤੀ ਜਾਂਦੀ ਰਹੀ ਹੈ। ਇਸ ਵਿਚ ਗੋਦ ਲੈਣ (ਅਡਾਪਸ਼ਨ) ਦਾ ਵੀ ਨਿਯਮ ਹੈ। ਉਸ ਨੂੰ 'ਸਾਧ ਦਾ ਚੇਲਾ' ਬਣਾ ਕੇ ਉਸ ਦੇ ਨਾਮ ਮਹੰਤੀ ਕਰ ਦਿੱਤੀ ਜਾਂਦੀ ਹੈ।

ਜੇ ਕੋਈ ਮਹੰਤ ਬਿਨਾ ਉਤਰਾਧਿਕਾਰੀ ਬਣਾਏ ਮਰ ਜਾਵੇ ਤਾਂ ਉਸ ਅਖਾੜੇ ਦੇ ਮਹੰਤ ਇਕੱਠੇ ਹੋ ਕੇ ਉਸ ਦੇ ਚੇਲਿਆਂ ਵਿਚੋਂ ਮਹੰਤ ਥਾਪਦੇ ਹਨ ਜਿਸ ਨੂੰ ਮਜ਼ਹਰਨਾਮਾ ਕਹਿੰਦੇ ਹਨ। ਇਸ ਦੀ ਸੂਚਨਾ ਭੰਡਾਰਾ ਕਰ ਕੇ ਦਿੱਤੀ ਜਾਂਦੀ ਹੈ ਪਰ ਅੱਜ ਕੱਲ੍ਹ ਮਹੰਤ ਪਹਿਲਾਂ ਥਾਪਿਆ ਜਾਂਦਾ ਹੈ ਅਤੇ ਭੰਡਾਰਾ ਬਾਅਦ ਵਿਚ ਕੀਤਾ ਜਾਂਦਾ ਹੈ।

ਅੱਜ ਕੱਲ੍ਹ ਜਿਸ ਮਹੰਤ ਦੇ ਨਾਮ ਵਸੀਅਤ ਲਿਖੀ ਹੋਵੇ, ਉਸ ਨੂੰ ਵਧੇਰੇ ਖਤਰਾ ਹੋ ਜਾਂਦਾ ਹੈ। ਕਬਜ਼ੇ ਦੇ ਯਤਨ ਆਮ ਹੋ ਗਏ ਹਨ ਸਗੋਂ ਮਰਨ 'ਤੇ ਪੋਸਟ-ਮਾਰਟਮ ਵੀ ਨਹੀਂ ਹੁੰਦਾ, ਸਸਕਾਰ ਵੀ ਨਹੀਂ ਕੀਤਾ ਜਾਂਦਾ, ਸਰੀਰ ਨੂੰ ਸਰਯੂ ਦਰਿਆ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ।

---

ਅਯੁੱਧਿਆ ਦੇ ਕੇਂਦਰ ਵਿਚ ਸਥਿਤ ਹਨੂੰਮਾਨ ਗੜ੍ਹੀ ਨਿਰਵਾਣੀ ਅਖਾੜਾ ਜਿੱਥੇ 600 ਨਾਗੇ ਵੱਖ-ਵੱਖ ਗਰੋਹਾਂ ਵਿਚ ਜ਼ਮੀਨ 'ਤੇ ਕਬਜ਼ੇ ਲਈ ਹਰ ਵਕਤ ਤਿਆਰ ਰਹਿੰਦੇ ਹਨ, ਹੁਣ ਤੱਕ ਕੁਸ਼ਤੀ ਦਾ ਕੇਂਦਰ ਹੁੰਦਾ ਸੀ। ਹੁਣ ਇਹ ਅਸਲ੍ਹੇ ਦੀ ਤਾਕਤ ਦੇ ਜ਼ੋਰ 'ਤੇ ਕਬਜ਼ੇ ਕਰਦੇ ਹਨ। ਸਿਤਾਰਿਆਂ ਦੇ ਮਾਹਿਰ (ਜੋਤਸ਼ੀ) ਹਰਦਿਆਲ ਮਿਸ਼ਰਾ ਅਨੁਸਾਰ, "ਤੁਹਾਡੇ ਲਈ ਅਯੁੱਧਿਆ ਰਾਮ ਜਨਮ ਭੂਮੀ ਹੈ ਪਰ ਨਾਗਿਆਂ ਲਈ ਇਹ ਹਨੂੰਮਾਨ ਦੀ ਭੂਮੀ ਹੈ। ਤੁਸੀਂ ਇੱਥੇ ਭੇਟਾਂ ਚੜ੍ਹਾਉਣ ਲਈ ਆਉਂਦੇ ਹੋ। ਉਹ ਸਾਰਾ ਕੁਝ ਖੋਹਣ ਲਈ ਮੌਜੂਦ ਹਨ। ਪਹਿਲਾਂ ਉਹ ਮਹੰਤ ਦੇ ਸਰੀਰ 'ਤੇ ਕਬਜ਼ਾ ਕਰਦੇ ਹਨ ਤੇ ਫਿਰ ਅੰਦਰ ਦੀ ਜ਼ਮੀਨ 'ਤੇ। ਜਦੋਂ ਕੋਈ ਮਹੰਤ ਮਰ ਜਾਂਦਾ ਹੈ ਤਾਂ ਕੇਸ ਅਨੁਸਾਰ 10 ਤੋਂ 100 ਤੱਕ ਨਾਗੇ ਉਸ ਮੰਦਰ ਵਿਚ ਪਹੁੰਚ ਜਾਂਦੇ ਹਨ। ਮ੍ਰਿਤ ਸਰੀਰ 'ਤੇ ਕਬਜ਼ਾ ਕਰ ਕੇ ਸਰੋਵਰ ਵਿਚ ਤੈਰਾ ਦਿੰਦੇ ਹਨ। ਇਹ ਅੰਤਿਮ ਰਸਮਾਂ ਢੋਲ-ਢਮੱਕੇ ਨਾਲ ਨਹੀਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਬਾਕੀਆਂ ਨੂੰ ਪਤਾ ਨਾ ਲੱਗ ਸਕੇ ਕਿ ਕੌਣ 'ਅਸਲੀ ਚੇਲਾ' ਹੈ। ਤੁਰੰਤ ਮਜ਼ਹਰਨਾਮਾ ਤਿਆਰ ਕਰ ਕੇ ਉਸ ਨੂੰ ਉੱਤਰਾਧਿਕਾਰੀ ਥਾਪ ਦਿੱਤਾ ਜਾਂਦਾ ਹੈ। ਉਸ ਨੂੰ 'ਸਾਧੂ ਕਾ ਚੇਲਾ' ਕਰਾਰ ਦਿੱਤਾ ਜਾਂਦਾ ਹੈ। ਇੰਸ ਤਰ੍ਹਾਂ ਉਨ੍ਹਾਂ ਕੇਸਾਂ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਵਸੀਅਤ ਨਾ ਹੋਵੇ। ਫੈਜ਼ਾਬਾਦ ਦੀ ਅਦਾਲਤ ਵਿਚ ਅਜਿਹੇ ਮੁਕੱਦਮਿਆਂ ਦਾ ਹੜ੍ਹ ਆਇਆ ਹੋਇਆ ਹੈ। ਅਸਲੀ ਵਾਰਸ ਮਜਬੂਰ ਹੋ ਜਾਂਦੇ ਹਨ। ਹਨੂੰਮਾਨ ਗੜ੍ਹੀ ਦੇ ਨਾਗੇ ਇੰਨੇ ਤਾਕਤਵਰ ਹਨ ਕਿ ਉਨ੍ਹਾਂ ਨੂੰ ਹਰਾਉਣਾ ਸੌਖਾ ਨਹੀਂ।



ਅਯੁੱਧਿਆ ਵਿਚ ਸਥਿਤ ਹਨੂੰਮਾਨ ਗੜ੍ਹੀ ਮੰਦਰ ਦੀ ਝਲਕ।

80 ਸਾਲਾ ਰਾਮਰੂਪ ਦਾਸ ਨੇ 'ਰੰਗ ਨਿਵਾਸ ਮੰਦਰ' ਦੀ ਮਾਲਕੀ ਆਪਣੇ ਚੇਲੇ ਰਘੂਨਾਥ ਦਾਸ ਨੂੰ ਦਹਾਕਾ ਪਹਿਲਾ ਸੌਂਪ ਦਿੱਤੀ। ਉਹ ਆਪ ਸਮਸਤੀਪੁਰ (ਬਿਹਾਰ) ਵਿਚ ਚੁੱਪ-ਚਾਪ ਰਹਿਣ ਲੱਗ ਪਿਆ। 2 ਫਰਵਰੀ 2013 ਨੂੰ ਰਘੂਨਾਥ ਦਾਸ ਬਿਨਾ ਵਸੀਅਤ ਲਿਖੇ ਮਰ ਗਿਆ (ਦਿਲ ਦਾ ਦੌਰਾ)। ਹਨੂੰਮਾਨ ਗੜ੍ਹੀ ਨਾਗੇ ਮਨਮੋਹਨ ਦਾਸ ਦੀ ਅਗਵਾਈ ਵਿਚ ਆਏ ਅਤੇ ਆਪਣੇ ਆਪ ਨੂੰ ਉਸ ਦਾ ਗੁਰੂ ਭਾਈ 'ਗੁਰ ਦਾ ਚੇਲਾ' ਕਰਾਰ ਦੇ ਕੇ 100 ਵਿੱਘੇ ਜ਼ਮੀਨ 'ਤੇ ਕਬਜ਼ਾ ਕਰ ਲਿਆ। ਮਨਮੋਹਨ ਦਾਸ ਅਯੁੱਧਿਆ ਦਾ ਮੁੱਖ ਬੀ.ਜੇ.ਪੀ. ਆਗੂ ਹੈ।

ਰਘੂਨਾਥ ਦਾਸ ਦਾ ਗੁਰੂ ਰਾਮਰੂਪ ਦਾਸ ਉਸ ਦੀ ਮੌਤ ਦੀ ਖਬਰ ਸੁਣ ਕੇ ਅਯੁੱਧਿਆ ਆ ਗਿਆ। ਉਸ ਨੂੰ ਮੰਦਰ ਵਿਚ ਦਾਖਲ ਨਾ ਹੋਣ ਦਿੱਤਾ ਗਿਆ। ਉਹ ਅਰਜਨ ਦਾਸ ਜੋ ਗਿਰੀ ਨਿਵਾਸ ਰਾਮਾਨੁਜ ਸੰਸਕ੍ਰਿਤ ਕਾਲਜ ਵਿਚ ਸੰਸਕ੍ਰਿਤ ਪੜ੍ਹਾਉਂਦੇ ਸਨ, ਨੂੰ ਮਿਲਿਆ। ਉਨ੍ਹਾਂ ਵਿਚਕਾਰ ਸਮਝੌਤਾ ਹੋ ਗਿਆ ਕਿ ਰਘੂਨਾਥ ਦਾਸ ਦੀ ਮੌਤ ਤੋਂ ਬਾਅਦ ਉਹ ਮਹੰਤ ਬਣੇਗਾ। ਉੱਧਰ ਮਨਮੋਹਨ ਦਾਸ ਨੇ ਮੰਦਰ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਰਾਜ ਕੁਮਾਰ ਦਾਸ ਨੂੰ ਸੌਂਪ ਦਿੱਤਾ ਜੋ ਕਈ ਕਤਲਾਂ ਦਾ ਦੋਸ਼ੀ ਸੀ। ਬੱਸ ਕਾਨੂੰਨੀ ਲੜਾਈ ਸ਼ੁਰੂ ਹੋ ਗਈ। ਲੱਗਦਾ, ਰਾਮਰੂਪ ਦਾਸ ਨੂੰ ਮੰਦਰ ਦੀ ਮਾਲਕੀ ਵਾਪਸ ਨਹੀਂ ਮਿਲੇਗੀ, ਭਾਵੇਂ ਕੇਸ ਰਾਜ ਕੁਮਾਰ ਜਿੱਤੇ ਜਾਂ ਅਰਜਨ ਦਾਸ।

ਹਨੂਮਾਨਗੜ੍ਹੀ ਦੇ ਨਾਗਿਆਂ ਦਾ ਅਯੁੱਧਿਆ ਦੀ ਅੱਧੀ ਜ਼ਮੀਨ 'ਤੇ ਕਬਜ਼ਾ ਹੈ। ਹਨੂਮਾਨਗੜ੍ਹੀ ਪੰਚਾਇਤੀ ਸਿਸਟਮ ਨਾਲ ਚੱਲਦਾ ਹੈ। ਇਸ ਦੀਆਂ ਚਾਰ ਪੱਤੀਆਂ- ਉਜਾਨੀਆਂ, ਬਸੰਤੀਆਂ, ਸੰਗਰੀਆਂ ਅਤੇ ਹਰਦੁਆਰੀ ਹਨ। ਨਾਗਾ ਜ਼ਮੀਨ ਦੇ ਮਾਲਕ ਨਹੀਂ ਹੋ ਸਕਦੇ ਪਰ ਉਹ ਇਸ ਜ਼ਮੀਨ ਤੋਂ ਮੁਨਾਫਾ ਹਾਸਲ ਕਰਦੇ ਰਹਿੰਦੇ ਹਨ।

ਇਨ੍ਹਾਂ ਵਿਚੋਂ ਹਰੀ ਸ਼ੰਕਰ ਦਾਸ ਆਪਣੀ ਮੌਤ, ਪਹਿਲੀ ਮਾਰਚ 2017 ਤੱਕ ਸਭ ਤੋਂ ਤਾਕਤਵਰ ਮਹੰਤ ਸੀ। ਉਸ ਦੇ ਚੇਲੇ ਮੁਰਾਰੀ ਦਾਸ ਨੇ ਉਸ ਨੂੰ ਸਾਜ਼ਿਸ਼ ਤਹਿਤ ਮਰਵਾ ਦਿੱਤਾ। ਉਸ ਉਤੇ ਪਹਿਲਾ ਹਮਲਾ 28 ਅਕਤੂਬਰ 2008 ਨੂੰ ਬਾਰਾਬੰਕੀ (ਉਤਰ ਪ੍ਰਦੇਸ਼) ਦੇ ਇੱਕ ਮੰਦਰ ਵਿਚ ਹੋਇਆ ਜਿਸ ਦੇ ਨਾਮ 150 ਏਕੜ ਉਪਜਾਊ ਜ਼ਮੀਨ ਹੈ। ਹਰੀ ਸ਼ੰਕਰ ਦਾਸ 1958 ਵਿਚ ਕੁਸ਼ਤੀ ਸਿੱਖਣ ਲਈ ਅਯੁੱਧਿਆ ਆਇਆ ਸੀ ਪਰ ਉਸ ਨੂੰ ਪਹਿਲਾਂ ਨਾਗਾ ਬਣਨਾ ਪਿਆ। ਉਹ ਤਕੜਾ ਭਲਵਾਨ ਬਣ ਗਿਆ। ਜਿਸ ਬੰਦੇ ਨੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ, ਉਹ ਵੀ ਉਸ ਦਾ ਚੇਲਾ ਸੀ। ਉਸ ਨੇ ਉਸ ਨੂੰ ਭਲਵਾਨੀ ਸਿਖਾਈ। ਉਹ ਵੀ ਤਕੜਾ ਭਲਵਾਨ ਸੀ ਪਰ ਉਹ ਕਿਸੇ ਔਰਤ ਕਾਰਨ ਨਾਗਾਪਣ ਛੱਡਣ ਲੱਗਿਆ। ਹਰੀ ਸ਼ੰਕਰ ਨੇ ਵਰਜਿਆ ਅਤੇ ਉਸ ਨੂੰ ਉਤਰਾਧਿਕਾਰੀ ਬਣਾਉਣ ਬਾਰੇ ਕਿਹਾ। ਇਸ ਲਈ ਉਹ ਉਸ ਦੇ ਹੀ ਖਿਲਾਫ ਹੋ ਗਿਆ। ਉਂਝ ਉਹ ਬੰਦਾ ਮਾੜਾ ਨਹੀਂ ਸੀ।

2013 ਵਿਚ ਅਲਾਹਾਬਾਦ ਹਾਈਕੋਰਟ ਨੇ ਵਧਦੇ ਕੇਸਾਂ ਦੀ ਗਿਣਤੀ ਦੇਖ ਕੇ ਇਨ੍ਹਾਂ ਕੇਸਾਂ ਲਈ ਸੀਨੀਅਰ ਬਿਊਰੋਕਰੇਟ ਲਗਾਉਣ ਦਾ ਸੁਝਾਅ ਦਿੱਤਾ ਜਾਂ ਵਿਸ਼ਵਨਾਥ ਮੰਦਰ ਵਾਰਾਨਸੀ ਵਾਂਗ ਟਰਸਟ ਬਣਾਉਣ ਬਾਰੇ ਕਿਹਾ। ਹਨੂੰਮਾਨ ਗੜ੍ਹੀ ਦੇ ਮਹੰਤ, ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬੀ.ਜੀ.ਪੀ. ਦੇ ਆਗੂਆਂ ਨੇ ਕਾਂਗਰਸ ਨੂੰ ਬਿਨਾ ਮਤਲਬ ਮੰਦਰ ਦੇ ਝਗੜਿਆਂ ਵਿਚ ਨਾ ਉਲਝਣ ਦੀ ਨਸੀਹਤ ਦਿੱਤੀ ਅਤੇ ਸੁਪਰੀਮ ਕੋਰਟ ਤੋਂ ਅਲਾਹਾਬਾਦ ਹਾਈਕੋਰਟ ਦੇ ਫੈਸਲੇ ਖਿਲਾਫ ਸਟੇਅ ਲੈ ਆਂਦੀ।

ਇੱਕ ਹੋਰ ਮੰਦਰ ਜੋ ਝਗੜੇ ਦੀ ਜੜ੍ਹ ਹੈ, ਉਹ ਹੈ ਮਨੀ ਰਾਮ ਦੀ ਛਾਉਣੀ ਜਿਸ ਨੂੰ ਛੋਟੀ ਛਾਉਣੀ ਵੀ ਕਹਿੰਦੇ ਹਨ। 200 ਦਿਗੰਬਰੀ ਨਾਗੇ ਇੱਥੇ ਰਹਿੰਦੇ ਹਨ। ਨਿਤਿਆ ਗੋਪਾਲ ਦਾਸ ਜੋ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਮੁੱਖ ਆਗੂ ਹੈ, ਇਸ ਡੇਰੇ ਦਾ ਸੰਚਾਲਕ ਹੈ। ਉਹ ਰਾਮ ਜਨਮ ਭੂਮੀ ਨਿਆਸ ਦਾ ਵੀ ਮੁਖੀ ਹੈ। ਹਨੂੰਮਾਨ ਗੜ੍ਹੀ ਅਤੇ ਛੋਟੀ ਛਾਉਣੀ ਦੇ ਨਾਗਿਆਂ ਵਿਚਕਾਰ ਮੰਦਰਾਂ 'ਤੇ ਕਬਜ਼ੇ ਲਈ ਝਗੜੇ ਅਕਸਰ ਹੁੰਦੇ ਰਹਿੰਦੇ ਹਨ।

2012 ਵਿਚ ਰਾਮ ਬਾਲਕ ਦਾਸ ਭਾਨਪੁਰ ਵਿਚ ਇਕ ਰਾਮ ਜਨਮ ਮੰਦਰ ਜੋ ਛੋਟੀ ਛਾਉਣੀ ਦੇ ਨੇੜੇ ਹੀ ਹੈ, ਜਾਂਦਾ ਮਰ ਗਿਆ। ਛੋਟੀ ਛਾਉਣੀ ਦੇ 50 ਨਾਗੇ ਆਏ। ਨੰਦਿਨੀ ਦਾਸ ਜੋ 30 ਸਾਲਾਂ ਤੋਂ ਰਾਮ ਬਾਲਕ ਦਾਸ ਦੀ ਸੇਵਾ ਕਰ ਰਿਹਾ ਸੀ ਤੇ ਉਸ ਨੂੰ ਉਤਰਾਧਿਕਾਰੀ ਚੁਣਿਆ ਹੋਇਆ ਸੀ, ਨੂੰ ਪਰੇ ਕਰ ਕੇ ਬਜਰੰਗ ਦਾਸ ਅਤੇ ਵਿਜੇ ਰਾਮਦਾਸ ਅੰਤਿਮ ਰਸਮਾਂ ਦੀ ਤਿਆਰੀ ਕਰਨ ਲੱਗ ਪਏ। ਉਸ ਨੂੰ ਮੰਦਰ ਤੋਂ ਬਾਹਰ ਕਰ ਕੇ ਪੁਲਿਸ ਅਤੇ ਗੁਆਂਢੀਆਂ ਦੀ ਮੌਜੂਦਗੀ ਵਿਚ ਮਹਾਰਾਜ ਦੇ ਕਮਰੇ ਨੂੰ ਜੰਦਰਾ ਮਾਰ ਦਿੱਤਾ। ਸਾਰੇ ਗਹਿਣੇ, ਕਾਗਜ਼ ਪੱਤਰ, ਬੈਂਕ ਪਾਸ ਬੁੱਕ ਆਪਣੇ ਕਬਜ਼ੇ ਵਿਚ ਕਰ ਲਏ ਅਤੇ ਆਪਣਾ ਪੁਜਾਰੀ ਨਿਯੁਕਤ ਕਰ ਕੇ ਪੂਜਾ ਸ਼ੁਰੂ ਕਰ ਦਿੱਤੀ।

ਰਾਮ ਬਾਲਕ ਦਾਸ, ਰਾਮ ਰਤਨ ਦਾਸ ਦਾ ਚੇਲਾ ਸੀ ਜੋ ਮਨੀ ਰਾਮ ਦਾਸ ਦੀ ਛਾਉਣੀ (ਛੋਟੀ ਛਾਉਣੀ) ਦਾ ਮਹੰਤ ਸੀ। ਬਾਅਦ ਵਿਚ ਰਾਮ ਬਾਲਕ ਦਾਸ ਰਾਮ ਜਾਨਕੀ ਮੰਦਰ ਰਹਿਣ ਲੱਗ ਪਿਆ। ਗੁਰੂ ਛੋਟੀ ਛਾਉਣੀ ਦਾ ਸੀ। ਰਾਮ ਬਾਲਕ ਦਾਸ ਦਾ ਕੋਈ ਚੇਲਾ ਨਹੀਂ ਸੀ। ਇਸ ਲਈ 29 ਅਕਤੂਬਰ 2012 ਨੂੰ ਰਾਮ ਬਾਲਕ ਦਾਸ ਦੀ ਮੌਤ ਤੋਂ ਬਾਅਦ ਛੋਟੀ ਛਾਉਣੀ ਦੇ ਨਾਗੇ ਉਸ 'ਤੇ ਕਾਬਜ਼ ਹੋ ਗਏ। ਇੱਕ ਦਿਨ ਹਨੂੰਮਾਨ ਗੜ੍ਹੀ ਦਾ ਸ਼ਕਤੀਸ਼ਾਲੀ ਨਾਗਾ ਭਾਵਨਾਥ ਦਾਸ ਜਿਸ ਦੇ ਸਮਾਜਵਾਦੀ ਪਾਰਟੀ ਨਾਲ ਸਬੰਧ ਹਨ, ਆਇਆ ਅਤੇ ਨੰਦਿਨੀ ਦਾਸ ਨੂੰ ਉਤਰਾਧਿਕਾਰੀ ਬਣਾ ਦਿੱਤਾ। ਛੋਟੀ ਛਾਉਣੀ ਦੇ ਨਾਗਿਆਂ ਨੇ ਸਬਰ ਦਾ ਘੁੱਟ ਪੀ ਲਿਆ।

ਕਈ ਵਾਰ ਮਹੰਤ ਸ਼ਾਂਤੀ ਨਾਲ ਮਰਨ ਲਈ ਗਜ਼ਬ ਦੇ ਰਸਤੇ ਚੁਣਦੇ ਸਨ। ਰਾਮ ਲਖਨ ਦਾਸ ਸੀਤਾਰਾਮ ਵੈਕੁੰਠ ਵਿਹਾਰ ਕੁੰਜ ਮੰਦਰ ਬੇਗਮਪੁਰ ਦੇ ਮਹੰਤ ਸਨ। ਉਸ ਨੂੰ ਪੇਟ ਦਾ ਕੈਂਸਰ ਹੋ ਗਿਆ। ਸਾਲ ਭਰ ਤੋਂ ਬਿਮਾਰ ਸਨ। ਉਹ 70 ਸਾਲ ਦੀ ਉਮਰ ਵਿਚ 90 ਦਾ ਲੱਗਦਾ ਸੀ। ਮਰਨ ਤੋਂ ਪਹਿਲਾਂ ਉਸ ਨੇ ਆਪਣੀ ਵਸੀਅਤ ਲਿਖ ਕੇ ਪਟੀਸ਼ਨ ਨਾਲ ਨੱਥੀ ਕਰ ਕੇ ਜ਼ਿਲ੍ਹਾ ਮੈਜਿਸਟਰੇਟ ਨੂੰ ਭੇਜੀ। ਉਸ ਨੇ ਲਿਖਿਆ- ਉਜਾਨੀਆ ਪੱਤੀ ਦਾ ਮਹੰਤ ਸੀਤਾਰਾਮ ਅਤੇ ਉਸ ਦੇ ਚੇਲੇ ਮੇਰੀ ਸੰਪਤੀ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਮੇਰੀ ਅੰਤਿਮ ਇੱਛਾ ਹੈ ਕਿ ਮੇਰੀ ਮੌਤ ਤੋਂ ਬਾਅਦ ਮੇਰੀਆਂ ਅੰਤਿਮ ਰਸਮਾਂ ਮੇਰਾ ਸਭ ਤੋਂ ਯੋਗ ਚੇਲਾ ਅਵਦੇਸ਼ ਦਾਸ ਕਰੇ ਅਤੇ ਉਹੀ ਮੇਰੀ ਗੱਦੀ ਦਾ ਮਾਲਕ ਹੋਵੇ। ਉਹ ਆਪ ਜਾ ਕੇ ਬਿਆਨ ਦੇਣਾ ਚਾਹੁੰਦਾ ਸੀ ਪਰ ਦੋ ਹਫਤਿਆਂ ਬਾਅਦ ਹੀ ਉਸ ਦੀ ਮੌਤ ਹੋ ਗਈ। ਰਾਮ ਲਖਨ ਦਾਸ ਅਤੇ ਸੰਤ ਰਾਮ ਦਾਸ ਸਰਾਯੂ ਦਾਸ ਦੇ ਚੇਲੇ ਸਨ। ਸੰਤ ਰਾਮ ਗੁਰੂ ਭਾਈ ਚੇਲਾ (ਗੁਰੂ ਕਾ ਚੇਲਾ) ਹੋਣ ਕਾਰਨ ਗੱਦੀ 'ਤੇ ਮਾਲਕੀ ਉਸ ਦੀ ਬਣਦੀ ਸੀ ਪਰ ਇਹ ਝਗੜਾ ਜ਼ਿਆਦਾ ਨਾ ਵਧਿਆ ਕਿਉਂਕਿ ਮਸਲਾ ਜ਼ਿਲ੍ਹਾ ਮੈਜਿਸਟਰੇਟ ਦੇ ਧਿਆਨ ਵਿਚ ਸੀ।

ਗੁਰੂ-ਚੇਲੇ ਦੀ ਪਰੰਪਰਾ ਖਤਮ ਹੋ ਰਹੀ ਹੈ। ਸਭ ਕੁਝ ਤਿਆਗ ਕੇ ਨਾਗਾ ਸਾਧੂ ਬਣਨ ਆਏ ਮਹੰਤ, ਗੁਰੂ ਤੋਂ ਕੁਝ ਸਿੱਖਣ ਦੀ ਥਾਂ ਗੁੰਡਿਆਂ ਦੀ ਢਾਣੀ ਵਿਚ ਤਬਦੀਲ ਹੋ ਰਹੇ ਹਨ। ਗੁਰੂ ਮਹੰਤ ਆਪਣੀ ਸੰਪਤੀ ਜੋ ਭਗਵਾਨ ਦੇ ਨਾਮ ਹੈ, ਨੂੰ ਆਪਣੇ ਭਰਾ-ਭਤੀਜਿਆਂ ਦੇ ਨਾਮ ਤਬਦੀਲ ਕਰ ਰਹੇ ਹਨ।

ਅਯੁੱਧਿਆ ਵਿਚ ਬਹੁਤ ਸਾਰੇ ਮਹੰਤ ਆਪਣੇ ਡੇਰਿਆਂ ਤੋਂ ਬੇਦਖਲ ਕੀਤੇ ਹੋਏ ਹਨ ਅਤੇ ਤਰਪਾਲ ਦੀਆਂ ਝੌਂਪੜੀਆਂ ਵਿਚ ਰਹਿ ਰਹੇ ਹਨ। ਇੱਕ ਡੇਰੇ ਦੇ ਮਹੰਤ ਨੂੰ ਕੁਝ ਦੇਰ ਬਾਹਰ ਜਾਣ 'ਤੇ ਚੇਲੇ ਰਾਮ ਆਗਿਆ ਦਾਸ ਨੇ ਮਰਿਆ ਐਲਾਨ ਕੇ ਭੰਡਾਰਾ ਕਰ ਦਿੱਤਾ। ਜਦ ਉਹ ਵਾਪਸ ਆਇਆ ਤਾਂ ਉਸ ਨੂੰ ਜ਼ਿੰਦਾ ਮੰਨਣ ਤੋਂ ਇਨਕਾਰੀ ਹੋ ਗਏ ਅਤੇ ਉਸ ਨੂੰ ਬੇਦਖਲ ਕਰ ਦਿੱਤਾ। ਰਾਮ ਦੀ ਇਸ ਨਗਰੀ ਵਿਚ ਮਾਫੀਆ ਦਾ ਨੰਗਾ ਨਾਚ ਸਾਫ ਦੇਖਿਆ ਜਾ ਸਕਦਾ ਹੈ। ਬਾਹਰੋਂ ਸ਼ਾਂਤ ਨਜ਼ਰ ਆਉਣ ਵਾਲੀ ਰਾਮ ਨਗਰੀ ਅੰਦਰੋਂ ਉਬਾਲੇ ਮਾਰ ਰਹੀ ਹੈ। ***(ਚੱਲਦਾ)***

# ਇਤਿਹਾਸ ਦਾ ਆਈਨਾ ਅਤੇ ਬਾਬਰੀ ਮਸਜਿਦ

## ਹਿੰਦੂ ਰਾਸ਼ਟਰ ਵੱਲ ਪੇਸ਼ਕਦਮੀ...

ਕਲਾ ਪਰਿਕਰਮਾ

ਇਤਿਹਾਸ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੁੰਦਾ ਹੈ- 'ਸੋ ਇਹ ਘਟਨਾ ਇੰਝ ਵਾਪਰੀ ਸੀ'। ਜੇ ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅਸਲ ਵਿਚ ਅਯੁੱਧਿਆ ਮੁਹਿੰਮ ਵਾਲੇ ਸਾਲਾਂ ਵਿਚ ਜਦੋਂ ਬਾਬਰੀ ਮਸਜਿਦ ਨੂੰ ਤਹਿਸ ਨਹਿਸ ਕਰ ਕੇ ਉਸ ਦੀ ਥਾਂ ਮੰਦਰ ਬਣਾਉਣ ਲਈ ਕੀ ਕੁਝ ਵਾਪਰਿਆ ਸੀ ਤਾਂ ਸੀਨੀਅਰ ਪੱਤਰਕਾਰ ਨਿਲੰਜਨ ਮੁਖੋਪਾਧਿਆਏ ਦੀ ਕਿਤਾਬ 'ਦਿ ਡੈਮੋਲੀਸ਼ਨ ਐਂਡ ਦਿ ਵਰਡਿਕਟ' ਇਸ ਸਮੁੱਚੇ ਪ੍ਰੋਜੈਕਟ ਅਤੇ ਬਿਰਤਾਂਤ ਦੀ ਖੁੱਲ੍ਹ ਕੇ ਚੀਰ-ਫਾੜ ਕਰਦੀ ਹੈ। ਨਿਲੰਜਨ ਮੁਖੋਪਾਧਿਆਏ ਨੇ 1980ਵਿਆਂ ਵਿਚ ਹਿੰਦੂਤਵ ਦੇ ਉਭਾਰ



**ਸੰਤੋਸ਼ ਹੈਗੜੇ**

ਦੀ ਇਸ ਅਣਹੋਣੀ ਜਿਹੀ ਬੀਟ ਦੀ ਕਵਰੇਜ ਕਰਨੀ ਸ਼ੁਰੂ ਕੀਤੀ ਸੀ ਤਾਂ ਉਸ ਦੇ ਸੱਜੇਪੱਖੀ ਝੁਕਾਅ ਵਾਲਾ ਸੰਪਾਦਕ ਵਿਅੰਗ ਵਜੋਂ ਉਨ੍ਹਾਂ ਨੂੰ 'ਸਾਡਾ ਧਾਰਮਿਕ ਪੱਤਰਕਾਰ' ਆਖ ਕੇ ਤੁਆਰਫ਼ ਕਰਵਾਇਆ ਕਰਦਾ ਸੀ।

ਇਹ ਕਿਤਾਬ ਨਿਲੰਜਨ ਮੁਖੋਪਾਧਿਆਏ ਦੇ ਕਈ ਦਹਾਕਿਆਂ ਦੀ ਰਿਪੋਰਟਿੰਗ ਅਤੇ ਉਸ ਅਤਿ ਅਹਿਮ ਮੁਹਿੰਮ ਦੀ ਅੰਤਰ-ਝਾਤ 'ਤੇ ਆਧਾਰਿਤ ਹੈ ਜਿਸ ਦਾ ਪਿਛਲੇ ਤਿੰਨ ਦਹਾਕਿਆਂ ਤੋਂ ਭਾਰਤੀ ਦੀ ਰਾਜਨੀਤੀ 'ਚ ਦਖ਼ਲ ਵਧ ਰਿਹਾ ਹੈ। 274 ਪੰਨਿਆਂ ਦੀ ਇਹ ਪੂਰੀ ਕਿਤਾਬ ਪੜ੍ਹਨਯੋਗ ਹੈ ਅਤੇ ਇਹ ਅੱਠ ਪਾਠਾਂ ਵਿਚ ਵੰਡੀ ਹੋਈ ਹੈ।

ਨਿਲੰਜਨ ਮੁਖੋਪਾਧਿਆਏ ਇਨ੍ਹਾਂ ਦੇ ਅੰਤਰੀਵੀ ਵਿਸ਼ਿਆਂ ਨੂੰ ਉਨ੍ਹਾਂ ਦੇ ਸਮੁੱਚੇ ਇਤਿਹਾਸਕ, ਸਿਆਸੀ ਅਤੇ ਤਰਤੀਬਬੱਧ ਢੰਗ ਨਾਲ ਸਿੱਝਦਾ ਹੈ। ਇਸ ਕਿਤਾਬ ਵਿਚ ਉਸ ਸਮੁੱਚੇ ਤਾਣੇ-ਪੇਟੇ ਨੂੰ ਕਵਰ ਕੀਤਾ ਗਿਆ ਹੈ ਜਿਸ ਤਹਿਤ ਸ੍ਰੀ ਰਾਮ ਮਿਥਿਹਾਸਕ ਨਾਇਕ ਤੋਂ ਸਿਆਸੀ ਬਿੰਬ ਵਜੋਂ ਰੂਪ ਵਟਾਉਂਦੇ ਹਨ ਅਤੇ ਕਿਵੇਂ ਮੌਨ ਮਾਰਚ ਨੂੰ ਅੱਗੇ ਚੱਲ ਕੇ ਭਾਰਤ ਦੇ ਭਵਿੱਖ ਵਜੋਂ ਹਿੰਦੂ ਰਾਸ਼ਟਰ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ। ਕੋਈ ਵੀ ਸ਼ਖਸ ਜੋ ਨਾ ਕੇਵਲ ਅਯੁੱਧਿਆ ਮਸਲੇ ਬਾਰੇ ਸਗੋਂ ਭਾਰਤ ਵਿਚ ਉੱਭਰ ਰਹੇ ਬਹੁ-ਗਿਣਤੀਵਾਦ ਦੇ ਸਮੁੱਚੇ ਤਾਣੇ ਨੂੰ ਸਮਝਣਾ ਚਾਹੁੰਦਾ ਹੈ, ਉਸ ਲਈ ਇਹ ਕਿਤਾਬ ਬੇਸ਼ਕੀਮਤੀ ਸਰੋਤ ਸਾਬਿਤ ਹੁੰਦੀ ਹੈ।

ਲੇਖਕ ਸਿਰਫ਼ ਤੱਥਾਂ ਨੂੰ ਤਰਤੀਬ ਨਾਲ ਹੀ ਪੇਸ਼ ਨਹੀਂ ਕਰਦਾ ਸਗੋਂ ਉਹ ਪਾਠਕਾਂ ਨੂੰ ਇਤਿਹਾਸਕ ਤੇ ਸਿਆਸੀ ਪ੍ਰਸੰਗ ਵੀ ਮੁਹੱਈਆ ਕਰਾਉਂਦਾ ਹੈ ਤਾਂ ਕਿ ਉਹ ਸੰਭਾਵੀ ਭਵਿੱਖ ਪ੍ਰਤੀ ਸਿੱਟੇ ਕੱਢ ਸਕੇ।

ਅਯੁੱਧਿਆ ਮਸਲੇ ਦੀਆਂ ਜੜ੍ਹਾਂ ਸ਼ਾਇਦ ਅਨੰਤ ਵਿਚ ਗੁਆਚ ਗਈਆਂ ਹਨ ਪਰ ਮਸਜਿਦ ਵਾਲੀ ਥਾਂ 'ਤੇ ਮੰਦਰ ਬਣਾਉਣ ਦੀ ਮੁਹਿੰਮ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਤਿੰਨ ਸਾਲਾਂ ਦੇ ਅੰਦਰ ਅੰਦਰ ਸ਼ੁਰੂ ਹੋ ਗਈ ਸੀ। 26 ਨਵੰਬਰ 1949 ਨੂੰ ਭਾਰਤ ਦੇ ਧਰਮ ਨਿਰਪੱਖ ਸੰਵਿਧਾਨ 'ਤੇ ਸਹੀ ਪਾਏ ਜਾਣ ਤੋਂ ਮਸਾਂ ਇਕ ਮਹੀਨੇ ਬਾਅਦ 22-23 ਦਸੰਬਰ 1949 ਦੀ ਰਾਤ ਨੂੰ ਅਯੁੱਧਿਆ ਦੀ ਬਾਬਰੀ ਮਸਜਿਦ ਵਿਚ ਭਗਵਾਨ ਰਾਮ ਦੀ ਮੂਰਤੀ ਰੱਖ ਦਿੱਤੀ ਗਈ। ਉਸ ਵੇਲੇ ਦਿੱਲੀ ਵਿਚ ਬੈਠੇ ਆਧੁਨਿਕਤਾਵਾਦੀਆਂ ਨੂੰ ਮਹਿਸੂਸ ਹੀ ਨਹੀਂ ਹੋਇਆ ਕਿ ਉੱਤਰ ਪ੍ਰਦੇਸ਼ ਵਿਚ ਮੱਧਯੁਗਵਾਦੀਆਂ ਵੱਲੋਂ ਅੰਜਾਮ ਦਿੱਤੀ ਗਈ ਇਹ ਘਟਨਾ ਧਰਮ ਨਿਰਪੱਖ ਸੰਵਿਧਾਨ ਲਈ ਕਿੱਡਾ ਵੱਡਾ ਝਟਕਾ ਸੀ।

ਉਸ ਤੋਂ ਬਾਅਦ ਮੁਸਲਮਾਨਾਂ ਲਈ ਮਸਜਿਦ ਬੰਦ ਕਰ ਦਿੱਤੀ ਗਈ ਅਤੇ ਕਈ ਹੋਰ ਘਟਨਾਵਾਂ ਦਾ ਮੁੱਢ ਬੱਝ ਗਿਆ ਜਿਨ੍ਹਾਂ ਦਾ ਸਿਖਰਲਾ ਮੁਕਾਮ 6 ਦਸੰਬਰ 1992 ਨੂੰ ਮਸਜਿਦ ਡੇਗਣ ਅਤੇ 9 ਨਵੰਬਰ 2019 ਨੂੰ ਸੁਪਰੀਮ ਕੋਰਟ ਵੱਲੋਂ ਵਿਵਾਦਤ ਜਗ੍ਹਾ 'ਤੇ ਵਿਸ਼ਾਲ ਰਾਮ ਮੰਦਰ ਬਣਾਉਣ ਦੀ ਮਨਜ਼ੂਰੀ ਦੇਣ ਅਤੇ ਮੁਸਲਮਾਨਾਂ ਨੂੰ ਉੱਥੋਂ ਦੂਰ ਕਿਸੇ ਹੋਰ ਥਾਂ ਮਸਜਿਦ ਬਣਾ ਲੈਣ ਦਾ ਫ਼ੈਸਲਾ ਸੁਣਾਇਆ ਸੀ।

ਰਾਮ ਮੰਦਰ ਲਹਿਰ ਰਾਹੀਂ ਭਾਰਤ ਨੂੰ ਪ੍ਰਭੂਤਾਪੂਰਨ, ਸਮਾਜਵਾਦੀ, ਧਰਮ ਨਿਰਪੱਖ ਤੇ ਲੋਕਰਾਜੀ ਗਣਰਾਜ ਤੋਂ ਹਿੰਦੂ ਰਾਸ਼ਟਰ ਵਿਚ ਤਬਦੀਲ ਕਰਨ ਦੇ ਤਫ਼ਸੀਲੀ ਵੇਰਵੇ ਦਿੱਤੇ ਗਏ ਹਨ। ਇਸ ਤੋਂ ਇਲਾਵਾ ਨਿਲੰਜਨ ਮੁਖੋਪਾਧਿਆਏ ਭਵਿੱਖੀ ਸਿੱਟਿਆਂ ਬਾਰੇ ਵੀ ਬੇਲਾਗ ਹੋ ਕੇ ਸਾਫ ਤੇ ਸਪਸ਼ਟ ਲਿਖਦੇ ਹਨ:


"ਫਿਰ ਜਦੋਂ ਖ਼ਾਸਕਰ ਗਾਂਧੀ ਦੀ ਆਮਦ ਨਾਲ ਬਹੁ-ਭਾਂਤੇ ਅਤੇ ਅਰਧ-ਰਾਸ਼ਟਰਵਾਦ ਕਾਂਗਰਸ ਵੱਲੋਂ ਸਾਹਮਣੇ ਲਿਆਂਦੇ ਹਿੰਦੁਸਤਾਨੀ ਰਾਸ਼ਟਰਵਾਦ ਵਿਚ ਰਚ-ਮਿਚ ਗਏ ਤਾਂ ਰਾਸ਼ਟਰਵਾਦ ਦੀ ਸ਼ੁਰੂਆਤੀ ਧਾਰਨਾ ਪਿਛਾਂਹ ਰੱਖ ਦਿੱਤੀ ਗਈ। ਆਰ.ਐੱਸ.ਐੱਸ. ਦੀ ਰਾਸ਼ਟਰਵਾਦ ਬਾਰੇ ਧਾਰਨਾ ਸ਼ੁਰੂਆਤੀ ਸਾਲਾਂ ਦੇ ਉਪਰੋਕਤ ਚੌਖਟੇ 'ਤੇ ਆਧਾਰਿਤ ਸੀ ਜਿਸ ਨੇ ਰਾਸ਼ਟਰੀ ਪਛਾਣ ਦੇ ਇਕਾਤਮਿਕ ਵਿਚਾਰ ਨੂੰ ਸੁਰਜੀਤ ਕਰਨ ਲਈ ਰਾਮ ਮੰਦਰ ਅੰਦੋਲਨ ਦੀ ਵਰਤੋਂ ਕੀਤੀ।

ਇੱਥੋਂ ਤੱਕ ਕਿ ਇਹ ਵੀ ਕਿਹਾ ਗਿਆ ਕਿ ਭਾਵੇਂ ਸ੍ਰੀ ਰਾਮ ਹਿੰਦੂ ਭਗਵਾਨ ਸਨ, ਫਿਰ ਵੀ ਮੰਦਰ ਬਣਾਉਣ ਦੀ ਮੰਗ ਮਹਿਜ਼ ਧਾਰਮਿਕ ਨਹੀਂ ਹੈ। ਉਨ੍ਹਾਂ ਦੀ ਦਲੀਲ ਸੀ ਕਿ ਸ੍ਰੀ ਰਾਮ ਸਭਿਆਚਾਰਕ ਤੌਰ 'ਤੇ ਮਰਿਆਦਾ ਪੁਰਸ਼ੋਤਮ ਅਤੇ ਸਾਰੇ ਭਾਰਤੀਆਂ ਲਈ ਰਾਸ਼ਟਰੀ ਪਛਾਣ ਦਾ ਪ੍ਰਤੀਕ ਹਨ। ਇਸ ਕਰ ਕੇ ਹਰ ਇੱਕ ਨੂੰ ਅਯੁੱਧਿਆ ਵਿਚ ਰਾਮ ਮੰਦਰ ਲਈ ਜੁੜਨ ਦੀ ਲੋੜ ਹੈ ਅਤੇ ਅਜਿਹਾ ਨਾ ਕਰਨਾ ਭਾਰਤੀ ਰਾਸ਼ਟਰਵਾਦ ਨੂੰ ਦੁਤਕਾਰਨ ਅਤੇ ਦੇਸ਼ਭਗਤੀ ਦੇ ਭਾਵ ਦੀ ਘਾਟ ਦੇ ਤੁੱਲ ਸਮਝਿਆ ਜਾਵੇਗਾ। ਇਸ ਤੋਂ ਹੀ ਇਹ ਤੈਅ ਕੀਤਾ ਜਾਵੇਗਾ ਕਿ ਇਸ ਮੰਗ ਦੀ ਹਮਾਇਤ ਨਾ ਕਰਨ ਵਾਲਾ ਕੋਈ ਵੀ ਸ਼ਖਸ ਰਾਸ਼ਟਰੀ ਹਿੱਤਾਂ ਦੇ ਖਿਲਾਫ਼ ਕੰਮ ਕਰ ਰਿਹਾ ਹੈ।" (ਪੰਨਾ 247)

ਰਾਮ ਮੰਦਰ ਦਾ ਕਾਂਡ ਜਿਵੇਂ ਸਮਾਪਤੀ ਵੱਲ ਵਧ ਰਿਹਾ ਹੈ ਤਾਂ ਹਿੰਦੂਤਵੀ ਤਾਕਤਾਂ ਕਾਸ਼ੀ ਤੇ ਮਥਰਾ ਵਿਚ ਬਖੇੜੇ ਖੜ੍ਹੇ ਕਰਨ ਦੇ ਰੌਂਅ ਵਿਚ ਆ ਗਈਆਂ। ਗਿਆਨਵਾਪੀ ਮਸਜਿਦ ਦਾ ਸਰੂਪ ਬਦਲਣ ਲਈ ਵਾਰਾਨਸੀ ਦੀ ਅਦਾਲਤ ਵਿਚ ਚੱਲ ਰਹੀ ਕਾਨੂੰਨੀ ਚਾਰਾਜੋਈ ਤੋਂ ਦਸੰਬਰ 1949 ਦੀਆਂ ਘਟਨਾਵਾਂ ਤਾਜ਼ੀਆਂ ਹੋ ਗਈਆਂ ਹਨ। ਨਿਲੰਜਨ ਮੁਖੋਪਾਧਿਆਏ ਲਿਖਦੇ ਹਨ: "ਇਸ ਤੋਂ ਪਹਿਲਾਂ ਕਿ ਸੂਬਾ ਸਰਕਾਰ ਦੀਆਂ ਹਦਾਇਤਾਂ ਨਾਇਰ ਤੱਕ ਪੁੱਜਦੀਆਂ, ਅਠਤਾਲੀ ਘੰਟਿਆਂ ਤੋਂ ਵੱਧ ਸਮਾਂ ਬੀਤ ਗਿਆ ਸੀ। ਇਸ ਦੌਰਾਨ, ਵਿਸ਼ਾਰਦ ਦੇ ਪਰਚੇ ਤੇ ਪੋਸਟਰਾਂ ਨੇ ਨਾ ਸਿਰਫ਼ ਅਯੁੱਧਿਆ ਸਗੋਂ ਦਿਹਾਤੀ ਤੇ ਆਸ-ਪਾਸ ਦੇ ਸ਼ਹਿਰਾਂ ਤੇ ਕਸਬਿਆਂ ਤੱਕ ਇਹ ਗੱਲ ਘੁਕਾ ਦਿੱਤੀ ਕਿ 'ਰਾਮਜੀ ਪ੍ਰਕਟ ਹੁਏ ਹੈਂ'..." (ਪੰਨਾ 96) ਬਸ ਹੁਣ ਉਸ ਦੀ ਥਾਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਾਰਾਨਸੀ ਦੀ ਮਸਜਿਦ ਵਿਚ "ਬਾਬਾਜੀ ਮਿਲ ਗਏ" ਜਦੋਂਕਿ ਕਾਸ਼ੀ ਲਈ ਤਰੀਕਾਕਾਰ ਉਹੀ ਅਜ਼ਮਾਇਆ ਜਾ ਰਿਹਾ ਹੈ ਜੋ ਸੱਤਰ ਸਾਲ ਪਹਿਲਾਂ ਅਯੁੱਧਿਆ ਲਈ ਅਪਣਾਇਆ ਗਿਆ ਸੀ। ਸਵਾਲ ਇਹ ਹੈ ਕਿ ਕੀ ਇਸ ਨਵੀਂ ਮੁਹਿੰਮ ਪ੍ਰਤੀ ਸੂਬਾ ਸਰਕਾਰ ਦਾ ਰੁਖ਼ ਵੀ ਪਹਿਲਾਂ ਵਾਲਾ ਹੀ ਹੋਵੇਗਾ?

ਵਕੀਲ ਹੋਣ ਨਾਤੇ ਮੈਂ ਦੇਖਿਆ ਹੈ ਕਿ ਵੱਖ ਵੱਖ ਅਦਾਲਤਾਂ ਦੀਆਂ ਕਾਰਵਾਈਆਂ ਵਿਚ ਕਾਨੂੰਨੀ ਵਿਸ਼ਲੇਸ਼ਣ ਦੀ ਘਾਟ ਨਜ਼ਰ ਆਉਂਦੀ ਹੈ। ਮੇਰਾ ਖਿਆਲ ਹੈ ਕਿ ਆਮ ਪਾਠਕ ਵਾਸਤੇ ਕਾਨੂੰਨੀ ਪੇਚੀਦਗੀਆਂ ਦੀ ਕੁਝ ਹੱਦ ਤੱਕ ਸੰਪਾਦਨਾ ਬਹੁਤ ਜ਼ਰੂਰੀ ਹੈ। ਹਰ ਇੱਕ ਪਾਠ ਦੀ ਸਮਾਪਤੀ 'ਤੇ ਨੋਟਸ ਦਿੱਤੇ ਗਏ ਹਨ ਜਿਸ ਨੂੰ ਪੜ੍ਹ ਕੇ ਪਾਠਕ ਨੂੰ ਸਰੋਤ ਸਮੱਗਰੀ ਤੱਕ ਪਹੁੰਚ ਕਰਨ ਦਾ ਇਸ਼ਾਰਾ ਮਿਲ ਜਾਂਦਾ ਹੈ।

ਚੀਨ ਦੇ ਆਗੂ ਚੇਅਰਮੈਨ ਮਾਓ ਤਸੇ-ਤੁੰਗ ਦੇ ਨਿਰੰਤਰ ਇਨਕਲਾਬ ਵਾਂਗ ਹੀ ਭਾਰਤ ਵਿਚ ਪੁਰਾਣਾ ਢਾਹ ਕੇ ਨਵਾਂ ਸਥਾਪਤ ਕਰਨ ਦੀ ਨਿਰੰਤਰ ਮੁਹਿੰਮ ਚਲਦੀ ਰਹਿੰਦੀ ਹੈ। ਕਿਤਾਬ ਦੇ ਅੰਤ ਵਿਚ ਲੇਖਕ ਨਿਲੰਜਨ ਮੁਖੋਪਾਧਿਆਏ ਲਿਖਦੇ ਹਨ: "ਹੋ ਸਕਦਾ ਹੈ ਕਿ ਰਾਮ ਮੰਦਰ ਲੋਕਾਂ ਦੇ ਮਨ ਮਸਤਕ ਦਾ ਹਿੱਸਾ ਨਾ ਬਣ ਸਕਿਆ ਹੋਵੇ ਪਰ ਮੰਦਰ ਦੇ ਨਿਰਮਾਣ ਲਈ ਜਿਵੇਂ ਸਿਆਸੀ ਅੰਦੋਲਨ ਚਲਾਇਆ ਗਿਆ, ਉਸ ਤਹਿਤ ਘੜੀ ਗਈ ਭਾਰਤ ਦੇ ਲੋਕਾਂ ਦੀ ਨਵੀਂ ਮਾਨਸਿਕਤਾ ਨੂੰ ਆਉਣ ਵਾਲੇ ਸਾਲਾਂ ਵਿਚ ਬਦਲਣਾ ਬਹੁਤ ਮੁਸ਼ਕਿਲ ਭਰਿਆ ਕੰਮ ਹੋਵੇਗਾ।" (ਪੰਨਾ 274)




*ਪੱਤਰਕਾਰ ਨਿਲੰਜਨ ਮੁਖੋਪਾਧਿਆਏ ਦੀ ਕਿਤਾਬ 'ਦਿ ਡੈਮੋਲੀਸ਼ਨ ਐਂਡ ਦਿ ਵਰਡਿਕਟ' ਦਾ ਮੁਖੜਾ।*



*ਵੱਖ-ਵੱਖ ਵਿਸ਼ਿਆਂ 'ਤੇ ਕਲਮ ਚਲਾਉਣ ਵਾਲਾ ਮਸ਼ਹੂਰ ਪੱਤਰਕਾਰ ਨਿਲੰਜਨ ਮੁਖੋਪਾਧਿਆਏ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਅਪਰੈਲ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-579



***ਘੁੱਗ ਵੱਸਦੇ ਵਿੱਚ ਮੁਹੱਲੇ, ਇੱਕ ਕੋਨੇ ਵਿੱਚ ਭੱਠੀ ਲਾਈ,***
***ਥਾਂ ਥਾਂ ਤੋਂ ਬਾਲਣ ਚੁਗ ਕੇ, ਆਥਣੇ ਤਾਈ ਸੱਤੋ ਨੇ ਤਾਈ।***
***ਪੱਲੇ ਭਰ 2 ਦਾਣੇ ਲੈ ਨੱਠੇ, ਬੱਚਿਆਂ ਨੇ ਨਾ ਦੇਰੀ ਲਾਈ ,***
***ਪਹਿਲੇ ਮੇਰੀ ਪਹਿਲੇ ਮੇਰੀ, ਨਾ਼ਲੇ ਲੱਗੇ ਪਾਉਣ ਦੁਹਾਈ।***

## ਕੈਪਸ਼ਨ ਮੁਕਾਬਲਾ-577



ਭਾਵੇਂ ਮਤਲਬੀ ਹੋ ਗਈ ਦੁਨੀਆ
ਪਰ 'ਹਰੇ ਬੂਟ' ਵੀ ਰਹਿੰਦੇ ਨੇ।
ਲਾਚਾਰ ਦੇ ਮੂੰਹ ਜੋ ਬੁਰਕੀ ਪਾਉਂਦੇ
ਇਨਸਾਨ ਉਨ੍ਹਾਂ ਨੂੰ ਕਹਿੰਦੇ ਨੇ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਭੁੱਖੇ ਦਾ ਮੂੰਹ ਹੈ ਰੱਬ ਦੀ ਗੋਲਕ,
ਮਨ ਵਿਚ ਸਦਾ ਵਸਾ ਲਓ,
ਕੋਹੜੀ ਦੀ ਸੇਵਾ ਨਾਨਕ ਵਾਂਗਰ,
ਕਰ ਹੱਥੀਂ ਪੁੰਨ ਕਮਾ ਲਓ।
ਨ ਬੰਦਿਆ ਕੁੱਝ ਲੈ ਕੇ ਆਇਆਂ,
ਨਹੀਂ ਹੈ ਨਾ਼ਲ ਕੁੱਝ ਜਾਣਾ,
ਕਰ ਲੈ ਜਨਮ ਸੁਲੱਖਣਾ ਸੱਜਣਾ,
ਐਵੇਂ ਫੇਰ ਕਿਉਂ ਪਛਤਾਣਾ।
***-ਸੇਵਾ ਸਿੰਘ ਨੂਰਪੁਰੀ***

---

ਢਿਡੋਂ ਭੁੱਖੇ ਗਰੀਬ ਨੇ ਕੀਤਾ
ਸੜਕ ਕਿਨਾਰੇ ਵਾਸ।
ਦਰਦਮੰਦ ਇਕ ਟੈਂਪੂ ਵਾਲਾ
ਰੁਕਿਆ ਉਸ ਦੇ ਪਾਸ।
ਹਜ਼ੂਰ ਮੇਰੇ ਜੋ ਸੇਵਾ ਲਾਈ,
ਕੋਲ ਬੈਠ ਮੂੰਹ ਬੁਰਕੀ ਪਾਈ।
ਗੁਰੂਆਂ-ਪੀਰਾਂ ਦੇ ਫੁਰਮਾਨ,
ਸੋਚ ਸਮਝ ਕੇ ਕੀਜੈ ਦਾਨ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਸੜਕਾਂ 'ਤੇ ਬੈਠ ਬੁਢਾਪਾ ਰੋਇਆ।
ਆਪਣੇ ਘਰੋਂ ਬਿਗਾਨਾ ਹੋਇਆ।
ਬਣ ਕੇ ਫਰਿਸ਼ਤਾ ਬਹੁੜਿਆ ਕੋਈ।
ਪੇਟ ਦੀ ਅਗਨੀ ਮੱਧਮ ਹੋਈ।
ਖ਼ੂਨ ਦੇ ਰਿਸ਼ਤੇ ਫਿੱਕੇ ਪੈ ਗਏ।
ਰਿਸ਼ਤੇ ਤਾਂ ਬੱਸ,
ਨਾਂ ਦੇ ਹੀ ਰਹਿ ਗਏ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਸਭ ਤੋਂ ਨਾਮੁਰਾਦ ਬਿਮਾਰੀ ਦਾ ਪੀੜਤ,
ਮਹਿਸੂਸ ਕਰਦਾ ਹੋਣੈ ਰਾਹਤ,
ਸੇਵਾ ਕਰਵਾ ਕੇ।
ਬੰਦਿਆਂ ਕੋਲੋਂ ਗਲਤੀਆਂ
ਅਕਸਰ ਹੋ ਜਾਂਦੀਆਂ,
ਰੱਬਾ ਕੀ ਮਿਲਦੈ,
ਸਿਰੇ ਦੇ ਦੁੱਖ ਨਾਲ ਤੜਫਾ ਕੇ।
ਸੁਣਿਆ ਹੈ ਤੂੰ
ਸਭ ਦੇ ਅੰਦਰ ਵੱਸਦਾ,
ਰੋਕ ਦਿਆ ਕਰ
ਬੁਰੇ ਕਰਮਾਂ ਤੋਂ ਬਰੇਕ ਲਾ ਕੇ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਬਿਰਧ ਜੋ ਬੇਆਸਰਾ,
ਨਿਆਸਰਾ, ਮਜਬੂਰੀ ਵੱਸ
ਭੁੱਖਾ ਭਾਣਾ ਆਂਦਰਾਂ ਵੱਢ ਵੱਢ ਖਾਣ
ਬਹੁੜੇ ਕੋਈ ਸਮਾਜ ਸੇਵਕ ਅਚਾਨਕ
ਪਾ ਬੁਰਕੀਆਂ, ਘੁੱਟ ਪਾਣੀ ਮੂੰਹ 'ਚ
ਦੇਊ ਅਸੀਸਾਂ ਲੱਖ ਲੱਖ ਧੁਰ ਅੰਦਰੋਂ
ਖਿਲਾਉਣ ਵਾਲਾ ਵੀ ਖੁਸ਼
ਸਹੀ ਕਿਸੇ ਦੀ ਮਦਦ ਕੀਤੀ
ਐਪਰ ਮਿਲਣਗੇ ਬਹੁਤੇ
ਧਰਮੀ ਦਿਖਾਵਾਕਾਰੀ
ਬਾਹਰੋਂ ਰੱਜ ਕੇ ਮਿੱਠੇ
ਅੰਦਰੋਂ ਕਰਦੇ ਲੁੱਟ ਕੇ ਵਾਰ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*
*E-mail:punjabtimes1@gmail.com*

# ਦਿਲਾਂ ਵਿਚ ਵਸ ਜਾਣ ਵਾਲੇ ਅੰਮ੍ਰਿਤਪਾਲ ਵੀਰ ਲਈ ਸਾਰਾ ਪੰਜਾਬ ਫ਼ਿਕਰਮੰਦ!

ਬੀਤੇ ਦਿਨਾਂ ਤੋਂ ਹੀ ਹਰ ਘਰ ਵਿਚ ਇਹ ਚਿੰਤਾ ਲੱਗੀ ਹੋਈ ਹੈ, ਹਰ ਘਰ ਵਿਚ ਇੱਕੋ ਸਵਾਲ ਹੈ ਕਿ ਆਖਰਕਾਰ ਅੰਮ੍ਰਿਤਪਾਲ ਸਿੰਘ ਕਿੱਥੇ ਹੈ? ਉਸ ਦੇ ਸਾਥੀਆਂ ਨਾਲ ਅਸਲ ਵਿਚ ਕੀ ਵਾਪਰਿਆ? ਪੁਲੀਸ ਖ਼ਾਮੋਸ਼ ਕਿਉਂ ਹੈ?

ਭਰੋਸੇਯੋਗ ਖ਼ਬਰਾਂ ਆ ਰਹੀਆਂ ਹਨ ਕਿ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਪੁਲੀਸ ਉਸ ਨੂੰ 'ਫ਼ਰਾਰ' ਦੱਸ ਰਹੀ ਹੈ। ਸ਼ਾਹਪੁਰ ਦੇ ਇਰਦ-ਗਿਰਦ ਪੁਲਿਸ ਨਾਕਾਬੰਦੀ ਦਾ ਵੱਡੀ ਪੱਧਰ 'ਤੇ ਨਾਟਕ ਰਚ ਰਹੀ ਹੈ। ਸਰਚ ਅਪਰੇਸ਼ਨ ਦੀਆਂ ਗੱਲਾਂ ਚੱਲ ਰਹੀਆਂ ਹਨ ਅਤੇ



**ਕਰਮਜੀਤ ਸਿੰਘ ਚੰਡੀਗੜ੍ਹ**
**ਫੋਨ: 99150-91063**

ਪੰਜਾਬ ਪੁਲਿਸ ਅਤੇ ਨੀਮ ਫ਼ੌਜੀ ਦਸਤੇ ਗਸ਼ਤ ਕਰ ਰਹੇ ਹਨ।

ਪੁਲਿਸ ਆਪਣੇ ਸਾਧਨਾਂ ਰਾਹੀਂ ਚਹੇਤੇ ਪਤਰਕਾਰਾਂ ਅਤੇ ਚੈਨਲਾਂ ਨੂੰ ਇਸਤੇਮਾਲ ਕਰਕੇ ਮਨਭਾਉਂਦਾ ਬਿਰਤਾਂਤ ਸਿਰਜ ਰਹੀ ਹੈ ਤਾਂ ਜੋ ਅੰਮ੍ਰਿਤਪਾਲ ਸਿੰਘ ਨੂੰ ਰਜ ਕੇ ਬਦਨਾਮ ਕੀਤਾ ਜਾ ਸਕੇ। ਨੈਸ਼ਨਲ ਚੈਨਲ ਵੀ ਹਾਸੋਹੀਣੀਆਂ ਅਤੇ ਕਲਪਿਤ ਖ਼ਬਰਾਂ ਦੇ ਰਹੇ ਹਨ।

ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਵੀ ਅਫਵਾਹਾਂ ਦੀ ਤਰ੍ਹਾਂ ਫੈਲ ਰਹੀਆਂ ਹਨ। ਹੁਣ ਇਹ ਕਿਹਾ ਗਿਆ ਹੈ ਕਿ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਨੂੰ ਆਸਾਮ ਤਕ ਪਹੁੰਚਾ ਦਿੱਤਾ ਗਿਆ, ਐਪਰ ਕਾਰਨ ਨਹੀਂ ਦੱਸਿਆ ਜਾ ਰਿਹਾ।

ਸੋਸ਼ਲ ਮੀਡੀਆ ਸਰਕਾਰ ਦੀ ਅਲੋਚਨਾ ਨਾਲ ਭਰਿਆ ਪਿਆ ਹੈ, ਸਰਕਾਰ ਵਿਰੁੱਧ ਟਿਪਣੀਆਂ ਦੀ ਭਰਮਾਰ ਹੈ,ਕਿਉਂਕਿ ਅੰਮ੍ਰਿਤਪਾਲ ਸਿੰਘ ਪੰਜਾਬ ਦੇ ਲੋਕਾਂ ਦੀ ਆਵਾਜ਼ ਬਣ ਗਿਆ ਹੈ। ਉਸ ਨੇ ਲੋਕਾਂ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਲਈ ਸੀ। ਉਸ ਤੋਂ ਪਤਾ ਲੱਗਦਾ ਹੈ ਕਿ ਰੱਬ ਨਾ ਕਰੇ ਜੇ ਉਸ ਨਾਲ ਕੋਈ ਵੀ ਅਣਹੋਣੀ ਹੋ ਗਈ ਤਾਂ ਪੰਜਾਬ ਪਹਿਲਾਂ ਵਾਲਾ ਪੰਜਾਬ ਨਹੀਂ ਰਹੇਗਾ। ਬੇਚੈਨੀ, ਰੋਸ ਅਤੇ ਗੁੱਸੇ ਦੇ ਤੂਫਾਨ ਪੰਜਾਬ ਨੂੰ ਆਪਣੀ ਲਪੇਟ ਵਿਚ ਲੈ ਸਕਦੇ ਹਨ। ਬਾਹਰਲੇ ਦੇਸ਼ਾਂ ਵਿਚ ਵੀ ਅੰਮ੍ਰਿਤਪਾਲ ਦੇ ਲੱਖਾਂ ਸਮਰਥਕਾਂ ਦੀਆਂ ਨਜ਼ਰਾਂ ਪੰਜਾਬ ਵਿਚ ਲਗੀਆਂ ਹੋਈਆਂ ਹਨ।

ਏਨੀ ਪ੍ਰਸਿਧੀ, ਏਨਾ ਮਾਣ ਸਤਿਕਾਰ, ਏਨੀ ਚੇਤਨਾ ਦਾ ਪ੍ਰਵਾਹ, ਏਨੀ ਵੱਡੀ ਪੱਧਰ ਦੀ ਹਮਾਇਤ ਜਿਵੇਂ ਅੰਮ੍ਰਿਤਪਾਲ ਸਿੰਘ ਨੂੰ ਹਾਸਲ ਹੋਈ ਹੈ, ਉਸ ਨਾਲ ਇਸ ਚਮਤਕਾਰ ਤੋਂ ਹਰ ਕੋਈ ਖੁਸ਼ ਵੀ ਹੈ ਅਤੇ ਹੈਰਾਨ ਵੀ ਹੈ। ਉਹ ਪੰਜਾਬ ਲਈ ਇੱਕ ਵੱਡੀ ਉਮੀਦ ਦਾ ਪ੍ਰਤੀਕ ਬਣ ਚੁੱਕਾ ਹੈ।

ਪੰਜਾਬ ਵਿਚ ਹਰ ਸੂਝਵਾਨ ਵਿਅਕਤੀ ਨੂੰ ਤਾਂ ਛੱਡੋ, ਸਗੋਂ ਸਾਧਾਰਨ ਬੰਦਾ ਵੀ ਸਮਝ ਰਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਫਰਾਰ ਦਸਣ ਦਾ ਅਸਲ ਮਤਲਬ ਕੀ ਹੈ, ਕੀ ਇਰਾਦਾ ਹੈ ਅਤੇ ਯਕੀਨਨ ਇਸ ਪਿੱਛੇ ਸਰਕਾਰ ਦੀ ਕੋਈ ਡੂੰਘੀ ਸਾਜ਼ਿਸ਼ ਹੈ।

ਹਰ ਕੋਈ ਜਾਣਦਾ ਹੈ ਕਿ 80ਵਿਆਂ ਦੇ ਦੌਰ ਵਿਚ ਕਿਸੇ ਖਾੜਕੂ ਦੇ ਫਰਾਰ ਹੋਣ ਦਾ ਮਤਲਬ ਉਸ ਨੂੰ ਝੂਠਾ ਮੁਕਾਬਲਾ ਦਿਖਾ ਕੇ ਮਾਰ-ਮੁਕਾਉਣਾ ਹੀ ਸੀ। ਇਸ ਲਈ ਲੋਕਾਂ ਦੇ ਸ਼ੰਕੇ ਜਾਇਜ਼ ਹਨ ਕਿ ਜਿਵੇਂ ਪੁਲਿਸ ਉਸ ਨੂੰ ਫਰਾਰ ਦਸ ਰਹੀ ਹੈ, ਕਿਤੇ ਉਸ ਨਾਲ ਵੀ ਤਾਂ ਇਹੋ ਭਾਣਾ ਨਹੀਂ ਵਾਪਰੇਗਾ।

ਸਵਾਲਾਂ ਦਾ ਵੱਡਾ ਸਵਾਲ ਇਹ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਦੇ ਨਾਲ ਦੇ ਸਾਥੀਆਂ ਨੂੰ ਫੜ ਲਿਆ ਗਿਆ ਹੈ ਅਤੇ ਤਸਵੀਰਾਂ ਵੀ ਦਸ ਰਹੀਆਂ ਹਨ ਕਿ ਅੰਮ੍ਰਿਤਪਾਲ ਸਿੰਘ ਵੀ ਉਨ੍ਹਾਂ ਦੇ ਨਾਲ ਹੀ ਸੀ ਤਾਂ ਅੰਮ੍ਰਿਤਪਾਲ ਸਿੰਘ ਕਿਵੇਂ ਫਰਾਰ ਹੋ ਸਕਦਾ ਹੈ? ਇਸ ਲਈ ਸਮੁੱਚੇ ਪੰਜਾਬ ਦੇ ਲੋਕਾਂ ਨੇ ਪੁਲਿਸ ਅਤੇ ਸਰਕਾਰ ਨੂੰ ਸ਼ੱਕ ਦੇ ਘੇਰੇ ਵਿਚ ਰੱਖਿਆ ਹੋਇਆ ਹੈ।

ਪੰਜਾਬ ਵਿਚ ਹਰ ਮੈਦਾਨ ਅੰਦਰ 'ਬਦਲਾਅ' ਦੇ ਨਾਅਰੇ ਨਾਲ ਸੱਤਾ ਵਿਚ ਆਈ 'ਆਪ' ਸਰਕਾਰ ਹੁਣ ਇਸ ਸਵਾਲ ਦਾ ਸਾਹਮਣਾ ਕਰ ਰਹੀ ਹੈ ਕਿ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਸਰਕਾਰ ਨੇ ਏਨਾ ਵੱਡਾ ਡਰਾਮਾ ਕਿਉਂ ਰਚਿਆ? ਅੰਮ੍ਰਿਤਪਾਲ ਸਿੰਘ ਨੇ ਤਾਂ ਖੁਦ ਹੀ ਕਈ ਵਾਰ ਗ੍ਰਿਫਤਾਰੀ ਦੀ ਪੇਸ਼ਕਸ਼ ਕੀਤੀ ਸੀ, ਉਸ ਨੂੰ ਪਿੰਡ ਤੋਂ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਸੀ। ਉਸ ਨੂੰ ਕਿਸੇ ਪੁਲੀਸ ਅਫਸਰ ਰਾਹੀਂ ਜਾਂ ਕਿਸੇ ਵੀ ਪਤਵੰਤੇ ਸੱਜਣ ਰਾਹੀਂ ਗ੍ਰਿਫਤਾਰੀ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਸੀ। ਪਰ ਇਹ ਸਾਰੇ ਢੰਗ ਤਰੀਕੇ ਕਿਉਂ ਨਾ ਅਪਨਾਏ ਗਏ? ਕੀ ਭਗਵੰਤ ਮਾਨ ਨਿੱਜੀ ਤੌਰ ਤੇ ਗ੍ਰਿਫਤਾਰੀ ਬਾਰੇ ਕੋਈ ਵੱਖਰਾ ਵਿਚਾਰ ਰੱਖਦਾ ਸੀ? ਕੀ ਇਸ ਅਤਿ ਗੰਭੀਰ ਸਵਾਲ ਬਾਰੇ ਕੇਂਦਰ ਅਤੇ ਪੰਜਾਬ ਸਰਕਾਰ ਵਿਚ ਮੱਤਭੇਦ ਸਨ? ਕੀ ਅਜੀਤ ਡੋਵਾਲ ਸ਼ਤਰੰਜ ਦੀ ਇਸ ਖੇਡ ਵਿਚ ਮੋਹਰੀ ਰੋਲ ਅਦਾ ਕਰ ਰਿਹਾ ਸੀ ਅਤੇ ਆਖ਼ਰ ਉਸ ਦੀ ਹੀ ਜਿੱਤ ਹੋਈ? ਅਰਵਿੰਦ ਕੇਜਰੀਵਾਲ ਦੀ ਵੀ ਇਸ ਮੁਹਿੰਮ ਵਿਚ ਕੋਈ ਜ਼ਬਰਦਸਤ ਹਾਂ ਸੀ? ਇਹ ਸਵਾਲ ਤਾਂ ਹੁਣ ਪੁਛੇ ਹੀ ਜਾਣੇ ਹਨ।

ਮੈਂ ਜਦੋਂ ਅੰਮ੍ਰਿਤਪਾਲ ਸਿੰਘ ਦੀ ਮਹਾਨਤਾ ਅਤੇ ਮਹੱਤਤਾ ਦੇ ਰੋਲ ਦੀ ਗੱਲ ਕਰਦਾ ਹਾਂ ਤਾਂ



ਉਸ ਦਾ ਇਕ ਖਾਸ ਕਾਰਨ ਇਹ ਵੀ ਹੈ ਕਿ ਉਸ ਦੇ ਪਿੱਛੇ ਸੰਤ ਜਰਨੈਲ ਸਿੰਘ ਖਲੋਤੇ ਹਨ, ਦੀਪ ਸਿਧੂ ਦੀਆਂ ਚਿਤਾਵਨੀਆਂ ਹਨ, ਸਿੱਧੂ ਮੂਸੇ ਵਾਲਾ ਖਲੋਤਾ ਹੈ ਜੋ ਸਿੱਧੇ ਰੂਪ ਵਿਚ ਆਪਣੇ ਇੱਕ ਗੀਤ ਰਾਹੀ ਬਲਵਿੰਦਰ ਜਟਾਣੇ ਦੇ ਆਉਣ ਬਾਰੇ ਚੇਤਾਵਨੀ ਦੇ ਰਿਹਾ ਹੈ। ਤੁਸੀਂ ਪੁਛ ਸਕਦੇ ਹੋ ਕਿ ਇਹ ਅੰਮ੍ਰਿਤਪਾਲ ਸਿੰਘ ਕੀ ਹੈ? ਉਹ ਇਸ ਸ਼ਾਨਾਮੱਤੇ ਇਤਿਹਾਸ ਦੀ ਲੜੀ ਵਿਚ ਨਵਾਂ ਮਹਿਮਾਨ ਆਇਆ ਹੈ ਜਿਸ ਨੇ ਅੰਮ੍ਰਿਤ ਦੇ ਪਵਿੱਤਰ ਸੰਕਲਪ ਵਿਚ ਇਕ ਨਵੀਂ ਤਾਜ਼ਗੀ ਭਰੀ ਹੈ, ਨਵੀਂ ਤਾਜ਼ਗੀ ਦਾ ਅਹਿਸਾਸ ਕਰਾਇਆ ਹੈ। ਪਰ ਭਾਰਤੀ ਸਟੇਟ ਨੇ ਤਰਕ ਅਤੇ ਜਜ਼ਬੇ ਦੇ ਕਿਸੇ ਉਚੇ-ਸੁੱਚੇ ਸੰਤੁਲਨ ਤੇ ਸੁਮੇਲ ਵਿਚ ਭਾਈ ਅੰਮ੍ਰਿਤਪਾਲ ਸਿੰਘ ਨੂੰ ਨਹੀਂ ਵੇਖਿਆ-ਐਨ ਜਿਵੇਂ ਇਸ ਨੇ ਨਾ ਤਾਂ ਸੰਤ ਜਰਨੈਲ ਸਿੰਘ ਨੂੰ ਵੇਖਿਆ ਅਤੇ ਨਾ ਹੀ ਭਾਰਤੀ ਸਟੇਟ ਦੀਪ ਸਿੱਧੂ ਨੂੰ ਵੇਖ ਸਕੀ। 1995 ਵਿਚ ਜਦੋਂ ਜੁਝਾਰੂ ਲਹਿਰ ਆਪਣੇ ਪਤਨ ਵੱਲ ਵਧ ਰਹੀ ਸੀ ਤਾਂ ਮੈਂ ਚਾਰ ਵਰਤਾਰਿਆਂ ਦਾ ਗੰਭੀਰ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਸੀ ਜੋ ਭਾਈ ਹਰਸਿਮਰਨ ਸਿੰਘ ਦੀ ਕਿਤਾਬ 'ਮਹਾਂ ਪੁਰਸ਼' ਦੀ ਲੰਮੀ ਭੂਮਿਕਾ ਵਿਚ ਪੇਸ਼ ਕੀਤਾ ਗਿਆ। 40 ਸਫਿਆਂ ਦੀ ਇਸ ਭੂਮਿਕਾ ਵਿਚ ਜਿਥੇ ਅਕਾਲੀ ਕਲਚਰ, ਸੰਤ ਜਰਨੈਲ ਸਿੰਘ, ਜੁਝਾਰੂ ਲਹਿਰ ਅਤੇ ਖਾਲਿਸਤਾਨ ਦੇ ਆਪਸੀ ਰਿਸ਼ਤਿਆਂ 'ਤੇ ਭਰਪੂਰ ਬਹਿਸ ਕੀਤੀ, ਉਥੇ ਭਾਰਤੀ ਸਟੇਟ ਦੇ ਲੱਛਣਾਂ ਉੱਤੇ ਵੀ ਟਿੱਪਣੀਆਂ ਕੀਤੀਆਂ ਅਤੇ ਉਹ ਗੱਲਾਂ ਅੱਜ ਵੀ ਜਿਉਂ ਦੀ ਤਿਉਂ ਕਾਇਮ ਹਨ। ਭਾਰਤੀ ਸਟੇਟ ਉਤੇ ਰਾਜ ਕਰ ਰਹੀ ਬਹੁਗਿਣਤੀ ਵਾਲੀ ਕੌਮ ਕੋਲ ਰਾਜਨੀਤਕ ਸਿਆਣਪ, ਦਾਨਾਈ,ਦੂਰ-ਅੰਦੇਸ਼ੀ ਅਤੇ ਦਿਬ ਦ੍ਰਿਸ਼ਟੀ ਵਾਲੇ ਇਨਸਾਨ ਹੀ ਨਹੀਂ ਹਨ। ਹੁਣ ਉਹੋ ਭੂਮਿਕਾ ਭਾਈ ਹਰਸਿਮਰਨ ਸਿੰਘ ਨੇ ਆਪਣੀ ਚਰਚਿਤ ਪੁਸਤਕ 'ਖਾਲਸਾ ਯੁਗ ਦੇ ਪੈਂਡੇ' ਵਿਚ ਮੁੜ ਦੁਹਰਾਈ ਹੈ।

ਮੈਂ, ਜਿਸ ਨੇ ਜੁਝਾਰੂ ਲਹਿਰ ਨੂੰ ਵੇਖਿਆ ਪਰਖਿਆ ਹੈ, ਜਿਵੇਂ ਸੰਤ ਜਰਨੈਲ ਸਿੰਘ ਨੂੰ ਮਿਲ ਕੇ ਨੇੜਿਓਂ ਹੋ ਕੇ ਸਮਝਣ ਦੀ ਕੋਸ਼ਿਸ਼ ਕੀਤੀ ਹੈ ਅਤੇ ਜਿਵੇਂ ਦੀਪ ਸਿੱਧੂ ਨੂੰ ਜਾਣਿਆ ਹੈ, ਇਸ ਇਤਿਹਾਸਕ ਹਕੀਕਤ ਨੂੰ ਮੁੜ ਦੁਹਰਾਉਂਦਾ ਹਾਂ ਕਿ ਜੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਪੰਜਾਬ ਦੇ ਨੌਜਵਾਨਾਂ ਵਿਚ ਬੇਚੈਨੀ ਦੀ ਇਕ ਵੱਡੀ ਲਹਿਰ ਦੇਰ ਜਾਂ ਸਵੇਰ ਸ਼ੁਰੂ ਹੋਵੇਗੀ ਹੀ ਹੋਵੇਗੀ। ਜੇ ਉਸ ਨੂੰ ਗ੍ਰਿਫਤਾਰ ਕਰਕੇ ਕਿਸੇ ਬਾਹਰਲੀ ਸਟੇਟ ਵਿਚ ਭੇਜਿਆ ਜਾਂਦਾ ਹੈ ਤਾਂ ਇਹ ਜਵਾਨੀ ਭਾਵੇਂ ਖ਼ਾਮੋਸ਼ ਹੋ ਵੀ ਜਾਵੇ ਤਾਂ ਵੀ ਇਸ ਖਾਮੋਸ਼ੀ ਵਿਚ ਵੱਡੀ ਹਲਚਲ ਰਹੇਗੀ। ਜੇ ਉਸ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਰਚੀ ਜਾਂਦੀ ਹੈ ਤਾਂ ਹਰ ਅੰਮ੍ਰਿਤਪਾਲ ਸਿੰਘ ਪੰਜਾਬ ਦੀ ਸਰਜ਼ਮੀਨ ਤੇ ਆਉਣਗੇ ਹੀ ਆਉਣਗੇ। ਅੰਤਰਰਾਸ਼ਟਰੀ ਪੱਧਰ ਉੱਤੇ ਵੀ ਇਸ ਘਟਨਾ ਦੇ ਦੂਰ ਦੂਰ ਤੱਕ ਅਸਰ ਹੋਣਗੇ।

ਭਾਰਤੀ ਸਟੇਟ ਕੋਲ ਜਾਣਕਾਰੀ ਦੇ ਸਹੀ ਅਤੇ ਨਿਰਪੱਖ ਵਸੀਲੇ ਹੀ ਨਹੀਂ ਹਨ ਅਤੇ ਇਥੋਂ ਦੀ ਇਲੀਟ ਜਮਾਤ ਕੋਲ਼ ਕਿਸੇ ਵੀ ਲਹਿਰ ਬਾਰੇ ਠੋਸ ਜਾਣਕਾਰੀ, ਸੰਤੁਲਿਤ ਸਮਝ ਅਤੇ ਜਗਿਆਸਾ ਨਹੀਂ ਜਿਸ ਨੂੰ ਪਾਰਦਰਸ਼ੀ ਕਿਹਾ ਜਾ ਸਕੇ। ਇਸ ਦਾ ਸਿੱਧਾ ਸਬੂਤ national channel ਦੇ ਰਹੇ ਹਨ ਜੋ ਅੰਮ੍ਰਿਤਪਾਲ ਸਿੰਘ ਦੀ ਸ਼ਖ਼ਸੀਅਤ ਬਾਰੇ ਹਾਸੋਹੀਣੇ ਤਰਕ ਤੇ ਸਤਈ ਕਿਸਮ ਦੇ ਵਿਸ਼ਲੇਸ਼ਣ ਕਰਕੇ ਆਪਣੀ ਅਕਲ ਅਤੇ ਗਿਆਨ ਦਾ ਖੁਦ ਹੀ ਮਜ਼ਾਕ ਉਡਾ ਰਹੇ ਹਨ। ਹਾਲ ਵਿਚ ਹੀ ਇਕ ਸੀਨੀਅਰ ਪੱਤਰਕਾਰ ਜਗਵਿੰਦਰ ਪਟਿਆਲ ਨੇ ਜਿਵੇਂ ਪੱਤਰਕਾਰਤਾ ਦੇ ਸਦਾਚਾਰਕ ਨਿਯਮਾਂ ਦੀ ਉਲੰਘਣਾ ਕਰਕੇ ਆਪਣੇ ਆਪ ਨੂੰ ਇਕ "ਦਰਬਾਰੀ ਪੱਤਰਕਾਰ"ਵਜੋਂ ਪੇਸ਼ ਕੀਤਾ ਹੈ, ਉਸ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਆਉਣ ਵਾਲੇ ਦਿਨ ਸਾਡੇ ਲਈ ਕਿਹੋ ਜਿਹੇ ਹੋਣਗੇ।

ਇੱਥੇ ਪੰਜਾਬ ਦੀ ਸਰਜ਼ਮੀਨ 'ਤੇ ਤਾਰਿਆਂ ਨਾਲ ਗੱਲਾਂ ਕਰਨ ਵਾਲੇ ਅਤੇ ਚੰਨ ਸੂਰਜਾਂ ਨਾਲ ਕਿਲਕਲੀ ਪਾਉਣ ਵਾਲੇ ਮਹਾਨ ਸ਼ਾਇਰ ਪ੍ਰੋਫੈਸਰ ਪੂਰਨ ਸਿੰਘ ਵੱਲੋਂ ਸਿੱਖੀ ਦਰਦ ਵਿਚ ਲੁਕੀ ਰਾਜਸੀ ਰੀਝ ਨੂੰ ਪੇਸ਼ ਕੀਤਾ ਜਾਂਦਾ ਹੈ ਜੋ ਅੰਮ੍ਰਿਤਪਾਲ ਸਿੰਘ ਦੇ ਪ੍ਰਸੰਗ ਵਿਚ ਸਮੁੱਚੀ ਸਿੱਖ ਕੌਮ ਨੂੰ ਇਕੱਠੇ ਹੋਣ ਦਾ ਦਰਦਨਾਕ ਸੁਨੇਹਾ ਵੀ ਹੈ:

ਇਹ ਗਲੀ ਮਾਹੀ ਯਾਰ ਦੀ ਹਾਂ।
ਇਹ ਰਾਹ ਸੱਚੀ ਸਰਕਾਰ ਦੀ ਹਾਂ।
ਉਏ,
ਸਿਖ ਕਿਉਂ ਭੁਲਦੇ ਜਾਂਦੇ ਨੇ।
ਉਏ,
ਸਿੱਖ ਕਿਉਂ ਰੁਲਦੇ ਜਾਂਦੇ ਨੇ।

# ਯਾਦ ਰੱਖਣਾ ਪੰਜਾਬੀਓ! 84 ਦੇ ਪੱਟੇ ਅਜੇ ਤੱਕ ਰਾਸ ਨਹੀਂ ਆਏ

ਜੇ ਕਿਸੇ ਨੇ ਸੱਚਮੁਚ ਸਿੱਖੀ ਦੀ ਲੜਾਈ ਲੜਨੀ ਹੋਵੇ, ਉਸ ਲਈ ਸਜ਼ਾਵਾਂ ਪੂਰੀਆਂ ਕਰ ਕੇ ਵੀ ਜੇਲ੍ਹਾਂ ਵਿਚ ਡੱਕੇ ਹੋਏ ਸਿੱਖਾਂ ਦਾ ਮਸਲਾ ਅਣਖ ਦਾ ਮਸਲਾ ਹੋਵੇ। ਪਰ ਚੰਦ ਕੁ ਲੋਕਾਂ ਤੋਂ ਬਿਨਾ ਕੌਣ ਲੜ ਰਿਹਾ ਹੈ! ਕੋਈ ਪੁੱਛੇ ਧੱਕੇ ਨਾਲ ਸਿੱਖਾਂ ਦਾ ਆਗੂ ਬਣੇ ਇਸ ਜ਼ਹਿਰਪਾਲ

**ਪਾਲੀ ਭੁਪਿੰਦਰ**
**ਫੋਨ: 94640-11630**

ਨੂੰ ਕਿ ਇਸਨੇ ਇਸ ਲੜਾਈ ਲਈ ਕੀ ਕੀਤਾ ਹੈ? ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਮਾਮਲਾ ਵੀ ਵੱਡਾ ਸੀ ਪਰ ਉਹ ਕਦੇ ਉਸ ਨਹੀਂ ਲੜਿਆ। ਉਹ ਆਖਦਾ ਹੈ ਕਿ ਉਹ ਪੰਜਾਬ ਅੰਦਰ ਨਸ਼ਿਆਂ ਖਿਲਾਫ਼ ਲੜਦਾ ਹੈ ਪਰ ਦਿਸਦਾ ਹੈ ਕਿ ਉਸਨੇ ਕਦੇ ਨਸ਼ੇ ਦੇ ਕਿਸ ਸੌਦਾਗਰ ਨੂੰ ਘੇਰਿਆ ਹੋਵੇ ਜਾਂ ਕਿਤੇ ਕੋਈ ਰੀਹੈਬ ਖੋਲ੍ਹਿਆ ਹੋਵੇ? ਉਹ ਜੀਰਾ ਫੈਕਟਰੀ ਮੋਰਚੇ ਵਿਚ ਸ਼ਾਮਿਲ ਹੋਇਆ ਪਰ ਮੋਰਚੇ ਦਾ ਸਮਰਥਨ ਕਰਨ ਦੀ ਬਜਾਏ ਪੰਜਾਬ ਦੇ 'ਲਾਲਿਆਂ' ਨੂੰ ਮਾਰਨ ਦੀਆਂ ਧਮਕੀਆਂ ਦੇਣ ਲੱਗ ਪਿਆ, ਜਿਸ ਨਾਲ ਇੱਕ ਵਾਰ ਤਾਂ ਦਿੱਲੀ ਮੋਰਚੇ ਵਾਂਗ ਮੋਰਚਾ ਖਤਰੇ ਵਿਚ ਹੀ ਪੈ ਚੱਲਿਆ ਸੀ। ਉਹ ਖਾਲਿਸਤਾਨ ਦਾ ਦਾਅਵਾ ਕਰਦਾ ਹੈ ਪਰ ਸਿਵਾਏ 'ਘੂਮਤ' ਨਾਲ ਲੜਦੇ ਹਾਂ ਦਾ ਰੌਲਾ ਪਾਉਣ ਦੇ ਕਿਹੜੀ ਮੁਹਿੰਮ ਛੇੜੀ ਹੈ ਉਸਨੇ ਭਾਰਤ ਸਰਕਾਰ ਖਿਲਾਫ਼ ਕਿ ਖਾਲਿਸਤਾਨ ਦਾ ਨਕਸ਼ਾ ਵੀ ਬਣ ਜਾਵੇ!

ਧਿਆਨ ਨਾਲ ਵੇਖਣਾ, ਅੰਮ੍ਰਿਤਪਾਲ ਕਦੇ ਸਿੱਖਾਂ ਜਾਂ ਪੰਜਾਬ ਦੀਆਂ ਹੱਕੀ ਮੰਗਾਂ ਲਈ ਨਹੀਂ ਲੜਦਾ। ਉਹ ਦਿੱਲੀ ਦੰਗਿਆਂ ਲਈ ਨਹੀਂ ਲੜਦਾ। ਰਾਜਧਾਨੀ ਅਤੇ ਪੰਜਾਬ ਦੇ ਪਾਣੀਆਂ ਲਈ ਨਹੀਂ ਲੜਦਾ। ਕੇਂਦਰ ਵੱਲੋਂ ਵਾਰ-ਵਾਰ ਸੂਬੇ ਨਾਲ ਹੁੰਦੇ ਧੱਕਿਆਂ ਖਿਲਾਫ਼ ਨਹੀਂ ਲੜਦਾ। ਕਿਉਂ! ਕਿਉਂਕਿ ਇਹ ਸਾਰੀਆਂ ਲੜਾਈਆਂ ਉਸਨੂੰ ਭਾਰਤੀ ਜਾਂ ਪੰਜਾਬ ਸਟੇਟ ਖਿਲਾਫ਼ ਲੜਨੀਆਂ ਪੈਣੀਆਂ ਹਨ ਤੇ ਖੁਦ ਸਟੇਟ ਦਾ ਸੰਦ ਹੋ ਕੇ ਉਹ ਸਟੇਟ ਖਿਲਾਫ਼ ਲੜ ਵੀ ਕਿੰਦਾਂ ਸਕਦਾ ਹੈ? ਉਹ ਲੜ ਹੀ ਨਹੀਂ ਸਕਦਾ ਕਿਉਂਕਿ ਉਸਦੇ ਸਾਰੇ ਈਵੈਂਟ ਮੈਨੇਜਰ ਦਿੱਲੀ ਬੈਠੇ ਹਨ। ਉਹੀ ਜਿਹੜੇ ਪਹਿਲਾਂ ਦੀਪ ਸਿੱਧੂ ਦੇ ਮੈਨੇਜਰ ਸਨ।

ਇਸ ਲਈ ਅੰਮ੍ਰਿਤਪਾਲ ਈਸਾਈਆਂ ਖਿਲਾਫ਼ ਲੜਦਾ ਹੈ। ਸੰਵਾਦ ਦੀ ਵਕਾਲਤ ਕਰਨ ਵਾਲੇ ਸਿੱਖ ਆਗੂਆਂ, ਹੋਰ ਸੰਤਾਂ ਅਤੇ ਵਿਦਵਾਨਾਂ ਖਿਲਾਫ਼ ਲੜਦਾ ਹੈ। ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਖਿਲਾਫ਼ ਲੜਦਾ ਹੈ। ਗੁਰਦਵਾਰਿਆਂ ਵਿਚ ਕੁਰਸੀਆਂ 'ਤੇ ਬੈਠਣ ਵਾਲੇ ਬਜ਼ੁਰਗਾਂ ਖਿਲਾਫ਼ ਲੜਦਾ ਹੈ। ਉਹ ਜਦ ਵੀ ਲੜਦਾ ਹੈ, ਸਿੱਖਾਂ ਅਤੇ ਸਿੱਖ ਮਸਲਿਆਂ ਨੂੰ ਉਲਝਾਉਣ ਲਈ ਹੀ ਲੜਦਾ ਹੈ। ਕਿਉਂਕਿ ਉਸਨੂੰ ਰੱਖਿਆ ਹੀ ਇਸ ਮੰਤਵ ਲਈ ਗਿਆ ਹੈ। ਬਘੇਲੇ ਵਰਗੇ ਆਪਣੇ ਸਾਥੀਆਂ ਤੇ ਨਕਲੀ ਪ੍ਰੋਫਾਈਲਾਂ ਦੀ ਮਦਦ ਨਾਲ ਉਸਨੂੰ ਸਿੱਖੀ ਦੀ ਸੰਵਾਦ-ਪਰੰਪਰਾ ਨੂੰ ਗਾਲ੍ਹਾਂ ਵਿਚ ਬਦਲਣ ਲਈ ਰੱਖਿਆ ਗਿਆ ਹੈ। ਉਸਨੂੰ ਰੱਖਿਆ ਗਿਆ ਹੈ ਕਿ ਉਹ ਬਾਕੀ ਸਾਰੀ ਸਿੱਖ ਲੀਡਰਸ਼ਿਪ ਅਤੇ ਸੰਸਥਾਵਾਂ ਨੂੰ ਗੁੱਠੇ ਲਾ ਕੇ ਸਿੱਖਾਂ ਨੂੰ ਸਿਆਸੀ ਤੌਰ 'ਤੇ ਲਾਵਾਰਿਸ ਬਣਾ ਦੇਵੇ ਤੇ ਸਿੱਖਾਂ ਦੇ ਸੋਚਣ-ਵਿਚਰਨ ਦਾ ਡੈਮੋਕ੍ਰੇਟਿਕ ਢਾਂਚਾ



ਤਬਾਹ ਕਰ ਦੇਵੇ। ਉਸਦਾ ਕੰਮ ਹੈ, ਸਿੱਖਾਂ ਨੂੰ ਸਭਿਆਚਾਰਕ ਤੌਰ 'ਤੇ ਜਾਹਿਲ ਅਤੇ ਧਾਰਮਿਕ ਤੌਰ 'ਤੇ ਮੂਰਖ ਸਾਬਿਤ ਕਰਨਾ। ਉਸਦਾ ਕੰਮ ਹੈ ਗੁਰੂ ਗਰੰਥ ਸਾਹਿਬ ਅਤੇ ਸਾਰੀਆਂ ਸਿੱਖੀ ਰਵਾਇਤਾਂ ਨੂੰ ਕੱਟੜਤਾ ਦੇ ਰੰਗ ਵਿਚ ਰੰਗ ਦੇਣਾ ਤਾਂ ਕਿ ਲੋਕ ਸਿੱਖਾਂ ਤੋਂ ਡਰਨ। ਖਾਸ ਕਰਕੇ ਪੰਜਾਬ ਦੇ ਹਿੰਦੂ ਤੇ ਡਰ ਕੇ 24 ਵਿਚ ਕਿਸੇ ਰਾਸ਼ਟਰੀ ਪਾਰਟੀ ਦੀ ਝੋਲੀ ਜਾ ਡਿੱਗਣ। ਅੰਮ੍ਰਿਤਪਾਲ ਦਾ ਕੰਮ ਹੈ, ਪੰਜਾਬ ਵਿਚ ਰਵਾਇਤੀ ਲੀਡਰਸ਼ਿਪ ਨੂੰ ਰੱਦ ਕਰ ਕੇ ਅੱਕੇ ਹੋਏ ਪੰਜਾਬੀਆਂ ਦਵਾਰਾ ਨਵੀਂ ਆਸ ਨਾਲ ਚੁਣੀ ਬਿਲਕੁਲ ਨਵੇਂ ਆਗੂਆਂ ਦੀ ਸਰਕਾਰ ਨੂੰ ਭੰਗ ਕਰਵਾ ਕੇ ਇੱਥੇ ਰਾਸ਼ਟਰਪਤੀ ਰਾਜ ਲਾਗੂ ਕਰਵਾਉਣਾ।

ਤੇ ਤੁਸੀਂ ਵੇਖ ਸਕਦੇ ਹੋ, ਇਹ 'ਡਿਊਟੀ' ਉਹ ਬਹੁਤ ਚੰਗੀ ਤਰ੍ਹਾਂ ਨਿਭਾ ਰਿਹਾ ਹੈ।

ਹੁਣ ਸਵਾਲ ਪੰਜਾਬੀਆਂ ਨੂੰ ਹੈ। ਕੀ ਉਹ ਵੀ ਪੰਜਾਬ ਪ੍ਰਤੀ ਆਪਣੀ ਡਿਊਟੀ ਨਿਭਾਉਣਗੇ ਜਾਂ 84 ਵਿਚ ਇੱਕ ਦੂਜੇ ਨਾਲ ਲੜ-ਭਿੜ ਕੇ ਪੰਜਾਬ ਨੂੰ ਤਬਾਹ ਕਰ ਲੈਣਗੇ। ਹੁਣ ਸਵਾਲ ਸਿੱਖਾਂ ਨੂੰ ਹੈ। ਕੀ ਉਹ ਬਾਬੇ ਨਾਨਕ ਪ੍ਰਤੀ ਆਪਣੀ ਡਿਊਟੀ ਨਿਭਾਉਣਗੇ ਜਾਂ ਮੂਰਖਾਂ ਵਾਂਗ ਹਰਲ-ਹਰਲ ਕਰਕੇ ਸਿੱਖੀ ਦੇ ਨਾਲ-ਨਾਲ ਆਪਣੇ ਬੱਚੇ ਮਰਵਾ ਲੈਣਗੇ!

ਯਾਦ ਰੱਖਣਾ ਪੰਜਾਬੀਓ! 84 ਦੇ ਪੱਟੇ ਅੱਜ ਤੱਕ ਰਾਸ ਨਹੀਂ ਆਏ। ਅੱਜ ਤੱਕ ਪੰਜਾਬ ਸਿਰ ਪਰਨੇ ਹੈ ਤੇ ਤੁਹਾਡੇ ਬੱਚੇ ਵਿਦੇਸ਼ਾਂ ਵਿਚ ਰੁਲਣ ਲਈ ਮਜਬੂਰ ਨੇ। ਅੰਮ੍ਰਿਤਪਾਲ ਕੋਈ ਸਿੱਖ ਨਹੀਂ, 24 ਦੀ ਖੇਡ ਦਾ ਮੋਹਰਾ ਹੈ ਬੱਸ। ਜੇ ਇਸ ਵਾਰ ਵੀ ਮਾਰ ਖਾ ਗਏ ਤਾਂ ਮਰੋਗੇ। ਸੋ ਹੁਣੇ ਤੋਂ ਸਿੱਖੀ ਦੇ ਨਾਂ 'ਤੇ ਹੁੰਦੀ ਇਸ ਗੁੰਡਾਗਰਦੀ ਖਿਲਾਫ਼ ਆਵਾਜ਼ ਚੁੱਕੋ!

***(ਅਜਨਾਲਾ ਦੀਆਂ ਘਟਨਾਵਾਂ ਤੋਂ ਬਾਅਦ ਜਾਰੀ ਕੀਤੇ ਸੰਦੇਸ਼ ਵਿਚੋਂ)***

## ਹਕੂਮਤਾਂ ਏਹੋ ਚਾਹੁੰਦੀਆਂ ਨੇ ?

ਨਸ਼ਿਆਂ ਵਿਚ ਗਲਤਾਨ ਰਹੋ,
ਗਿਆਨ ਵਿਹੂਣੇ ਬੇਜਾਨ ਰਹੋ।
ਹਕੂਮਤਾਂ ਏਹੋ ਚਾਹੁੰਦੀਆਂ ਨੇ।
ਵੋਟਾਂ ਪਾ ਤੇ ਫ਼ਿਰ ਸੌਂ ਜਾਓ,
ਹੱਕਾਂ ਲਈ ਨਾ ਆਵਾਜ਼ ਉਠਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।

ਤੁਸੀਂ ਕਿਤੇ ਨਾ ਜਾਗਰੂਕ ਹੋ ਜਾਓ,
ਡੀਜਿਆਂ ਉੱਤੇ ਬੱਸ ਭੰਗੜੇ ਪਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।
ਆਪਣਾ ਧਰਮ ਤੁਸੀਂ ਨਾ ਅਪਣਾਓ,
ਅਧਰਮੀ ਅਤੇ ਨਾਸਤਿਕ ਬਣ ਜਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।

ਆਜ਼ਾਦੀ ਆਪਣੀ ਗਿਰਵੀ ਧਰਾਓ,
ਸੋਸ਼ਲ ਮੀਡੀਆ 'ਤੇ ਨਾ ਪੋਸਟ ਪਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।
ਹਕੂਮਤਾਂ ਦੇ ਸੁਨੇਹੇ ਸ਼ੇਅਰ ਕਰਵਾਓ,
ਆਪਣੇ ਸੁਨੇਹਿਆਂ 'ਤੇ ਤਾਲੇ ਲਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।

ਟਵਿੱਟਰ ਦੇ ਆਦੀ ਹੋ ਜਾਓ,
ਫੇਸਬੁੱਕ ਦੀ ਬਸ ਆਦਤ ਪਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।
ਅਖ਼ਬਾਰਾਂ ਦੀ ਬਸ ਗੱਲ ਮੁਕਾਓ,
ਪ੍ਰਿੰਟ ਮੀਡੀਆ ਖੂਹ ਖਾਤੇ ਪਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।

ਬੋਦਲਾਂ ਦੇ ਸੁਖਵਿੰਦਰਾ ਨਾ ਸੋਚੋ ਸੋਚਾਓ,
ਗੂਗੇ, ਬੋਲੇ, ਅੰਨ੍ਹੇ ਬਣ ਜਾਓ।
ਹਕੂਮਤਾਂ ਏਹੋ ਚਾਹੁੰਦੀਆਂ ਨੇ।
ਦੁਨੀਆ ਦੇ ਲੋਕੋ ਆਪਣੀ ਆਜ਼ਾਦੀ ਬਚਾਓ,
ਅਜੇ ਵੀ ਵਕ਼ਤ ਹੈ, ਇਕੱਠੇ ਹੋ ਜਾਓ।
ਆਜ਼ਾਦੀ ਦਾ ਬਿਗਲ ਵਜਾਓ।
ਆਓ ਰਲ-ਮਿਲ ਸੜਕਾਂ 'ਤੇ ਆਓ।
ਸੁਣੋ ਗੁਲਾਮੋਂ ਆਜ਼ਾਦ ਹੋ ਜਾਓ।
ਇਕੱਠ ਦੀ ਤਾਕਤ ਜ਼ਰਾ ਵਿਖਾਓ।
ਫ਼ਿਰ ਹਕੂਮਤਾਂ ਥਰਥਰਾਉਂਦੀਆਂ ਨੇ?

***-ਸੁੱਖਵਿੰਦਰ ਬੋਦਲਾਂਵਾਲਾ***

**ਭਾਰਤ ਵਿਚ ਉਚੇਰੀ ਵਿੱਦਿਆ ਅੱਜ ਕੱਲ੍ਹ ਵੱਡੇ ਸਵਾਲਾਂ ਦੇ ਘੇਰੇ ਵਿਚ ਹੈ। ਚੰਗੀਆਂ ਅਤੇ ਮਿਆਰੀਆਂ ਗਿਣੀਆਂ ਜਾਂਦੀਆਂ ਵਿੱਦਿਅਕ ਸੰਸਥਾਵਾਂ ਵਿਚ ਦਾਖਲਿਆਂ ਲਈ ਮੁਕਾਬਲਾ ਜਿੰਨਾ ਸਖਤ ਹੈ, ਉਸ ਦਾ ਅਸਰ ਵਿਦਿਆਰਥੀਆਂ ਦੇ ਜੀਵਨ ਉਤੇ ਸਿੱਧਾ ਪੈ ਰਿਹਾ ਹੈ। ਅੱਜ ਅਜਿਹੀਆਂ ਸੰਸਥਾਵਾਂ ਤੱਕ ਪੁੱਜਣ ਲਈ ਜਿਸ ਤਰ੍ਹਾਂ ਦਾ ਮੱਕੜ-ਜਾਲ ਕੋਚਿੰਗ ਸੈਂਟਰਾਂ ਦੇ ਰੂਪ ਵਿਚ ਫੈਲ ਚੁੱਕਾ ਹੈ, ਉਸ ਨੇ ਵਿਦਿਆਰਥੀਆਂ ਨੂੰ ਬੇਵੱਸ ਕਰ ਕੇ ਰੱਖ ਦਿੱਤਾ ਹੈ। ਇਉਂ ਵਿਦਿਆਰਥੀ ਪੀੜਤ ਧਿਰ ਬਣ ਕੇ ਰਹਿ ਗਏ ਹਨ। ਸਿਤਮਜ਼ਰੀਫੀ ਤਾਂ ਇਹ ਵੀ ਹੈ ਕਿ ਕੋਚਿੰਗ ਸੈਂਟਰਾਂ ਦੇ ਇਸ ਮੱਕੜ-ਜਾਲ ਵਿਚ ਵਿਦਿਆਰਥੀਆਂ ਦੇ ਮਾਪੇ ਵੀ ਬਰਾਬਰ ਦੇ ਸ਼ਰੀਕ ਬਣ ਗਏ ਹਨ ਅਤੇ ਆਪਣੇ ਬੱਚਿਆਂ 'ਤੇ ਇਹ ਪ੍ਰੈਸ਼ਰ ਲਗਾਤਾਰ ਵਧਾ ਰਹੇ ਹਨ। ਅਵਿਜੀਤ ਪਾਠਕ ਨੇ ਆਪਣੇ ਇਸ ਲੇਖ ਵਿਚ ਇਨ੍ਹਾਂ ਕੋਚਿੰਗ ਸੈਂਟਰਾਂ ਦੀ ਹਕੀਕਤ ਬਿਆਨ ਕੀਤੀ ਹੈ।**

# ਕੋਚਿੰਗ ਫੈਕਟਰੀਆਂ ਦੇ ਰੰਗ-ਢੰਗ


## ਵਿਦਿਆ ਦੇ ਵਪਾਰ ਨੇ ਵਿਦਿਆਰਥੀ ਸਾਹੋ-ਸਾਹ ਕੀਤੇ







ਭਾਰਤ ਵਿਚ ਉਚੇਰੀ ਵਿੱਦਿਆ, ਖ਼ਾਸ ਕਰ ਕੇ ਡਾਕਟਰੀ ਤੇ ਇੰਜਨੀਅਰਿੰਗ ਦੇ ਪੇਸ਼ੇ ਨਾਲ ਜੁੜੇ ਅਦਾਰਿਆਂ ਵਿਚ ਦਾਖ਼ਲਾ ਲੈਣ ਲਈ ਵਿਦਿਆਰਥੀਆਂ ਦਾ ਕੋਚਿੰਗ ਸੈਂਟਰਾਂ ਵਿਚ ਪੜ੍ਹਨਾ ਸਮੂਹਿਕ ਵਰਤਾਰਾ ਬਣ ਗਿਆ ਹੈ। ਦੇਸ਼ ਦੀ ਮੱਧਵਰਗੀ ਜਮਾਤ ਦੇ ਲੋਕਾਂ ਨੂੰ ਇਉਂ ਲੱਗਦਾ ਹੈ, ਜਿਵੇਂ ਉਨ੍ਹਾਂ ਕੋਲ ਆਪਣੇ ਬੱਚਿਆਂ ਨੂੰ ਡਾਕਟਰ ਜਾਂ ਇੰਜਨੀਅਰ ਬਣਾਉਣ ਤੋਂ ਬਿਨਾ ਹੋਰ ਕੋਈ ਬਦਲ ਹੀ ਨਹੀਂ ਬਚਿਆ। ਉਨ੍ਹਾਂ ਦੀ ਅਸੁਰੱਖਿਆ ਦੀ ਭਾਵਨਾ ਕੁਝ ਹੱਦ ਤਕ ਇਸ ਲਈ ਸਹੀ ਹੈ ਕਿਉਂਕਿ ਹੋਰ ਖੇਤਰਾਂ ਵਿਚ ਰੁਜ਼ਗਾਰ ਦੀ ਵੱਡੀ ਕਮੀ ਹੈ।



**ਅਵਿਜੀਤ ਪਾਠਕ**

ਸਮਾਜ ਵਜੋਂ ਅਸੀਂ ਇਹ ਮਹਿਸੂਸ ਹੀ ਨਹੀਂ ਕਰ ਰਹੇ ਕਿ ਇਹ ਸਿਸਟਮ ਆਪਣੇ ਆਪ ਵਿਚ ਬਿਮਾਰ ਹੈ। ਮੱਧਵਰਗੀ ਜਮਾਤ ਦੁਆਰਾ ਸਵੀਕਾਰ ਕੀਤੇ ਇਸ ਵਰਤਾਰੇ ਕਾਰਨ ਸਾਡੇ ਨੌਜਵਾਨ ਸਿਰਜਣਾਤਮਕਤਾ ਤੋਂ ਲਗਾਤਾਰ ਵਾਂਝੇ ਹੋ ਰਹੇ ਹਨ। ਇਹ ਮਹਾਮਾਰੀ ਹੈ; ਅਸੀਂ ਇਸ ਦਾ ਸ਼ਿਕਾਰ ਹੋ ਰਹੇ ਹਾਂ ਅਤੇ ਇਸੇ ਰਾਹੀਂ ਸਫਲਤਾ ਲੱਭ ਰਹੇ ਹਾਂ। ਮੱਧਵਰਗ ਦਾ ਸੁਪਨਾ ਹੀ ਉਸ ਦਾ ਸਰਾਪ ਹੈ।

ਭਾਰਤ ਦੇ ਉਚੇਰੇ ਵਿੱਦਿਅਕ ਅਦਾਰਿਆਂ ਵਿਚ ਦਾਖਲੇ ਲਈ ਕਰਾਏ ਜਾਂਦੇ ਮੁਕਾਬਲਾ-ਇਮਤਿਹਾਨਾਂ ਵਿਚ ਸਫਲਤਾ ਦਿਵਾਉਣ ਲਈ ਪ੍ਰਸਿੱਧ ਰਾਜਸਥਾਨ ਦੇ ਕੋਟਾ ਸ਼ਹਿਰ ਤੋਂ ਨੌਜਵਾਨ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਖ਼ਬਰਾਂ ਵਰਤਾਰਾ ਹੁਣ ਆਮ ਹੋ ਗਿਆ ਹੈ। ਇਹ ਜਾਪਦਾ ਹੈ ਕਿ ਅਸੀਂ ਸਭ ਨੇ ਇਸ ਨੂੰ ਸਹਿਜ ਰੂਪ ਵਿਚ ਸਵੀਕਾਰ ਵੀ ਕਰ ਲਿਆ ਹੈ। ਸਾਡੇ ਨੌਜਵਾਨ ਵਿਦਿਆਰਥੀ ਭਾਵੇਂ ਕਿੰਨੀ ਵੀ ਮਾਨਸਿਕ ਪੀੜ ਤੇ ਸਦਮੇ 'ਚੋਂ ਲੰਘਣ ਪਰ ਅਸੀਂ ਆਪਣੇ ਬੱਚਿਆਂ ਨੂੰ ਕੋਟਾ ਭੇਜਣਾ ਬੰਦ ਨਹੀਂ ਕਰਾਂਗੇ ਅਤੇ ਉਨ੍ਹਾਂ ਨੂੰ ਇਹ ਪ੍ਰਵਾਨ ਕਰਨ ਲਈ ਮਜਬੂਰ ਕਰਦੇ ਰਹਾਂਗੇ ਕਿ ਜਿੰਨੀ ਦੇਰ ਤੱਕ ਉਹ ਇਨ੍ਹਾਂ ਵਿਚੋਂ ਕੋਈ ਦਾਖ਼ਲਾ ਟੈਸਟ ਪਾਸ ਕਰ ਕੇ ਡਾਕਟਰ ਜਾਂ ਕੰਪਿਊਟਰ ਇੰਜਨੀਅਰ ਬਣਨ ਵਿਚ ਸਫ਼ਲ ਨਹੀਂ ਹੋ ਜਾਂਦੇ, ਓਨਾ ਚਿਰ ਉਨ੍ਹਾਂ ਦੀ ਜ਼ਿੰਦਗੀ ਦਾ ਕੋਈ ਮਾਇਨਾ ਨਹੀਂ ਹੈ; ਜਾਂ ਫਿਰ ਸਾਡੇ ਵਿਚੋਂ ਕੁਝ ਲੋਕ ਆਪਣੇ ਬੱਚਿਆਂ ਦਾ ਤਣਾਅ ਘਟਾਉਣ ਲਈ ਜ਼ਿਆਦਾ ਕੌਂਸਲਿੰਗ ਦੀਆਂ ਫਰਿਆਦਾਂ ਕਰਨਗੇ, ਹੋਰ ਜ਼ਿਆਦਾ ਮੋਟੀਵੇਸ਼ਨਲ ਵਕਤਾਵਾਂ ਤੇ ਕੁੰਜੀ ਗਾਈਡਾਂ ਮੁਹੱਈਆ ਕਰਾਉਣ ਦੀ ਮੰਗ ਕਰਨਗੇ ਤਾਂ ਕਿ ਉਹ (ਨੌਜਵਾਨ) ਸਮਾਜਿਕ ਡਾਰਵਿਨਵਾਦ ਦੀ ਇਸ ਖੇਡ ਵਿਚ ਇਕਾਗਰਚਿਤ ਬਣੇ ਰਹਿਣ, ਆਪਣਾ ਦਮ ਖ਼ਮ ਬਣਾ ਕੇ ਰੱਖ ਸਕਣ ਅਤੇ ਅੰਤ ਨੂੰ ਇਹ ਦੌੜ ਸਰ ਕਰ ਸਕਣ। ਉਂਝ, ਇਸ ਗੱਲ ਦੇ ਆਸਾਰ ਨਹੀਂ ਜਾਪਦੇ ਕਿ ਮਾਪੇ ਅਤੇ ਅਧਿਆਪਕ ਇਹ ਆਖਣ ਦੀ ਹਿੰਮਤ ਜੁਟਾ ਸਕਣਗੇ ਕਿ ਅਸਲ ਵਿਚ ਇਹ ਸਿਸਟਮ ਹੀ ਆਪਣੇ ਆਪ ਵਿਚ ਬਿਮਾਰ ਹੈ ਅਤੇ ਇਸ ਖੇਡ ਵਿਚ ਸ਼ਾਮਿਲ ਹਰ ਸ਼ਖਸ ਦੀ ਅੰਤ ਨੂੰ ਹਾਰ ਹੁੰਦੀ ਹੈ ਜਦੋਂਕਿ ਦਿਲਕਸ਼ ਪੈਕੇਜ ਸਹਿਤ ਨੌਕਰੀਆਂ ਪਾਉਣ ਵਾਲੇ ਵਿਦਿਆਰਥੀ ਵੀ ਮਨੋਂ ਫੱਟੜ ਤੇ ਅੰਦਰੋਂ ਖੋਖ਼ਲੇ ਹੋ ਕੇ ਰਹਿ ਜਾਂਦੇ ਹਨ।

ਕੀ ਇਸ ਵਰਤਾਰੇ ਦਾ ਕੋਈ ਬਦਲ ਨਹੀਂ?

ਐਸੇ ਵੀ ਮਾਪੇ ਹਨ ਜਿਨ੍ਹਾਂ ਦੇ ਬੱਚੇ ਇਸ ਦਬਾਓ ਥੱਲੇ ਸੰਤਾਪ ਝੱਲ ਰਹੇ ਹਨ। ਫਿਰ ਵੀ ਉਹ ਇਸ ਗੱਲ ਦੇ ਕਾਇਲ ਹਨ ਕਿ ਇਸ ਸਿਸਟਮ ਦਾ ਕੋਈ ਬਦਲ ਹੀ ਨਹੀਂ ਹੈ। ਜਿਵੇਂ ਕੋਚਿੰਗ ਕੇਂਦਰਾਂ ਦੇ ਮਾਹਿਰ ਪਹਿਲਾਂ ਹੀ ਮਹਾਨ ਅਧਿਆਪਕਾਂ ਅਤੇ ਸਿੱਖਿਆਦਾਨੀਆਂ ਦੀ ਥਾਂ ਲੈ ਚੁੱਕੇ ਹਨ ਤਾਂ ਇਹ ਗੱਲ ਜ਼ੋਰ ਨਾਲ ਪ੍ਰਚਾਰੀ ਜਾ ਰਹੀ ਹੈ ਕਿ ਬਹੁਤ ਹੀ ਉਲਝਣ ਭਰੇ ਟੈਸਟਾਂ ਵਿਚ ਭੌਤਿਕ ਵਿਗਿਆਨ ਅਤੇ ਗਣਿਤ ਦੇ ਪ੍ਰਸ਼ਨ ਹੱਲ ਕਰਨ ਦੇ ਹੁਨਰ ਤੇ ਰਫ਼ਤਾਰ ਨੂੰ ਗ੍ਰਹਿਣ ਕਰਨ ਤੋਂ ਸਿਵਾਇ ਸਿੱਖਿਆ ਹੋਰ ਕੁਝ ਵੀ ਨਹੀਂ ਹੈ। ਇਸ ਤੋਂ ਇਲਾਵਾ ਜਿਵੇਂ ਸਫਲਤਾ, ਉਤਪਾਦਕਤਾ ਅਤੇ ਕਾਰਗੁਜ਼ਾਰੀ ਦੀ ਬਾਜ਼ਾਰ-ਮੁਖੀ ਵਿਚਾਰਧਾਰਾ ਮੁਤਾਬਿਕ ਸਾਡੇ ਵਿਚੋਂ ਬਹੁਤੇ ਲੋਕ ਇਸ ਇਕਤਰਫ਼ਾਪੁਣੇ ਦੀ ਹੋਂਦ 'ਤੇ ਕਿੰਤੂ ਕਰਨ ਦੇ ਕਾਬਿਲ ਨਹੀਂ ਰਹਿੰਦੇ। ਅਸੀਂ ਆਪਣੇ ਬੱਚਿਆਂ ਨੂੰ ਚੰਗਾ ਖਾਣਾ ਖੁਆ ਕੇ, ਚੰਗੇ ਕੱਪੜੇ ਪਹਿਨਾ ਕੇ ਅੰਗਰੇਜ਼ੀ ਬੋਲਣ ਵਾਲੇ ਇਕ ਸਰੋਤ ਦੇ ਰੂਪ ਵਿਚ ਦੇਖਦੇ ਹਾਂ ਜਿਸ ਦਾ ਟੈਕਨੋ ਕਾਰਪੋਰੇਟ ਜਗਤ ਵੱਲੋਂ ਖੁੱਲ੍ਹ ਕੇ ਸ਼ੋਸ਼ਣ ਕੀਤਾ ਜਾਂਦਾ ਹੈ ਤੇ ਹਰ ਕੋਈ ਇਹੀ ਸੋਚਦਾ ਹੈ ਕਿ ਸਫਲਤਾ ਦੇ ਇਸ ਮੰਤਰ ਤੋਂ ਪਰ੍ਹੇ ਹੋਰ ਕੁਝ ਵੀ ਨਹੀਂ ਹੈ ਤੇ ਜੇ ਹੈ ਤਾਂ ਨਿਰੀ ਅਸਫਲਤਾ ਹੈ!

ਅਧਿਆਪਕਾਂ ਦੀ ਭੂਮਿਕਾ

ਇਕ ਅਧਿਆਪਕ ਅਤੇ ਇਸ ਪ੍ਰਚੱਲਤ ਦਿਮਾਗ਼ੀ ਰੋਗ ਦੇ ਪਾਰਖੂ ਦੇ ਤੌਰ 'ਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਅਸਲ ਬਦਲ ਉਹ ਉਤਪਾਦ ਹਨ ਜੋ ਬਾਜ਼ਾਰ ਵਿਚ ਨਹੀਂ ਲਿਆਂਦੇ ਜਾਣਗੇ ਤੇ ਹਰ ਕੋਈ ਝਟਪਟ ਇਨ੍ਹਾਂ ਨੂੰ ਗ੍ਰਹਿਣ ਵੀ ਨਹੀਂ ਕਰੇਗਾ। ਇਸ ਦੀ ਬਜਾਇ ਜੀਵਨ ਨਾਲ ਜੁੜੇ ਬਦਲ ਤਲਾਸ਼ ਕਰਨ ਜਾਂ ਸਿੱਖਿਆ ਅਤੇ ਸਮਾਜਿਕ ਸਭਿਆਚਾਰਕ ਹੋਂਦ ਦੀ ਨਵੀਂ ਲੀਹ 'ਤੇ ਚੱਲਣ ਲਈ ਸਾਨੂੰ ਇਕ ਸਮਾਜਿਕ ਸਿੱਖਿਆ ਲਹਿਰ ਸ਼ੁਰੂ ਕਰਨ ਲਈ ਜੂਝਣਾ ਪਵੇਗਾ ਤਾਂ ਕਿ ਸਾਡੇ ਬੱਚਿਆਂ ਨੂੰ ਜ਼ਿੰਦਗੀ ਦਾ ਨਵਾਂ ਸੰਕਲਪ ਦਿੱਤਾ ਜਾ ਸਕੇ। ਅਧਿਆਪਕਾਂ ਵਜੋਂ ਸ਼ੁਰੂਆਤੀ ਰੂਪ ਵਿਚ ਸਾਨੂੰ ਅੰਤਰ-ਝਾਤ ਮਾਰਨੀ ਪਵੇਗੀ ਤਾਂ ਕਿ ਰਚਨਾਤਮਿਕ ਤੌਰ 'ਤੇ ਕੁੰਜੀਵਤ ਅਧਿਆਪਨ ਵਿਚ ਸਾਡਾ ਭਰੋਸਾ ਬਹਾਲ ਹੋ ਸਕੇ ਅਤੇ ਅਸੀਂ ਦੋਸਤਾਂ, ਸਾਥੀਆਂ, ਤਬੀਬਾਂ ਅਤੇ ਫਿਰਤੂਆਂ ਦੀਆਂ ਭੂਮਿਕਾਵਾਂ 'ਤੇ ਯਕੀਨ ਕਰ ਸਕੀਏ। ਸਾਨੂੰ ਇਹ ਗੱਲ ਕਹਿਣ ਦੀ ਜੁਰਅਤ ਜੁਟਾਉਣੀ ਪਵੇਗੀ ਕਿ ਕੋਚਿੰਗ ਸੈਂਟਰ ਵਿਚ ਬੈਠਾ ਕੋਈ ਰਣਨੀਤੀਕਾਰ ਅਸਲ ਵਿਚ ਅਧਿਆਪਕ ਨਹੀਂ ਹੁੰਦਾ। ਮੇਰੇ ਕਹਿਣ ਦਾ ਭਾਵ ਹੈ ਕਿ ਉਹ ਪਾਓਲੋ ਫ੍ਰੇਅਰ, ਜੌਹਨ ਡੈਵੀ, ਰਾਬਿੰਦਰਨਾਥ ਟੈਗੋਰ ਅਤੇ ਜਿਦੂ ਕ੍ਰਿਸ਼ਨਾਮੂਰਤੀ ਵੱਲੋਂ ਚਿਤਵਿਆ ਅਧਿਆਪਕ ਤਾਂ ਬਿਲਕੁਲ ਨਹੀਂ ਹੁੰਦਾ।

ਸਾਨੂੰ ਆਪਣੀ ਆਵਾਜ਼ ਉਠਾਉਣੀ ਪਵੇਗੀ, ਮਾਪਿਆਂ ਤੇ ਵਡੇਰੇ ਸਮਾਜ ਨਾਲ ਰਾਬਤਾ ਬਣਾਉਣਾ ਪਵੇਗਾ ਅਤੇ ਪੂਰੇ ਆਤਮ-ਵਿਸ਼ਵਾਸ ਨਾਲ ਇਹ ਦਲੀਲ ਰੱਖਣੀ ਪਵੇਗੀ ਕਿ ਕੋਚਿੰਗ ਫੈਕਟਰੀਆਂ ਦੇ ਸਾਮਰਾਜ ਲਾਜ਼ਮੀ ਤੌਰ 'ਤੇ ਇਕ ਸਿੱਖਿਆ ਵਿਰੋਧੀ ਸਰਗਰਮੀ ਵਿਚ ਲੱਗੇ ਹੋਏ ਹਨ। ਇਸ ਦਾ ਕਾਰਨ ਇਹ ਹੈ ਕਿ ਸਿੱਖਿਆ ਕੋਈ ਮਹਿਜ਼ ਮੈਡੀਕਲ/ਇੰਜਨੀਅਰਿੰਗ ਕਾਲਜਾਂ ਵਿਚ ਦਾਖ਼ਲਾ ਟੈਸਟ ਪਾਸ ਕਰਨ ਦਾ ਨੁਸਖਾ ਨਹੀਂ ਹੁੰਦੀ ਸਗੋਂ ਸਿੱਖਿਆ ਸਾਡੇ ਬੱਚਿਆਂ ਅੰਦਰ ਛੁਪੀਆਂ ਬਹੁਤ ਕਿਸਮ ਦੀਆਂ ਖ਼ੂਬੀਆਂ ਮਸਲਨ, ਸੋਚਣ ਤੇ ਤਰਕ ਕਰਨ ਦੀ ਬੌਧਿਕ ਖ਼ੂਬੀ, ਮਨੁੱਖੀ ਹੋਂਦ ਦੇ ਅੰਤਰੀਵ ਤੱਕ ਜਾਣ ਦੀ ਕਲਾਤਮਿਕ ਕਲਪਨਾ ਅਤੇ ਪਿਆਰ ਦੇ ਹੁਨਰ, ਸਾਂਭ-ਸੰਭਾਲ ਤੇ ਦੂਜੇ ਨਾਲ ਜੁੜਨ ਦੇ ਇਖ਼ਲਾਕ ਆਦਿ ਨੂੰ ਸਿੰਜਣ ਤੇ ਬਾਹਰ ਲਿਆਉਣ ਦਾ ਸਮੁੱਚਾ ਅਮਲ ਹੁੰਦਾ ਹੈ।

ਅਫ਼ਸੋਸ ਇਸ ਗੱਲ ਦਾ ਹੈ ਕਿ ਸਿੱਖਿਆ ਦੇ ਮੂਲ ਅਤੇ ਲਾਜ਼ਮੀ ਆਧਾਰ ਦੀ ਥਾਂ ਜ਼ਿੰਦਗੀ ਦੇ ਮਾਤਰ ਤਕਨੀਕੀ ਤੇ ਸੰਦਮੂਲਕ ਰੁਝਾਨ ਨੇ ਲੈ ਲਈ ਹੈ। ਉਨ੍ਹਾਂ ਸਾਰੇ ਅਧਿਆਪਕਾਂ ਨੂੰ ਬੰਦ ਖਲਾਸੀ ਦੀ ਸਿੱਖਿਆ ਖਿਲਾਫ਼ ਇਸ ਸਾਜ਼ਿਸ਼ ਦਾ ਵਿਰੋਧ ਕਰਨਾ ਚਾਹੀਦਾ ਹੈ ਜਿਨ੍ਹਾਂ ਨੇ ਅਜੇ ਤਾਈਂ ਆਪਣੀ ਦਿਆਨਤਦਾਰੀ ਖੁਰਨ ਨਹੀਂ ਦਿੱਤੀ। ਹੋ ਸਕਦਾ ਹੈ ਕਿ ਇੰਝ ਕਲਾਸਰੂਮਾਂ ਵਿਚਲੀਆਂ ਸਾਡੀਆਂ ਵਿਧੀਆਂ, ਬੱਚਿਆਂ ਤੇ ਮਾਪਿਆਂ ਨਾਲ ਸਾਡਾ ਵਿਚਾਰ-ਵਟਾਂਦਰਾ ਅਤੇ ਬੰਦ ਖਲਾਸੀ ਕਰਨ ਵਾਲੀ ਸਿੱਖਿਆ ਦੇ ਅਧਿਆਪਕਾਂ ਤੇ ਹਰਕਾਰਿਆਂ ਵਜੋਂ ਸਾਡੀ ਭੂਮਿਕਾ ਮਕਾਨਕੀ ਟੈਸਟਾਂ, ਮਾਪਿਆਂ ਦੀ ਬੇਚੈਨੀ ਅਤੇ ਅਸੁਰੱਖਿਆ ਦਾ ਲਾਹਾ ਤਕਾ ਕੇ ਮੁਨਾਫ਼ਾ ਕਮਾਉਣ ਵਾਲੇ ਕੋਚਿੰਗ ਕੇਂਦਰਾਂ ਅਤੇ ਆਪਣੇ ਮੁਲਾਜ਼ਮਾਂ ਨੂੰ ਕਾਰਗੁਜ਼ਾਰੀ ਤੇ ਉਤਪਾਦਕਦਾ ਦੇ ਤਰਕ ਤਹਿਤ ਉਂਗਲਾਂ 'ਤੇ ਨਚਾਉਣ ਵਾਲੇ ਟੈਕਨੋ-ਕਾਰਪੋਰੇਟ ਸਾਮਰਾਜ ਦੇ ਨਾਪਾਕ ਗੱਠਜੋੜ ਤੋਂ ਸਿੱਖਿਆ ਨੂੰ ਬਚਾਉਣ ਵਿਚ ਸਹਾਈ ਹੋ ਜਾਵੇ।

ਮਾਪਿਆਂ ਦੇ ਫ਼ਰਜ਼

ਇਸ ਤੋਂ ਇਲਾਵਾ, ਮਾਪਿਆਂ ਵਜੋਂ ਸਾਨੂੰ ਅੰਤਰ-ਝਾਤ ਮਾਰਨ ਦੀ ਲੋੜ ਹੈ। ਮਾਪੇ ਬਣਨ ਦਾ ਫ਼ਰਜ਼ ਮਹਿਜ਼ ਕੋਈ ਇਤਫ਼ਾਕ ਨਹੀਂ ਹੈ। ਮਾਪੇ ਬਣਨ ਲਈ ਜ਼ਿੰਦਗੀ ਭਰ ਸਿੱਖਣ ਦੀ ਲੋੜ ਹੁੰਦੀ ਹੈ। ਇਹ ਮਹਿਜ਼ ਇੰਨੀ ਕੁ ਗੱਲ ਨਹੀਂ ਹੈ ਕਿ ਆਪਣੇ ਬੱਚਿਆਂ 'ਤੇ ਪੈਸੇ ਖਰਚ ਕਰ ਦਿੱਤੇ ਜਾਣ, ਜਾਂ ਉਨ੍ਹਾਂ ਨੂੰ ਪ੍ਰਾਈਵੇਟ ਟਿਊਟਰਾਂ ਤੇ ਕੋਚਿੰਗ ਕੇਂਦਰਾਂ ਕੋਲ ਭੇਜ ਦਿੱਤਾ ਜਾਵੇ ਅਤੇ ਸਾਡੇ ਆਪਣੇ ਡਰ, ਤੌਖ਼ਲੇ ਅਤੇ ਗੁੱਝੀਆਂ ਖ਼ੁਆਹਿਸ਼ਾਂ ਉਨ੍ਹਾਂ 'ਤੇ ਲੱਦ ਦਿੱਤੀਆਂ ਜਾਣ। ਇਸ ਦੀ ਬਜਾਇ ਮਾਪੇ ਬਣਨ ਲਈ ਸੁਣਨ ਦੀ ਕਲਾ ਧਾਰਨ ਕਰਨੀ ਪੈਂਦੀ ਹੈ ਜਿਸ ਲਈ ਖਲੂਸ, ਕਰੁਨਾ, ਸੰਵਾਦ ਤੇ ਆਪਸਦਾਰੀ ਦੀ ਲੋੜ ਪੈਂਦੀ ਹੈ। ਤਦ ਹੀ ਸ਼ਾਇਦ ਅਸੀਂ ਆਪਣੇ ਬੱਚਿਆਂ ਨੂੰ ਜਾਣ ਸਕਦੇ ਹਾਂ ਅਤੇ ਉਨ੍ਹਾਂ ਅੰਦਰ ਛੁਪੀਆਂ ਖ਼ੂਬੀਆਂ ਤੇ ਰੁਚੀਆਂ, ਉਨ੍ਹਾਂ ਦੀਆਂ ਸੰਭਾਵਨਾਵਾਂ ਤੇ ਉਨ੍ਹਾਂ ਦੇ ਸਵਾਲਾਂ ਤੇ ਜਵਾਬਾਂ ਨੂੰ ਜਾਣ ਸਕਾਂਗੇ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਦਖ਼ਲਅੰਦਾਜ਼ੀ ਨੂੰ ਪਿਆਰ ਜਾਂ ਸਿੱਖਿਆ ਨੂੰ ਬੋਰਡ ਜਾਂ ਦਾਖ਼ਲਾ ਪ੍ਰੀਖਿਆਵਾਂ ਵਿਚ ਹਾਸਿਲ ਕੀਤੇ ਅੰਕਾਂ ਦੀ ਕਾਰਗੁਜ਼ਾਰੀ ਸਮਝ ਬੈਠੇ ਹਾਂ। ਕੀ ਸਾਨੂੰ ਅਹਿਸਾਸ ਹੈ ਕਿ ਮਾਪੇ ਹੋਣ ਦੇ ਨਾਤੇ ਆਪਣੇ ਬੱਚਿਆਂ ਨੂੰ ਵਿਲੱਖਣ ਅਤੇ ਖ਼ੁਦਮੁਖ਼ਤਾਰ ਸ਼ਖ਼ਸੀਅਤਾਂ ਦੀ ਥਾਂ 99 ਫ਼ੀਸਦੀ ਅੰਕ ਲੈਣ ਵਾਲੇ ਟੌਪਰਾਂ ਦੇ ਰੂਪ ਵਿਚ ਜਿਣਸਾਂ ਵਿਚ ਤਬਦੀਲ ਕਰਨ ਲਈ ਅਸੀਂ ਵੀ ਕਸੂਰਵਾਰ ਹਾਂ।

ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਹ ਅਹਿਸਾਸ ਕਰਨਾ ਸ਼ੁਰੂ ਕਰ ਦੇਈਏ ਕਿ ਅਸੀਂ ਆਪਣੇ ਬੱਚਿਆਂ ਨੂੰ ਜਿਸ ਸਫ਼ਲਤਾ ਦੀ ਪੌੜੀ 'ਤੇ ਚੜ੍ਹਾਉਣ ਲਈ ਇੰਨੇ ਵੱਡੇ ਪੱਧਰ 'ਤੇ ਯਤਨ ਕਰ ਰਹੇ ਹਾਂ, ਉਹ ਇਸ ਹਿੰਸਾ, ਇਕ ਦੂਜੇ ਨੂੰ ਲਿਤਾੜ ਦੇਣ ਵਾਲੀ ਚੂਹਾ ਦੌੜ, ਸਮੂਹਿਕ ਮਾਨਸਿਕ ਪੀੜਾ, ਕੰਮ ਤੋਂ ਉਦਾਸੀਨਤਾ ਵਿਚ ਗ੍ਰਸੀ ਦੁਨੀਆ ਨੂੰ ਬਦਲ ਨਹੀਂ ਸਕਦੀ। ਅਸੀਂ ਇਹ ਕਦੋਂ ਮਹਿਸੂਸ ਕਰਾਂਗੇ ਕਿ ਆਪਣਾ ਮਨਭਾਉਂਦਾ ਕੰਮ ਕਰਨ ਨਾਲੋਂ ਜ਼ਿੰਦਗੀ ਵਿਚ ਹੋਰ ਕੁਝ ਵੀ ਅਹਿਮ ਨਹੀਂ ਹੈ।

*ਅਫ਼ਸੋਸ ਦੀ ਗੱਲ ਹੈ ਕਿ ਅਸੀਂ ਦਖ਼ਲਅੰਦਾਜ਼ੀ ਨੂੰ ਪਿਆਰ ਜਾਂ ਸਿੱਖਿਆ ਨੂੰ ਬੋਰਡ ਜਾਂ ਦਾਖ਼ਲਾ ਪ੍ਰੀਖਿਆਵਾਂ ਵਿਚ ਹਾਸਿਲ ਕੀਤੇ ਅੰਕਾਂ ਦੀ ਕਾਰਗੁਜ਼ਾਰੀ ਸਮਝ ਬੈਠੇ ਹਾਂ। ਕੀ ਸਾਨੂੰ ਅਹਿਸਾਸ ਹੈ ਕਿ ਮਾਪੇ ਹੋਣ ਦੇ ਨਾਤੇ ਆਪਣੇ ਬੱਚਿਆਂ ਨੂੰ ਵਿਲੱਖਣ ਅਤੇ ਖ਼ੁਦਮੁਖ਼ਤਾਰ ਸ਼ਖ਼ਸੀਅਤਾਂ ਦੀ ਥਾਂ 99 ਫ਼ੀਸਦੀ ਅੰਕ ਲੈਣ ਵਾਲੇ ਟੌਪਰਾਂ ਦੇ ਰੂਪ ਵਿਚ ਜਿਣਸਾਂ ਵਿਚ ਤਬਦੀਲ ਕਰਨ ਲਈ ਅਸੀਂ ਵੀ ਕਸੂਰਵਾਰ ਹਾਂ।... ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਇਹ ਅਹਿਸਾਸ ਕਰਨਾ ਸ਼ੁਰੂ ਕਰ ਦੇਈਏ ਕਿ ਅਸੀਂ ਆਪਣੇ ਬੱਚਿਆਂ ਨੂੰ ਜਿਸ ਸਫਲਤਾ ਦੀ ਪੌੜੀ 'ਤੇ ਚੜ੍ਹਾਉਣ ਲਈ ਇੰਨੇ ਵੱਡੇ ਪੱਧਰ 'ਤੇ ਯਤਨ ਕਰ ਰਹੇ ਹਾਂ, ਉਹ ਇਸ ਹਿੰਸਾ, ਇਕ ਦੂਜੇ ਨੂੰ ਲਿਤਾੜ ਦੇਣ ਵਾਲੀ ਚੂਹਾ ਦੌੜ, ਸਮੂਹਿਕ ਮਾਨਸਿਕ ਪੀੜਾ, ਕੰਮ ਤੋਂ ਉਦਾਸੀਨਤਾ ਵਿਚ ਗ੍ਰਸੀ ਦੁਨੀਆ ਨੂੰ ਬਦਲ ਨਹੀਂ ਸਕਦੀ। ਅਸੀਂ ਇਹ ਕਦੋਂ ਮਹਿਸੂਸ ਕਰਾਂਗੇ ਕਿ ਆਪਣਾ ਮਨਭਾਉਂਦਾ ਕੰਮ ਕਰਨ ਨਾਲੋਂ ਜ਼ਿੰਦਗੀ ਵਿਚ ਹੋਰ ਕੁਝ ਵੀ ਅਹਿਮ ਨਹੀਂ ਹੈ।*

# ਦੁਨੀਆ ਨੂੰ ਦੰਗ ਕਰਨ ਵਾਲਾ ਤੈਰਾਕ ਸੀ ਜੌਨੀ ਟਾਰਜ਼ਨ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਤਾਰੀਆਂ ਦਾ ਵਿਸ਼ਵ ਚੈਂਪੀਅਨ ਤੇ ਫਿਲਮਾਂ ਦਾ ਸੁਪਰਮੈਨ ਜੌਨੀ ਟਾਰਜ਼ਨ ਦਰਸ਼ਕਾਂ ਨੂੰ ਦੰਗ ਕਰ ਦੇਣ ਵਾਲਾ ਓਲੰਪੀਅਨ ਸਟਾਰ ਸੀ। ਉਸ ਨੇ ਪੈਰਿਸ-1924 ਤੇ ਐਮਸਟਰਡਮ-1928 ਦੀਆਂ ਓਲੰਪਿਕ ਖੇਡਾਂ 'ਚੋਂ ਇਕ ਕਾਂਸੀ ਤੇ ਪੰਜ ਸੋਨੇ ਦੇ ਤਗਮੇ ਜਿੱਤੇ ਸਨ। 20ਵੀਂ ਸਦੀ ਦੇ ਪਹਿਲੇ ਅੱਧ ਦਾ ਉਹ ਸਭ ਤੋਂ ਤਕੜਾ ਤੈਰਾਕ ਮੰਨਿਆ ਗਿਆ ਸੀ। ਉਸ ਦਾ ਜਨਮ 2 ਜੂਨ 1904 ਨੂੰ ਫਰੀਡੋਰਫ਼ ਰੁਮਾਨੀਆ ਵਿਚ ਹੋਇਆ ਸੀ ਜੋ ਪਹਿਲਾਂ ਆਸਟਰੀਆ ਤੇ ਹੰਗਰੀ ਦਾ ਹਿੱਸਾ ਸੀ। ਉਹ ਦੋਗਲੇ ਕਬੀਲਿਆਂ ਦੀ ਸੰਤਾਨ ਸੀ। ਉਸ ਦਾ ਜਮਾਂਦਰੂ ਨਾਂ ਜੋਹਾਨ ਪੀਟਰ ਵੀਸਮੂਲਰ ਸੀ। 2005 ਵਿਚ ਉਨ੍ਹਾਂ ਦਾ ਪਰਿਵਾਰ ਵਿੰਡਸਰ, ਪੈਨਸਿਲਵੇਨੀਆ ਚਲਾ ਗਿਆ ਸੀ। ਉਥੋਂ ਉਹ ਸ਼ਿਕਾਗੋ ਚਲੇ ਗਏ ਸਨ ਜਿੱਥੇ ਜੌਨੀ ਨੇ ਮਿਸ਼ੀਗਨ ਲੇਕ 'ਚ ਤੈਰਨਾ ਸ਼ੁਰੂ ਕੀਤਾ ਸੀ।

ਉਹਦਾ ਪਿਤਾ ਕੋਲਾ ਖਾਣ 'ਚ ਕੰਮ ਕਰਦਾ ਸੀ। ਉਹਦੀ ਸੀਮਤ ਆਮਦਨ ਨਾਲ ਪਰਿਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੁੰਦਾ ਸੀ। ਤਦੇ ਉਹ ਆਸਟਰੀਆ ਤੋਂ ਅਮਰੀਕਾ ਗਏ ਸਨ। ਵੀਸਮੂਲਰ ਬਚਪਨ ਵਿਚ ਅਕਸਰ ਹੀ ਬਿਮਾਰ ਹੋ ਜਾਂਦਾ ਤੇ ਕਮਜ਼ੋਰ ਪੈ ਜਾਂਦਾ। ਗਰੀਬੀ ਤੇ ਬਿਮਾਰੀ ਬਿਪਤਾ ਦਾ ਘਰ ਹੁੰਦੀਆਂ ਹਨ। ਪਰਿਵਾਰ ਨੂੰ ਇਕ ਡਾਕਟਰ ਨੇ ਦੱਸਿਆ ਕਿ ਜੇ ਜੌਨੀ ਤੈਰਨ ਦੀ ਕਸਰਤ ਕਰਿਆ ਕਰੇ ਤਾਂ ਬਿਮਾਰ ਹੋਣ ਤੋਂ ਬਚ ਸਕਦਾ ਹੈ। ਉਨ੍ਹਾਂ ਦੇ ਨੇੜੇ ਹੀ ਮਿਸ਼ੀਗਨ ਲੇਕ ਸੀ। ਵੀਸਮੂਲਰ ਉਸ ਝੀਲ ਵਿਚ ਤੈਰਨ ਦੀ ਕਸਰਤ ਕਰਨ ਲੱਗ ਪਿਆ। ਇਕ ਦਿਨ ਉਹ ਤੈਰਾਕੀ ਦੇ ਪ੍ਰਸਿੱਧ ਕੋਚ ਵਿਲੀਅਮ ਬਾਕਰਚ ਦੀ ਨਜ਼ਰੀਂ ਪੈ ਗਿਆ ਜਿਸ ਨੇ ਉਹਦੇ ਅੰਦਰ ਛੁਪੇ ਤਕੜੇ ਤੈਰਾਕ ਨੂੰ ਪਛਾਣ ਕੇ ਉਸ ਨੂੰ ਆਪਣਾ ਸ਼ਾਗਿਰਦ ਬਣਾ ਲਿਆ। ਕੋਚ ਨੇ ਜੌਨੀ ਨੂੰ ਗ਼ਲਤ ਤਰ੍ਹਾਂ ਤੈਰਨੋਂ ਹਟਾ ਕੇ ਠੀਕ ਤਰ੍ਹਾਂ ਤੈਰਨ ਦੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ। ਉਦੋਂ ਉਹ ਸਿਰਫ਼ 11 ਸਾਲਾਂ ਦਾ ਸੀ।

ਕਲੱਬ ਦੇ ਨੇਮਾਂ ਅਨੁਸਾਰ 12 ਸਾਲ ਦਾ ਬਾਲਕ ਵਾਈ ਐੱਮ ਸੀ ਏ ਦਾ ਮੈਂਬਰ ਬਣ ਸਕਦਾ ਸੀ। ਪਰ ਕੱਦ ਦਾ ਲੰਮਾ ਝੰਮਾ ਹੋਣ ਕਰਕੇ ਉਹਨੂੰ ਬਾਰਾਂ ਸਾਲ ਦਾ ਹੀ ਸਮਝ ਕੇ ਕਲੱਬ ਦਾ ਮੈਂਬਰ ਬਣਾ ਲਿਆ ਗਿਆ। ਕਲੱਬ ਦੀ ਟੀਮ ਵੱਲੋਂ ਪਹਿਲਾਂ ਉਸ ਨੇ ਦੌੜਾਂ ਤੇ ਉੱਚੀ ਛਾਲ ਲਾਉਣ ਦੇ ਮੁਕਾਬਲਿਆਂ 'ਚ ਰਿਕਾਰਡ ਤੋੜੇ ਤੇ ਫਿਰ ਤਾਰੀਆਂ ਦੇ ਕੋਚ ਬਾਕਰਚ ਦੀ ਕੋਚਿੰਗ ਨਾਲ ਤੈਰਾਕੀ ਦੇ ਮੁਕਾਬਲੇ ਜਿੱਤਣ ਲੱਗਾ। ਕੋਚ ਦਾ ਸਬਕ ਸੀ ਕਿ ਪਾਣੀ 'ਚ ਲੱਥਣ ਦੀ ਥਾਂ ਪਾਣੀ 'ਤੇ ਉਡਣਾ ਚਾਹੀਦੈ। ਜੌਨੀ ਨੇ ਤੈਰਾਕੀ ਦਾ ਪਹਿਲਾ ਮੁਕਾਬਲਾ 6 ਅਗਸਤ 1921 ਨੂੰ ਜਿੱਤਿਆ ਅਤੇ 9 ਜੁਲਾਈ 1922 ਨੂੰ 100 ਗਜ਼ ਦੀ ਤਾਰੀ 58.6 ਸਕਿੰਟ ਵਿਚ ਲਾ ਕੇ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ! ਫੇਰ ਚੱਲ ਸੋ ਚੱਲ ਹੋ ਗਈ ਤੇ ਤਾਰੀਆਂ ਦੇ ਰਿਕਾਰਡ ਆਏ ਦਿਨ ਟੁੱਟਣ ਲੱਗੇ। ਜੌਨੀ ਵੀਸਮੂਲਰ ਨੇ ਓਲੰਪਿਕ ਖੇਡਾਂ ਦੇ 6 ਮੈਡਲ ਜਿੱਤਣ ਨਾਲ ਅਨੇਕਾਂ ਵਿਸ਼ਵ ਚੈਂਪੀਅਨਸ਼ਿਪਾਂ ਦੇ ਰਿਕਾਰਡ ਨਵਿਆਏ। 28 ਵਿਸ਼ਵ ਰਿਕਾਰਡ ਉਹਦੇ ਨਾਂ ਬੋਲਦੇ ਰਹੇ।

ਵੀਸਮੂਲਰ ਦਾ ਕੱਦ ਛੇ ਫੁੱਟ ਤਿੰਨ ਇੰਚ ਸੀ। ਉਹ ਲੰਮੀਆਂ ਬਾਹਾਂ ਤੇ ਮੱਛੀ ਵਰਗੇ ਜੁੱਸੇ ਨਾਲ ਪਾਣੀ ਉਤੇ ਤਿਲ੍ਹਕਦਾ ਜਾਂਦਾ ਲੱਗਦਾ ਸੀ। ਉਹਦੇ ਤੈਰਨ ਦਾ ਤਰੀਕਾ ਨਿਆਰਾ ਸੀ। ਉਹ ਆਪਣੇ ਸਰੀਰ ਨੂੰ ਪਾਣੀ ਵਿਚ ਡੋਬਣ ਦੀ ਥਾਂ ਉਹਦੇ ਉਪਰ ਹੀ ਤੈਰਦਾ ਮੰਜ਼ਲਾਂ ਮਾਰਦਾ ਸੀ। ਇੰਜ ਪਾਣੀ ਉਹਦੀ ਗਤੀ ਨੂੰ ਘੱਟ ਰੋਕ ਸਕਦਾ ਸੀ। ਫਰੀ ਸਟਾਈਲ ਤੈਰਦਿਆਂ ਉਹ ਆਪਣਾ ਸਿਰ ਬਾਹਵਾਂ ਦੇ ਨਾਲ ਸੱਜੇ ਖੱਬੇ ਘੁਮਾਉਂਦਾ ਸੀ। ਇੰਜ ਉਸ ਨੂੰ ਦੂਜੇ ਤੈਰਾਕਾਂ ਦੇ ਅੱਗੇ ਪਿੱਛੇ ਹੋਣ ਦਾ ਆਪਮੁਹਾਰੇ ਪਤਾ ਲੱਗਦਾ ਰਹਿੰਦਾ ਸੀ। ਤੈਰਾਕੀ ਵਿਚ ਉਹ ਅਜਿਹਾ ਚੱਲਿਆ ਕਿ ਕੇਵਲ ਸਤਾਰਾਂ ਸਾਲ ਦੀ ਉਮਰ ਵਿਚ ਹੀ 100 ਮੀਟਰ ਫਰੀ ਸਟਾਈਲ ਤਾਰੀ ਦਾ ਨਵਾਂ ਵਿਸ਼ਵ ਰਿਕਾਰਡ ਰੱਖ ਦਿੱਤਾ!

ਉਹਦੇ ਬਚਪਨ 'ਚ ਮੰਦਭਾਗੀ ਗੱਲ ਇਹ ਹੋਈ ਕਿ ਜਦ ਉਹ ਅੱਠਵੀਂ 'ਚ ਪੜ੍ਹਦਾ ਸੀ ਤਾਂ ਉਸ ਦਾ ਪਿਤਾ ਪਰਿਵਾਰ ਨੂੰ ਨਿਆਸਰਾ ਛੱਡ ਕੇ ਕਿਤੇ ਹੋਰ ਟਿੱਭ ਗਿਆ ਸੀ। ਜੌਨੀ ਨੂੰ ਨਿਆਸਰੀ ਮਾਂ ਅਤੇ ਛੋਟੇ ਭਰਾ ਦੀ ਪਾਲਣਾ ਲਈ ਪੜ੍ਹਾਈ ਵਿਚੇ ਛੱਡਣੀ ਪਈ ਸੀ। ਉਸ ਨੇ ਕਰੜੀ ਮਿਹਨਤ ਮੁਸ਼ੱਕਤ ਕਰ ਕੇ ਪਰਿਵਾਰ ਨੂੰ ਪਾਲਿਆ ਤੇ ਨਾਲ ਦੀ ਨਾਲ ਤੈਰਾਕੀ ਦੀਆਂ ਪੌੜੀਆਂ ਵੀ ਚੜ੍ਹਦਾ ਰਿਹਾ।



ਉਸ ਦਾ ਕੱਦ ਬੇਸ਼ੱਕ 6 ਫੁੱਟ 3 ਇੰਚ ਸੀ ਪਰ ਸਰੀਰਕ ਵਜ਼ਨ 191 ਪੌਂਡ ਹੀ ਸੀ। ਲੱਤਾਂ ਬਾਹਾਂ ਲੰਮੀਆਂ ਸਨ ਤੇ ਪੂਲ 'ਚ ਤੈਰਦਾ ਉਹ ਪਾਣੀ ਉਤੇ ਨੱਚਦਾ ਲੱਗਦਾ ਸੀ। ਉਹਦਾ ਸੁਡੌਲ ਦਰਸ਼ਨੀ ਜੁੱਸਾ ਦਰਸ਼ਕਾਂ ਦੀਆਂ ਨਜ਼ਰਾਂ ਦਾ ਕੇਂਦਰ ਬਣਿਆ ਰਹਿੰਦਾ ਸੀ। ਉਂਜ ਵੀ ਉਹ ਸੋਹਣਾ ਸੁਨੱਖਾ ਨੌਜਵਾਨ ਸੀ। ਵੀਹ ਸਾਲ ਦੀ ਉਮਰ ਵਿਚ ਉਹ ਪਹਿਲੀ ਵਾਰ ਪੈਰਿਸ ਦੀਆਂ ਓਲੰਪਿਕ ਖੇਡਾਂ-1924 ਲਈ ਅਮਰੀਕਾ ਦੀ ਟੀਮ ਵਿਚ ਚੁਣਿਆ ਗਿਆ ਸੀ। ਉਥੇ ਉਸ ਨੇ 100 ਮੀਟਰ ਫਰੀ ਸਟਾਈਲ, 400 ਮੀਟਰ ਫਰੀ ਸਟਾਈਲ ਤੇ 4+200 ਮੀਟਰ ਰਿਲੇਅ ਦੌੜ ਵਿਚੋਂ ਤਿੰਨ ਗੋਲਡ ਮੈਡਲ ਜਿੱਤੇ ਅਤੇ ਵਾਟਰ ਪੋਲੋ ਦੀ ਟੀਮ ਖੇਡ ਵਿਚੋਂ ਬਰਾਂਜ ਮੈਡਲ ਜਿੱਤਿਆ। ਇਕੋ ਓਲੰਪਿਕਸ 'ਚੋਂ ਚਾਰ ਮੈਡਲ ਜਿੱਤਣ ਨਾਲ ਉਹਦੀ ਕੁਲ ਦੁਨੀਆ 'ਚ ਧੰਨ-ਧੰਨ ਹੋ ਗਈ ਸੀ।

1924 ਦੀਆਂ ਓਲੰਪਿਕ ਖੇਡਾਂ ਜਿੱਥੇ ਅਥਲੈਟਿਕਸ ਵਿਚ ਪਾਵੋ ਨੁਰਮੀ ਦੀਆਂ ਖੇਡਾਂ ਕਹੀਆਂ ਜਾਂਦੀਆਂ ਹਨ ਉਥੇ ਤੈਰਾਕੀ ਵਿਚ ਉਨ੍ਹਾਂ ਨੂੰ ਜਾਨੀ ਵੀਸਮੂਲਰ ਦੀਆਂ ਖੇਡਾਂ ਦਾ ਨਾਂ ਦਿੱਤਾ ਗਿਆ। ਪੈਰਿਸ ਵਿਚ 100 ਮੀਟਰ ਫਰੀ ਸਟਾਈਲ ਤਾਰੀ ਦਾ ਅਸਲ ਮੁਕਾਬਲਾ ਤਿੰਨੇ ਅਮਰੀਕੀ ਤੈਰਾਕਾਂ ਵਿਚਾਲੇ ਸੀ। ਡਿਊਕ ਕਾਹਨਮੋਕੂ 1912 ਤੇ 1920 ਦੀਆਂ ਓਲੰਪਿਕ ਖੇਡਾਂ ਦਾ ਚੈਂਪੀਅਨ ਸੀ ਤੇ ਤੀਜੀ ਵਾਰ ਲਗਾਤਾਰ ਜਿੱਤ ਕੇ ਹੈਟ ਟ੍ਰਿਕ ਮਾਰਨਾ ਚਾਹੁੰਦਾ ਸੀ। ਤਾਰੀ ਸ਼ੁਰੂ ਹੋਈ ਤਾਂ 75 ਮੀਟਰ ਤਕ ਡਿਊਕ ਹੀ ਅੱਗੇ ਰਿਹਾ ਪਰ ਅਖ਼ੀਰਲੇ ਪੱਚੀ ਮੀਟਰਾਂ ਵਿਚ ਵੀਸਮੂਲਰ ਉਸ ਨੂੰ ਪੈ ਗਿਆ ਤੇ ਉਹਨੇ ਇਕ ਮਿੰਟ ਸਮੇਂ ਦੀ ਹੱਦ ਵੀ ਤੋੜ ਦਿੱਤੀ। ਉਸ ਨੇ 59 ਸੈਕਿੰਡ ਦੇ ਨਵੇਂ ਵਿਸ਼ਵ ਰਿਕਾਰਡ ਨਾਲ ਗੋਲਡ ਮੈਡਲ ਜਿੱਤਿਆ। ਦੂਜਾ ਗੋਲਡ ਮੈਡਲ ਉਸ ਨੇ 400 ਮੀਟਰ ਦੀ ਫਰੀ ਸਟਾਈਲ ਤਾਰੀ ਵਿਚੋਂ ਹਾਸਲ ਕੀਤਾ। ਤੀਜਾ ਸੋਨੇ ਦਾ ਤਗਮਾ ਉਸ ਨੂੰ 4+200 ਮੀਟਰ ਰਿਲੇਅ ਤਾਰੀ ਵਿਚੋਂ ਮਿਲਿਆ। ਕੁਲ ਮਿਲਾ ਕੇ ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਦਾ ਬਿਹਤਰੀਨ ਤੈਰਾਕ ਸਿੱਧ ਹੋਇਆ।

ਚਾਰ ਸਾਲ ਬਾਅਦ ਐਮਸਟਰਡਮ ਦੀਆਂ ਓਲੰਪਿਕ ਖੇਡਾਂ ਸਮੇਂ ਵੀ ਉਹ ਪੂਰੀ ਤਿਆਰੀ ਵਿਚ ਸੀ। ਅਮਰੀਕਾ ਦੇ ਤੈਰਾਕਾਂ ਦੀ ਉਂਜ ਵੀ ਗੁੱਡੀ ਚੜ੍ਹੀ ਹੋਈ ਸੀ। ਬਾਕੀ ਮੁਲਕਾਂ ਦੇ ਤੈਰਾਕ ਉਨ੍ਹਾਂ ਤੋਂ ਕੰਨ ਭੰਨਦੇ ਸਨ। ਐਮਸਟਰਡਮ ਵਿਚ ਉਹ 100 ਮੀਟਰ ਫਰੀ ਸਟਾਈਲ ਤਾਰੀ ਫਿਰ ਨਵੇਂ ਓਲੰਪਿਕ ਰਿਕਾਰਡ 58.6 ਸਕਿੰਟ ਵਿਚ ਲਾ ਕੇ ਜੇਤੂ ਰਿਹਾ। ਆਪਣਾ ਪੰਜਵਾਂ ਸੋਨ ਤਮਗ਼ਾ ਉਸ ਨੇ ਫਿਰ 4+200 ਮੀਟਰ ਰਿਲੇਅ ਤਾਰੀ ਵਿਚੋਂ ਜਿੱਤਿਆ।

1932 'ਚ ਹੋ ਰਹੀਆਂ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਲਈ ਉਹ ਪੂਰੀ ਤਿਆਰੀ ਵਿਚ ਸੀ ਕਿ ਉਹਦਾ ਕੱਦਾਵਰ ਤੇ ਸੁਡੌਲ ਗੁੰਦਵਾਂ ਜੁੱਸਾ ਹਾਲੀਵੁੱਡ ਫਿਲਮਾਂ ਦੇ ਇਕ ਨਿਰਮਾਤਾ ਦੀ ਨਜ਼ਰੀਂ ਪੈ ਗਿਆ। ਫਿਲਮ ਨਿਰਮਾਤਾ ਨੂੰ ਤੈਰਾਕੀ ਦੀ ਪੁਸ਼ਾਕ ਵਿਚ ਉਹ ਬਹੁਤ ਸੁਨੱਖਾ ਤੇ ਬੇਹੱਦ ਸ਼ਕਤੀਸ਼ਾਲੀ ਪੁਰਸ਼ ਦਿਸਿਆ। ਉਸ ਨੂੰ ਉਹਦਾ ਜੁੱਸਾ ਜੱਚ ਗਿਆ। ਉਹ ਲੋਕ ਮਨਾਂ 'ਚ ਵਸੇ ਸ਼ਕਤੀਸ਼ਾਲੀ ਟਾਰਜ਼ਨ ਦਾ ਰੋਲ ਕਰਾਉਣ ਲਈ ਕਿਸੇ ਅਜਿਹੇ ਮਰਦ ਦੀ ਹੀ ਭਾਲ ਵਿਚ ਸੀ। ਉਸ ਨੇ ਟਾਰਜ਼ਨ ਦੇ ਰੂਪ ਵਿਚ ਅਦਾਕਾਰ ਤੋਂ ਸੁਪਰਮੈਨ ਦਾ ਰੋਲ ਜੁ ਅਦਾ ਕਰਾਉਣਾ ਸੀ। ਫਿਲਮ ਨਿਰਮਾਤਾ ਨੇ ਵੀਸਮੂਲਰ ਨਾਲ ਇਸ ਸਬੰਧੀ ਗੱਲਬਾਤ ਕੀਤੀ ਤਾਂ ਓਲੰਪਿਕ ਚੈਂਪੀਅਨ ਜੌਨੀ ਟਾਰਜ਼ਨ ਦਾ ਰੋਲ ਅਦਾ ਕਰਨ ਲਈ ਤਿਆਰ ਹੋ ਗਿਆ।

ਟਾਰਜ਼ਨ ਦੇ ਰੂਪ ਵਿਚ ਫਿਰ ਉਸ ਨੇ ਮਗਰਮੱਛਾਂ ਨਾਲ ਘੋਲ ਕੀਤੇ, ਜੰਗਲਾਂ ਵਿਚ ਜੰਗਲੀ ਜਾਨਵਰਾਂ ਨਾਲ ਭਿੜਿਆ, ਬੱਬਰ ਸ਼ੇਰਾਂ ਵਾਂਗ ਦਹਾੜਾਂ ਮਾਰੀਆਂ ਤੇ ਪਾਣੀ ਹੇਠਾਂ ਹੈਰਾਨਕੁਨ ਕਰਤੱਬ ਵਿਖਾਏ। ਇੰਜ ਉਹ ਫਿਲਮੀ ਦਰਸ਼ਕਾਂ ਦਾ ਸਭ ਤੋਂ ਮਨਭਾਉਂਦਾ ਹੀਰੋ ਬਣ ਗਿਆ। ਉਨ੍ਹੀਂ ਦਿਨੀਂ ਓਲੰਪਿਕ ਚੈਂਪੀਅਨ ਨਿਰੋਲ ਸ਼ੌਕੀਆ ਖਿਡਾਰੀ ਹੁੰਦੇ ਸਨ ਜਿਨ੍ਹਾਂ ਨੂੰ ਕੋਈ ਮਾਇਕ ਇਨਾਮ ਨਹੀਂ ਸੀ ਦਿੱਤਾ ਜਾ ਸਕਦਾ। ਟਾਰਜ਼ਨ ਦਾ ਰੋਲ ਕਰਨ ਨਾਲ ਵੀਸਮੂਲਰ ਦੀ ਕਦਰ ਕੀਮਤ ਲੱਖਾਂ ਡਾਲਰਾਂ ਤਕ ਅੱਪੜ ਗਈ। ਉਸ ਦੀ ਮਾਲੀ ਸਫਲਤਾ ਤੋਂ ਪ੍ਰਭਾਵਿਤ ਹੋ ਕੇ ਤਿੰਨ ਹੋਰ ਓਲੰਪੀਅਨ ਬਸਟਰ ਕਰੈਬ, ਹਰਮਨ ਬਰਿਕਸ ਤੇ ਗਲੈੱਨ ਮੌਰਿਸ ਵੀ ਟਾਰਜ਼ਨ ਦਾ ਰੋਲ ਅਦਾ ਕਰਨ ਲੱਗੇ।

ਜਾਨੀ ਵੀਸਮੂਲਰ ਨੇ ਆਪਣੇ ਤੈਰਨ ਦੇ ਦਿਨਾਂ ਵਿਚ ਕੁਲ 67 ਵਿਸ਼ਵ ਰਿਕਾਰਡ ਬਣਾਏ ਜੋ ਆਪਣੇ ਆਪ ਵਿਚ ਵਿਸ਼ਵ ਰਿਕਾਰਡ ਹੈ। ਦਿਲਚਸਪ ਕਹਾਣੀ ਇਹ ਵਾਪਰੀ ਕਿ ਤੈਰਾਕੀ ਦੇ ਵਿਸ਼ਵ ਰਿਕਾਰਡਾਂ ਨਾਲ ਉਸ ਨੇ ਵਿਆਹ ਕਰਾਉਣ ਦਾ ਵੀ ਰਿਕਾਰਡ ਰੱਖਿਆ। ਉਸ ਨੇ ਪੰਜ ਵਾਰ ਅਸਲੀ ਵਿਆਹ ਕਰਾਇਆ ਜਦ ਕਿ ਫਿਲਮੀ ਵਿਆਹਾਂ ਦਾ ਤਾਂ ਕੋਈ ਲੇਖਾ ਹੀ ਨਹੀਂ। ਉਸ ਦਾ ਪਹਿਲਾ ਵਿਆਹ 1931 ਵਿਚ ਅਦਾਕਾਰਾ ਬੌਬ ਅਰਨੈਸਟ ਨਾਲ ਹੋਇਆ ਜੋ ਬਿਨਾਂ ਬੱਚਾ ਪੈਦਾ ਕੀਤੇ 1933 ਤਕ ਨਿਭਿਆ। 1933 ਵਿਚ ਲੂਪ ਵਲੀਜ਼ ਨਾਲ ਵਿਆਹ ਕਰਵਾਇਆ ਜੋ ਬਿਨਾਂ ਬੱਚੇ 1939 ਤਕ ਚੱਲ ਸਕਿਆ। 1939 ਵਿਚ ਬੇਰਿਲ ਸਕਾਟ ਨਾਲ ਵਿਆਹਿਆ ਗਿਆ ਜਿਸ ਦੇ ਤਿੰਨ ਬੱਚੇ ਪੈਦਾ ਹੋਏ। ਹੈਰਾਨੀ ਹੈ ਕਿ ਵਿਆਹ ਫੇਰ ਵੀ ਤਲਾਕ 'ਚ ਬਦਲ ਗਿਆ! 1948 ਵਿਚ ਐਲਨ ਮੇਟਸ ਲੜ ਲੱਗ ਗਈ ਜੋ 14 ਸਾਲ ਲੜ ਲੱਗੀ ਰਹੀ। ਫੇਰ ਪਤਾ ਨਹੀਂ ਕੀ ਹੋਇਆ ਕਿ ਜੋੜੀਆਂ ਜੱਗ ਥੋੜ੍ਹੀਆਂ ਵਾਲੀ ਗੱਲ ਹੋ ਗਈ। ਬਣੀ ਬਣਾਈ ਜੋੜੀ 1962 ਵਿਚ ਨਿਖੜ ਗਈ। 1963 ਵਿਚ ਮਾਰੀਆ ਬਰੌਕ ਨੇ ਜੌਨੀ ਦਾ ਪੱਲਾ ਆ ਫੜਿਆ। ਉਹ ਸਿਦਕ ਦੀ ਐਸੀ ਪੱਕੀ ਰਹੀ ਕਿ ਜੌਨੀ ਵੀਸਮੂਲਰ ਦੇ ਮਰਨ ਤਕ ਵਿਆਹ ਦੀ ਰੀਤ ਨਿਭਾਈ ਗਈ। ਉਸ ਨੇ ਤੇ ਜੌਨੀ ਦੇ ਬੱਚਿਆਂ ਨੇ ਓਲੰਪਿਕ ਚੈਂਪੀਅਨ ਤੇ ਫਿਲਮੀ ਟਾਰਜ਼ਨ ਦੀਆਂ ਅੰਤਮ ਰਸਮਾਂ ਰੀਤਾਂ ਨਿਭਾਈਆਂ।

ਓਲੰਪਿਕ ਚੈਂਪੀਅਨ ਦੇ ਰੂਪ ਵਿਚ ਭਾਵੇਂ ਉਹ ਲੱਖਾਂ ਦਿਲਾਂ ਵਿਚ ਵਸਦਾ ਸੀ ਪਰ ਟਾਰਜ਼ਨ ਦੇ ਰੂਪ ਵਿਚ ਕਰੋੜਾਂ ਲੋਕਾਂ ਦੇ ਦਿਲਾਂ 'ਚ ਵਸਣ ਲੱਗ ਪਿਆ ਸੀ। ਉਸ ਨੇ ਸੁਪਰਮੈਨ ਦਾ ਰੋਲ ਅਦਾ ਕਰਦਿਆਂ ਇਕ ਵਾਰ ਕਿਸ਼ਤੀ ਦੇ ਪਲਟ ਜਾਣ ਕਾਰਨ ਸੱਚੀਂ-ਮੁੱਚੀਂ ਡੁੱਬੀ ਜਾਂਦੇ 11 ਬੰਦੇ ਬਚਾਏ ਸਨ। ਅੜੇ ਥੁੜੇ ਲੋੜਵੰਦ ਲੋਕਾਂ ਦੀ ਮਦਦ ਵੀ ਕੀਤੀ ਸੀ। 1974 ਵਿਚ ਇਕ ਹਾਦਸੇ ਦੌਰਾਨ ਉਸ ਦੇ ਦੋਵੇਂ ਪੁੜੇ ਟੁੱਟ ਗਏ ਸਨ ਤੇ ਇਕ ਲੱਤ ਵੀ ਨਕਾਰੀ ਗਈ ਸੀ। ਝੀਲਾਂ ਦਾ ਸ਼ਾਹ-ਸਵਾਰ ਆਖ਼ਰ ਵੀਲ੍ਹ ਚੇਅਰ ਦਾ ਸਵਾਰ ਰਹਿ ਗਿਆ ਸੀ। ਲਾਇਲਾਜ ਬਿਮਾਰੀਆਂ ਉਸ ਨੂੰ ਆਣ ਚੰਬੜੀਆਂ ਸਨ। ਆਖ਼ਰ ਦਿਲ ਦੇ ਰੋਗ, ਕਰੋੜਾਂ ਦਿਲਾਂ 'ਚ ਵਸੇ ਜੌਨੀ ਟਾਰਜ਼ਨ ਤੇ 6 ਓਲੰਪਿਕ ਮੈਡਲ ਜਿੱਤਣ ਵਾਲੇ ਤੈਰਾਕ ਨੂੰ ਲੈ ਹੀ ਬੈਠੇ।

ਆਸਟਰੀਆ/ਹੰਗਰੀ ਤੇ ਰੁਮਾਨੀਆ ਯਾਨੀ ਯੂਰਪ ਦੇ ਜੰਮੇ, ਪੈਨਸਿਲਵਾਨੀਆ ਤੇ ਸ਼ਿਕਾਗੋ 'ਚ ਵਸੇ ਅਮਰੀਕਨ ਤੈਰਾਕ ਦਾ ਅੰਤ 20 ਜਨਵਰੀ 1984 ਨੂੰ ਮੈਕਸੀਕੋ ਦੇ ਸ਼ਹਿਰ ਐਕਾਪਲਕੋ ਵਿਚ ਹੋਇਆ। ਲੱਖਾਂ ਲੋਕਾਂ ਦੇ ਹਰਮਨ ਪਿਆਰੇ ਜੌਨੀ ਨੂੰ ਦਫਨਾਉਣ ਸਮੇਂ ਸਰਕਾਰੀ ਤੌਰ 'ਤੇ ਸੋਗ ਮਨਾਇਆ ਗਿਆ। ਅਮਰੀਕਾ ਦੇ ਰਾਸ਼ਟਰਪਤੀ ਬਣੇ ਫਿਲਮੀ ਅਦਾਕਾਰ ਰੋਨਾਲਡ ਰੀਗਨ ਤੇ ਸੈਨੇਟਰ ਟੈੱਡ ਕਨੇਡੀ ਨੇ ਅੰਤਮ ਰੀਤਾਂ ਵਿਚ ਭਾਗ ਲਿਆ। ਜੌਨੀ ਟਾਰਜ਼ਨ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ ਤੇ ਧਰਤੀ ਦੀ ਕੁੱਖ ਵਿਚ ਸਦੀਵੀ ਨੀਂਦ ਸੁਆ ਦਿੱਤਾ ਗਿਆ। ਉਸ ਦੀ ਕਬਰ ਵੈਲੀ ਆਫ਼ ਲਾਈਟ ਸੀਮੈਟਰੀ ਵਿਚ ਬਣਾਈ ਗਈ। ਉਸ ਨੂੰ ਅਨੇਕਾਂ ਮਾਣ-ਸਨਮਾਨ ਦਿੱਤੇ ਗਏ। ਉਸ ਨੇ ਫਿਲਮਾਂ 'ਚ ਉਹ ਅਦਭੁਤ ਕਾਰਨਾਮੇ ਵਿਖਾਏ ਕਿ ਵਧੇਰੇ ਲੋਕ ਉਸ ਨੂੰ ਟਾਰਜ਼ਨ ਕਰਕੇ ਹੀ ਜਾਣਦੇ ਹਨ, ਓਲੰਪਿਕ ਖੇਡਾਂ ਦੇ ਪੰਜ ਗੋਲਡ ਮੈਡਲ ਤੇ ਇਕ ਬਰਾਂਜ਼ ਮੈਡਲ ਜਿੱਤਣ ਕਰਕੇ ਨਹੀਂ। ਹੁਣ ਸਾਡੇ ਕੋਲ ਉਹਦੇ ਲਾਸਾਨੀ ਕਾਰਨਾਮਿਆਂ ਦੀਆਂ ਗੱਲਾਂ ਹੀ ਰਹਿ ਗਈਆਂ ਹਨ।

# ਪਰਵਾਸੀ ਪੰਜਾਬੀਆਂ ਦੇ ਜੀਵਨ 'ਤੇ ਝਾਤ ਪਾਉਂਦੀ ਫ਼ਿਲਮ 'ਏਸ ਜਹਾਨੋਂ ਦੂਰ ਕਿਤੇ-ਚੱਲ ਜਿੰਦੀਏ'

ਹਰਜਿੰਦਰ ਸਿੰਘ
ਫੋਨ: 94638-28000

ਪੰਜਾਬੀ ਸਿਨੇਮਾ ਹੁਣ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ ਨਵੇਂ-ਨਵੇਂ ਵਿਸ਼ਿਆਂ ਦੀਆਂ ਫਿਲਮਾਂ ਦਰਸ਼ਕਾਂ ਦੀ ਝੋਲੀ ਪਾ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ 'ਨੀਰੂ ਬਾਜਵਾ ਐਂਟਰਟੇਨਮੈਂਟ' ਅਤੇ 'ਘੈਂਟ ਬੁਆਏਜ਼ ਐਂਟਰਟੇਨਮੈਂਟ' ਬੈਨਰ ਇਕ ਵੱਖਰੇ ਵਿਸ਼ੇ ਦੀ ਆਪਣੀ ਨਵੀਂ ਫਿਲਮ 'ਏਸ ਜਹਾਨੋਂ ਦੂਰ ਕਿਤੇ-ਚਲ ਜਿੰਦੀਏ' 24 ਮਾਰਚ ਨੂੰ ਦਰਸ਼ਕਾਂ ਦੇ ਰੂਬਰੂ ਕਰਨ ਜਾ ਰਿਹਾ ਹੈ।

ਫਿਲਮ ਦੇ ਹਾਲ ਹੀ ਵਿਚ ਰਿਲੀਜ਼ ਹੋਏ ਸ਼ਾਨਦਾਰ ਟੀਜ਼ਰ ਨੇ ਦਰਸ਼ਕਾਂ ਦੀ ਉਤਸੁਕਤਾ ਨੂੰ ਹੋਰ ਵਧਾ ਦਿੱਤਾ ਹੈ। ਫਿਲਮ ਵਿਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ ਅਤੇ ਰੁਪਿੰਦਰ ਰੂਪੀ ਇੱਕੋ ਸਕਰੀਨ ਉੱਤੇ ਇਕੱਠੇ ਨਜ਼ਰ ਆਉਣਗੇ। ਇਸ ਫਿਲਮ ਨੂੰ ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਨੇ ਪ੍ਰੋਡਿਊਸ ਕੀਤਾ ਹੈ। ਅਸੀਂ ਟ੍ਰੇਲਰ ਤੋਂ ਦੇਖ ਸਕਦੇ ਹਾਂ ਕਿ ਫਿਲਮ ਕਹਾਣੀ ਦੇ ਉਸ ਹਿੱਸੇ ਨਾਲ ਵਾਕਿਫ਼ ਕਰਾਉਂਦੀ ਹੈ ਜੋ ਆਪਣੇ ਵਤਨ ਅਤੇ ਆਪਣੀ ਮਿੱਟੀ ਨੂੰ ਛੱਡ ਪ੍ਰਦੇਸਾਂ ਵਿਚ ਵੱਸ ਰਹੇ ਹਨ। ਇਹ ਲੜਾਈ ਹੋਂਦ ਅਤੇ ਹੱਕਾਂ ਦੀ ਹੈ ਜੋ ਸਾਡੀ ਦੇਸ਼ ਪ੍ਰਤੀ ਪਿਆਰ ਦੀ ਭਾਵਨਾ ਨੂੰ ਦਰਸਾਉਂਦੀ ਹੈ। ਫਿਲਮ ਦੇ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਹਨ ਅਤੇ ਫਿਲਮ ਦੀ ਕਹਾਣੀ ਜਗਦੀਪ ਵੜਿੰਗ ਨੇ ਲਿਖੀ ਹੈ ਜਿਨ੍ਹਾਂ ਨੇ 'ਮਾਂ ਦਾ ਲਾਡਲਾ', 'ਗਲਵੱਕੜੀ', ਅਤੇ 'ਮੈਂ ਤੇ ਬਾਪੂ' ਵਰਗੀਆਂ




ਫਿਲਮਾਂ ਦੀ ਬਾਕਮਾਲ ਕਹਾਣੀ ਵੀ ਲਿਖੀ ਸੀ। ਇਸ ਫਿਲਮ ਦਾ ਬੈਕਗਰਾਊਂਡ ਸਕੋਰ ਰਾਜੂ ਸਿੰਘ ਨੇ ਦਿੱਤਾ ਹੈ, ਅਤੇ ਸੰਗੀਤ ਵੇਹਲੀ ਜਨਤਾ ਰਿਕੌਰਡਸ ਵਲੋਂ ਦਿੱਤਾ ਗਿਆ ਹੈ। ਆਪਣੀ ਆਉਣ ਵਾਲੀ ਫਿਲਮ ਦੇ ਟ੍ਰੇਲਰ ਨੂੰ ਪੇਸ਼ ਕਰਦੇ ਹੋਏ, ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ, 'ਇਹ ਫਿਲਮ ਦੇਸ਼ ਪ੍ਰਤੀ ਪਿਆਰ ਅਤੇ ਵਿਛੋੜੇ ਦੇ ਦਰਦ ਨੂੰ ਦਰਸਾਉਂਦੀ ਹੈ। ਸਾਡਾ ਫਿਲਮ ਨੂੰ ਪੇਸ਼ ਕਰਨ ਦਾ ਮਕਸਦ ਇਹ ਹੈ ਕਿ ਦਰਸ਼ਕ ਸਾਡੀ ਫਿਲਮ ਬਣਾਉਣ ਦੇ ਸੱਚੇ ਅਤੇ ਨੇਕ ਇਰਾਦੇ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਾਨੂੰ ਉਮੀਦ ਹੈ ਕਿ ਦਰਸ਼ਕ ਸਾਡੀ ਨਵੀਂ ਪੇਸ਼ਕਸ਼ ਨੂੰ ਭਰਪੂਰ ਪਿਆਰ ਦੇਣਗੇ। ਫਿਲਮ ਦੀ ਕਹਾਣੀ ਦੀ ਗੱਲ ਕਰਦਿਆਂ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਦਾ ਕਹਿਣਾ ਹੈ, 'ਮੈਂ ਇਸ ਫਿਲਮ ਦੀ ਕਹਾਣੀ ਨੂੰ ਆਪਣੇ ਇੰਨਾ ਕਰੀਬ ਦੇਖਿਆ ਕਿ ਮੈਨੂੰ ਇਹ ਸੱਚ-ਮੁੱਚ ਅਸਲੀ ਕਹਾਣੀ ਲੱਗਦੀ ਹੈ। ਮੈਨੂੰ ਬਹੁਤ ਹੀ ਖੁਸ਼ੀ ਹੋ ਰਹੀ ਹੈ ਕਿ ਫਿਲਮ ਦੇ ਟੀਜ਼ਰ ਨੂੰ ਦਰਸ਼ਕਾਂ ਨੇ ਇੰਨਾ ਪਿਆਰ ਦਿੱਤਾ। ਮੈਨੂੰ ਉਮੀਦ ਹੈ ਕਿ ਦਰਸ਼ਕ ਟ੍ਰੇਲਰ ਅਤੇ ਫਿਲਮ ਨੂੰ ਵੀ ਭਰਪੂਰ ਪਿਆਰ ਦੇਣਗੇ।' ਏਸ ਜਹਾਨੋਂ ਦੂਰ ਕਿਤੇ ਚੱਲ ਜਿੰਦੀਏ'' 24 ਮਾਰਚ 2023 ਨੂੰ ਦੁਨੀਆ ਭਰ ਵਿਚ ਰਿਲੀਜ਼ ਹੋਵੇਗੀ।

To Advertise with Punjab Times Call: 847-359-0746

# ਬਚਪਨ ਦੀ ਬੀਹੀ 'ਚ ਗੇੜੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।***

ਜੀਵਨ ਦੇ ਮੁੱਢਲੇ ਦਿਨ ਜੀਵਨ ਦਾ ਸਭ ਤੋਂ ਸੁਹਾਵਣਾ ਸਮਾਂ। ਸਦਾ ਚੇਤਿਆਂ ਵਿਚ ਵੱਸਣ ਵਾਲੇ ਪਲ। ਜੀਵਨ ਨੂੰ ਨਿਰਧਾਰਤ ਕਰਨ ਵਾਲੇ। ਇਨ੍ਹਾਂ ਦਿਨਾਂ ਵਿਚਲੀ ਬੇਫ਼ਿਕਰੀ ਅਤੇ ਅਲਮਸਤੀ, ਜੀਵਨ ਦਾ ਸੁੰਦਰ ਸੱਚ। ਬਪਚਨੇ ਦੀ ਮੌਜ ਹਰ ਬੱਚੇ ਦਾ ਹਾਸਲ। ਮਨ ਕਰਦਾ ਕਿ ਫਿਰ ਬਚਪਨੇ ਵਿਚ ਪਰਤ ਜਾਈਏ। ਬੰਦਾ ਉਮਰ ਦੇ ਹਰ ਪੜਾਅ 'ਤੇ ਬਚਪਨੇ ਵੱਲ ਪਰਤਣਾ ਚਾਹੁੰਦਾ ਕਿਉਂਕਿ ਇਹ ਵਰੇਸ ਕਦੇ ਨਹੀਂ ਪਰਤਦੀ।

ਨਿਮਨ ਕਿਰਸਾਨੀ ਪਰਿਵਾਰ ਦੇ ਬੱਚੇ ਸੁਰਤ ਸੰਭਾਲਦਿਆਂ ਹੀ ਵੱਡੇ ਹੋ ਜਾਂਦੇ ਅਤੇ ਬਚਪਨਾ ਬਹੁਤ ਜਲਦੀ ਬੀਤ ਜਾਂਦਾ। ਘਰ ਦੀਆਂ ਜ਼ਿੰਮੇਵਾਰੀਆਂ, ਤੰਗੀਆਂ, ਤੁਰਸ਼ੀਆਂ, ਲੋੜਾਂ ਅਤੇ ਥੋੜ੍ਹਾਂ ਦਾ ਗਿਆਨ ਬੜੀ ਜਲਦੀ ਹੋ ਜਾਂਦਾ।

ਅਜੇਹੇ ਵਕਤ ਵਿਚ ਪਲ ਕੇ ਵੱਡੇ ਹੋਣਾ ਸਭ ਤੋਂ ਵੱਡੀ ਗਨੀਮਤ। ਤੁਸੀਂ ਉਸ ਸੱਚ ਨੂੰ ਜਿਉਂਦਿਆਂ, ਜੀਵਨ ਦੇ ਮੁੱਢਲੇ ਦੌਰ ਵਿਚੋਂ ਲੰਘਦੇ ਜਿਹੜਾ ਸੱਚ ਕਈਆਂ ਨੂੰ ਦੇਖਣਾ ਨਸੀਬ ਨਹੀਂ ਹੁੰਦਾ।

ਬਿਆਸ ਦਰਿਆ ਦੇ ਕੰਢੇ ਵੱਸਿਆ ਭੰਡਾਲ ਬੇਟ। ਬਰਸਾਤਾਂ ਦੇ ਦਿਨੀਂ ਬਿਆਸ ਦਰਿਆਂ ਵਿਚ ਹੜ੍ਹ ਆ ਜਾਣਾ, ਫ਼ਸਲਾਂ ਨਸ਼ਟ ਹੋਣੀਆਂ ਅਤੇ ਫਿਰ ਬੇਟ ਦੀ ਮਿੱਟੀ ਵਰਗੇ ਚੀੜੇ ਪਿੰਡ ਵਾਸੀਆਂ ਨੇ ਜੀਵਨ ਨੂੰ ਨਵੇਂ ਸਿਰਿਉਂ ਵਿਉਂਤਣ ਲਈ ਸਿਰ ਸੁੱਟ ਕੇ ਮਿਹਨਤ ਵਿਚ ਜੁਟ ਜਾਣਾ। ਸ. ਪ੍ਰਤਾਪ ਸਿੰਘ ਕੈਰੋਂ, ਮੁੱਖ ਮੰਤਰੀ ਪੰਜਾਬ ਨੇ ਧੁੱਸੀ ਬੰਨ੍ਹ ਬੰਨ੍ਹਿਆ ਤਾਂ ਬੇਟ ਦੇ ਇਲਾਕੇ ਨੂੰ ਸੁੱਖ ਦਾ ਸਾਹ ਆਇਆ।


ਪਰਿਵਾਰ ਲਈ ਮੁੱਢਲੀਆਂ ਸਹੂਲਤਾਂ ਪੈਦਾ ਕਰਨ ਲਈ ਬਾਪ ਵਾਹੀ ਕਰਨ ਦੇ ਨਾਲ-ਨਾਲ, ਗੱਡਾ ਵੀ ਵਾਹੁੰਦਾ ਸੀ। ਇੰਨਾ ਸਿਰੜੀ ਕਿ ਸਾਰੀ ਰਾਤ ਖੂਹ ਜੋੜੀ ਰੱਖਣਾ ਅਤੇ ਦਿਨ ਵੇਲੇ ਜਦ ਬਲਦਾਂ ਨੇ ਆਰਾਮ ਕਰਨਾ ਹੁੰਦਾ ਤਾਂ ਬਾਪ ਨੇ ਗੋਡੀ ਆਦਿ ਖੇਤੀ ਦੇ ਕੰਮਾਂ ਵਿਚ ਰੁੱਝੇ ਰਹਿਣਾ। ਉਹ ਇੰਨਾ ਤਕੜਾ ਸੀ ਕਿ ਚੁਬਾਰੇ ਤੋਂ ਕਣਕ ਦੀਆਂ ਭਰੀਆਂ ਬੋਰੀਆਂ ਲਾਹ ਕੇ, ਫਿਰਨੀ 'ਤੇ ਖੜ੍ਹੇ ਗੱਡੇ 'ਤੇ ਲੱਦਣੀਆਂ। ਕਈ ਵਾਰ ਮਾੜੇ ਬਲਦ ਵਾਲੇ ਪਾਸੇ ਖੁਦ ਜ਼ੋਰ ਲਾ ਕੇ ਖੁੱਭੇ ਗੱਡੇ ਨੂੰ ਬਾਹਰ ਕੱਢਣ ਵਿਚ ਮਦਦ ਵੀ ਕਰਨੀ।

ਮੈਂ ਆਪਣੀ ਪੱਤੀ ਵਿਚਲੇ ਬੋਰੀ ਵਾਲੇ ਸਰਕਾਰੀ ਪ੍ਰਾਇਮਰੀ ਸਕੂਲ ਵਿਚੋਂ ਪੰਜਵੀਂ ਪਾਸ ਕੀਤੀ। ਤੱਪੜ ਵਾਲੇ ਸਰਕਾਰੀ ਮਿਡਲ ਸਕੂਲ ਤੋਂ ਅੱਠਵੀ ਪਾਸ ਕੀਤੀ। ਉਨ੍ਹਾਂ ਸਮਿਆਂ ਵਿਚ ਨੰਬਰਾਂ ਬਾਰੇ ਬਹੁਤਾ ਪਤਾ ਤਾਂ ਨਹੀਂ ਸੀ ਹੁੰਦਾ। ਸੋਚ ਸਿਰਫ਼ ਜਮਾਤ ਪਾਸ ਕਰਨ ਤੀਕ ਹੀ ਸੀਮਤ ਹੁੰਦੀ ਸੀ। ਪਰ ਪੜ੍ਹਨ ਦਾ ਸ਼ੌਕ ਜ਼ਰੂਰ ਸੀ। ਗਰਮੀਆਂ ਵਿਚ ਘਰਦਿਆਂ ਨੇ ਸਕੂਲ ਜਾਣ ਤੋਂ ਪਹਿਲਾਂ ਸੁਵੱਖਤੇ ਜਗਾ ਕੇ ਘਾਹ ਖੋਤਣ ਤੋਰ ਦੇਣਾ। ਗਰਮੀਆਂ ਦੀਆਂ ਛੁੱਟੀਆਂ ਵਿਚ ਬਿਆਸ ਦਰਿਆ ਦੇ ਕੰਢੇ ਪਸ਼ੂ ਚਾਰਨੇ ਅਤੇ ਦਰਿਆ ਵਿਚ ਪਸ਼ੂਆਂ ਸੰਗ ਤੈਰਨਾ ਤਾਂ ਆਮ ਹੀ ਸੀ।

ਸਕੂਲੀ ਪੜ੍ਹਾਈ ਦੇ ਦਿਨ ਵੀ ਕਮਾਲ ਦੇ ਸਨ। ਹਲ ਵਾਹੁੰਦੇ ਬਾਪ ਨੂੰ ਖੇਤ ਵਿਚ ਸਵੇਰੇ ਹੀ ਰੋਟੀ ਦੇ ਕੇ ਸਕੂਲ ਜਾਣ ਦੀ ਕਾਹਲੀ ਹੁੰਦੀ। ਅੱਧੀ ਛੁੱਟੀ ਵੇਲੇ ਹਵੇਲੀ ਵਿਚ ਪਸ਼ੂਆਂ ਨੂੰ ਪਾਣੀ ਪਿਆ ਕੇ ਸਕੂਲ ਨੂੰ ਭੱਜਣਾ ਅਤੇ ਰਾਹ ਵਿਚ ਭੱਠੀ ਤੋਂ ਦਾਣੇ ਭੁੰਨਾ ਕੇ, ਝੋਲੇ ਵਿਚ ਲੁਕਾ ਕੇ ਖਾਂਦੇ ਰਹਿਣਾ।

ਅਨਪੜ੍ਹ ਮਾਪਿਆਂ ਲਈ ਪੜ੍ਹਨਾ, ਕੋਈ ਅਹਿਮੀਅਤ ਨਹੀਂ ਸੀ ਰੱਖਦਾ। ਘਰ ਦੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਜਾਂਦੇ ਤਾਂ ਸਾਨੂੰ ਪੜ੍ਹਾਈ ਲਈ ਸਮਾਂ ਮਿਲਦਾ ਸੀ। ਪਰ ਜਿੰਨਾ ਕੁ ਵੀ ਸਮਾਂ ਮਿਲਦਾ, ਇਹ ਪੜ੍ਹਾਈ ਵਿਚ ਚੰਗੇ ਨੰਬਰ ਲੈਣ ਲਈ ਸਹਾਈ ਹੁੰਦਾ ਸੀ। ਉਨ੍ਹਾਂ ਦਿਨਾਂ ਵਿਚ ਸਿਰਫ਼ ਪਾਸ ਹੋਣ ਦਾ ਹੀ ਫ਼ਿਕਰ ਹੁੰਦਾ ਸੀ ਅਤੇ ਜਦ 31 ਮਾਰਚ ਨੂੰ ਸਕੂਲ ਵਿਚ ਨਤੀਜਾ ਨਿਕਲਣਾ ਤਾਂ ਮਨ ਵਿਚ ਧੁੜਕੂ ਜ਼ਰੂਰ ਪੈਦਾ ਹੁੰਦਾ ਭਾਵੇਂ ਕਿ ਪਤਾ ਤਾਂ ਹੁੰਦਾ ਹੀ ਸੀ ਕਿ ਪਾਸ ਤਾਂ ਹੋ ਹੀ ਜਾਣਾ ਹੈ।

ਉਨ੍ਹਾਂ ਸਮਿਆਂ ਵਿਚ ਸਕੂਲ ਅਧਿਆਪਕ ਬਹੁਤ ਹੀ ਮਿਹਨਤੀ ਸਨ। ਉਨ੍ਹਾਂ ਲਈ ਪੜ੍ਹਾਉਣਾ ਇਕ ਤਪੱਸਿਆ ਸੀ ਜਿਸਦੀ ਉਹ ਕਦੇ ਵੀ ਅਵੱਗਿਆ ਨਹੀਂ ਸੀ ਕਰਦੇ। ਛੇਵੀਂ ਤੋਂ ਅੱਠਵੀਂ ਤੀਕ ਸਾਨੂੰ ਅੰਗਰੇਜ਼ੀ ਉਘੇ ਪੰਜਾਬੀ ਕਵੀ ਅਤੇ ਬਹੁਤ ਹੀ ਨਫ਼ੀਸ ਇਨਸਾਨ ਸ. ਹਰਭਜਨ ਸਿੰਘ ਹੁੰਦਲ ਜੀ ਨੇ ਪੜ੍ਹਾਈ। ਜਦ ਵੀ ਸਾਡਾ ਕੋਈ ਵੀ ਪੀਰੀਅਡ ਵਿਹਲਾ ਦੇਖਣਾ, ਅੰਗਰੇਜ਼ੀ ਪੜ੍ਹਾਉਣ ਲੱਗ ਪੈਣਾ। ਪੱਡਿਆਂ ਦੇ ਹਿਸਾਬ ਵਾਲੇ ਮਾਸਟਰ ਰਤਨ ਚੰਦ ਸਾਰੇ ਸਵਾਲ ਉਂਗਲਾਂ 'ਤੇ ਰਟਾ ਦਿੰਦੇ ਸਨ। ਹਿੰਦੀ ਵਾਲੇ ਮਾਸਟਰ ਅਯੁੱਧਿਆ ਦਾਸ ਜੀ ਦਾ ਡੰਡਾ ਹੁਣ ਤੀਕ ਵੀ ਯਾਦ ਏ ਜਦ ਉਹ ਸਿਗਰਟ ਪੀਂਦਿਆ ਘਰ ਲਈ ਦਿੱਤਾ ਕੰਮ ਨਾ ਕਰਨ ਜਾਂ ਕਿਸੇ ਵੀ ਗਲਤੀ 'ਤੇ ਡੰਡੇ ਮਾਰ ਕੇ ਹੱਥਾਂ 'ਤੇ ਨੀਲ ਪਾ ਦਿੰਦੇ ਸਨ। ਮਾਸਟਰ ਫ਼ਕੀਰ ਚੰਦ ਜੀ ਨੇ ਪੀਟੀ ਕਰਾਉਂਦਿਆਂ, ਮਜ਼ਾਲ ਏ ਕਿਸੇ ਨੂੰ ਬਖਸ਼ਿਆ ਹੋਵੇ ਅਗਰ ਕਿਸੇ ਨੇ ਸ਼ੈਤਾਨੀ ਕੀਤੀ ਹੋਵੇ। ਪੰਜਾਬੀ ਵਾਲੇ ਸਰਦਾਰਨੀ ਹਰਬੰਸ ਕੌਰ ਜੀ ਨੇ ਪੰਜਾਬੀ ਪ੍ਰਤੀ ਮੋਹ ਦਾ ਜਾਗ ਮਿਡਲ ਸਕੂਲ ਵਿਚ ਹੀ ਲਾ ਦਿੱਤਾ ਸੀ।



ਕਮਾਲ ਦੀ ਪ੍ਰਤੀਬੱਧਤਾ ਸੀ ਅਧਿਆਪਕਾਂ ਦੀ ਉਨ੍ਹਾਂ ਦਿਨਾਂ ਵਿਚ। ਯਾਦ ਏ ਕਿ ਸਾਡਾ ਅੱਠਵੀਂ ਬੋਰਡ ਦੇ ਇਮਤਿਹਾਨ ਦਾ ਸੈਂਟਰ ਹਾਈ ਸਕੂਲ ਸੁੱਰਖਪੁਰ ਸੀ। ਇਮਤਿਹਾਨਾਂ ਦੇ ਸਾਰੇ ਸਮੇਂ ਦੌਰਾਨ ਸਾਰੀ ਕਲਾਸ ਸੁੱਰਖਪੁਰ ਵਿਚ ਇਕ ਬੈਠਕ ਵਿਚ ਰਹੀ ਜਿੱਥੇ ਇਕ ਪਾਸੇ ਕੁੜੀਆਂ ਸੌਂਦੀਆਂ ਸਨ ਅਤੇ ਇਕ ਪਾਸੇ ਮੁੰਡੇ। ਵਿਚਕਾਰ ਸਾਡੇ ਮਾਸਟਰ ਜੀ ਹੁੰਦੇ ਸਨ। ਹਰ ਰਾਤ ਨੂੰ ਉਸ ਮਾਸਟਰ ਦੀ ਡਿਊਟੀ ਹੁੰਦੀ ਜਿਸਦਾ ਅਗਲੇ ਦਿਨ ਪੇਪਰ ਹੋਣਾ ਹੁੰਦਾ ਸੀ। ਅੱਧੀ ਅੱਧੀ ਰਾਤ ਤੀਕ ਪੜ੍ਹਾਉਂਦੇ ਰਹਿਣਾ ਅਤੇ ਸਾਨੂੰ ਕਹਿਣਾ ਕਿ ਆਹ ਆਹ ਪ੍ਰਸ਼ਨ ਯਾਦ ਕਰੋ। ਸਾਨੂੰ ਆਪ ਸਕੂਲ ਦੇ ਸੈਂਟਰ ਵਿਚ ਲੈ ਕੇ ਜਾਣਾ। ਮਜ਼ਾਲ ਏ ਕੋਈ ਨਕਲ ਕਰਵਾਉਣ ਜਾਂ ਮਾਰਨ ਦਾ ਸੋਚ ਵੀ ਸਕੇ। ਉਹ ਸਹੀ ਮਾਅਨਿਆਂ ਵਿਚ ਅਧਿਆਪਕ ਸਨ ਜਿਨ੍ਹਾਂ ਦੇ ਚੰਡੇ ਹੋਏ ਵਿਦਿਆਰਥੀ ਜੀਵਨ ਦੀਆਂ ਉਚੇਰੀਆਂ ਮੰਜ਼ਲਾਂ ਦਾ ਸਿਖਰ ਬਣੇ। ਬੜਾ ਸ਼ੁਕਰਗੁਜ਼ਾਰ ਹਾਂ ਆਪਣੇ ਉਨ੍ਹਾਂ ਅਧਿਆਪਕਾਂ ਦਾ ਜਿਨ੍ਹਾਂ ਨੇ ਗਿਆਨ ਦਾ ਸਬਕ ਪੜ੍ਹਾਇਆ।

ਹੁਣ ਜਦ ਵੀ ਮੈਂ ਪੰਜਾਬ ਜਾਵਾਂ ਤਾਂ ਸ. ਹਰਭਜਨ ਸਿੰਘ ਹੁੰਦਲ ਜੀ ਨੂੰ ਜ਼ਰੂਰ ਮਿਲ ਕੇ ਆਉਂਦਾ ਹਾਂ। ਮਾਸਟਰ ਰਤਨ ਚੰਦ ਹੋਰਾਂ ਨੂੰ ਉਨ੍ਹਾਂ ਦੇ ਆਖਰੀ ਸਵਾਸ ਤੀਕ ਕਪੂਰਥਲੇ ਮਿਲਦਾ ਰਿਹਾ ਜਿਥੇ ਉਨ੍ਹਾਂ ਨੇ ਸੇਵਾਮੁਕਤੀ ਤੋਂ ਬਾਅਦ ਇਕ ਮੰਦਰ ਨੂੰ ਆਪਣਾ ਘਰ ਬਣਾ ਲਿਆ ਸੀ। ਮਾਸਟਰ ਅਯੁੱਧਿਆ ਦਾਸ ਜੀ ਨੂੰ 'ਕੇਰਾਂ ਉਸ ਵੇਲੇ ਮਿਲ ਕੇ ਅਤਿਅੰਤ ਖੁਸ਼ੀ ਹੋਈ ਜਦ ਕਪੂਰਥਲਾ ਮਿਊਂਸਿਪਲ ਕਮੇਟੀ ਦੀਆਂ ਚੋਣਾਂ ਹੋ ਰਹੀਆਂ ਅਤੇ ਮੈਂ ਪ੍ਰੀਜ਼ਾਈਡਿੰਗ ਅਫਸਰ ਸੀ। ਉਹ ਵੋਟ ਪਾਉਣ ਆਏ ਤਾਂ ਮੈਂ ਉਠ ਕੇ ਉਨ੍ਹਾਂ ਨੂੰ ਮਿਲਿਆ। ਪਹਿਲਾਂ ਤਾਂ ਉਨ੍ਹਾਂ ਪਛਾਣਿਆ ਹੀ ਨਾ ਕਿਉਂਕਿ ਉਮਰ ਨਾਲ ਵਿਦਿਆਰਥੀਆਂ ਦੇ ਮੁਹਾਂਦਰੇ ਅਕਸਰ ਹੀ ਬਦਲ ਜਾਂਦੇ ਪਰ ਅਧਿਆਪਕ ਤਾਂ ਉਹੀ ਰਹਿੰਦੇ। ਜਦ ਉਨ੍ਹਾਂ ਨੂੰ ਮੈਂ ਦੱਸਿਆ ਕਿ ਭੰਡਾਲ ਬੇਟ ਦੇ ਸਕੂਲ ਵਿਚ ਮੈਂ ਉਨ੍ਹਾਂ ਦਾ ਵਿਦਿਅਰਥੀ ਸਾਂ ਅਤੇ ਅੱਜ ਕੱਲ੍ਹ ਰਣਧੀਰ ਕਾਲਜ ਵਿਚ ਪ੍ਰੋਫੈਸਰ ਹਾਂ ਤਾਂ ਉਹ ਬਹੁਤ ਖੁਸ਼ ਹੋਏ। ਟੀਚਰ ਨੂੰ ਆਪਣੇ ਸ਼ਿਸ਼ਾਂ ਦੀ ਤਰੱਕੀ 'ਤੇ ਨਾਜ਼ ਤਾਂ ਹੋਣਾ ਹੀ ਹੋਇਆ।

ਸਾਡਾ ਮਿਡਲ ਸਕੂਲ ਅੰਗਰੇਜ਼ੀ ਦੇ ਅੱਖਰ ਟੀ ਦੇ ਆਕਾਰ ਸੀ ਜਿਥੇ ਇਕ ਪਾਸੇ ਬਹੁਤ ਹੀ ਵੱਡੇ ਬੋਹੜ ਹੇਠ ਗਰਮੀਆਂ ਦੀਆਂ ਕਲਾਸਾਂ ਲੱਗਦੀਆਂ ਸਨ। ਜਦ ਕੁਝ ਅਰਸੇ ਬਾਅਦ ਸਕੂਲ ਗਿਆ ਤਾਂ ਸਕੂਲ ਦੀ ਬਦਲੀ ਨੁਹਾਰ ਦੇਖ ਕੇ ਖੁਸ਼ੀ ਵੀ ਹੋਈ ਪਰ ਬਾਬਾ ਬੋਹੜ ਦੀ ਅਣਹੋਂਦ ਕਾਰਨ ਮਨ ਮਸੋਸਿਆ ਗਿਆ ਕਿ ਕਿਉਂ ਮਨੁੱਖ ਆਪਣੇ ਵਿਰਾਸਤੀ ਬਿਰਖ਼ਾਂ ਨੂੰ ਵੱਢਣ ਲਈ ਕਾਹਲਾ ਏ? ਅਜੇਹੇ ਬੋਹੜ ਅਤੇ ਪਿੱਪਲ ਹੁਣ ਵਿਰਲੇ ਪਿੰਡਾਂ ਵਿਚ ਲੱਭਦੇ ਨੇ ਜਦਕਿ ਪਹਿਲੇ ਸਮਿਆਂ ਵਿਚ ਅਜੇਹੇ ਬਾਬੇ ਬਿਰਖ਼ ਅਕਸਰ ਹੀ ਪਿੰਡਾਂ ਵਿਚ ਤੁਹਾਨੂੰ ਮਿਲ ਜਾਂਦੇ ਸਨ। ਘਰੋਂ ਬੋਰੀ ਲਿਆ ਕੇ ਪੜ੍ਹਨ ਦਾ ਵੱਖਰਾ ਹੀ ਹੁਲਾਸ ਹੁੰਦਾ ਸੀ। ਸਾਡੇ ਅਧਿਆਪਕ ਸਾਨੂੰ ਦੱਸਦੇ ਰਹਿੰਦੇ ਸਨ ਕਿ ਕਿਹੜੇ ਕਿਵੇਂ ਪੜ੍ਹ ਕੇ ਵੱਡੇ ਅਫਸਰ ਬਣ ਗਏ ਹਨ। ਬੱਚਿਆਂ ਨੂੰ ਸਕੂਲ ਵਿਚੋਂ ਪੜ੍ਹ ਕੇ ਗਏ ਪਾੜ੍ਹਿਆਂ ਬਾਰੇ ਪਤਾ ਲੱਗਦਾ ਰਹੇ ਤਾਂ ਉਨ੍ਹਾਂ ਦੇ ਮਨਾਂ ਵਿਚ ਵੀ ਚੰਗਾ ਪੜ੍ਹਨ ਦਾ ਸ਼ੌਕ ਪੈਦਾ ਹੁੰਦਾ ਹੈ।

1968 ਵਿਚ ਅੱਠਵੀਂ ਜਮਾਤ ਪਹਿਲੇ ਦਰਜੇ ਵਿਚ ਪਾਸ ਕੀਤੀ। ਕੁਝ ਵਿਦਿਆਰਥੀ ਤਾਂ ਹਾਈ ਸਕੂਲ ਸੁੱਰਖਪੁਰ ਵਿਚ ਦਾਖਲ ਹੋ ਗਏ ਪਰ ਮੇਰੇ ਸਮੇਤ ਕੁਝ ਵਿਦਿਆਰਥੀਆਂ ਨਵੇਂ ਅੱਪਗਰੇਡ ਹੋਏ ਹਾਈ ਸਕੂਲ ਧਾਲੀਵਾਲ ਬੇਟ ਵਿਚ ਦਾਖਲਾ ਲੈ ਲਿਆ ਜੋ ਮੇਰੇ ਪਿੰਡ ਤੋਂ ਚਾਰ ਕੁ ਕਿਲੋਮੀਟਰ ਸੀ।

ਪਿੰਡ ਦੇ ਉਸ ਪਿਆਰੇ ਜਿਹੇ ਸਕੂਲ ਨੇ ਕੇਹੀ ਸ਼ੁਭ ਭਾਵਨਾ ਅਤੇ ਅਸੀਸ ਦਿਤੀ ਕਿ ਗਿਆਨ ਦੀ ਲੋਚਾ ਵਧਦੀ ਗਈ। ਹੋਰ ਉਚੇਰੀ ਵਿਦਿਆ ਪ੍ਰਾਪਤੀ ਦਾ ਜਾਗ ਲੱਗਦਾ ਰਿਹਾ। ਇਹ ਵੀ ਕੇਹਾ ਵਰਦਾਨ ਸੀ ਕਿ ਭਾਵੇਂ ਪੈਰ ਪਿੰਡ ਨੂੰ ਵਾਪਸ ਨਹੀਂ ਪਰਤੇ। ਪਰ ਪਿੰਡ ਨੂੰ ਮਿਲਣ ਅਤੇ ਬਚਪਨੀ ਬੀਹੀਆਂ ਵਿਚ ਵਿਚਰਨ ਅਤੇ ਆਪਣੀਆਂ ਧੁੰਧਲੀਆਂ ਪੈੜਾਂ ਨੂੰ ਨਿਹਾਰਨ ਦਾ ਚਾਅ ਹਮੇਸ਼ਾ ਹੀ ਮਨ ਵਿਚ ਮਚਲਦਾ ਰਹਿੰਦਾ ਹੈ।

ਬਾਲਪਨ 'ਚੋਂ ਨਕਸ਼ ਉਘੜਦੇ
ਤੇ ਮਿਲਣ ਨਿਵੇਕਲੇ ਰਾਹ
ਇਸ ਉਮਰੇ ਹੀ ਸੁਪਨੇ ਉਗਦੇ
ਲੈ ਕੇ ਸੰਦਲੀ ਭਾਅ।

ਮਾਂ ਦੀ ਗੋਦ ਦਾ ਨਿੱਘ ਮਿਲੇਸੀ
ਤੇ ਮਾਣੀਏ ਬਾਪ ਦੀ ਛਾਂ
ਪੈਰਾਂ ਦੇ ਵਿਚ ਸਫ਼ਰ ਉਗੇਸੀ
ਤੇ ਭਾਲੀਏ ਖੁਦ ਦੀ ਥਾਂ।

ਹੱਸਣ , ਖੇਡਣ ਤੇ ਮੌਲਣ ਦੀ ਰੁੱਤ
ਤੇ ਸੱਧਰਾਂ ਦਾ ਰਾਗ
ਮਸਤਕ ਵਿਚ ਲੱਗ ਜਾਂਦਾ ਹੈ
ਅੱਖਰ ਗਿਆਨ ਦਾ ਜਾਗ।

ਬੱਚਿਆਂ ਦੇ ਨੈਣਾਂ ਵਿਚ ਧਰਦੇ
ਮਾਪੇ ਖੁਦ ਤਰਜ਼ੀਹਾਂ
ਤੇ ਤਦਬੀਰਾਂ ਦੇ ਮਾਰਗੀ ਬਣ ਕੇ
ਬੱਚੇ ਬਣਨ ਤਸ਼ਬੀਹਾਂ।

ਖੇਤ ਖਲਿਆਣ ਸਭ ਆਪਣੇ ਹੁੰਦੇ
ਥੇ ਆਪਣੇ ਵੱਟਾਂ ਬੰਨੇ
ਯਾਦ ਨਹੀਂ ਕਿਥੋਂ ਪੁੱਟੀਆਂ ਗਾਜਰਾਂ
ਕਿਥੋਂ ਭੰਨੇ ਗੰਨੇ?

ਆਵਿਆਂ ਦੇ ਸੰਘ ਰੁੱਸਣਾ ਮੰਨਣਾ
ਨਿੱਤ ਦਾ ਸੀ ਅਭਿਆਸ
ਸਾਰਾ ਦਿਨ ਹੀ ਖੇਡਦੇ ਰਹਿਣਾ
ਯਾਦ ਨਾ ਭੁੱਖ ਪਿਆਸ।

ਵਿਹੜੇ ਦੀ ਛੱਪੜੀ 'ਚ ਕਾਗਜ਼ ਬੇੜੀ
ਸਾਨੂੰ ਪਾਰ ਲੰਘਾਉਂਦੀ
ਛੋਂਦੀ ਛੱਤ ਦੀ ਟਿੱਪ ਟਿੱਪ ਲੱਗਦੀ
ਸਾਨੂੰ ਗੀਤ ਸੁਣਾਉਂਦੀ।

ਬਾਲਮਨਾਂ ਦੇ ਵਿਹੜੇ ਦੇ ਵਿਚ
ਮਾਣੀਆਂ ਕੇਹੀਆਂ ਰੁੱਤਾਂ
ਜੇਠ ਮਹੀਨੇ ਬਹਿ ਫ਼ਲਿਆਂ ਤੇ
ਸੇਕੀ ਜਾਣੀਆਂ ਧੁੱਪਾਂ।

ਆਪਣਾ ਲੱਗਦਾ ਸੀ ਸਿਰ ਤੇ ਅੰਬਰ
ਤੇ ਆਪਣੇ ਚੰਨ ਤੇ ਤਾਰੇ
ਰੋਸ਼ਨੀਆਂ ਵਿਚ ਨਹਾਉਂਦੇ ਰਹਿਣਾ
ਤੇ 'ਵਾਵੀਂ ਹੁੱਲੇ ਹੁਲਾਰੇ।

ਹੁਣ ਬਚਪਨ ਦੀ ਬੀਹੀ ਵਿਚ
ਜਦ ਵੀ ਲਾਵਾਂ ਗੇੜਾ
ਨਾ ਮਿਲਦੇ ਬਚਪਨ ਦੇ ਬੇਲੀ
ਨਾ ਉਹ ਘਰ ਤੇ ਵਿਹੜਾ।

ਨਾ ਉਹ ਰਹੀਆਂ ਸੁੱਚੀਆਂ ਸੋਚਾਂ
ਨਾ ਹੱਕ ਨਾ ਦਾਈਏ
ਨਾ ਰਹੇ ਉਹ ਨਿਰਛੱਲ ਹਾਸੇ
ਜਾ ਐਂਵੇਂ ਦਰ ਖੜਕਾਈਏ।

ਨਾ ਰਹੇ ਉਹ ਮੋਹ ਦੇ ਰਿਸ਼ਤੇ
ਨਾ ਸਾਝ ਦੀਆਂ ਤੰਦਾਂ
ਹਰ ਪਾਸੇ ਹੀ ਹਾਉਮੈਂ ਹਾਵੀ
ਤੇ ਮਨ 'ਚ ਸੌ ਸੌ ਗੰਢਾਂ।

ਸੋਚਾਂ! ਮਨਾਂ ਹੁਣ ਵਾਪਸ ਚੱਲੀਏ
ਇਥੇ ਰਹਿ ਗਿਆ ਕੀ
ਤੇਰੇ ਲਈ ਅਣਜਾਣ ਹੋ ਗਿਆ
ਪਿੰਡ ਦਾ ਹਰ ਇਕ ਜੀਅ।

ਨਹੀਂ ਸੀ ਸੋਚਿਆ ਕਿ ਕਦੇ ਹੋਵੇਗੀ
ਇੰਝ ਵੀ ਮੇਰੇ ਨਾਲ
ਪਾਸਾ ਵੱਟਿਆ ਪਿੰਡ ਨੇ ਮੈਥੋਂ
ਪਰ ਕੱਢਾਂ ਕਿੰਝ ਖਿਆਲ?

ਗਰਾਂ ਮੇਰਿਆ, ਮੈਂ ਹਾਂ ਤੇਰਾ
ਤੇਰੀ ਜੂਹ ਦਾ ਜਾਇਆ
ਤੇਰੀ ਅਕੀਦਤ ਕਰਨ ਖਾਤਰ
ਦੂਰ ਦੇਸ਼ ਤੋਂ ਆਇਆ।

ਆ ਬਹਿ ਜਾ ਤੂੰ ਮੇਰੇ ਨੇੜੇ
ਲੰਮੀਆਂ ਬਾਤਾਂ ਪਾਈਏ
ਚਾਨਣੀ ਭਿੱਜੀ ਮਹਿਫ਼ਲ ਦੇ ਵਿਚ
ਸਾਰੀ ਰਾਤ ਬਿਤਾਈਏ।

ਮੁੱਦਤਾਂ ਬਾਅਦ ਮੈਂ ਆਇਆਂ ਫਿਰਨੀਏ
ਸਿਰ ਮੇਰਾ ਸਹਿਲਾਅ
ਤੇ ਮੇਰੀ ਖਾਲੀ ਬਗਲੀ ਦੇ ਵਿਚ
ਨਿਆਮਤਾਂ ਬੁੱਕੀਂ ਪਾ।

ਬਚਪਨ ਵਾਲੇ ਚੰਦੋਏ ਹੇਠਾਂ
ਲੱਖ ਲੱਖ ਸ਼ੁੱਕਰ ਮਨਾਵਾਂ
ਜੂਹਾਂ ਤੇ ਖੂਹਾਂ ਦੀ ਖੁਸ਼ਬੋ
ਸਾਹਾਂ ਵਿਚ ਰਚਾਵਾਂ।

ਉਹ ਵੀ ਕੇਹੇ ਦਿਨ ਹੁੰਦੇ ਜਦ ਪੜ੍ਹਾਈ ਦੇ ਨਾਲ-ਨਾਲ ਵਾਹੀ ਦੇ ਹਰ ਕੰਮ ਨੂੰ ਕਰਨ ਦਾ ਜਨੂੰਨ ਹੁੰਦਾ ਸੀ ਤਾਂ ਕਿ ਬਾਪ ਦਾ ਹੱਥ ਵਟਾ ਸਕਾਂ। ਹਲ ਵਾਹੁਣਾ ਹੋਵੇ, ਪੋਰ ਨਾਲ ਕੇਰ ਕੇ ਕਣਕ ਬੀਜਣੀ ਹੋਵੇ, ਝੋਨਾ ਲਾਉਣਾ ਜਾਂ ਵੱਢ ਕੇ ਝਾੜਨਾ ਹੋਵੇ, ਫ਼ਲੇ ਵਾਹੁਣ ਤੋਂ ਲੈ ਕੇ ਮਸ਼ੀਨ ਤੇ ਕਣਕ ਦੀ ਗਹਾਈ ਸਮੇਤ ਹਰ ਕੰਮ ਕਰਨਾ ਚੰਗਾ ਲੱਗਦਾ ਸੀ। ਕਿਆਰੇ ਪਾਉਣੇ, ਗੋਡੀ ਕਰਨੀ, ਆੜ ਨੂੰ ਖਾਲਣਾ, ਦਰਖ਼ਤਾਂ ਨੂੰ ਛਾਂਘਣਾ, ਤੂਤ ਦੀਆਂ ਟੋਕਰੀਆਂ ਬਣਾਉਣਾ, ਰੱਸੇ ਜਾਂ ਬੇੜ ਵੱਟਣਾ ਆਦਿ ਕਰਦਿਆਂ ਸਕੂਨ ਮਿਲਦਾ ਸੀ। ਬਾਪ ਨੂੰ ਵਧੀਆ ਲੱਗਦਾ ਸੀ ਕਿ ਉਸਦਾ ਪੁੱਤ ਆਪਣੀ ਪੜ੍ਹਾਈ ਦੇ ਨਾਲ-ਨਾਲ ਖੇਤਾਂ ਵਿਚ ਵੀ ਉਸਦਾ ਹੱਥ ਵਟਾਉਂਦਾ ਹੈ। ਪਿੰਡ ਵਾਲੇ ਬੱਚਿਆਂ ਦਾ ਭਾਵੇਂ ਉਹ ਸਕੂਲ ਜਾਂ ਕਾਲਜ ਵਿਚ ਪੜ੍ਹਦੇ ਹੋਣ, ਅਜੇਹੀ ਹੀ ਵਰੇਸ ਸੀ। ਅਜੇਹੇ ਹਲਾਤਾਂ ਵਿਚ ਰਹਿੰਦਿਆਂ ਸਾਇੰਸ ਦੀ ਪੜ੍ਹਾਈ ਕਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ ਪਰ ਮੇਰੇ ਲਈ ਇਹ ਸਭ ਕੁਝ ਸੁਭਾਵਕ ਹੀ ਹੋਈ ਜਾਂਦਾ ਸੀ ਕਿਉਂਕਿ ਪੜ੍ਹਾਈ ਦੇ ਚਾਅ ਨੇ ਸੋਚ ਅਤੇ ਊਰਜਾ ਨੂੰ ਸੁਚਾਰੂ ਪਾਸੇ ਲਾਇਆ ਅਤੇ ਮਨ ਨੂੰ ਕਦੇ ਵੀ ਭਟਕਣ ਨਾ ਦਿੱਤਾ। ਸ਼ਾਇਦ ਇਸੇ ਕਰਕੇ ਹੀ ਮੈਂ ਸਾਇੰਸ ਦੀ ਉਚੇਰੀ ਪੜ੍ਹਾਈ ਕਰ ਸਕਿਆ।

ਇਹ ਮੇਰੇ ਪਿੰਡ ਦੀ ਮਿੱਟੀ ਦਾ ਵਰਦਾਨ ਅਤੇ ਮੇਰੇ ਮਾਪਿਆਂ ਦੀ ਕਿਰਤ-ਕਮਾਈ ਦਾ ਸੁਭਾਗ ਹੀ ਹੈ ਕਿ ਬਿਆਸ ਦੇ ਮੰਡ ਵਿਚ ਪਸ਼ੂ ਚਾਰਨ ਵਾਲੇ ਨੂੰ ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਪੜ੍ਹਾਉਣ ਤੋਂ ਬਾਅਦ ਅਮਰੀਕਾ ਦੀ ਯੂਨੀਵਰਸਿਟੀ ਵਿਚ ਫ਼ਿਜ਼ਿਕਸ ਪੜ੍ਹਾਉਣ ਦਾ ਮੌਕਾ ਮਿਲਿਆ ਹੈ। ਫ਼ਿਜ਼ਿਕਸ ਨੂੰ ਬਹੁਤ ਔਖਾ ਵਿਸ਼ਾ ਸਮਝਿਆ ਜਾਂਦਾ ਅਤੇ ਕਈਆਂ ਨੇ ਇਹ ਵੀ ਭਰਮ ਪਾਲ ਰੱਖਿਆ ਹੈ ਕਿ ਪੇਂਡੂਆਂ ਨੂੰ ਫ਼ਿਜ਼ਿਕਸ ਆ ਹੀ ਨਹੀਂ ਸਕਦੀ। ਪਰ ਇਸ ਭਰਮ ਨੂੰ ਤੋੜਣ ਵਿਚ ਵੀ ਮੇਰੇ ਪਿੰਡ ਦੀਆਂ ਗਲੀਆਂ, ਮੇਰੇ ਚੁਬਾਰੇ ਰੂਪੀ ਕਮਰੇ ਅਤੇ ਪਿੰਡ ਦੀ ਆਬੋ ਹਵਾ ਦਾ ਹੀ ਅਸਰ ਹੈ ਕਿ ਫ਼ਿਜ਼ਿਕਸ ਨੂੰ ਪੜ੍ਹਨਾ ਅਤੇ ਪੜ੍ਹਾਉਣਾ, ਮੇਰੇ ਲਈ ਜਨੂੰਨ ਬਣ ਗਿਆ। ਮੇਰੀ ਰੋਜ਼ੀ ਰੋਟੀ ਅਤੇ ਮੇਰੀ ਅਕਾਦਮਿਕ ਪਛਾਣ ਦਾ ਸਬੱਬ ਵੀ।

# ਆਪਣੇ ਅਭਿਨੈ ਨਾਲ ਕਿਰਦਾਰਾਂ 'ਚ ਜਾਨ ਪਾਉਣ ਵਾਲੀ ਲੀਨਾ ਮਾਰੀਆ ਓਲਿਨ

ਜ਼ਿਆਦਾਤਰ ਕਲਾ ਪ੍ਰੇਮੀਆਂ ਵਾਂਗ, ਉਘੇ ਫਿਲਮ ਨਿਰਮਾਤਾ ਲੇਸੇ ਹਾਲਸਟ੍ਰੌਮ ਨੇ ਫਿਲਮ ਨਿਰਮਾਣ ਤੋਂ ਪਹਿਲਾਂ ਕਦੇ ਵੀ ਚਿੱਤਰਕਾਰ ਹਿਲਮਾ ਅਫ ਕਲਿੰਟ (1862-1944) ਬਾਰੇ ਨਹੀਂ ਸੁਣਿਆ ਸੀ, ਜਿਸ ਨੇ ਅਮੂਰਤ ਪੇਂਟਿੰਗ ਦੀ ਸ਼ੁਰੂਆਤ ਕੀਤੀ ਸੀ। ਹਿਲਮਾ ਅਫ ਕਲਿੰਟ ਨੂੰ ਉਸਦੇ ਜੀਵਨ ਕਾਲ ਦੌਰਾਨ ਅਣਡਿੱਠ ਅਤੇ ਨਜ਼ਰ-ਅੰਦਾਜ਼ ਕੀਤਾ ਗਿਆ ਪਰ 2019 ਵਿਚ ਗੁਗੇਨਹਾਈਮ ਮਿਊਜ਼ੀਅਮ ਵਿਚ ਜਦੋਂ ਉਸਦੇ ਕੰਮ ਨੂੰ ਪ੍ਰਦਰਸ਼ਿਤ ਕੀਤਾ ਗਿਆ ਤਾਂ ਉਸਦੇ ਆਰਟ ਨੇ ਕਲਾ ਦੀ ਦੁਨੀਆ ਵਿਚ ਕ੍ਰਾਂਤੀ ਲਿਆ ਦਿੱਤੀ ਪਰ ਹਿਲਮਾ ਦੀ 1944 ਵਿਚ ਮੌਤ ਹੋ ਗਈ, ਇਕ ਅਣਜਾਣ ਔਰਤ ਦੇ ਰੂਪ ਵਿਚ, ਜਿਸਨੇ ਐਬਸਟਰੈਕਟ ਪੇਂਟਿੰਗ ਦੀ ਕਾਢ ਕੱਢੀ। ਮਗਰੋਂ ਉਘੇ ਫਿਲਮ ਨਿਰਮਾਤਾ ਲੇਸੇ ਹਾਲਸਟ੍ਰੌਮ ਇਸ ਭੁੱਲੀ ਹੋਈ ਸ਼ਖਸੀਅਤ ਦੀ ਜੀਵਨ ਕਹਾਣੀ

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**

ਨੂੰ ਵੱਡੇ ਪਰਦੇ 'ਤੇ ਲੈ ਕੇ ਆਏ। ਉਨ੍ਹਾਂ ਹਿਲਮਾ ਦੇ ਜੀਵਨ ਅਤੇ ਸ਼ਿਲਪਕਾਰੀ ਦਾ ਵਰਣਨ ਕਰਦੀ 'ਹਿਲਮਾ' ਨਾਂ ਦੀ ਫਿਲਮ ਬਣਾਈ, ਜਿਸ ਦੀ ਕਾਫੀ ਪ੍ਰਸ਼ੰਸਾ ਹੋਈ। ਇਸ ਫਿਲਮ ਵਿਚ ਹਿਲਮਾ ਦਾ ਕਿਰਦਾਰ ਆਸਕਰ ਨਾਮਜ਼ਦ ਅਦਾਕਾਰਾ ਲੀਨਾ ਮਾਰੀਆ ਓਲਿਨ ਨੇ ਆਪਣੇ ਜਾਨਦਾਰ ਅਭਿਨੈ ਨਾਲ ਪੇਸ਼ ਕੀਤਾ। ਲੀਨਾ ਦੇ ਉਚ-ਸ਼੍ਰੇਣੀ ਅਭਿਨੈ ਦੀ ਸਭ ਨੇ ਪ੍ਰਸ਼ੰਸਾ ਕੀਤੀ।

ਪਿਛਲੇ ਦਿਨੀਂ ਲੀਨਾ ਮਾਰੀਆ ਓਲਿਨ ਸ਼ਿਕਾਗੋ ਦੇ ਜੀ.ਐਸ. ਆਰਟ ਹਾਲ ਵਿਚ ਇਕ ਫਿਲਮੀ ਸਮਾਰੋਹ ਵਿਚ ਸ਼ਾਮਲ ਹੋਈ। ਜਿੱਥੇ ਉਸ ਦੀਆਂ ਕਲਾ ਖੇਤਰ ਵਿਚ ਪ੍ਰਾਪਤੀਆਂ ਲਈ ਉਸ ਦਾ ਸਨਮਾਨ ਕੀਤਾ ਗਿਆ, ਉਸਨੂੰ ਖੁਸ਼ਆਮਦੀਦ ਕਹਿਣ ਲਈ ਸਿਨੇ ਆਰਟਿਸਟ ਤੇ ਫਿਲਮ ਇੰਡਸਟਰੀ ਦੀਆਂ ਕਈ ਸ਼ਖਸੀਅਤਾਂ ਨੇ ਹਾਜ਼ਰੀ ਲੁਆਈ।


ਲੀਨਾ ਮਾਰੀਆ ਓਲਿਨ ਉਨ੍ਹਾਂ ਚੋਣਵੇਂ ਅਦਾਕਾਰਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੇ ਟੈਲੀਵਿਜ਼ਨ, ਥਿਏਟਰ, ਫਿਲਮਾਂ ਵਿਚ ਵੱਖ ਵੱਖ ਤਰ੍ਹਾਂ ਦੀਆਂ ਭੂਮਿਕਾਵਾਂ ਨਿਭਾ ਕੇ ਅੰਤਰਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ। ਉਸ ਨੇ ਆਪਣੀ ਮਿਆਰੀ ਅਦਾਕਾਰੀ ਨਾਲ ਸਫਲਤਾ ਦੀਆਂ ਉਚਾਈਆਂ ਛੋਹੀਆਂ। ਆਪਣੀ ਕਲਾ ਦੇ ਬਲਬੂਤੇ ਆਸਕਰ, ਬਾਫਟਾ, ਗੋਲਡਨ ਗਲੋਬ, ਪ੍ਰਾਈਮ ਟਾਈਮ ਜਿਹੇ ਵੱਕਾਰੀ ਐਵਾਰਡ ਲਈ ਨਾਮਜ਼ਦ ਹੋ ਕੇ ਆਪਣੇ ਆਪ ਨੂੰ ਫਿਲਮੀ ਦੁਨੀਆ ਦੀਆਂ ਸਰਪ੍ਰਥਮ ਅਦਾਕਾਰਾਂ ਵਿਚ ਸ਼ਾਮਿਲ ਕੀਤਾ।

ਓਲਿਨ ਦਾ ਜਨਮ 22 ਮਾਰਚ, 1955 ਨੂੰ ਹੋਇਆ। ਉਹ ਮਸ਼ਹੂਰ ਅਦਾਕਾਰ ਬ੍ਰਿਟਾ ਹੋਮਬਰਗ (1921-2004) ਅਤੇ ਸਟਿਗ ਓਲਿਨ (1920-2008) ਦੇ ਤਿੰਨ ਬੱਚਿਆਂ ਵਿਚੋਂ ਸਭ ਤੋਂ ਛੋਟੀ ਸੀ। ਮਾਤਾ ਪਿਤਾ ਦੇ ਨਕਸ਼ੇ ਕਦਮਾਂ 'ਤੇ ਚਲਦਿਆਂ ਉਸਨੇ ਬਚਪਨ ਵਿਚ ਹੀ ਨਾਟਕਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਅਭਿਨੈ ਦੀਆਂ ਡੂੰਘੀਆਂ ਬਾਰੀਕੀਆਂ ਸਮਝਣ ਲਈ ਉਸ ਨੇ ਨੈਸ਼ਨਲ ਅਕੈਡਮੀ ਆਫ ਡਰਾਮੈਟਿਕ ਆਰਟ ਵਿਚ ਅਦਾਕਾਰੀ ਦੀ ਪੜ੍ਹਾਈ ਕੀਤੀ। ਅਕਤੂਬਰ 1974 ਵਿਚ, 19 ਸਾਲ ਦੀ ਉਮਰ ਵਿਚ, ਓਲਿਨ ਨੂੰ ਮਿਸ ਸੁੰਦਰੀ 1974 ਦਾ ਤਾਜ ਪਹਿਨਾਇਆ ਗਿਆ। ਉਸ ਨੇ ਰਾਇਲ ਡਰਾਮੈਟਿਕ ਥੀਏਟਰ-ਐਨਸੈਂਬਲ ਵਿਚ ਵਿਲੀਅਮ ਸ਼ੇਕਸਪੀਅਰ ਅਤੇ ਅਗਸਤ ਸਟ੍ਰਿੰਡਬਰਗ ਦੇ ਕਲਾਸਿਕ ਨਾਟਕਾਂ ਵਿਚ ਚੰਗੀ ਅਦਾਕਾਰੀ ਪੇਸ਼ ਕਰ ਕੇ ਰੱਜਵੀਂ ਵਾਹ ਵਾਹ ਹਾਸਲ ਕੀਤੀ।

ਫਿਲਮ ਨਿਰਮਾਤਾ ਇੰਗਮਾਰ ਬਰਗਮੈਨ ਨੇ ਉਸਦੀ ਪ੍ਰਤਿਭਾ ਨੂੰ ਪਹਿਚਾਣਿਆ ਤੇ ਉਸਦੀ ਅਦਾਕਾਰੀ ਤੋਂ ਬਹੁਤ ਪ੍ਰਭਾਵਿਤ ਹੋਏ। ਉਸਨੂੰ ਫਿਲਮਾਂ ਵਿਚ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇੰਗਮਾਰ ਬਰਗਮੈਨ ਨੇ ਓਲਿਨ ਨੂੰ ਫੇਸ ਟੂ ਫੇਸ (1976) ਵਿਚ ਕਾਸਟ ਕੀਤਾ।

ਲੀਨਾ ਮਾਰੀਆ ਓਲਿਨ ਦੇ ਕਰੀਅਰ ਵਿਚ ਬਰਗਮੈਨ ਦਾ ਵੱਡਾ ਯੋਗਦਾਨ ਰਿਹਾ ਹੈ। ਉਸ ਤੋਂ ਇਕ ਸਾਲ ਬਾਅਦ ਬਰਗਮੈਨ ਦੇ ਕਿੰਗ ਲੀਅਰ ਦੇ ਨਿਰਮਾਣ (ਜਿਸ ਵਿਚ ਓਲਿਨ ਨੇ ਕੋਰਡੇਲੀਆ ਦੀ ਭੂਮਿਕਾ ਨਿਭਾਈ ਸੀ) ਦੇ ਨਾਲ ਉਸਨੇ ਦੁਨੀਆ ਦਾ ਦੌਰਾ ਕੀਤਾ- ਪੈਰਿਸ, ਬਰਲਿਨ, ਨਿਊਯਾਰਕ, ਕੋਪਨਹੇਗਨ, ਮਾਸਕੋ, ਅਤੇ ਓਸਲੋ ਵਿਚ ਸ਼ੋਅ ਕੀਤੇ। ਹਰ ਥਿਏਟਰ ਸ਼ੋਅ ਵਿਚ ਓਲਿਨ ਦੇ ਅਭਿਨੈ ਦੀ ਆਲੋਚਨਾਤਮਕ ਤੌਰ 'ਤੇ ਭਰਵੀਂ ਪ੍ਰਸ਼ੰਸਾ ਕੀਤੀ ਗਈ। ਸਟੇਜ ਪ੍ਰਦਰਸ਼ਨਾਂ ਵਿਚ ਸਟ੍ਰਿੰਡਬਰਗ ਦੁਆਰਾ 'ਦਿ ਡਾਟਰ ਇਨ 'ਏ ਡ੍ਰੀਮ ਪਲੇਅ', 'ਦਿ ਮਾਸਟਰ ਐਂਡ ਮਾਰਗਰੀਟਾ' ਦੇ ਸਟੇਜ ਅਡੈਪਸ਼ਨ ਮਿਖਾਇਲ ਬੁਲਗਾਕੋਵ ਦੁਆਰਾ, ਕਾਰਲੋ ਗੋਲਡੋਨੀ ਦੀ 'ਦ ਸਰਵੈਂਟ ਆਫ ਟੂ ਮਾਸਟਰਜ਼', ਐਡਵਰਡ ਦੇ 'ਬਾਂਡਜ਼ ਸਮਰ' ਵਿਚ




*ਲੀਨਾ ਮਾਰੀਆ ਓਲਿਨ ਦੀ ਫਿਲਮ 'ਹਿਲਮਾ' ਦਾ ਪੋਸਟਰ।*

ਐਨ.ਦਾ ਰੋਲ, ਸ਼ੇਕਸਪੀਅਰ ਦੁਆਰਾ 'ਇਕ ਮਿਡਸਮਰ ਨਾਈਟਸ ਡ੍ਰੀਮ' ਵਿਚ ਟਾਈਟਾਨੀਆ, ਬੈਨ ਜੌਨਸਨ ਦੀ 'ਦਿ ਅਲਕੇਮਿਸਟ' ਨਾਟਕਾਂ ਵਿਚ ਰੋਲ ਅਦਾ ਕੀਤਾ ਤੇ ਉਸ ਦੇ ਅਭਿਨੈ ਦੀ ਸਭ ਨੇ ਤਾਰੀਫ ਕੀਤੀ।

ਇੰਗਮਾਰ ਬਰਗਮੈਨ ਦੁਆਰਾ ਸਟ੍ਰਿੰਡਬਰਗ ਚੋਣਵੇਂ ਸਟੇਜ ਡਰਾਮਾ ਵਿਚ ਓਲਿਨ ਨੂੰ 'ਮਿਸ ਜੂਲੀ' ਮੁੱਖ ਨਾਇਕਾ ਦੀ ਭੂਮਿਕਾ ਵਿਚ ਆਪਣੀ ਪ੍ਰਤਿਭਾ ਨੂੰ ਜ਼ਾਹਿਰ ਕਰਨ ਦਾ ਮੌਕਾ ਮਿਲਿਆ।

ਇਸ ਤੋਂ ਬਾਅਦ ਉਸ ਨੇ ਬਰਗਮੈਨ ਦੀਆਂ ਫਿਲਮਾਂ 'ਫੈਨੀ ਐਂਡ ਅਲੈਗਜ਼ੈਂਡਰ' (1982) ਅਤੇ 'ਰਿਹਰਸਲ' (1984) ਵਿਚ ਭੂਮਿਕਾਵਾਂ ਨਿਭਾਈਆਂ। ਉਸ ਨੇ 'ਦਿ ਅਨਬਰੈਬਲ ਲਾਈਟਨੇਸ ਆਫ ਬੀਇੰਗ' (1988) ਵਿਚ ਪਰਪੱਕ ਕਲਾਕਾਰੀ ਨਾਲ ਅੰਤਰਰਾਸ਼ਟਰੀ ਸਫਲਤਾ ਹਾਸਲ ਕੀਤੀ, ਜਿਸ ਨੇ ਉਸਨੂੰ ਸਰਵੋਤਮ ਸਹਾਇਕ ਅਦਾਕਾਰਾ - ਮੋਸ਼ਨ ਪਿਕਚਰ - ਗੋਲਡਨ ਗਲੋਬ ਐਵਾਰਡ ਲਈ ਨਾਮਜ਼ਦ ਕੀਤਾ। ਇਸ ਫਿਲਮ ਲਈ ਉਸ ਨੂੰ ਨੈਸ਼ਨਲ ਸੁਸਾਇਟੀ ਆਫ ਫਿਲਮ ਕ੍ਰਿਟੀਕ ਵਲੋਂ ਵੀ ਬੈਸਟ ਸਹਾਇਕ ਕਲਾਕਾਰ ਵਰਗ ਵਿਚ ਨਾਮਜ਼ਦ ਕੀਤਾ ਗਿਆ।

ਓਲਿਨ ਨੇ ਕਿਸੇ ਖਾਸ ਇਮੇਜ ਵਿਚ ਬੱਝਣ ਦੀ ਬਜਾਏ ਹਰ ਤਰ੍ਹਾਂ ਦੀਆਂ ਭੂਮਿਕਾਵਾਂ ਨੂੰ ਪਹਿਲ ਦਿੱਤੀ। ਕਾਮੇਡੀ ਬਹੁਤ ਔਖੀ ਅਭਿਨੈ ਕਲਾ ਹੈ। ਉਸਨੇ ਕਾਮੇਡੀ-ਡਰਾਮਾ 'ਐਨੀਮੀਜ਼, ਏ ਲਵ ਸਟੋਰੀ' (1989) ਵਿਚ ਜ਼ਬਰਦਸਤ ਐਕਟਿੰਗ ਨਾਲ ਰੱਜਵੀਂ ਪ੍ਰਸ਼ੰਸਾ ਖੱਟੀ, ਜਿਸ ਲਈ ਉਸਨੂੰ ਸਰਬੋਤਮ ਸਹਾਇਕ ਅਭਿਨੇਤਰੀ ਲਈ ਅਕੈਡਮੀ ਐਵਾਰਡ ਲਈ ਨਾਮਜ਼ਦਗੀ ਪ੍ਰਾਪਤ ਹੋਈ। ਨਿਊ ਯਾਰਕ ਫਿਲਮ ਸਰਕਲ ਕ੍ਰਿਟੀਕ ਐਵਾਰਡ ਸਹਾਇਕ ਅਦਾਕਾਰ ਲਈ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਇਸੇ ਰੋਲ ਲਈ ਉਸ ਨੂੰ ਨੈਸ਼ਨਲ ਸੁਸਾਇਟੀ ਆਫ ਫਿਲਮ ਕ੍ਰਿਟੀਕ ਵਲੋਂ ਬੈਸਟ ਸਹਾਇਕ ਕਲਾਕਾਰ ਦੇ ਤੌਰ 'ਤੇ ਨਾਮਜ਼ਦ ਕੀਤਾ ਗਿਆ।

ਫਿਲਮ 'ਚਾਕਲੇਟ' (2000), ਲਈ ਉਸਨੇ ਸਹਾਇਕ ਭੂਮਿਕਾ ਵਿਚ ਸਰਵੋਤਮ ਅਭਿਨੇਤਰੀ ਲਈ ਬਾਫਟਾ ਐਵਾਰਡ ਲਈ ਨਾਮਜ਼ਦਗੀ ਪ੍ਰਾਪਤ ਕੀਤੀ। ਉਸ ਦੀਆਂ ਹੋਰ ਫਿਲਮਾਂ ਵਿਚ 'ਦਿ ਐਡਵੈਂਚਰਜ਼ ਆਫ਼ ਪਿਕਾਸੋ' (1978), 'ਹਵਾਨਾ' (1990) ਤੇ 'ਰੋਮੀਓ ਇਜ਼ ਬਲੀਡਿੰਗ' (1993), ਵਿਚ ਮਹੱਤਵਪੂਰਨ ਰੋਲ ਨਿਭਾਉਣ ਲਈ ਉਸ ਨੂੰ ਸ਼ਿਕਾਗੋ ਫਿਲਮ ਕ੍ਰਿਟੀਕ ਐਵਾਰਡ ਲਈ ਨਾਮਜ਼ਦ ਕੀਤਾ ਗਿਆ। 'ਮਿਸਟਰ ਜੋਨਸ' (1993), 'ਦ ਨਾਇਨਥ ਗੇਟ' (1999), 'ਕੁਈਨ ਆਫ ਦ ਡੈਮਡ' (2002), 'ਕੈਸਾਨੋਵਾ' (2005) ਲਈ ਉਸ ਨੂੰ ਸਹਾਇਕ ਅਭਿਨੇਤਰੀ ਦੇ ਐਵਾਰਡ ਲਈ ਨਾਮਜ਼ਦ ਕੀਤਾ ਗਿਆ। 'ਦਿ ਰੀਡਰ' (2008), 'ਰੀਮੈਂਬਰ ਮੀ' (2010), 'ਮਾਇਆ ਡਾਰਡੇਲ' (2017), ਅਤੇ 'ਦਿ ਆਰਟਿਸਟ ਵਾਈਫ' (2019) ਫਿਲਮਾਂ ਨਾਲ ਓਲਿਨ ਨੇ ਆਪਣੀ ਐਕਟਿੰਗ ਕਲਾ ਵਿਚ ਨਿਪੁੰਨ ਹੋਣ ਦਾ ਸਬੂਤ ਦਿੱਤਾ।

ਟੈਲੀਵਿਜ਼ਨ 'ਤੇ, ਓਲਿਨ ਨੇ ਜਾਸੂਸੀ ਥ੍ਰਿਲਰ 'ਅਲੀਅਸ' (2002-2006) ਵਿਚ ਕੇ.ਜੀ.ਬੀ. ਏਜੰਟ ਇਰੀਨਾ ਡੇਰੇਵਕੋ ਦੇ ਰੂਪ ਵਿਚ ਅਭਿਨੈ ਕੀਤਾ। ਇਸ ਲਾਜਵਾਬ ਕਿਰਦਾਰ ਵਿਚ ਆਪਣੀ ਕਲਾ ਦਾ ਨਮੂਨਾ ਪੇਸ਼ ਕਰ ਕੇ ਉਸਨੇ ਇਸ ਡਰਾਮਾ ਲੜੀ ਵਿਚ ਉੱਤਮ ਸਹਾਇਕ ਅਭਿਨੇਤਰੀ ਲਈ ਪ੍ਰਾਈਮਟਾਈਮ ਐਮੀ ਐਵਾਰਡ ਲਈ ਨਾਮਜ਼ਦਗੀ ਪ੍ਰਾਪਤ ਕੀਤੀ। ਉਸ ਦੀਆਂ ਹੋਰ ਟੈਲੀਵਿਜ਼ਨ ਭੂਮਿਕਾਵਾਂ ਵਿਚ ਸਿਟਕਾਮ 'ਵੈਲਕਮ ਟੂ ਸਵੀਡਨ' (2014-2015), ਡਰਾਮਾ ਲੜੀ




*ਆਸਕਰ ਨਾਮਜ਼ਦ ਹਾਲੀਵੁਡ ਐਕਟਰਸ ਲੀਨਾ ਮਾਰੀਆ ਓਲਿਨ ਤੇ ਫਿਲਮ ਜਗਤ ਦੇ ਸੁਰਿੰਦਰ ਸਿੰਘ ਭਾਟੀਆ।*

'ਰਿਵੇਰਾ' (2017-2020), ਅਤੇ ਡਰਾਮਾ ਲੜੀ 'ਹੰਟਰਜ਼' (2020-2023) ਸ਼ਾਮਲ ਹਨ।

2008 ਵਿਚ, ਓਲਿਨ ਨੇ ਆਸਕਰ-ਨਾਮਜ਼ਦ ਫਿਲਮ ਦਿ ਰੀਡਰ (2008) ਵਿਚ ਛੋਟੀ ਪਰ ਮਹੱਤਵਪੂਰਨ ਭੂਮਿਕਾ ਨਿਭਾਈ। ਆਪਣੀ ਫਨਕਾਰੀ ਦੇ ਖਾਸ ਅੰਦਾਜ਼ ਵਿਚ ਇਸ ਮਿਸਾਲੀ ਕਿਰਦਾਰ ਨੂੰ ਨਿਭਾ ਕੇ ਉਸਨੇ ਦਰਸ਼ਕਾਂ ਤੋਂ ਬੇਹੱਦ ਪਿਆਰ ਹਾਸਿਲ ਕੀਤਾ।

ਲੀਨਾ ਮਾਰੀਆ ਓਲਿਨ ਨੇ ਸਾਲ 2017 ਵਿਚ ਯੂਐਸ-ਪੋਲਿਸ਼ ਡਰਾਮਾ ਫਿਲਮ 'ਮਾਇਆ ਡਾਰਡੇਲ' ਵਿਚ ਅਭਿਨੈ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ, ਜਿਸ ਵਿਚ ਉਸ ਨੇ ਸਰਵੋਤਮ ਅਭਿਨੇਤਰੀ ਦਾ ਖ਼ਿਤਾਬ ਜਿੱਤਿਆ।

ਲੀਨਾ ਮਾਰੀਆ ਓਲਿਨ ਅੱਜ ਕੱਲ੍ਹ ਬੈਡਫੋਰਡ, ਨਿਊਯਾਰਕ ਵਿਚ ਰਹਿੰਦੀ ਹੈ। ਉਸ ਦੇ ਹਾਲੀਆ ਪ੍ਰੋਜੈਕਟਾਂ ਵਿਚ ਫਿਲਮ 'ਵਨ ਲਾਈਫ' ਹੈ, ਜਿਸ ਵਿਚ ਉਹ ਗ੍ਰਿਟ ਵਿਨਸਟਨ ਦਾ ਕਿਰਦਾਰ ਨਿਭਾਅ ਰਹੀ ਹੈ। ਇਸ ਤੋਂ ਇਲਾਵਾ ਦਰਸ਼ਕ ਉਸ ਨੂੰ ਹੁਣ ਚੱਲ ਰਹੇ ਮਸ਼ਹੂਰ ਟੀ.ਵੀ. ਸੀਰੀਅਲ 'ਹੰਟਰਜ਼' ਵਿਚ ਵੀ ਵੇਖ ਸਕਦੇ ਹਨ।





ਕਹਾਣੀ

# ਉਹ ਕੁੜੀ

***ਨੌਜਵਾਨ ਲੇਖਕ ਅਮਰਬੀਰ ਚੀਮਾ ਦੀ ਕਹਾਣੀ 'ਉਹ ਕੁੜੀ' ਅਜੋਕੇ ਸਮੇਂ ਵੀ ਜਾਤ, ਊਚ-ਨੀਚ, ਅਮੀਰ-ਗਰੀਬ ਦੇ ਫਰਕ ਕਾਰਨ ਪਿਆਰ ਕਰਨ ਵਾਲਿਆਂ ਨੂੰ ਵੱਖ ਕਰਨ ਲਈ ਆਪਣਿਆਂ ਵਲੋਂ ਹੀ ਖੇਡੀਆਂ ਜਾਂਦੀਆਂ ਚਾਲਾਂ ਨੂੰ ਬਾਖੂਬੀ ਬਿਆਨ ਕਰਦੀ ਹੈ।***

ਬਹੁਤ ਹੀ ਸ਼ਰਾਰਤੀ ਤੇ ਹੱਸਮੁੱਖ ਸੁਭਾਅ ਸੀ ਹਰਮਨ ਦਾ, ਪਰ ਹੁਣ ਉਹ ਬਿਲਕੁਲ ਖ਼ਾਮੋਸ਼ ਰਹਿੰਦਾ ਹੈ। ਹਰਮਨ ਪਿੰਡ ਦੇ ਲੰਬੜਦਾਰਾਂ ਦਾ ਇਕਲੌਤਾ ਲਾਡਲਾ ਮੁੰਡਾ ਸੀ ਤੇ ਉਹ ਚੰਡੀਗੜ੍ਹ ਪੜ੍ਹਨ ਕਰਕੇ ਉੱਥੇ ਹੋਸਟਲ ਵਿਚ ਹੀ ਰਹਿੰਦਾ ਸੀ। ਹਫ਼ਤੇ ਦੋ ਹਫ਼ਤੇ ਪਿੱਛੋਂ ਉਹ ਪਿੰਡ ਆ ਜਾਂਦਾ ਸੀ ਤੇ ਸੋਮਵਾਰ ਨੂੰ ਸਵੇਰੇ-ਸਵੇਰੇ ਹੀ ਚੰਡੀਗੜ੍ਹ ਆਪਣੇ ਕਾਲਜ ਚਲਿਆ ਜਾਂਦਾ ਸੀ। ਚੰਡੀਗੜ੍ਹ ਪੜ੍ਹਨ ਦੇ ਬਾਵਜੂਦ ਉਸ ਨੂੰ ਆਪਣੇ ਪਿੰਡ ਨਾਲ਼ ਬਹੁਤ ਮੋਹ ਸੀ, ਬੇਸ਼ੱਕ ਉਸ ਦੇ ਜ਼ਿਆਦਾ ਦੋਸਤ ਵੀ ਚੰਡੀਗੜ੍ਹ ਦੇ ਹੀ ਸਨ। ਐਤਵਾਰ ਵਾਲੇ ਦਿਨ ਪਿੰਡ ਹੁੰਦਿਆਂ ਉਹ ਘਰ ਦੇ ਨਿੱਕੇ ਮੋਟੇ ਕੰਮ ਕਰਦਾ ਰਹਿੰਦਾ ਤੇ ਵਿਹਲੇ ਸਮੇਂ ਆਪਣੇ ਖੇਤਾਂ ਵਿਚ ਜਾ ਕੇ ਲਹਿਰਾਉਂਦੀਆਂ ਫ਼ਸਲਾਂ ਨਾਲ਼ ਕਿੰਨਾ-ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ। ਪਿੰਡ ਪਹੁੰਚ ਕੇ ਰੋਟੀ-ਪਾਣੀ ਖਾਂਦਿਆਂ ਸਾਰ ਹੀ ਉਹ ਮੋਟਰ ਵੱਲ ਨੂੰ ਭੱਜ ਜਾਂਦਾ। ਉਹਦੀ ਬੇਬੇ ਹਾਕਾਂ ਮਾਰਦੀ ਹੀ ਰਹਿ ਜਾਂਦੀ ਪਰ



**ਅਮਰਬੀਰ ਸਿੰਘ ਚੀਮਾ**
**ਫੋਨ: 98889-40211**

ਉਹ 'ਬੱਸ ਹੁਣੇ ਆਇਆ' ਕਹਿ ਕੇ ਹਨੇਰਾ ਹੋਣ 'ਤੇ ਹੀ ਘਰ ਮੁੜਦਾ।

ਹਰਮਨ ਦੇ ਲੰਮ-ਸਲੰਮਾ ਮੁੱਛ-ਫੁੱਟ ਗੱਭਰੂ ਤੇ ਖਾਂਦੇ-ਪੀਂਦੇ ਘਰ ਦਾ ਹੋਣ ਕਰਕੇ ਸੁਭਾਵਿਕ ਹੀ ਸੀ ਕਿ ਚੰਡੀਗੜ੍ਹ ਉਹਦੇ ਨਾਲ਼ ਪੜ੍ਹਦੀਆਂ ਕਈ ਕੁੜੀਆਂ ਉਸ ਉੱਤੇ ਡੋਰੇ ਪਾਉਂਦੀਆਂ ਰਹਿੰਦੀਆਂ ਪਰ ਹਰਮਨ ਇਨ੍ਹਾਂ ਸਭਨਾਂ ਤੋਂ ਸਦਾ ਫ਼ਾਸਲਾ ਬਣਾ ਕੇ ਰੱਖਦਾ। ਚੰਡੀਗੜ੍ਹ ਦੇ ਲੋਕਾਂ ਨੂੰ ਉਹ ਥਾਂ-ਥਾਂ ਦੀ ਢੇਰੀ ਤੇ ਪੱਥਰਾਂ ਦੇ ਸ਼ਹਿਰ ਦੇ ਵਾਸੀ ਸਮਝਦਾ ਸੀ। ਉੱਥੇ ਵਿਹਲੇ ਸਮੇਂ ਉਹ ਆਪਣੇ ਯਾਰਾਂ-ਦੋਸਤਾਂ ਨਾਲ਼ ਘੁੰਮਣ ਨੂੰ ਹੀ ਤਰਜੀਹ ਦਿੰਦਾ ਜਿਨ੍ਹਾਂ ਵਿਚੋਂ ਬੰਟੀ ਉਹਦਾ ਪੱਕਾ ਯਾਰ ਸੀ। ਬੰਟੀ ਜਲੰਧਰ ਨੇੜਲੇ ਕਿਸੇ ਪਿੰਡ ਦਾ ਸੀ। ਉਹ ਆਪਣੇ ਪਿੰਡ ਮਹੀਨੇ-ਦੋ ਮਹੀਨੇ ਬਾਅਦ ਹੀ ਗੇੜਾ ਮਾਰਦਾ ਸੀ। ਬੰਟੀ ਦਾ ਪਿੰਡ ਦੂਰ ਹੋਣ ਕਰਕੇ ਕਈ ਵਾਰ ਹਰਮਨ ਬੰਟੀ ਨੂੰ ਵੀ ਆਪਣੇ ਨਾਲ਼ ਹੀ ਆਪਣੇ ਪਿੰਡ ਲੈ ਜਾਂਦਾ ਸੀ। ਬੰਟੀ ਦਾ ਵੀ ਉਹਦੇ ਪਿੰਡ ਆ ਕੇ ਬੜਾ ਦਿਲ ਲੱਗਦਾ।

ਇਸ ਵਾਰ ਵੀ ਪਿੰਡ ਆਉਂਦਿਆਂ ਹੀ ਚਾਹ ਪਾਣੀ ਪੀ ਕੇ ਆਪਣੀ ਆਦਤ ਅਨੁਸਾਰ ਉਹ ਆਪਣੀ ਮੋਟਰ 'ਤੇ ਚਲਿਆ ਗਿਆ। ਮੋਟਰ ਚੱਲ ਰਹੀ ਸੀ ਪਰ ਉੱਥੇ ਦਾ ਅਜਬ ਨਜ਼ਾਰਾ ਦੇਖ ਕੇ ਹਰਮਨ ਬੁੱਤ ਹੀ ਬਣ ਗਿਆ। ਸਾਹਮਣੇ ਮੋਟਰ ਦੇ ਚੁਬੱਚੇ 'ਤੇ ਅੱਧ ਭਿੱਜੀ ਗੁੱਜਰਾਂ ਦੀ ਕੁੜੀ ਸ਼ਿੰਦੋ ਦੁਨੀਆ ਤੋਂ ਬੇਖ਼ਬਰ ਹੋ ਕੇ ਕੁਝ ਗੁਣਗੁਣਾਉਂਦੀ ਹੋਈ ਕੱਪੜੇ ਧੋ ਰਹੀ ਸੀ। ਹਰਮਨ ਨੇ ਇੰਨੀ ਸੋਹਣੀ ਕੁੜੀ ਚੰਡੀਗੜ੍ਹ ਵੀ ਨਹੀਂ ਵੇਖੀ ਸੀ। ਉਹ ਲਗਾਤਾਰ ਉਸ ਨੂੰ ਨਿਹਾਰਦਾ ਰਿਹਾ ਜਦੋਂ ਤਕ ਸ਼ਿੰਦੋ ਦੀ ਨਜ਼ਰ ਉਸ 'ਤੇ ਨਾ ਪਈ। ਸ਼ਿੰਦੋ ਅਚਾਨਕ ਉਸ ਨੂੰ ਸਾਹਮਣੇ ਦੇਖ ਕੇ ਹੜਬੜਾਹਟ ਜਿਹੀ ਵਿਚ ਉੱਠ ਕੇ ਮੋਟਰ ਦੇ ਕੋਠੇ ਦੇ ਪਿੱਛੇ ਚਲੀ ਗਈ। ਬਿਨਾਂ ਦੇਰ ਕੀਤਿਆਂ ਹਰਮਨ ਵੀ ਉਸ ਦੇ ਪਿੱਛੇ ਹੀ ਚਲਾ ਗਿਆ। ਸ਼ਿੰਦੋ ਉਹਨੂੰ ਦੇਖ ਕੇ ਬਹੁਤ ਡਰ ਗਈ। ਸ਼ਿੰਦੋ ਦੇ ਸਾਰੇ ਘਰਦੇ ਆਪੋ ਆਪਣੀਆਂ ਮੱਝਾਂ-ਗਾਵਾਂ ਚਰਾਉਣ ਗਏ ਹੋਏ ਸਨ ਤੇ ਦਿਨ ਵੇਲੇ ਉੱਥੇ ਉਹ ਇਕੱਲੀ ਹੀ ਸੀ। ਹਰਮਨ ਨੇ ਉਸ ਕੋਲ ਜਾ ਕੇ ਕਿਹਾ, ''ਸੱਚ ਹੀ ਸੁਣਿਆ ਸੀ ਬਈ ਕੁੜੀ ਜਿੰਨੀ ਜ਼ਿਆਦਾ ਸੋਹਣੀ ਹੁੰਦੀ ਹੈ ਉਹ ਉਨੀ ਹੀ ਜ਼ਿਆਦਾ ਡਰਾਕਲ ਵੀ ਹੁੰਦੀ ਹੈ।'' ਹਰਮਨ ਪਹਿਲੀ ਨਜ਼ਰੇ ਹੀ ਸ਼ਿੰਦੋ 'ਤੇ ਮਰ ਮਿਟਿਆ ਸੀ। ਮੌਕੇ ਨਾ ਗਵਾਉਂਦਿਆਂ ਉਸ ਨੇ ਮੱਲੋਮੱਲੀ ਸ਼ਿੰਦੋ ਦਾ ਹੱਥ ਫੜ ਕੇ ਕਿਹਾ, 'ਜ਼ਿੰਦਗੀ ਤਾਂ ਹੀ ਹੈ ਹੁਣ, ਜੇ ਤੇਰਾ ਸਦੀਵੀ ਸਾਥ ਮਿਲੇ।' ਸ਼ਿੰਦੋ ਝੱਟ ਹੱਥ ਛੁਡਾ ਤੇ ਆਪਣੀ ਕੁੱਲੀ ਵੱਲ ਭੱਜ ਗਈ। ਜਾਂਦੀ-ਜਾਂਦੀ ਨੇ ਬਸ ਇੰਨਾ ਹੀ ਕਿਹਾ, 'ਰਹਿਣ ਦੇ ਸਰਦਾਰਾ, ਮੈਨੂੰ ਡਰਪੋਕ ਕਹਿਣੈ, ਜਾਣਦੀਆਂ ਮੈਂ ਤੇਰੀ ਦਲੇਰੀ ਨੂੰ।' ਇਹ ਕਹਿ ਕੇ ਸ਼ਿੰਦੋ ਆਪ ਵੀ ਆਪਣੇ ਸੋਹਣੀ ਹੋਣ ਦੀ ਗੱਲ ਮੰਨ ਗਈ ਸੀ। ਅਸਲ 'ਚ ਹਰਮਨ ਨੇ ਸ਼ਿੰਦੋ ਨੂੰ ਪਹਿਲੀ ਵਾਰ ਦੇਖਿਆ ਸੀ ਪਰ ਸ਼ਿੰਦੋ ਨੇ ਉਸ ਨੂੰ ਰਾਹ ਜਾਂਦਿਆਂ ਕਈ ਵਾਰ ਦੇਖਿਆ ਸੀ। ਹਰਮਨ ਨੇ ਹਲੂਣਾ ਤਾਂ ਸ਼ਿੰਦੋ ਦੇ ਦਿਲ ਨੂੰ ਵੀ ਦਿੱਤਾ ਸੀ ਪਰ ਸਮਾਜ ਵਿਚਲੀ ਊਚ-ਨੀਚ, ਜਾਤ-ਪਾਤ ਤੇ ਅਮੀਰੀ-ਗਰੀਬੀ ਦੀ ਰੇਖਾ ਉਲੰਘਣੀ ਉਸ ਦੇ ਵੱਸੋਂ ਬਾਹਰ ਸੀ। ਉਸ ਰਾਤ ਹਰਮਨ ਦੀ ਮਸਾਂ ਕਿਤੇ ਤੜਕੇ ਜਿਹੇ ਅੱਖ ਲੱਗੀ। ਜਾਗਦੇ ਦੇ ਸਾਰੀ ਰਾਤ ਸ਼ਿੰਦੋ ਉਸ ਦੇ ਖ਼ਿਆਲਾਂ 'ਚ ਘੁੰਮਦੀ ਰਹੀ ਤੇ ਅੱਖ ਲੱਗੀ 'ਤੇ ਸੁਪਨਿਆਂ 'ਚ। ਪਹਿਲੀ ਹੀ ਰਾਤ ਉਸ ਨੇ ਮਨ ਹੀ ਮਨ ਸ਼ਿੰਦੋ ਨਾਲ ਜ਼ਿੰਦਗੀ ਬਿਤਾਉਣ ਦਾ ਫ਼ੈਸਲਾ ਕਰ ਲਿਆ ਸੀ, ਭਾਵੇਂ ਕਿ ਇਹ ਇੰਨਾ ਸੌਖਾ ਨਹੀਂ ਸੀ।

ਦੂਜੇ ਦਿਨ ਹਰਮਨ ਦੀ ਅੱਖ ਦੇਰ ਨਾਲ ਖੁੱਲ੍ਹੀ। ਉੱਠ ਕੇ ਦੇਖਿਆ ਬਾਹਰ ਮੀਂਹ ਪੈ ਰਿਹਾ ਸੀ। ਆਪਣੀ ਆਦਤ ਅਨੁਸਾਰ ਨਹਾ-ਧੋ ਕੇ ਮੋਟਰ 'ਤੇ ਜਾਣ ਲਈ ਮੋਟਰਸਾਈਕਲ ਦੀ ਕਿੱਕ ਮਾਰ ਦਿੱਤੀ। ਆਵਾਜ਼ ਸੁਣ ਕੇ ਮਾਂ ਭੱਜੀ ਆਈ ਕਿ ਰੋਟੀ ਤਾਂ ਖਾ ਲੈ ਪਰ ਹਰਮਨ ਨੂੰ ਹੁਣ ਭੁੱਖ ਕਿੱਥੇ ਸੀ। ਬਸ ਹੁਣੇ ਆਇਆ ਕਹਿ ਕੇ ਉਸ ਨੇ ਮੋਟਰਸਾਈਕਲ ਦੀ ਸ਼ੂਟ ਵੱਟ ਦਿੱਤੀ। ਮੋਟਰ 'ਤੇ ਪਹੁੰਚ ਕੇ ਭਿੱਜੇ ਕੱਪੜੇ ਸੁਕਾਉਣ ਲਈ ਉਹ ਫਟਾਫਟ ਕੋਠੇ ਦੇ ਅੰਦਰ ਵੜ ਗਿਆ। ਉੱਥੋਂ ਬਾਰੀ ਥਾਣੀ ਦੂਰ ਗੁੱਜਰਾਂ ਦੇ ਕੁੱਲ ਵੱਲ ਨਜ਼ਰ ਜਾਣੀ ਸੁਭਾਵਿਕ ਹੀ ਸੀ। ਕੁੱਲ ਦੇ ਬਾਹਰ ਕੋਈ ਡੰਗਰ-ਵੱਛਾ ਨਹੀਂ ਸੀ। ਹਰਮਨ ਦੇ ਅੰਦਾਜ਼ੇ ਅਨੁਸਾਰ ਸ਼ਾਇਦ ਗੁੱਜਰ ਆਪਣਾ ਮਾਲ-ਡੰਗਰ ਚਰਾਉਣ ਲਈ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਲੇ ਗਏ ਸਨ। ਇਹ ਸੋਚਦੇ ਸਾਰ ਹੀ ਉਹ ਵਰ੍ਹਦੇ ਮੀਂਹ 'ਚ ਭੱਜਦਾ ਹੋਇਆ ਸਿੱਧਾ ਸ਼ਿੰਦੋ ਦੇ ਕੁੱਲ ਦੇ ਅੰਦਰ ਵੜ ਕੇ ਰੁਕਿਆ। ਰੋਟੀ ਖਾਂਦੀ ਸ਼ਿੰਦੋ ਦੇ ਹਰਮਨ ਨੂੰ ਉੱਥੇ ਦੇਖ ਕੇ ਸਾਹ ਹੀ ਸੁੱਕ ਗਏ। ਘਬਰਾ ਕੇ ਕਹਿਣ ਲੱਗੀ, 'ਇੱਥੋਂ ਚਲਿਆ ਜਾਹ ਸਰਦਾਰਾ, ਬਾਪੂ ਨੂੰ ਪਤਾ ਲੱਗ ਗਿਆ ਤਾਂ ਸਬੂਤਾ ਹੀ ਵੱਢ ਦੇਣੈ ਦੋਵਾਂ ਨੂੰ ਉਸ ਨੇ।' ਹਰਮਨ ਨੇ ਸ਼ਾਇਰਾਨਾ ਅੰਦਾਜ਼ 'ਚ ਕਿਹਾ, 'ਇਸ਼ਕ ਸਮੁੰਦਰ 'ਚ ਠਿੱਲ੍ਹਣਾ ਤੈਅ ਹੈ ਜਦ, ਫੇਰ ਘੜਾ ਕੱਚਾ ਕੀ ਤੇ ਪੱਕਾ ਕੀ?' ਸ਼ਿੰਦੋ ਆਪਣੀਆਂ ਮੋਟੀਆਂ ਅੱਖੀਆਂ ਝਪਕਾ-ਝਪਕਾ ਕੇ ਹਰਮਨ ਦੇ ਕਹੇ ਸ਼ਬਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਹਰਮਨ ਨੇ ਸ਼ਿੰਦੋ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ, 'ਇਕ ਭੁੱਖਾ-ਭਾਣਾ ਬੰਦਾ ਜਾਨ ਤਲੀ 'ਤੇ ਧਰ ਕੇ ਆਇਆ ਤੇ ਸਰਕਾਰ 'ਕੱਲੀ-'ਕੱਲੀ ਹੀ ਰੋਟੀ ਖਾਈ ਜਾਂਦੀ ਹੈ।' 'ਕਾਹਨੂੰ ਮਖ਼ੌਲ ਉਡਾਉਣੈ ਸਰਦਾਰਾ, ਤੂੰ ਸਾਡੀ ਗ਼ਰੀਬਾਂ ਦੀ ਰੋਟੀ ਕਿੱਥੇ ਖਾ ਸਕਦੈਂ।' ਹਰਮਨ ਨੇ ਇਕਦਮ ਉਸ ਦੇ ਨੇੜੇ ਆ ਕੇ ਕਿਹਾ, 'ਦੇਖ ਸ਼ਿੰਦੋ, ਮੈਂ ਜੱਟਾਂ ਦਾ ਮੁੰਡਾ, ਤੂੰ ਗੁੱਜਰਾਂ ਦੀ ਕੁੜੀ ਹੈਂ, ਇਹਦੇ ਵਿਚ ਨਾ ਤੇਰੀ ਤੇ ਨਾ ਮੇਰੀ ਮਰਜ਼ੀ ਐ। ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ, ਬਸ ਇੰਨਾ ਸਮਝ ਲੈ ਕਿ ਤੇਰੇ ਤੋਂ ਬਿਨਾ ਰਹਿ ਨਹੀਂ ਹੋਣਾ ਹੁਣ।' ਸ਼ਿੰਦੋ ਦਾ ਭਖਦਾ ਚਿਹਰਾ ਲਾਲ ਸੁਰਖ਼ ਹੋ ਗਿਆ, ਕਹਿਣ ਲੱਗੀ, 'ਬੱਲੇ ਸਰਦਾਰਾ, ਹੁਣੇ ਤਾਂ ਇਸ਼ਕ-ਸਮੁੰਦਰ 'ਚ ਗੋਤੇ ਲਾਉਂਦਾ ਫਿਰਦਾ ਸੀ, ਉੱਤੋਂ ਕਹਿੰਦੈ ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ।' ਹਰਮਨ ਨੇ ਹੱਕ ਭਰੇ ਅੰਦਾਜ਼ 'ਚ ਕਿਹਾ, 'ਸ਼ਿੰਦੋ, ਹੀਰ ਕਿੰਨੇ ਹੀ ਸਾਲ ਰਾਂਝੇ ਨੂੰ ਚੂਰੀ ਖਵਾਉਂਦੀ ਰਹੀ ਤੇ ਤੂੰ ਰੋਟੀ ਦੀਆਂ ਦੋ ਬੁਰਕੀਆਂ ਵੀ ਨਹੀਂ ਖਿਲਾ ਸਕਦੀ।' ਸੁਣਦੇ ਹੀ ਸ਼ਿੰਦੋ ਸ਼ਰਮਾਅ ਕੇ ਹਰਮਨ ਨੂੰ ਰੋਟੀ ਖਵਾਉਣ ਲੱਗ ਪਈ।

ਅਚਾਨਕ ਮੀਂਹ ਦੇ ਨਾਲ ਝੱਖੜ ਤੇ ਹਨੇਰੀ ਵੀ ਸ਼ੁਰੂ ਹੋ ਗਈ, ਜਿਸ ਕਾਰਨ ਸ਼ਿੰਦੋ ਦੇ ਕੁੱਲ ਦੀ ਛੱਤ ਦੇ ਇਕ ਹਿੱਸੇ ਨੂੰ ਹਵਾ ਆਪਣੇ ਨਾਲ ਉਡਾ ਕੇ ਲੈ ਗਈ ਅਤੇ ਉਹ ਦੋਵੇਂ ਖੁੱਲ੍ਹੇ ਅਸਮਾਨ 'ਚ ਦੁਨੀਆ ਤੋਂ ਬੇਖ਼ਬਰ, ਬੇਖ਼ੌਫ ਹੋ ਕੇ ਇਕ-ਮਿੱਕ ਹੋ ਗਏ। ਇਹ ਸਮਝ ਨਹੀਂ ਸੀ ਆ ਰਹੀ ਕਿ ਸ਼ਿੰਦੋ ਦੀਆਂ ਅੱਖਾਂ 'ਚੋਂ ਢਲਕੇ ਮੋਤੀ ਮੀਂਹ ਦੀਆਂ ਬੂੰਦਾਂ ਸਨ ਜਾਂ ਆਪਣੇ ਇਸ਼ਕ ਦੇ ਅੰਜਾਮ ਦੇ ਡਰ ਦੇ ਹੰਝੂ। ਤੂਫ਼ਾਨ ਥੰਮ੍ਹਣ ਤੋਂ ਬਾਅਦ ਹਰਮਨ ਨੇ ਆਪਣਾ ਉਂਗਲੀ 'ਚ ਪਾਇਆ ਛੱਲਾ ਉਤਾਰ ਕੇ ਸ਼ਿੰਦੋ ਦੀ ਉਂਗਲ 'ਚ ਪਾ ਦਿੱਤਾ ਅਤੇ ਸ਼ਿੰਦੋ ਨੂੰ ਉਸ 'ਤੇ ਭਰੋਸਾ ਰੱਖਣ ਤੇ ਇੰਤਜ਼ਾਰ ਕਰਨ ਲਈ ਕਹਿ ਕੇ ਚਲਾ ਗਿਆ। ਘਰ ਆ ਕੇ ਥੋੜ੍ਹੀ ਦੇਰ ਗੁੰਮ-ਸੁੰਮ ਬੈਠਾ ਰਿਹਾ ਤੇ ਫੇਰ ਆਪਣਾ ਮਾਂ ਨੂੰ ਪੜ੍ਹਾਈ ਦਾ ਬਹਾਨਾ ਲਾ ਕੇ ਐਤਵਾਰ ਨੂੰ ਹੀ ਚੰਡੀਗੜ੍ਹ ਚਲਾ ਗਿਆ। ਉੱਥੇ ਵੀ ਉਹ ਚੁੱਪ-ਚਾਪ ਹੀ ਰਿਹਾ। ਜਦੋਂ ਅਗਲੇ ਹਫ਼ਤੇ ਵੀ ਹਰਮਨ ਪਿੰਡ ਨਾ ਗਿਆ ਤਾਂ ਬੰਟੀ ਦਾ ਸ਼ੱਕ ਯਕੀਨ 'ਚ ਬਦਲ ਗਿਆ ਕਿ ਕੋਈ ਗੱਲ ਤਾਂ ਜ਼ਰੂਰ ਹੈ। ਬੰਟੀ ਵਲੋਂ ਜ਼ੋਰ ਪਾਉਣ ਤੇ ਯਾਰੀ ਦਾ ਵਾਸਤਾ ਦੇਣ 'ਤੇ ਹਰਮਨ ਨੇ ਉਸ ਨੂੰ ਸਾਰੀ ਗੱਲ ਦੱਸ ਦਿੱਤੀ।



ਅਗਲੇ ਐਤਵਾਰ ਬੰਟੀ ਇਕੱਲਾ ਹੀ ਹਰਮਨ ਦੇ ਪਿੰਡ ਸੀ। ਉੱਥੇ ਉਸ ਨੇ ਹਰਮਨ ਦੇ ਮਾਂ-ਬਾਪ ਨਾਲ ਇਸ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਉਸ ਦੀ ਹਾਲਤ ਬਾਰੇ ਦੱਸਿਆ। ਸੁਣ ਕੇ ਲੰਬੜਦਾਰ ਥੋੜ੍ਹਾ ਭੜਕਿਆ ਪਰ ਹਰਮਨ ਦੀ ਮਾਂ ਨੇ ਠੰਢੇ ਦਿਮਾਗ਼ ਨਾਲ ਸੋਚਣ ਤੇ ਇਸ ਦਾ ਹੱਲ ਕੱਢਣ ਲਈ ਬੰਟੀ ਨੂੰ ਕਿਹਾ ਕਿ ਉਹ ਅਗਲੇ ਹਫ਼ਤੇ ਹਰਮਨ ਨੂੰ ਲੈ ਕੇ ਪਿੰਡ ਆਵੇ। ਬੰਟੀ ਦੇ ਜਾਣ ਮਗਰੋਂ ਲੰਬੜਦਾਰ ਦਾ ਰੁਕਿਆ ਲਾਵਾ ਇਕਦਮ ਫਟ ਗਿਆ। ਗ਼ੁੱਸੇ 'ਚ ਕਹਿਣ ਲੱਗਾ, 'ਤੂੰ ਹੀ ਝਮਲਾਇਆ ਹੋਇਐ ਵੱਡੇ ਲਾਟ ਸਾਬ ਨੂੰ, ਚਾਲੀ ਕਿੱਲਿਆਂ ਦਾ ਮਾਲਕ ਐ ਜੱਟ ਦਾ ਪੁੱਤ ਤੇ ਵੀਹ ਕਿੱਲਿਆਂ ਦਾ ਮੱਥਾ ਜੀ.ਟੀ. ਰੋਡ 'ਤੇ ਲੱਗਦੈ ਮਾਜਰੀ ਦੇ ਸਰਪੰਚ ਦਾ, ਜੀਹਦੀ ਇਕਲੌਤੀ ਕੁੜੀ ਨਾਲ ਮੈਂ ਇਹਦਾ ਰਿਸ਼ਤਾ ਕਰਨ ਨੂੰ ਫਿਰਦਾਂ ਤੇ ਇਹ ਸਾਲਾ ਰੂੜੀ 'ਤੇ ਡੁੱਲਿਆ ਫਿਰਦੈ। ਸਮਝਾ ਲੈ ਆਪਣੇ ਲਾਡਲੇ ਨੂੰ, ਪਾਤਾਲ ਦਾ ਮੇਲ ਕਦੇ ਵੀ ਆਸਮਾਨ ਨਾਲ ਨਹੀਂ ਹੋ ਸਕਦਾ।' ਹਰਮਨ ਦੀ ਮਾਂ ਨੇ ਮਸਾਂ ਕਿਤੇ ਲੰਬੜਦਾਰ ਨੂੰ ਠੰਢਾ ਕੀਤਾ। ਅੱਕਿਆ ਕਹਿੰਦਾ, 'ਏਦੂੰ ਤਾਂ ਚੰਡੀਗੜ੍ਹ ਦੀ ਕਿਸੇ ਵੀ ਕੁੜੀ ਨਾਲ ਵਿਆਹ ਕਰਵਾ ਲਵੇ, ਘੱਟੋ-ਘੱਟ ਆਹ ਕਲੰਕ ਤਾਂ ਨਾ ਲੱਗੂ ਕਿ ਲੰਬੜਾਂ ਦੇ ਮੁੰਡੇ ਨੇ ਗੁੱਜਰਾਂ ਦੀ ਕੁੜੀ ਵਿਆਹ ਲਿਆਂਦੀ। ਇਹ ਨਾ ਮੈਂ ਕਦੇ ਸੋਚ ਸਕਦਾਂ ਤੇ ਨਾ ਮੈਂ ਹੋਣ ਦੇਣੈਂ।'

ਇਹ ਫ਼ੈਸਲਾ ਤਾਂ ਭਾਵੇਂ ਲੰਬੜਦਾਰ ਨੇ ਸੁਣਾ ਦਿੱਤਾ ਸੀ ਪਰ ਹਰਮਨ ਵੀ ਉਸੇ ਦੀ ਔਲਾਦ ਸੀ ਤੇ ਉਹ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਇਸੇ ਉਧੇੜ-ਬੁਣ 'ਚ ਫਸੇ ਨੇ ਇਹ ਪ੍ਰੇਸ਼ਾਨੀ ਆਪਣੇ ਹਮ-ਪਿਆਲੇ ਯਾਰ ਬਲਵੰਤ ਨਾਲ ਸਾਂਝੀ ਕੀਤੀ ਜਿਹੜਾ ਕਿ ਨੇੜਲੇ ਸ਼ਹਿਰ ਰਹਿ ਕੇ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਸੀ ਅਤੇ ਲੰਬੜਦਾਰ ਤੇ ਬਲਵੰਤ ਨੇ ਕਈ ਸੌਦੇ ਸਾਂਝੇ ਵੀ ਕੀਤੇ ਸਨ। ਲੰਬੜਦਾਰ ਤਾਂ ਗੁੱਜਰਾਂ ਦਾ ਖੁਰਾ-ਖੋਜ ਮਿਟਾਉਣ ਲਈ ਗ਼ੁੱਸੇ 'ਚ ਰਫ਼ਲ ਚੁੱਕੀ ਫਿਰਦਾ ਸੀ। ਬਲਵੰਤ ਨੇ ਲੰਬੜਦਾਰ ਨੂੰ ਪੈੱਗ ਫੜਾਉਂਦਿਆਂ ਇਕ ਸਕੀਮ ਦੱਸਦਿਆਂ ਕਿਹਾ, 'ਦੇਖ ਲੰਬੜਦਾਰਾ, ਖ਼ੂਨ ਖ਼ਰਾਬੇ ਨਾਲ ਤੇਰੀ ਵੀ ਬਦਨਾਮੀ ਹੋਊ, ਨਾਲੇ ਅਣਖੀ ਉਹ ਵੀ ਬਥੇਰੇ ਨੇ, ਕੀ ਪਤੈ ਅਗਲੇ ਆਪਣੀ ਧੀ ਦੀ ਇੱਜ਼ਤ ਕਾਰਨ ਤੇਰਾ ਜਾਂ ਹਰਮਨ ਦਾ ਕੋਈ ਨੁਕਸਾਨ ਕਰ ਦੇਣ। ਇਨ੍ਹਾਂ ਦਾ ਕਿਹੜਾ ਕੋਈ ਟਿਕਾਣਾ ਹੁੰਦੈ, ਅੱਜ ਇੱਥੇ, ਕੱਲ੍ਹ ਕਿਤੇ ਹੋਰ। ਤੂੰ ਉਨ੍ਹਾਂ ਦੋ ਕਿੱਲਿਆਂ ਦਾ ਮੇਰੇ ਨਾਲ ਕਾਗ਼ਜ਼ੀ ਬੈਅ-ਇਕਰਾਰਨਾਮਾ ਲਿਖਾ ਦੇ ਕਚਹਿਰੀ ਤੇ ਹਰਮਨ ਨੂੰ 10-15 ਦਿਨ ਪਿੰਡ ਆਉਣੋਂ ਰੋਕ ਦੇ ਬਸ। ਗੁੱਜਰਾਂ ਨੂੰ ਮੈਂ ਆਪੇ 5-7 ਦਿਨਾਂ 'ਚ ਇੱਥੋਂ ਭਜਾ ਦੇਊਂ ਤੇ ਬਾਅਦ 'ਚ ਆਪਾਂ ਉਹ ਇਕਰਾਰਨਾਮਾ ਪਾੜ ਦੇਵਾਂਗੇ। ਬਸ ਤੂੰ ਇੰਨਾ ਕਹਿਣੈ ਕਿ ਇੱਥੇ ਬਲਵੰਤ ਨੇ ਕਲੋਨੀ ਕੱਟਣੀ ਹੈ।' ਲੰਬੜਦਾਰ ਨੂੰ ਇਹ ਗੱਲ ਜਚ ਗਈ ਤੇ ਦੂਜੇ ਦਿਨ ਉਸ ਨੇ ਕਚਹਿਰੀ ਜਾ ਕੇ ਬਲਵੰਤ ਨਾਲ ਦੋ ਕਿੱਲਿਆਂ ਦਾ ਲਿਖ-ਲਿਖਾਅ ਕਰ ਲਿਆ। ਬਲਵੰਤ ਨੇ 2-3 ਦਿਨਾਂ 'ਚ ਹੀ ਆਪਣੇ ਅਸਰ ਰਸੂਖ਼ ਨਾਲ ਗੁੱਜਰਾਂ ਦਾ ਡੇਰਾ ਚੁਕਵਾ ਦਿੱਤਾ। ਉਸ ਤੋਂ ਅਗਲੇ ਹੀ ਦਿਨ ਲੰਬੜਦਾਰ ਨੇ ਬਲਵੰਤ ਨੂੰ ਸਕੀਮ ਅਨੁਸਾਰ ਜ਼ਮੀਨ 'ਚੋਂ ਆਪਣੇ ਬੰਦੇ ਤੇ ਮਸ਼ੀਨਰੀ ਹਟਾਉਣ ਲਈ ਕਿਹਾ ਤਾਂ ਜੋ ਹਰਮਨ ਨੂੰ ਖ਼ਾਲੀ ਹੋਈ ਜ਼ਮੀਨ 'ਚ ਦਿਖਾਇਆ ਜਾ ਸਕੇ ਕਿ ਜਿਸ ਕੁੜੀ ਪਿੱਛੇ ਉਹ ਮਰ-ਮਰ ਜਾਂਦਾ ਸੀ, ਉਹ ਸ਼ਿੰਦੋ ਤਾਂ ਆਪਣੇ ਕਬੀਲੇ ਸਮੇਤ ਰਾਤੋ-ਰਾਤ ਹੀ ਕਿਧਰੇ ਚਲੀ ਗਈ ਹੈ। ਇਸ ਤਰ੍ਹਾਂ ਹਰਮਨ ਆਪੇ ਸ਼ਿੰਦੋ ਨੂੰ ਭੁੱਲ ਜਾਵੇਗਾ ਕਿ ਉਹ ਤਾਂ ਧੋਖੇਬਾਜ਼ ਨਿਕਲੀ। ਬਲਵੰਤ ਨੇ ਲੰਬੜਦਾਰ ਨੂੰ ਕਿਹਾ ਕਿ ਸੋਮਵਾਰ ਨੂੰ ਬੁਲਾ ਲਓ ਮੁੰਡੇ ਨੂੰ, ਮੈਂ ਐਤਵਾਰ ਤਕ ਆਪਣਾ ਸਾਰਾ ਸਾਮਾਨ ਸਮੇਟ ਲਵਾਂਗਾ।

ਸੋਮਵਾਰ ਸਵੇਰੇ ਹੀ ਲੰਬੜਦਾਰ ਨੇ ਹਰਮਨ ਤੇ ਬੰਟੀ ਨੂੰ ਘਰ ਸੱਦ ਲਿਆ। ਅੱਗੇ ਗੁੱਜਰਾਂ ਵਾਲੀ ਥਾਂ 'ਤੇ ਬਲਵੰਤ ਆਪਣੇ ਵਕੀਲ, 15-20 ਗੁੰਡੇ-ਨੁਮਾ ਬੰਦਿਆਂ ਤੇ ਪੁਲਿਸ ਨਾਲ ਪਹਿਲਾਂ ਹੀ ਮੌਜੂਦ ਸੀ। ਉਨ੍ਹਾਂ ਨੂੰ ਦੇਖਦੇ ਹੀ ਬਲਵੰਤ ਬੋਲਿਆ, 'ਆ ਬਈ ਲੰਬੜਦਾਰਾ, ਇਸ ਕਲੋਨੀ 'ਚ ਤੇਰੇ ਲਈ ਇਕ ਵਧੀਆ ਪਲਾਟ ਪਹਿਲਾਂ ਹੀ ਰੱਖਿਆ ਹੈ।' ਲੰਬੜਦਾਰ ਸਾਰੀ ਗੱਲ ਸਮਝ ਗਿਆ ਕਿ ਉਸ ਨਾਲ ਧੋਖਾ ਹੋ ਗਿਆ ਹੈ ਤੇ ਬਲਵੰਤ ਨੂੰ ਧੋਖੇਬਾਜ਼ ਤੇ ਮੱਕਾਰ ਕਹਿੰਦਿਆਂ ਗਾਲ੍ਹਾਂ ਕੱਢਣ ਲੱਗਿਆ। 'ਹੁਣ ਕੋਈ ਫ਼ਾਇਦਾ ਨਹੀਂ ਲੰਬੜਦਾਰਾ, ਇਸ ਜ਼ਮੀਨ ਦਾ ਮੈਂ ਕਾਨੂੰਨੀ ਤੌਰ 'ਤੇ ਮਾਲਕ ਹਾਂ, ਮੈਂ ਤੇਰੇ ਕੋਲੋਂ ਮੁੱਲ ਖ਼ਰੀਦੀ ਐ ਇਹ ਜ਼ਮੀਨ, ਆਹ ਦੇਖ ਤੂੰ ਆਪ ਤਾਂ ਸੌਦਾ ਕੀਤੈ ਯਾਰ, ਬੜੀ ਛੇਤੀ ਭੁੱਲ ਗਿਆ। ਨਾਲੇ ਧੋਖੇਬਾਜ਼ ਮੈਂ ਨਹੀਂ, ਧੋਖੇਬਾਜ਼ ਤਾਂ ਤੂੰ ਐਂ ਲੰਬੜਦਾਰਾ, ਗੁੱਜਰਾਂ ਨਾਲ ਧੋਖਾ ਕੀਤਾ ਤੂੰ, ਆਪਣਾ ਪੁੱਤ ਵੀ ਨਹੀਂ ਬਖ਼ਸ਼ਿਆ ਲੰਬੜਦਾਰਾ ਤੂੰ ਤਾਂ। ਚੱਲੋ ਹੁਣ, ਮੇਰਾ ਹੋਰ ਸਮਾਂ ਖ਼ਰਾਬ ਨਾ ਕਰੋ, ਜੋ ਕਰਨੈ ਕਚਹਿਰੀ ਜਾਂ ਥਾਣੇ ਜਾ ਕੇ ਕਰੋ।' ਲੰਬੜਦਾਰ ਆਪਣੀ ਝੂਠੀ ਸ਼ਾਨ ਤੇ ਇੱਜ਼ਤ ਲਈ ਆਪਣੀ ਦੋ ਕਿੱਲੇ ਜ਼ਮੀਨ ਤੇ ਕਰੋੜਾਂ ਦੇ ਪੁੱਤ ਨੂੰ ਗੁਆ ਚੁੱਕਿਆ ਸੀ। ਹਰਮਨ ਸ਼ਿੰਦੋ ਤੋਂ ਬਾਅਦ ਪੱਥਰ ਦੀ ਸਿੱਲ ਬਣ ਕੇ ਰਹਿ ਗਿਆ ਸੀ। ਉਸ ਨੇ ਨਾ ਕਦੇ ਆਪਣੇ ਪਿਓ ਨਾਲ ਕੋਈ ਸ਼ਿਕਾਇਤ ਕੀਤੀ ਤੇ ਨਾ ਹੀ ਉਸ ਨੂੰ ਮੁਆਫ਼ ਕੀਤਾ। ਬਲਵੰਤ ਤਾਂ ਬੇਗਾਨਾ ਸੀ ਪਰ ਹਰਮਨ ਨਾਲ ਤਾਂ ਉਸ ਦੇ ਪਿਓ ਨੇ ਹੀ ਧੋਖਾ ਕੀਤਾ ਸੀ। ਪਰ ਹੁਣ ਉਹ ਜ਼ਿਆਦਾਤਰ ਚੁੱਪ ਹੀ ਰਹਿੰਦਾ ਹੈ।

# ਹਸ਼ਰ ਮੇਰਾ ਵੀ ਪ੍ਰਦੀਪ ਸਿੰਘ ਵਾਲ਼ਾ ਹੀ ਹੋਣਾ ਸੀ ਜੇ ਮੈਂ..!

ਮਹੀਨੇ ਤੋਂ ਉੱਤੇ ਸਮਾਂ ਹੋ ਗਿਆ, ਪਿਛਲੀ ਫੱਗਣ ਦੀ ਸੰਗਰਾਂਦ ਵਾਲੇ ਦਿਨ ਮੈਨੂੰ ਘਰ ਦਿਆਂ ਨੇ ਕਿਹਾ ਕਿ ਪਿੰਡ ਦੇ ਲਾਗਲੇ ਗੁਰਦੁਆਰੇ ਰਸਦਾਂ ਦੇ ਆਉ।

ਗੁਰਦੁਆਰਾ ਸਾਹਿਬ ਅੰਦਰ ਨਮਸਕਾਰ ਕਰ ਕੇ ਜਦ ਮੈਂ ਬਾਹਰ ਆ ਕੇ



**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-915-1268**

ਰਸਦਾਂ ਲਾਂਗਰੀ ਨੂੰ ਫੜਾ ਰਿਹਾ ਸਾਂ ਤਦ ਉੱਥੇ ਇੱਕ ਮੁੰਡੇ ਨੇ ਦੂਜੇ ਨਾਲ ਗੱਲਾਂ ਕਰਦਿਆਂ ਮੂੰਹ ਭਰ ਕੇ ਉੱਚੀ ਦੇਣੀ ਗੰਦੀ ਗਾਲ਼ ਕੱਢੀ! ਗੁਰੂ ਮਹਾਰਾਜ ਦੇ ਪ੍ਰਕਾਸ਼ ਅਸਥਾਨ ਦੇ ਨਾਲ ਹੀ ਬਿਲਕੁਲ ਪਿਛਲੇ ਪਾਸੇ ਖੜ੍ਹੇ ਉਸ ਮੁੰਡੇ ਨੂੰ ਮੈਂ ਕਿਹਾ-'ਕਾਕਾ ਦੇਖ ਤਾਂ ਸਹੀ ਤੂੰ ਗੁਰਦੁਆਰੇ ਦੀ ਹਦੂਦ ਵਿਚ ਖੜ੍ਹਾ ਐਂ....ਕੁੱਝ ਤਾਂ ਸੋਚ ?'

ਮੇਰੇ ਏਨਾ ਕਹਿਣ ਦੀ ਹੀ ਦੇਰ ਸੀ ਕਿ ਉਹ ਮੁੰਡਾ ਮੇਰੇ ਵੱਲ ਨੂੰ ਮਾਰਦੀ ਮੱਝ ਵਾਂਗ ਘੌਰਦਾ ਹੋਇਆ ਬੋਲਿਆ-

'ਫੇਰ...?'

ਹੈਰਾਨ ਪ੍ਰੇਸ਼ਾਨ ਹੁੰਦਿਆਂ ਮੈਂ ਹਲੀਮੀ ਨਾਲ ਕਿਹਾ ਕਿ 'ਫੇਰ ਕੀ?' ਫੇਰ ਏਹੀ ਕਿ ਪੁੱਤਰਾ ਘੱਟ ਤੋਂ ਘੱਟ ਗੁਰਦੁਆਰੇ ਆ ਕੇ ਤਾਂ..!

ਮੇਰਾ ਇਹ ਵਾਕ ਪੂਰਾ ਹੋਣ ਤੋਂ ਪਹਿਲਾਂ ਹੀ ਉਹ ਸੱਪ ਵਾਂਗ ਫੁੰਕਾਰਦਾ ਕਹਿੰਦਾ-

'ਓ ਜਾਹ...ਜਾਹ !'

ਆਪਣੇ ਪੋਤਰੇ ਤੋਂ ਜ਼ਰਾ ਕੁ ਵੱਡੀ ਉਮਰ ਦੇ ਉਸ ਛੋਕਰੇ ਮੋਹਰੇ ਹੱਥ ਜੋੜ ਕੇ ਮੈਂ ਉੱਥੋਂ ਵਾਪਸ ਮੁੜਦਿਆਂ ਕਿਹਾ, 'ਕਾਕਾ ਮੈਨੂੰ ਮੁਆਫ ਕਰੀਂ, ਸ਼ਾਇਦ ਮੈਨੂੰ ਉਹ ਭਾਸ਼ਾ ਵਰਤਣੀ ਨਹੀਂ ਆਈ ਜਿਹਦੇ ਨਾਲ ਮੈਂ ਤੈਨੂੰ ਤੇਰੀ ਗਲਤੀ ਸਮਝਾ ਸਕਦਾ! ਉੱਥੇ ਹੀ ਇਸ ਗੁਰਦੁਆਰਾ ਕਮੇਟੀ ਦਾ ਮੇਰਾ ਜਾਣੂ ਮੈਂਬਰ ਵੀ ਖੜ੍ਹਾ ਇਹ ਸਾਰਾ ਕੁੱਝ ਦੇਖ-ਸੁਣ ਰਿਹਾ ਸੀ,ਪਰ ਕੁੱਝ ਕਹਿਣ ਦੀ ਬਜਾਏ ਉਹ ਚੁੱਪ ਕਰ ਕੇ ਅੰਦਰ ਵੜ ਗਿਆ!

ਜੇ ਕਿਤੇ ਓਦਣ ਮੈਂ ਹੋਰ ਕੁੱਝ ਬੋਲਦਾ ਤਾਂ ਮੇਰਾ ਹਸ਼ਰ ਵੀ ਹੋਲੇ ਮਹੱਲੇ 'ਚ ਬੁਰਛਾਗਰਦਾਂ ਹੱਥੋਂ ਜਾਨ ਗਵਾ ਗਏ ਪ੍ਰਦੀਪ ਸਿੰਘ ਵਰਗਾ ਹੀ ਹੋ ਸਕਦਾ ਸੀ ਭਰਾਵੋ! ਜਿਵੇਂ ਮਾਈਆਂ ਰਸੋਈ ਵਿਚ ਦਾਲ਼ ਬਣਾਉਣ ਵੇਲੇ ਕੜਛੀ ਨਾਲ ਦੋ-ਚਾਰ ਕੁ ਦਾਣੇ ਚੁੱਕ, ਮਸਲ ਕੇ ਦਾਲ਼ ਦਾ ਕੱਚ-ਪੱਕ ਦੇਖ ਲੈਂਦੀਆਂ ਹੁੰਦੀਆਂ ਹਨ, ਇਵੇਂ ਇਹ ਹੈ ਪੰਜਾਬ ਦੀ ਅਜੋਕੀ ਨੌਜਵਾਨ ਪੀੜ੍ਹੀ ਦਾ ਫੁਕਰਪੁਣਾ!

# ਸਿਆਸਤ ਵਿਚ ਸਾਜ਼ਿਸ਼ਾਂ ਦੀਆਂ ਕਹਾਣੀਆਂ

ਜਿਨ੍ਹਾਂ ਦਿਨਾਂ ਵਿਚ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਦੀ ਚਰਚਾ ਆਪਣੇ ਸਿਖਰਾਂ 'ਤੇ ਸੀ, ਉਨ੍ਹਾਂ ਦਿਨਾਂ 'ਚ ਤਿੰਨ ਹੋਰ ਘਟਨਾਵਾਂ ਹੋਈਆਂ ਸਨ। ਗੌਤਮ ਅਡਾਨੀ ਦੇ ਖਿਲਾਫ ਹਿੰਡਨਬਰਗ ਰਿਪੋਰਟ ਆਈ ਸੀ, ਸੁਪਰੀਮ ਕੋਰਟ ਨੇ ਅਜਿਹਾ ਫੈਸਲਾ ਕੀਤਾ ਸੀ ਜਿਸ ਨਾਲ ਸਰਕਾਰ ਦੀ ਕਾਫੀ ਦੁਰਗਤ ਹੁੰਦੀ ਸੀ ਅਤੇ ਬੀ.ਬੀ.ਸੀ. ਦੀ ਮੋਦੀ ਵਿਰੋਧੀ ਦਸਤਾਵੇਜ਼ੀ ਫਿਲਮ ਰਿਲੀਜ਼ ਹੋਈ ਸੀ। ਇਨ੍ਹਾਂ ਚਾਰਾਂ ਘਟਨਾਵਾਂ ਨੂੰ ਜੋੜ ਕੇ ਪੱਤਰਕਾਰ ਹਲਕਿਆਂ 'ਚ ਫੁਸਫੁਸਾਹਟ ਹੋ ਰਹੀ ਸੀ ਕਿ ਕੌਮਾਂਤਰੀ ਤਾਕਤਾਂ ਨੇ ਮੋਦੀ ਖਿਲਾਫ 'ਨੈਰੇਟਿਵ' (ਬਿਰਤਾਂਤ) ਤਿਆਰ ਕਰ ਲਿਆ ਹੈ ਅਤੇ ਇਸ

**ਅਭੈ ਕੁਮਾਰ ਦੂਬੇ**

ਲਈ ਇਕੱਠੀਆਂ ਇੰਨੀਆਂ ਘਟਨਾਵਾਂ ਸਰਕਾਰ ਖਿਲਾਫ ਵਾਪਰ ਰਹੀਆਂ ਹਨ। ਕੁੱਲ ਮਿਲਾ ਕੇ ਚਾਹੇ ਸਰਕਾਰ ਦੇ ਉਲਟ ਖੜ੍ਹੇ ਸਮੀਖਿਅਕ ਹੋਣ ਜਾਂ ਸਰਕਾਰ ਨੂੰ ਹਮਦਰਦੀ ਨਾਲ ਦੇਖਣ ਵਾਲੇ ਸਮੀਖਿਅਕ ਹੋਣ, ਸਾਰਿਆਂ ਦਾ ਮਨ ਕਰ ਰਿਹਾ ਸੀ ਕਿ ਇਸ ਫੁਸਫੁਸਾਹਟ 'ਤੇ ਯਕੀਨ ਕਰ ਲਿਆ ਜਾਏ। ਜ਼ਾਹਿਰ ਹੈ ਕਿ ਅੱਜ ਇਹ ਗੱਲ ਕੋਈ ਨਹੀਂ ਕਰ ਰਿਹਾ।

ਦਸਤਾਵੇਜ਼ੀ ਫਿਲਮ 'ਤੇ ਪਾਬੰਦੀ ਲੱਗ ਚੁੱਕੀ ਹੈ। ਉਸ ਦਾ ਰੌਲਾ-ਰੱਪਾ ਵੀ ਖਤਮ ਹੋ ਗਿਆ ਹੈ। ਅਡਾਨੀ ਘਟਨਾਕ੍ਰਮ 'ਤੇ ਸੁਪਰੀਮ ਕੋਰਟ ਨੇ ਕਮੇਟੀ ਬਣਾ ਦਿੱਤੀ ਹੈ। ਸੰਸਦ 'ਚ ਇਸ ਸਵਾਲ 'ਤੇ ਵਿਰੋਧੀ ਧਿਰ ਅਤੇ ਸਰਕਾਰ ਵਿਚਾਲੇ ਜੰਗ ਜਾਰੀ ਹੈ। 'ਭਾਰਤ ਜੋੜੋ ਯਾਤਰਾ' ਹੌਲੀ-ਹੌਲੀ ਲੋਕਾਂ ਦੀ ਯਾਦ 'ਚੋਂ ਮਿਟ ਰਹੀ ਹੈ। ਸੁਪਰੀਮ ਕੋਰਟ ਪਹਿਲਾਂ ਵਾਂਗ ਆਪਣਾ ਕੰਮ ਕਰਨ ਲੱਗੀ ਹੋਈ ਹੈ। ਚਾਰ ਘਟਨਾਵਾਂ ਨੂੰ ਛੱਡ ਕੇ ਜਿਸ ਨੂੰ ਸਾਜ਼ਿਸ਼ ਦਾ ਰੂਪ ਦਿੱਤਾ ਗਿਆ ਸੀ, ਉਹ ਹੁਣ ਕਿਸੇ ਦੀ ਜ਼ੁਬਾਨ 'ਤੇ ਨਹੀਂ ਹਨ। ਮਨਘੜਤ ਸਾਜ਼ਿਸ਼ਾਂ ਰਾਹੀਂ ਰਾਜਨੀਤੀ ਦੀ ਸਮੀਖਿਆ ਕਰਨ ਦੀ ਇਹ ਕੋਈ ਨਵੀਂ ਉਦਾਹਰਨ ਨਹੀਂ ਸੀ। ਇਸ ਤਰ੍ਹਾਂ ਦੀਆਂ 'ਕਾਂਸਪੀਰੇਸੀ ਥਿਊਰੀਜ਼' ਆਏ ਦਿਨ ਸਾਡੇ ਕੰਨਾਂ 'ਚ ਪੈਂਦੀਆਂ ਰਹਿੰਦੀਆਂ ਹਨ। ਇਕ ਤਰ੍ਹਾਂ ਨਾਲ ਇਹ ਰਾਜਨੀਤੀ ਦੇ ਕਾਲੇਬਾਜ਼ਾਰ ਦੀ ਨੁਮਾਇੰਦਗੀ ਕਰਦੀਆਂ ਹਨ। ਇਨ੍ਹਾਂ ਨੂੰ ਕੌਣ ਘੜਦਾ ਹੈ? ਕਿਸੇ ਨੂੰ ਨਹੀਂ ਪਤਾ।

ਜਿਸ ਤਰ੍ਹਾਂ ਟੀ.ਵੀ. ਸੀਰੀਅਲਾਂ ਦੀ ਸਮੀਖਿਆ ਪ੍ਰੋਗਰਾਮ ਦਾ ਇਕ ਨਾਂ 'ਸਾਸ, ਬਹੂ ਔਰ ਸਾਜ਼ਿਸ਼' ਹੈ, ਉਸੇ ਤਰ੍ਹਾਂ ਰਾਜਨੀਤਕ ਸਮੀਖਿਆ ਦਾ ਕਾਫੀ ਲੋਕਪ੍ਰਿਯਾ ਪਹਿਲੂ ਸਾਜ਼ਿਸ਼ ਦਾ ਚਸ਼ਮਾ ਲਗਾ ਕੇ ਨੇਤਾਵਾਂ, ਪਾਰਟੀਆਂ ਅਤੇ ਰਾਜਨੀਤਕ ਘਟਨਾਕ੍ਰਮ ਦੀ ਸਮਝ ਬਣਾਉਣ ਨਾਲ ਜੁੜਿਆ ਹੋਇਆ ਹੈ। ਕੋਈ ਕਦੇ ਵੀ ਤੁਹਾਡੇ ਕੰਨ 'ਚ ਫੁਸਫੁਸਾ ਕੇ ਕਹਿ ਸਕਦਾ ਹੈ ਕਿ ਕੁਝ ਨੇਤਾ ਕੁਝ ਕੁ ਦੀਆਂ ਜੜ੍ਹਾਂ ਕੱਟਣ 'ਚ ਲੱਗੇ ਹੋਏ ਹਨ। ਜੇਕਰ ਤੁਸੀਂ ਇਸ




ਖਬਰ ਦਾ ਸਬੂਤ ਮੰਗੋਗੇ ਤਾਂ ਬਦਲੇ 'ਚ ਸਿਰਫ ਅਰਥਪੂਰਨ ਮੁਸਕਰਾਹਟ ਮਿਲੇਗੀ। ਫਲਾਣੇ ਨੇ ਫਲਾਣੇ ਨੂੰ ਜ਼ਮੀਨ 'ਤੇ ਲਿਆਉਣ ਦੀ ਠਾਣ ਲਈ ਹੈ। ਸਾਜ਼ਿਸ਼ ਦੇ ਚਸ਼ਮੇ ਨਾਲ ਦੇਖਣ 'ਤੇ ਦੇਸ਼ 'ਚ ਹੋ ਰਹੀ ਹਰ ਘਟਨਾ 'ਚ ਵਿਦੇਸ਼ੀ ਹੱਥ ਦਿਖਾਈ ਪੈ ਸਕਦਾ ਹੈ। ਇਕ ਜ਼ਮਾਨੇ 'ਚ ਪਤਾ ਨਹੀਂ ਕਿੰਨੇ ਨੇਤਾਵਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਸੰਗਠਨਾਂ ਨੂੰ ਜਾਂ ਤਾਂ ਸੀ.ਆਈ.ਏ. ਦਾ ਏਜੰਟ ਕਿਹਾ ਜਾਂਦਾ ਸੀ ਜਾਂ ਫਿਰ ਕੇ.ਜੀ.ਬੀ. ਦਾ ਏਜੰਟ। ਉਹ ਸ਼ੀਤਯੁੱਧ ਦਾ ਯੁੱਗ ਸੀ ਅਤੇ ਅਜਿਹਾ ਕਹਿਣ ਲਈ ਕਿਸੇ ਨੂੰ ਸਬੂਤ ਦੇਣ ਦੀ ਲੋੜ ਨਹੀਂ ਸੀ ਹੁੰਦੀ। ਕਹਿਣ ਵਾਲਾ ਇਸ ਅੰਦਾਜ਼ ਨਾਲ ਬੋਲਦਾ ਸੀ ਕਿ ਜਿਵੇਂ ਉਸ ਨੇ ਸਬੰਧਿਤ ਨੇਤਾ ਜਾਂ ਬੁੱਧੀਜੀਵੀ ਨੂੰ ਆਪਣੀਆਂ ਅੱਖਾਂ ਨਾਲ ਲੈਂਗਲੇ ਸਥਿਤ ਸੀ.ਆਈ.ਏ. ਦੇ ਦਫਤਰ 'ਚ ਸਾਜ਼ਿਸ਼ਕਾਰੀ ਗੱਲਾਂ ਕਰਦੇ ਹੋਏ ਦੇਖਿਆ। ਇਹੀ ਕਾਰਨ ਸੀ ਕਿ ਉਸ ਸਮੇਂ ਇਸ ਰਵੱਈਏ ਦੀ ਆਲੋਚਨਾ ਕਰਨ ਲਈ ਪੀਲੂ ਮੋਦੀ ਨੂੰ ਆਪਣੇ ਗਲੇ 'ਚ ਇਕ ਤਖਤੀ ਲਟਕਾ ਕੇ ਸੰਸਦ 'ਚ ਆਉਣਾ ਪੈ ਸਕਦਾ ਸੀ। ਤਖਤੀ 'ਤੇ ਲਿਖਿਆ ਸੀ- 'ਮੈਂ ਸੀ.ਆਈ.ਏ. ਦਾ ਏਜੰਟ ਹਾਂ'। ਇਹ ਕਿਹਾ ਜਾ ਸਕਦਾ ਹੈ ਕਿ ਸ਼ੇਅਰ ਬਾਜ਼ਾਰ ਇਕ ਵਾਰ ਠੰਢਾ ਪੈ ਸਕਦਾ ਹੈ ਪਰ 'ਕਾਂਸਪਿਰੇਸੀ ਥਿਊਰੀ' ਦਾ ਬਾਜ਼ਾਰ ਕਦੇ ਠੰਢਾ ਨਹੀਂ ਪੈ ਸਕਦਾ।

ਹਾਲ ਹੀ 'ਚ ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਹਰੀਸ਼ ਖੁਰਾਣਾ ਨੇ ਇਕ ਬਿਆਨ ਦੇ ਕੇ ਸਾਜ਼ਿਸ਼ਾਂ ਦੇ ਇਸ ਬਾਜ਼ਾਰ ਨੂੰ ਨਵੇਂ ਸਿਰੇ ਤੋਂ ਭਖਾ ਦਿੱਤਾ ਹੈ। ਜਿਵੇਂ ਹੀ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦਾ ਬੰਗਲਾ ਨਵੀਂ ਸਿੱਖਿਆ ਮੰਤਰੀ ਆਤਿਸ਼ੀ ਨੂੰ ਅਲਾਟ ਹੋਇਆ, ਉਵੇਂ ਹੀ ਉਨ੍ਹਾਂ ਨੇ ਸੰਭਾਵਨਾ ਜਤਾ ਦਿੱਤੀ ਕਿ ਕਿਤੇ ਅਰਵਿੰਦ ਕੇਜਰੀਵਾਲ ਆਪਣੇ ਪ੍ਰਮੁੱਖ ਸਾਥੀ ਤੋਂ ਪੱਲਾ ਛੁਡਾਉਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਹੇ। ਬੱਸ, ਫਿਰ ਕੀ ਸੀ। ਮੀਡੀਆ ਇਸ ਨੂੰ ਲੈ ਉੱਡਿਆ ਅਤੇ ਇਸ ਕਿਆਸ 'ਚ ਹਕੀਕਤ ਦੇ ਕਾਲਪਨਿਕ ਰੰਗ ਭਰੇ ਜਾਣ ਲੱਗੇ। ਜੇ ਸਾਜ਼ਿਸ਼-ਸਿਧਾਂਤ ਨੂੰ ਦਰਕਿਨਾਰ ਕਰ ਦਿੱਤਾ ਜਾਵੇ ਤਾਂ ਇਸ ਘਟਨਾ ਨੂੰ ਇਸ ਤਰ੍ਹਾਂ ਨਾਲ ਵੀ ਸਮਝਿਆ ਜਾ ਸਕਦਾ ਸੀ ਕਿ ਜਿਸ ਸਿੱਖਿਆ ਵਿਭਾਗ ਦਾ ਕੰਮਕਾਜ ਦੇਖਣ ਦੀਆਂ ਜ਼ਰੂਰਤਾਂ ਤਹਿਤ ਮਨੀਸ਼ ਸਿਸੋਦੀਆ ਨੂੰ ਇਹ ਬੰਗਲਾ ਮਿਲਿਆ ਸੀ, ਉਨ੍ਹਾਂ ਹੀ ਜ਼ਰੂਰਤਾਂ ਤਹਿਤ ਇਸ ਨੂੰ ਨਵੇਂ ਸਿੱਖਿਆ ਮੰਤਰੀ ਨੂੰ ਅਲਾਟ ਕੀਤਾ ਜਾ ਰਿਹਾ ਹੈ। ਚੇਤੇ ਰਹੇ ਕਿ ਦਿੱਲੀ 'ਚ ਸੱਤਾ ਤੋਂ ਵਾਂਝੇ ਹੋ ਜਾਣ ਵਾਲੇ ਨੇਤਾ ਸਾਲਾਂ-ਬੱਧੀ ਬੰਗਲਾ ਆਦਿ ਸਹੂਲਤਾਂ ਦਾ ਸੁੱਖ ਪਹਿਲਾਂ ਵਾਂਗ ਹੀ ਭੋਗਦੇ ਰਹਿੰਦੇ ਹਨ। ਇਸ ਦੀਆਂ ਕਈ ਉਦਾਹਰਨਾਂ ਹਨ; ਬਜਾਇ ਇਸ ਦੇ ਕਿ ਇਸ ਦੀ ਤਾਰੀਫ ਕੀਤੀ ਜਾਂਦੀ, ਇਸ 'ਚ ਸਾਜ਼ਿਸ਼ ਦਾ ਕੋਣ ਲੱਭ ਲਿਆ ਗਿਆ।

ਫਿਲਹਾਲ, ਇਹ ਕੋਈ ਪਹਿਲੀ ਵਾਰ ਨਹੀਂ ਹੋਇਆ ਹੈ। ਰਾਜਨੀਤਕ ਸਮੀਖਿਅਕ ਦੇ ਰੂਪ 'ਚ ਮੈਂ ਪਤਾ ਨਹੀਂ ਕਦੋਂ ਤੋਂ ਇਸ ਤਰ੍ਹਾਂ ਦੀਆਂ ਫੁਸਫੁਸਾਹਟਾਂ ਸੁਣ ਰਿਹਾ ਹਾਂ ਕਿ ਅਮਿਤ ਸ਼ਾਹ, ਨਰਿੰਦਰ ਮੋਦੀ ਨੂੰ ਧੋਖਾ ਦੇਣ ਵਾਲੇ ਹਨ ਜਾਂ ਨਰਿੰਦਰ ਮੋਦੀ ਦਾ ਮੱਥਾ ਅਮਿਤ ਸ਼ਾਹ ਦੇ ਵਧਦੇ ਹੋਏ ਰੁਤਬੇ ਨਾਲ ਠਣਕ ਗਿਆ ਹੈ। ਮੈਂ ਤਾਂ ਇਹ ਵੀ ਸੁਣਿਆ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅਤੇ ਅਮਿਤ ਸ਼ਾਹ ਵਿਚਾਲੇ ਛੱਤੀ ਦਾ ਅੰਕੜਾ ਬਣ ਚੁੱਕਾ ਹੈ। ਮੈਨੂੰ ਇਹ ਵੀ ਦੱਸਿਆ ਗਿਆ ਹੈ ਕਿ ਸਰਕਾਰ ਦੇ ਕਈ ਕਦਮਾਂ ਪਿੱਛੇ ਅਮਰੀਕਾ ਜਾਂ ਹੋਰ ਕੌਮਾਂਤਰੀ ਤਾਕਤਾਂ ਦਾ ਹੱਥ ਹੈ। ਮੈਂ ਕਦੇ ਇਨ੍ਹਾਂ ਗੱਲਾਂ 'ਤੇ ਯਕੀਨ ਨਹੀਂ ਕੀਤਾ। ਨਾ ਹੀ ਮੈਂ ਆਪਣੀ ਸਮੀਖਿਆ 'ਚ ਇਨ੍ਹਾਂ ਨੂੰ ਕੋਈ ਤਰਜੀਹ ਦਿੱਤੀ ਹੈ। ਦਰਅਸਲ, ਇਹ ਸਭ ਦਿਮਾਗ਼ 'ਤੇ ਜ਼ੋਰ ਪਾਉਣ ਤੋਂ ਬਚਣ ਦੀ ਕੋਸ਼ਿਸ਼ ਦੇ ਸਿਵਾਏ ਹੋਰ ਕੁਝ ਨਹੀਂ ਹੈ। ਮੇਰਾ ਮੰਨਣਾ ਰਿਹਾ ਹੈ ਕਿ ਰਾਜਨੀਤਕ ਹਕੀਕਤ ਤੱਕ ਪਹੁੰਚਣਾ ਹੈ ਤਾਂ ਸਮਾਜਿਕ ਅਤੇ ਰਾਜਨੀਤਕ ਸ਼ਕਤੀਆਂ ਦੇ ਬਣਦੇ-ਵਿਗੜਦੇ ਸੰਤੁਲਨ 'ਤੇ ਨਜ਼ਰ ਰੱਖਣੀ ਚਾਹੀਦੀ ਹੈ। 'ਕਾਂਸਪੀਰੇਸੀ ਥਿਊਰੀ' ਸਿਰਫ ਥੋੜ੍ਹੀ ਦੇਰ ਲਈ ਤੁਹਾਡਾ ਮਨੋਰੰਜਨ ਕਰ ਸਕਦੀ ਹੈ, ਹੋਰ ਕੁਝ ਨਹੀਂ। ਇਹ ਗੱਲ ਸਹੀ ਹੈ ਕਿ ਸਾਜ਼ਿਸ਼ਾਂ ਰਾਜੇ-ਮਹਾਰਾਜਿਆਂ ਦੇ ਜ਼ਮਾਨੇ 'ਚ ਫੈਸਲਾਕੁਨ ਭੂਮਿਕਾ ਨਿਭਾਉਂਦੀਆਂ ਸਨ। ਅੱਜ ਦੇ ਜ਼ਮਾਨੇ 'ਚ ਉਹ ਸਿਰਫ ਤੇਜ਼ ਦਿਮਾਗ਼ ਦੀ ਉਪਜ ਰਹਿ ਗਈਆਂ ਹਨ। ਹਾਂ, ਇਹ ਗੱਲ ਜ਼ਰੂਰ ਹੈ ਕਿ ਰਾਜਨੀਤੀ ਨੂੰ ਕਿਸੇ ਖਾਸ ਦਿਸ਼ਾ 'ਚ ਲਿਜਾਣ ਲਈ ਚਤੁਰਾਈ ਨਾਲ ਸਪਿਨ-ਡਾਕਟਰੀ ਜ਼ਰੂਰ ਕੀਤੀ ਜਾਂਦੀ ਹੈ ਪਰ ਉਸ ਨੂੰ ਪਛਾਣਿਆ ਜਾ ਸਕਦਾ ਹੈ ਅਤੇ ਉਸ ਦੀ ਕਾਟ ਕੀਤੀ ਜਾ ਸਕਦੀ ਹੈ। ਸਪਿਨ-ਡਾਕਟਰੀ ਰਾਜਨੀਤਕ ਹੱਥਕੰਡੇ ਦਾ ਨਾਂ ਹੈ। ਉਸ ਨੂੰ ਸਾਜ਼ਿਸ਼ ਨਾਲੋਂ ਵੱਖਰਾ ਸਮਝਿਆ ਜਾਣਾ ਚਾਹੀਦਾ ਹੈ।

ਇਨ੍ਹਾਂ ਸਾਜ਼ਿਸ਼ਾਂ ਦੀਆਂ ਗੱਲਾਂ 'ਤੇ ਜਾਈਏ ਤਾਂ ਸੰਘ ਪਤਾ ਨਹੀਂ ਕਦੋਂ ਤੋਂ ਮੋਦੀ ਨੂੰ ਡਿਗਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਇਸੇ ਤਰ੍ਹਾਂ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਵਿਚਾਲੇ ਮਤਭੇਦਾਂ ਦੀਆਂ ਖਬਰਾਂ ਪਤਾ ਨਹੀਂ ਕਿੰਨੀ ਵਾਰ ਉਡਾਈਆਂ ਜਾ ਚੁੱਕੀਆਂ ਹਨ। ਜਦੋਂ ਪ੍ਰਿਅੰਕਾ ਗਾਂਧੀ ਰਾਜਨੀਤੀ 'ਚ ਖੁੱਲ੍ਹ ਕੇ ਨਹੀਂ ਆਈ ਸੀ ਤਾਂ ਇਹੀ ਕਿਹਾ ਜਾਂਦਾ ਸੀ ਕਿ ਰਾਹੁਲ ਗਾਂਧੀ ਉਨ੍ਹਾਂ ਨੂੰ ਨਹੀਂ ਆਉਣ ਦੇ ਰਹੇ ਹਨ। ਜਦੋਂ ਪ੍ਰਿਅੰਕਾ ਰਾਜਨੀਤੀ 'ਚ ਆ ਚੁੱਕੀ ਹੈ ਤਾਂ ਹੁਣ ਇਸ ਗੱਲ ਨੂੰ ਕੋਈ ਯਾਦ ਨਹੀਂ ਕਰ ਰਿਹਾ।

ਇਸੇ ਤਰ੍ਹਾਂ ਬਹੁਤ ਵੱਡੀ 'ਕਾਂਸਪੀਰੇਸੀ ਥਿਊਰੀ' ਈ.ਵੀ.ਐਮ. ਹੈਕ ਕਰਨ ਦੀ ਸੰਭਾਵਨਾ ਦੀ ਹੈ। ਚੋਣ ਕਮਿਸ਼ਨ ਨੂੰ ਇਸ ਨਾਲ ਟਕਰਾਉਣਾ ਪਿਆ ਹੈ ਪਰ ਇਸ ਦਾ ਅੰਤ ਹੁੰਦਾ ਹੋਇਆ ਦਿਖਾਈ ਨਹੀਂ ਦਿੱਤਾ। ਮੇਰਾ ਖਿਆਲ ਹੈ ਕਿ ਇਹ ਵੀ ਭਾਜਪਾ ਦੀ ਜਿੱਤ ਦੇ ਸਮਾਜਿਕ-ਰਾਜਨੀਤਕ ਕਾਰਨਾਂ ਦਾ ਵਿਸ਼ਲੇਸ਼ਣ ਨਾ ਕਰ ਸਕਣ 'ਚ ਅਸਫਲਤਾ ਦਾ ਨਤੀਜਾ ਹੈ। ਰਾਜਨੀਤੀ ਦੇ ਅਸਮਾਨ 'ਚ ਸਾਜ਼ਿਸ਼ ਉਸੇ ਤਰ੍ਹਾਂ ਨਾਲ ਪ੍ਰਗਟ ਹੁੰਦੀ ਹੈ, ਜਿਵੇਂ ਕਦੇ ਪੁਲਾੜ 'ਚ ਉਡਣ ਤਸ਼ਤਰੀਆਂ ਪ੍ਰਗਟ ਹੁੰਦੀਆਂ ਸਨ। ਨਾ ਉਡਣ ਤਸ਼ਤਰੀਆਂ ਦਾ ਕੋਈ ਸਬੂਤ ਮਿਲਿਆ, ਨਾ ਹੀ ਇਨ੍ਹਾਂ ਰਾਜਨੀਤਕ ਸਾਜ਼ਿਸ਼ਾਂ ਦਾ। ਯਾਦ ਰੱਖਣਾ ਚਾਹੀਦਾ ਹੈ ਕਿ ਸਾਜ਼ਿਸ਼ ਦੇ ਚਸ਼ਮੇ ਨਾਲ ਰਾਜਨੀਤੀ ਨੂੰ ਦੇਖਣ ਵਾਲੇ ਹਮੇਸ਼ਾ ਗ਼ਲਤ ਮੁਲਾਂਕਣਾਂ ਤੱਕ ਪਹੁੰਚਦੇ ਹਨ।

---

# ਵਿਰੋਧੀ ਧਿਰ ਦੀ ਏਕਤਾ ਦੇ ਮਸਲੇ

ਸੱਤਾਧਾਰੀ ਭਾਜਪਾ ਇਸ ਭਰੋਸੇ ਨਾਲ ਖੁਸ਼ ਹੋ ਸਕਦੀ ਹੈ ਕਿ ਦਿੱਲੀ ਦੇ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਰੀੜ੍ਹ ਦੀ ਹੱਡੀ ਮਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਨਾਲ ਦੇਸ਼ ਦਾ ਧਿਆਨ ਹਿੰਡਨਬਰਗ-ਅਡਾਨੀ ਮਾਮਲੇ ਤੋਂ ਹਟ ਗਿਆ ਹੋਵੇਗਾ।

ਵਿਰੋਧੀ ਧਿਰ ਆਖਿਰ ਜਿਸ ਦਿਸ਼ਾ ਵਿਚ ਅੱਗੇ ਵਧੇਗੀ, ਉਸ ਉਤੇ ਇਸ ਘਟਨਾ ਦੇ ਦੇਸ਼ ਵਿਆਪੀ ਅਸਰ ਪੈਣਗੇ। ਇਸ ਦੇ ਸ਼ੁਰੂਆਤੀ ਸੰਕੇਤ ਭਾਜਪਾ ਲਈ ਵਧੀਆ ਹਨ ਕਿਉਂਕਿ ਸਿਸੋਦੀਆ ਦੀ ਗ੍ਰਿਫਤਾਰੀ ਨੇ ਕਾਂਗਰਸ ਅਤੇ ਖੇਤਰੀ ਪਾਰਟੀਆਂ ਦਰਮਿਆਨ ਮਤਭੇਦ ਮੁੜ

**ਰਾਧਿਕਾ ਰਾਮਾਸੇਸ਼ਨ**

ਉਜਾਗਰ ਕਰ ਦਿੱਤੇ ਹਨ ਜਿਨ੍ਹਾਂ ਵਿਚੋਂ ਕੁਝ ਨੂੰ ਕਾਂਗਰਸ ਵੱਲੋਂ 2024 ਦੀਆਂ ਆਮ ਚੋਣਾਂ ਦੀ ਤਿਆਰੀ ਵਿਚ ਆਪਣੇ ਸਹਿਯੋਗੀਆਂ ਵਜੋਂ ਦੇਖਿਆ ਜਾ ਰਿਹਾ ਹੈ।

ਦਿੱਲੀ ਤੋਂ ਸੱਤ ਲੋਕ ਸਭਾ ਮੈਂਬਰ ਚੁਣੇ ਜਾਂਦੇ ਹਨ। ਇਹ ਨੀਮ-ਸੂਬਾ ਹੈ ਜਿਹੜਾ ਅੰਸ਼ਕ ਤੌਰ 'ਤੇ ਕੇਂਦਰ ਸਰਕਾਰ ਦੇ ਸ਼ਾਸਨ ਅਧੀਨ ਹੈ। ਇਹੀ ਨਹੀਂ, ਭਾਜਪਾ ਵੱਲੋਂ 2015 ਅਤੇ 2020 ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ 'ਆਪ' ਹੱਥੋਂ ਹਾਰਨ ਤੋਂ ਬਾਅਦ ਇੱਥੇ ਅਰਵਿੰਦ ਕੇਜਰੀਵਾਲ ਸਰਕਾਰ ਲਈ ਅਖਤਿਆਰਾਂ ਦੇ ਇਸਤੇਮਾਲ ਦੀ ਗੁੰਜਾਇਸ਼ ਲਗਾਤਾਰ ਘਟ ਰਹੀ ਹੈ। ਦੂਜੇ ਪਾਸੇ, ਭਾਜਪਾ ਲਈ ਦਿੱਲੀ ਦੀ ਇਸ ਕਾਰਨ ਅਹਿਮੀਅਤ ਹੈ ਕਿ ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਪ੍ਰੋਗਰੈਸਿਵ ਅਲਾਇੰਸ (ਯੂ.ਪੀ.ਏ.) ਦੀ ਸਰਕਾਰ ਦੇ ਪਤਨ ਦੇ ਬੀਜ ਕੌਮੀ ਰਾਜਧਾਨੀ ਵਿਚ ਹੀ ਇਸ (ਸਰਕਾਰ) ਦੇ 'ਭ੍ਰਿਸ਼ਟਾਚਾਰ' ਤੇ 'ਕੁਸ਼ਾਸਨ' ਖਿਲਾਫ ਚੱਲੇ ਲੰਮੇ ਅੰਦੋਲਨ ਰਾਹੀਂ ਬੀਜੇ ਗਏ ਸਨ। ਉਦੋਂ ਅੰਨਾ ਹਜ਼ਾਰੇ ਦੀ ਅਗਵਾਈ ਵਾਲੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਨਾਲ ਅਰਵਿੰਦ ਕੇਜਰੀਵਾਲ ਬੜੇ ਨੇੜਿਉਂ ਜੁੜੇ ਹੋਏ ਸਨ। ਇਹ ਇੰਡੀਆ ਅਗੇਂਸਟ ਕੁਰੱਪਸ਼ਨ ਅੰਦੋਲਨ ਹੀ ਕੇਜਰੀਵਾਲ ਦੇ ਸਿਆਸੀ ਕਰੀਅਰ ਦੀ ਸ਼ੁਰੂਆਤ ਦਾ ਆਧਾਰ ਬਣਿਆ। ਇਸ ਅੰਦੋਲਨ ਦਾ ਮੁੱਖ ਨਿਸ਼ਾਨਾ ਕਾਂਗਰਸ ਸੀ ਅਤੇ ਅੰਤਿਮ ਰੂਪ ਵਿਚ ਇਸ ਦਾ ਫਾਇਦਾ ਭਾਜਪਾ ਨੂੰ ਹੋਇਆ।

ਮਨੀਸ਼ ਸਿਸੋਦੀਆ ਦੀ ਗ੍ਰਿਫਤਾਰੀ ਖਿਲਾਫ ਖੇਤਰੀ ਤਾਕਤਾਂ ਨੇ ਜ਼ੋਰਦਾਰ ਪ੍ਰਤੀਕਰਮ ਦਿਖਾਇਆ ਪਰ ਕਾਂਗਰਸ ਨੇ ਇਸ ਦੀ ਹਮਾਇਤ ਹੀ ਕੀਤੀ। ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਦੇ ਵਰਕਿੰਗ ਪ੍ਰਧਾਨ ਕੇ.ਟੀ. ਰਾਮਾ ਰਾਓ ਨੇ ਭਾਜਪਾ ਉਤੇ ਹੱਲਾ ਬੋਲਿਆ ਕਿ ਹਾਕਮ ਪਾਰਟੀ 'ਜਿਨ੍ਹਾਂ ਸੂਬਿਆਂ (ਆਪਣੇ ਦਮ 'ਤੇ) ਸੱਤਾ ਵਿਚ ਨਹੀਂ ਆ ਸਕਦੀ, ਉੱਥੇ ਵਿਰੋਧੀ ਪਾਰਟੀਆਂ ਪਿੱਛੇ ਕੇਂਦਰੀ ਏਜੰਸੀਆਂ ਨੂੰ ਲਾ ਦਿੰਦੀ ਹੈ।' ਗ਼ੌਰਤਲਬ ਹੈ ਕਿ ਭਾਜਪਾ ਲਈ ਬੀ.ਆਰ.ਐੱਸ. ਦੀ ਹਕੂਮਤ ਵਾਲਾ ਤਿਲੰਗਾਨਾ ਵੀ ਦਿੱਲੀ ਵਰਗਾ ਹੀ ਹੈ ਜਿਥੇ ਪੈਰ ਪਸਾਰਨ ਦੀਆਂ ਭਾਜਪਾ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਉਮੀਦਾਂ ਮੁਤਾਬਕ ਨਹੀਂ ਨਿਕਲੇ। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਮਿਆਰੀ ਸਿੱਖਿਆ ਨੂੰ ਦਿੱਲੀ ਦੇ ਮਹਿਰੂਮ ਵਰਗਾਂ ਦੇ ਬੱਚਿਆਂ ਦੇ ਪਹੁੰਚ ਯੋਗ ਬਣਾਉਣ ਲਈ ਸਿਸੋਦੀਆ ਦੀ ਸ਼ਲਾਘਾ ਕਰਦਿਆਂ ਕਿਹਾ, "ਭਾਜਪਾ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਸਿਰਫ ਸਿੱਖਿਆ ਦੇ ਹੀ ਖਿਲਾਫ ਨਹੀਂ ਹੈ ਸਗੋਂ ਉਹ ਦਿੱਲੀ ਦੇ ਬੱਚਿਆਂ ਦੇ ਭਵਿੱਖ ਦੇ ਵੀ ਖਿਲਾਫ ਹੈ।"

ਕਾਂਗਰਸ ਦੀ ਦਿੱਲੀ ਇਕਾਈ ਵੱਲੋਂ ਇਸ ਕਾਰਵਾਈ ਦੀ ਤਾਈਦ ਸਾਫ ਤੌਰ 'ਤੇ ਹਾਲ ਹੀ ਵਿਚ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਚ ਹੋਏ ਕਾਂਗਰਸ ਦੇ ਪਲੈਨਰੀ ਸੈਸ਼ਨ ਵਿਚ ਆਗਾਮੀ ਲੋਕ ਸਭਾ ਚੋਣਾਂ ਦੀ ਲੜਾਈ ਵਾਸਤੇ ਦਿੱਤੇ 'ਵਿਰੋਧੀ ਧਿਰ ਦੀ ਏਕਤਾ' ਦੇ ਸੱਦੇ ਦੇ ਖਿਲਾਫ ਹੈ। ਇਸ ਹਕੀਕਤ ਨੂੰ ਤਸਲੀਮ ਕਰਨ ਤੋਂ ਇਨਕਾਰੀ ਹੁੰਦਿਆਂ ਕਿ ਕਾਂਗਰਸ ਦੀ ਪੁਰਾਣੀ ਵੱਡੀ ਪਾਰਟੀ ਹੋਣ ਦੀ ਬਣੀ ਹੋਈ ਸ਼ਾਨ ਹੁਣ ਬੀਤੇ ਦੀ ਗੱਲ ਹੋ ਗਈ ਹੋ ਸਕਦੀ ਹੈ, ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਇਹੋ ਦਾਅਵਾ ਕੀਤਾ ਕਿ ਵਿਰੋਧੀ ਧਿਰ ਦੀ ਏਕਤਾ ਦੀ ਕੋਈ ਵੀ ਕਾਰਵਾਈ ਯੂ.ਪੀ.ਏ. ਦੀ ਤਰਜ਼ ਉਤੇ ਹੀ ਕੀਤੀ ਜਾਵੇਗੀ ਜਿੱਥੇ ਅਜਿਹੇ ਬਣਨ ਵਾਲੇ ਗੱਠਜੋੜ ਦੀ ਅਗਵਾਈ ਕਾਂਗਰਸ ਕਰੇਗੀ ਕਿਉਂਕਿ ਕਾਂਗਰਸ ਹੀ ਅਜਿਹੀ ਇੱਕੋ-ਇੱਕ ਪਾਰਟੀ ਹੈ ਜਿਸ ਨੇ ਕਦੇ ਵੀ ਭਾਜਪਾ ਨਾਲ ਕੋਈ ਤਾਲਮੇਲ ਜਾਂ ਲੈਣ-ਦੇਣ ਨਹੀਂ ਕੀਤਾ। ਕੀ ਕਾਂਗਰਸ ਨੂੰ ਹਰ ਸਮੇਂ ਆਪਣੀ 'ਬੇਦਾਗ਼' ਵਿਚਾਰਧਾਰਕ 'ਸਾਖ' ਦੀ ਇੰਝ ਨੁਮਾਇਸ਼ ਕਰਨੀ ਚਾਹੀਦੀ ਹੈ? ਕੀ ਸਮਾਜਵਾਦੀ ਪਾਰਟੀ ਵਰਗੀਆਂ ਪਾਰਟੀਆਂ ਨੂੰ ਭਾਜਪਾ ਦੇ ਸਹਿਯੋਗੀ ਕਰਾਰ ਦਿੱਤਾ ਜਾ ਸਕਦਾ ਹੈ। ਜੇ ਕਾਂਗਰਸ ਦੀ ਧਰਮ ਨਿਰਪੱਖਤਾ ਪੱਖੀ ਤੇ ਘੱਟ ਗਿਣਤੀਆਂ ਪੱਖੀ ਸਾਖ ਇੰਨੀ ਹੀ ਜਾਨਦਾਰ ਸੀ ਤਾਂ ਤਿਰੂਵਨੰਤਪੁਰਮ ਤੋਂ ਪਾਰਟੀ ਦੇ ਐੱਮ.ਪੀ. ਸ਼ਸ਼ੀ ਥਰੂਰ ਨੂੰ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਪਲੈਨਰੀ ਸੈਸ਼ਨ ਵਿਚ ਇਸ ਗੱਲ ਉਤੇ ਕਿਉਂ ਜ਼ੋਰ ਦੇਣਾ ਪਿਆ ਕਿ ਪਾਰਟੀ ਗੁਜਰਾਤ ਵਿਚ ਬਿਲਕੀਸ ਬਾਨੋ ਦੇ ਬਲਾਤਕਾਰੀਆਂ ਦੀ ਰਿਹਾਈ, ਗਿਰਜਾ ਘਰਾਂ ਉਤੇ ਹਮਲਿਆਂ, ਗਊ ਰੱਖਿਆ ਦੇ ਨਾਂ ਉਤੇ ਹਜੂਮੀ ਕਤਲਾਂ ਅਤੇ ਮੁਸਲਮਾਨਾਂ ਦੇ ਘਰਾਂ ਉਤੇ ਬੁਲਡੋਜ਼ਰ ਚਲਾਏ ਜਾਣ ਵਰਗੀਆਂ ਕਾਰਵਾਈਆਂ ਖਿਲਾਫ 'ਵਧੇਰੇ ਬੁਲੰਦੀ ਨਾਲ ਆਵਾਜ਼ ਉਠਾ' ਸਕਦੀ ਸੀ।

ਇਸ ਤੱਥ ਦੇ ਹੱਕ ਵਿਚ ਹੋਰ ਵੀ ਕਈ ਸਬੂਤ ਮਿਲੇ ਹਨ ਕਿ ਕਾਂਗਰਸ ਕਿਵੇਂ ਕਿਸੇ ਹੋਰ ਸੰਭਾਵੀ ਭਾਈਵਾਲ ਪਾਰਟੀ ਦੇ ਆਗੂ ਲਈ ਆਪਣੀ ਲੀਡਰਸ਼ਿਪ ਵਾਲੀ ਸਥਿਤੀ ਦਾ ਦਾਅਵਾ ਛੱਡਣ ਲਈ ਤਿਆਰ ਨਹੀਂ ਹੈ। ਮੇਘਾਲਿਆ ਚੋਣਾਂ ਸਮੇਂ ਸ਼ਿਲਾਂਗ ਵਿਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਸੂਬੇ ਵਿਚ ਇਕੱਲਿਆਂ ਚੋਣਾਂ ਲੜਨ ਵਾਲੀ ਤ੍ਰਿਣਮੂਲ ਕਾਂਗਰਸ ਉਤੇ ਜ਼ੋਰਦਾਰ ਹੱਲਾ ਬੋਲਿਆ ਅਤੇ ਪੱਛਮੀ ਬੰਗਾਲ ਵਿਚ ਹਿੰਸਾ ਤੇ ਸ਼ਾਰਦਾ ਘਪਲੇ ਵਰਗੇ ਮੁੱਦੇ ਉਠਾ ਕੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਪਾਰਟੀ ਨੂੰ ਭੰਡਿਆ। ਉਨ੍ਹਾਂ ਨਾਲ ਹੀ ਤ੍ਰਿਣਮੂਲ ਕਾਂਗਰਸ ਵੱਲੋਂ ਗੋਆ ਚੋਣਾਂ ਦੌਰਾਨ ਕੀਤੀ ਗਈ ਫਜ਼ੂਲਖਰਚੀ ਨੂੰ ਇਸ ਦੀ ਭਾਜਪਾ ਦੀ 'ਮਦਦ' ਕਰਨ ਤੇ ਕਾਂਗਰਸ ਨੂੰ ਹਰਾਉਣ ਦੀ 'ਰਵਾਇਤ' ਤੇ ਸੁਭਾਅ ਦੇ ਤੌਰ 'ਤੇ ਪੇਸ਼ ਕੀਤਾ।

ਮੇਘਾਲਿਆ ਦੇ ਆਖਰੀ ਕਾਂਗਰਸੀ ਮੁੱਖ ਮੰਤਰੀ ਮੁਕੁਲ ਸੰਗਮਾ ਇੱਕ ਦਰਜਨ ਵਿਧਾਇਕਾਂ ਨਾਲ ਆਪਣੀ ਪਾਰਟੀ ਨੂੰ ਅਲਵਿਦਾ ਕਹਿ ਕੇ ਤ੍ਰਿਣਮੂਲ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਇਸੇ ਮੌਕੇ ਦੂਜੇ ਪਾਸੇ ਨਾਗਾਲੈਂਡ ਵਿਚ ਇੱਕ ਰੈਲੀ ਦੌਰਾਨ ਖੜਗੇ ਨੇ ਬਿਲਕੁਲ ਸਾਫ ਤੌਰ 'ਤੇ ਆਖਿਆ ਕਿ ਕਾਂਗਰਸ ਹੀ ਵਿਰੋਧੀ ਧਿਰ ਦੇ ਉਸ ਗੱਠਜੋੜ ਦੀ ਅਗਵਾਈ ਕਰੇਗੀ ਜਿਹੜਾ 2024 ਵਿਚ ਕੇਂਦਰ 'ਚ ਸੱਤਾ ਵਿਚ ਆਵੇਗਾ। ਉਨ੍ਹਾਂ ਦਾਅਵਾ ਕੀਤਾ, "ਅਗਵਾਈ ਕਾਂਗਰਸ ਹੀ ਕਰੇਗੀ। ਅਸੀਂ ਦੂਜੀਆਂ ਪਾਰਟੀਆਂ ਨਾਲ ਗੱਲਬਾਤ ਕਰ ਰਹੇ ਹਾਂ। ਕਿਉਂਕਿ ਨਹੀਂ ਤਾਂ ਲੋਕਤੰਤਰ ਅਤੇ ਸੰਵਿਧਾਨ ਜਾਂਦਾ ਰਹੇਗਾ।"

ਧਰਮ ਨਿਰਪੱਖਤਾ ਤੋਂ ਇਲਾਵਾ ਇਹ ਸਪਸ਼ਟ ਹੈ ਕਿ ਕਾਂਗਰਸ ਨੇ ਜਨਤਕ ਪ੍ਰਗਟਾਵੇ ਅਤੇ ਭ੍ਰਿਸ਼ਟਾਚਾਰ ਦੇ ਉਭਾਰ ਸਬੰਧੀ ਵੀ ਮਲਕੀਅਤ ਦੀ ਭਾਵਨਾ ਹਾਸਲ ਕਰ ਲਈ ਹੈ ਜਿਸ ਦੀ ਮਿਸਾਲ ਕੇਂਦਰ ਵੱਲੋਂ ਅਡਾਨੀ ਦੀ ਕਥਿਤ ਸਰਪ੍ਰਸਤੀ ਅਤੇ ਸੰਸਦ ਵਿਚ ਰਾਹੁਲ ਗਾਂਧੀ ਵੱਲੋਂ ਉਠਾਏ ਗਏ ਸਵਾਲਾਂ 'ਤੇ ਇਸ ਦੀ ਖਾਮੋਸ਼ੀ ਤੋਂ ਮਿਲਦੀ ਹੈ। ਰਾਇਪੁਰ ਸੈਸ਼ਨ ਵਿਚ ਆਪਣੀ ਤਕਰੀਰ ਦੌਰਾਨ ਰਾਹੁਲ ਨੇ ਅਡਾਨੀ ਗਰੁੱਪ ਦੀ ਤੁਲਨਾ ਈਸਟ ਇੰਡੀਆ ਕੰਪਨੀ ਨਾਲ ਕੀਤੀ ਅਤੇ ਕਿਹਾ, "ਇਤਿਹਾਸ ਦੁਹਰਾਇਆ ਜਾ ਰਿਹਾ ਹੈ।" ਉਨ੍ਹਾਂ ਨਾਲ ਹੀ ਜ਼ੋਰ ਦੇ ਕੇ ਕਿਹਾ, "ਆਜ਼ਾਦੀ ਅੰਦੋਲਨ ਈਸਟ ਇੰਡੀਆ ਕੰਪਨੀ ਦੇ ਖਿਲਾਫ ਸੀ। ਉਹ ਵੀ ਇੱਕ ਕੰਪਨੀ ਸੀ ਅਤੇ ਕੰਪਨੀ ਨੇ ਭਾਰਤ ਦੀ ਦੌਲਤ, ਬੁਨਿਆਦੀ ਢਾਂਚਾ ਅਤੇ ਬੰਦਰਗਾਹਾਂ ਹਥਿਆ ਲਈਆਂ...।" ਤ੍ਰਿਣਮੂਲ ਕਾਂਗਰਸ ਅਤੇ 'ਆਪ' ਉਤੇ ਭ੍ਰਿਸ਼ਟਾਚਾਰ ਦੇ ਦਾਗ਼ ਲਾਉਣ ਤੋਂ ਬਾਅਦ ਇਹ ਗੱਲ ਸਮਝ ਤੋਂ ਪਰੇ ਹੈ ਕਿ ਵਿਰੋਧੀ ਧਿਰ ਨੂੰ ਕਾਂਗਰਸ ਕਿਵੇਂ ਆਪਣੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਸ਼ਾਮਲ ਕਰ ਸਕਦੀ ਹੈ। ਅਸਲ ਵਿਚ ਇਹ ਹੱਦ ਤੋਂ ਵਧ ਕੇ ਉਮੀਦ ਕਰਨ ਵਾਲੀ ਗੱਲ ਹੈ। ਕਾਂਗਰਸ ਦੀ ਮੂਲ ਯੋਜਨਾ ਦਾ ਸਾਰ ਸਿਰਫ ਇੱਕ ਰਣਨੀਤੀ ਹੈ ਅਤੇ ਉਹ ਇਹ ਕਿ ਰਾਹੁਲ ਗਾਂਧੀ ਨੂੰ ਨਰਿੰਦਰ ਮੋਦੀ ਦੇ ਇੱਕੋ-ਇੱਕ ਵਿਰੋਧੀ ਵਜੋਂ ਸਥਾਪਤ ਕਰਨਾ।

# ਪਰਮਾਤਮਾ ਦੇ ਪਜਾਮੇ ਦਾ ਅਖ਼ੀਰਲਾ ਤਰੋਪਾ!

***ਅਦਬੀ ਜਗਤ ਅੰਦਰ ਰਾਜਿੰਦਰ ਸਿੰਘ ਬੇਦੀ ਦਾ ਮੁਕਾਮ ਬਹੁਤ ਉੱਚਾ ਹੈ। ਉਹਨੇ ਮਨੁੱਖੀ ਮਨ ਦੀਆਂ ਗੁੱਝੀਆਂ ਰਮਜ਼ਾਂ ਫੜਨ ਦਾ ਯਤਨ ਕੀਤਾ ਹੈ। ਇਸ ਲੇਖ ਵਿਚ ਉਸ ਨੇ ਆਪਣੀ ਹਸਤੀ ਅਤੇ ਹੋਣੀ ਦਾ ਜ਼ਿਕਰ ਬੜੇ ਦਿਲਚਸਪ ਢੰਗ ਨਾਲ ਕੀਤਾ ਹੈ। ਉਸ ਦੀਆਂ ਰਚਨਾਵਾਂ ਅੰਦਰ ਗੁੱਝੀਆਂ ਦੇ ਭੇਤ ਇਸ ਤਰ੍ਹਾਂ ਖੁੱਲ੍ਹਦੇ ਜਾਂਦੇ ਹਨ ਕਿ ਪਾਠਕ ਆਪਣੀਆਂ ਉਂਗਲਾਂ ਦੰਦਾਂ ਹੇਠ ਲੈ ਲੈਂਦਾ ਹੈ। ਇਸ ਲੇਖ ਦਾ ਉਰਦੂ ਤੋਂ ਪੰਜਾਬੀ ਵਿਚ ਤਰਜਮਾ (ਮਰਹੂਮ) ਪ੍ਰੋ. ਪ੍ਰੀਤਮ ਸਿੰਘ ਦਾ ਕੀਤਾ ਹੋਇਆ ਹੈ।***

**ਰਾਜਿੰਦਰ ਸਿੰਘ ਬੇਦੀ**
**ਅਨੁਵਾਦ: ਪ੍ਰੋ. ਪ੍ਰੀਤਮ ਸਿੰਘ**

ਮੈਨੂੰ ਅੱਜ ਤਕ ਸਮਝ ਨਹੀਂ ਆਈ ਕਿ ਮੈਂ ਕੌਣ ਹਾਂ। ਸ਼ਾਇਦ ਮੇਰੀ ਏਸ ਗੱਲ ਦੇ ਇਹ ਅਰਥ ਕੱਢੇ ਜਾਣ ਕਿ ਮੈਂ ਜਾਣ ਕੇ ਆਪਣੇ ਆਪ ਨੂੰ ਅੰਞਾਣਾ ਦੱਸ ਰਿਹਾ ਜਾਂ ਸ਼ਾਇਦ ਮੈਂ ਬੜਾ ਨਿਮਾਣਾ ਬੰਦਾ ਹਾਂ ਪਰ ਨਹੀਂ, ਇਹ ਸੱਚ ਨਹੀਂ ਹੈ। ਹਾਂ, ਇਹ ਜ਼ਰੂਰ ਹੋ ਸਕਦੈ ਕਿ ਜਿਹੜਾ ਬੰਦਾ ਆਪਣਾ ਸਿਰ ਕਿਸੇ ਦੇ ਸਾਹਮਣੇ ਨੀਵਾਂ ਨਹੀਂ ਕਰਦਾ ਜਾਂ ਕਿਸੇ ਖ਼ਾਸ ਵਾਦ, 'ਇਜ਼ਮ' ਜਾਂ ਵਿਚਾਰਧਾਰਾ ਦੇ ਮਗਰ ਲੱਗਣ ਲਈ ਤਿਆਰ ਨਹੀਂ ਹੁੰਦਾ, ਉਹ ਅੰਦਰੋਂ ਨਿਮਰਤਾ ਦਾ ਪੁੰਜ ਹੋਵੇ ਤੇ ਜਿਹੜਾ ਜਣੇ-ਖਣੇ ਅੱਗੇ ਹੱਥ ਬੰਨ੍ਹਦਾ ਫਿਰੇ ਤੇ ਨਿਉਂ-ਨਿਉਂ ਕੇ ਯਈਂ-ਯਈਂ ਕਰਦਾ ਹੋਵੇ, ਉਹ ਹਉਮੈ ਦਾ ਪਹਾੜ ਹੋਵੇ!

ਬਲਕਿ ਹੋ ਸਕਦੈ, ਨਿਮਰਤਾ ਦਾ ਬਹੁਤ ਵਿਖਾਵਾ ਕਰਨ ਵਾਲਾ ਬੰਦਾ ਬਹੁਤ ਖਤਰਨਾਕ ਨਿਕਲ ਪਵੇ।

ਅਪਰਾਧੀ ਦੂਣਾ ਨਿਵੈ ਜਿਉ ਹੰਤਾ ਮਿਰਗਾਹਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ)

ਅਪਰਾਧੀ ਹਿਰਨ ਮਾਰਨ ਵਾਲੇ ਸ਼ਿਕਾਰੀ ਦੀ ਤਰ੍ਹਾਂ ਦੂਣਾ ਨਿਉਂਦਾ ਹੈ। ਮੈਨੂੰ ਪਤੈ ਕਿ ਮੈਂ ਹੈਂਕੜਬਾਜ਼ ਨਹੀਂ ਤੇ ਮੇਰਾ ਸੁਭਾਅ ਸਾਦ-ਮੁਰਾਦਾ ਹੈ ਪਰ ਕਦੀ ਮੇਰੇ ਉੱਤੇ ਵੀ ਅਜਿਹਾ ਭੂਤ ਸਵਾਰ ਹੋ ਜਾਂਦੈ, ਜਦੋਂ ਮੈਨੂੰ ਵੇਖ ਕੇ ਕੋਈ ਓਪਰਾ ਬੰਦਾ ਕਹਿ ਸਕਦੈ ਕਿ ਇਹ ਭਲਾ ਲੋਕ ਤਾਂ ਹਉਮੈ ਦਾ ਬੜਾ ਵੱਡਾ ਸ਼ਿਕਾਰ ਹੈ। ਇਹੋ ਜਿਹੇ ਮੌਕੇ ਉਦੋਂ ਆਉਂਦੇ ਨੇ, ਜਦੋਂ ਮੈਂ ਕੋਈ ਸਾਹਿਤਕ ਰਚਨਾ ਕਰਨੀ ਹੁੰਦੀ ਹੈ। ਮਜ਼ਮੂਨ ਮੇਰੇ ਦਿਮਾਗ਼ ਵਿਚ ਹੋਵੇ, ਗੱਲ ਨਵੀਂ ਤੇ ਵੱਖਰੀ ਹੋਵੇ ਅਤੇ ਉਸ ਨੂੰ ਪੇਸ਼ ਕਰਨ ਦੇ ਢੰਗ ਦੇ ਠੀਕ ਤੇ ਫਬਵੇਂ ਹੋਣ ਬਾਰੇ ਮੇਰਾ ਅੰਦਰਲਾ ਹਾਮੀ ਭਰਦਾ ਹੋਵੇ, ਜਦੋਂ ਇਉਂ ਲੱਗੇ ਕਿ ਮੈਂ ਆਪਣੇ ਆਪ ਨੂੰ ਇਕ ਤਿਰਿਆਕਲ ਦੀ ਤਰ੍ਹਾਂ ਵੇਖ ਰਿਹਾ ਹਾਂ ਤਾਂ ਖ਼ਬਰਦਾਰ! ਅੱਗੋਂ ਹਟ ਜਾਓ, ਮੈਂ ਆ ਰਿਹਾਂ! ਬਾ-ਅਦਬ, ਬਾ-ਮੁਲਾਹਿਜ਼ਾ ਹੋਸ਼ਿਆਰ! ਜਾਂ...ਸਾਵਧਾਨ! ਰਾਜ ਰਾਜੇਸ਼ਵਰ, ਚੱਕਰਵਰਤੀ ਸਮਰਾਟ...ਰੰਗ ਭੂਮੀ ਵਿਚ ਪਧਾਰ ਰਹੇ ਨੇ...।

ਇਹੋ ਜਿਹੇ ਕਿਸੇ ਅਹਿਸਾਸ ਤੋਂ ਬਿਨਾ ਲਿਖਣਾ ਸੌਖਾ ਨਹੀਂ ਹੁੰਦਾ, ਇਸ ਲਈ ਮੇਰੀ ਛਿਨ-ਭੰਗਰੀ ਹਉਮੈ, ਨਿਮਰਤਾ ਤੋਂ ਦੁਰੇਡੇ ਨਹੀਂ ਹੁੰਦੀ। ਇਹੋ ਜਿਹੇ ਵੇਲੇ ਮੇਰੇ ਅਤੇ ਕਾਗ਼ਜ਼ ਦੇ ਵਿਚਕਾਰ ਹੋਰ ਕੋਈ ਨਹੀਂ ਹੁੰਦਾ, ਏਸ ਲਈ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ। ਆਪਣੇ ਘਰ ਦੀ ਵਲਗਣ ਵਿਚ ਬੈਠਿਆਂ ਕੋਈ ਆਪਣੇ ਆਪ ਨੂੰ ਸ਼ੇਕਸਪੀਅਰ ਸਮਝਦਾ ਫਿਰੇ ਜਾਂ ਕਾਲੀਦਾਸ, ਇਸ ਨਾਲ ਕਿਸੇ ਦਾ ਕੀ ਵਿਗੜਦੈ। ਹਾਂ, ਲਿਖ ਲੈਣ ਤੋਂ ਪ੍ਰਕਾਸ਼ਕ ਕੋਲ ਪਹੁੰਚਣ ਤਕ ਵੀ ਜੇ ਕੋਈ ਆਪਣੇ ਆਪ ਨੂੰ ਮਹਾਨ ਮੰਨੀ ਰੱਖੇ ਤਾਂ ਘੋਰ ਮੂਰਖ ਸਮਝੋ। ਪਹਿਲਾਂ ਤਾਂ ਕਾਗ਼ਜ਼ ਉੱਤੇ ਉਤਰਦੇ ਸਾਰ ਆਪਣੀ ਔਕਾਤ ਦਾ ਪਤਾ ਲੱਗ ਜਾਂਦੈ, ਨਹੀਂ ਤਾਂ ਮਿੱਤਰ ਦੱਸ ਦੇਂਦੇ ਨੇ ਪਰ ਜੇ ਉਹ ਤੁਹਾਡੀ ਨਿਰਾਦਰੀ ਕਰਨ ਉੱਤੇ ਤੁਲੇ ਹੋਣ ਤਾਂ ਨਹੀਂ ਵੀ ਦੱਸਦੇ।

ਸੋ ਮੈਂ ਕੌਣ ਹਾਂ?

ਆਮ ਤੌਰ ਉੱਤੇ ਇਹੀ ਪੁੱਛਿਆ ਜਾਂਦੈ ਕਿ ਫਲਾਣਾ ਕੌਣ ਹੈ ਜਾਂ ਕੀ ਹੈ; ਮਤਲਬ ਹੁੰਦੈ ਕਿ ਕੰਮ ਕੀ ਕਰਦੈ? ਮੇਰੇ ਉੱਤੇ ਇਹ ਦੋਵੇਂ ਸਵਾਲ ਢੁੱਕਦੇ ਨਹੀਂ ਕਿਉਂਕਿ ਕੁਝ ਲੋਕ ਮੈਨੂੰ ਚੰਗੀ ਤਰ੍ਹਾਂ ਜਾਣਦੇ ਨੇ ਤੇ ਇਹ ਵੀ ਜਾਣਦੇ ਨੇ, ਬਈ ਮੈਂ ਕੀ ਕੰਮ ਕਰਦਾਂ। ਭਲਾ ਹੋਵੇ ਫਿਲਮਾਂ ਦਾ ਜਿਨ੍ਹਾਂ ਨੇ ਮੈਨੂੰ ਨਸ਼ਰ ਕਰ ਦਿੱਤੈ। ਅੱਜ ਦੀ ਦੁਨੀਆ ਇਸ਼ਤਿਹਾਰੀ ਦੁਨੀਆ ਜੁ ਹੋਈ। ਇਸ਼ਤਿਹਾਰੀ ਬੰਦੇ ਵੱਲ ਲੋਕ ਅੱਖਾਂ ਪਾੜ-ਪਾੜ ਵੇਖਦੇ ਨੇ ਪਰ ਇਸ਼ਤਿਹਾਰੀ ਬੰਦੇ ਨੂੰ ਆਪਣੇ ਜਾਣੇ-ਪਛਾਣੇ ਹੋਣ ਦਾ ਜਿਹੜਾ ਮੁੱਲ ਤਾਰਨਾ ਪੈਂਦੈ, ਉਸ ਦਾ ਲੋਕਾਂ ਨੂੰ ਉੱਕਾ ਪਤਾ ਨਹੀਂ ਹੁੰਦਾ ਤੇ ਇਸੇ ਲਈ ਉਨ੍ਹਾਂ ਅੰਦਰ ਮਸ਼ਹੂਰ ਹੋਣ ਦੀ ਲਾਲਸਾ ਭਰੀ ਹੁੰਦੀ ਹੈ। ਮੈਂ ਤਾਂ ਭਲਾ ਨਾ ਤਿੰਨਾਂ ਵਿਚੋਂ ਨਾ ਤੇਰ੍ਹਾਂ ਵਿਚੋਂ ਪਰ ਸਾਡੀਆਂ ਫਿਲਮਾਂ ਦੇ ਹੀਰੋਆਂ ਨੂੰ ਪੁੱਛ ਵੇਖੋ- ਕੀ ਉਹ ਆਪਣੀ ਜ਼ਿੰਦਗੀ ਦਾ ਇਕ ਪਲ ਵੀ ਕੁਦਰਤੀ ਢੰਗ ਨਾਲ ਬਿਤਾ ਸਕਦੇ ਨੇ? ਉਹ ਘਰ ਵਿਚ ਹੋਣ ਤਾਂ ਆਪਣੀ ਘਰ ਵਾਲੀ ਲਈ ਵੀ ਹੀਰੋ ਬਣਨ ਦਾ ਜਤਨ ਕਰਦੇ ਰਹਿੰਦੇ ਨੇ, ਭਾਵੇਂ ਉਨ੍ਹਾਂ ਦੇ ਕਣ-ਕਣ ਨੂੰ ਪਤਾ ਹੁੰਦੈ ਤੇ ਮੁਸਕਰਾ ਕੇ ਕਹਿੰਦੇ ਨੇ:

ਬਹਰ-ਰੰਗੇ ਕਿ ਖ਼ਾਹੀ ਜਾਮਾ ਮੀ ਪੋਸ਼
ਮਨ ਅੰਦਾਜ਼ਿ-ਕਦਤ ਰਾ ਮੀ ਸ਼ਨਾਸਮ

(ਤੂੰ ਭਾਵੇਂ ਕਿਸੇ ਰੰਗ ਦਾ ਭੇਸ ਧਾਰ ਕੇ ਆ ਜਾ, ਮੈਂ ਤੈਨੂੰ ਤੇਰੇ ਕੱਦ ਦੇ ਅੰਦਾਜ਼ ਤੋਂ ਝੱਟ ਸਿਆਣ ਲਵਾਂਗਾ)

ਮੈਂ ਆਪਣੇ ਆਪ ਨੂੰ ਵੇਖਦਾਂ ਤਾਂ ਮੇਰੇ ਚੇਤੇ ਵਿਚ ਉਹ ਕੁੱਤਾ ਉੱਭਰ ਆਉਂਦੈ (ਏਥੇ ਵੀ ਮੈਂ ਨਿਮਰਤਾ ਨਹੀਂ ਵਿਖਾ ਰਿਹਾ) ਜਿਸ ਨੂੰ ਇਕ ਡਾਇਰੈਕਟਰ ਨੇ ਆਪਣੀ ਫਿਲਮ ਵਿਚ ਲੈ ਲਿਆ ਸੀ। ਕੁੱਤਾ ਫਿਲਮ ਦੀ ਲੜੀ ਵਿਚ ਗੁੰਦਿਆ ਗਿਆ, ਜਾਣੀ ਕਿ ਬਾਰ੍ਹਵੇਂ ਸੀਨ ਵਿਚ ਆਇਆ ਤਾਂ ਇਕਵੰਜਵੇਂ ਸੀਨ ਵਿਚ ਵੀ ਉਸ ਦੀ ਲੋੜ ਸੀ ਪਰ ਉਹ ਸੀਨ ਫਿਲਮਾਇਆ ਜਾਣਾ ਸੀ ਛਿਆਂ ਮਹੀਨਿਆਂ ਤੋਂ ਪਿੱਛੋਂ। ਵਿਚਾਰਾ ਚੰਗਾ-ਭਲਾ ਕੁੱਤਾ ਸੀ, ਬਾਜ਼ਾਰ ਵਿਚ ਭਉਂਦਾ, ਕੂੜੇ ਦੇ ਢੇਰ ਜਾਂ ਹਰ ਥਾਂ-ਕੁਥਾਂ ਖਾਣ ਲਈ ਕੋਈ ਚੀਜ਼ ਲੱਭਦਾ ਫਿਰੇ ਪਰ ਫਿਲਮ ਵਿਚ ਆ ਜਾਣ ਦੇ ਪਿੱਛੋਂ ਉਹ ਤਿਜਾਰਤੀ ਜਿਨਸ ਬਣ ਗਿਆ ਜਿਸ ਦੀ ਵਿਕਰੀ ਹੋ ਸਕਦੀ ਸੀ, ਜਿਸ ਦਾ ਭਾਅ ਲੱਗ ਸਕਦਾ ਸੀ; ਸੋ ਡਾਇਰੈਕਟਰ ਸਾਹਿਬ ਨੇ ਉਸ ਨੂੰ ਬੰਨ੍ਹ ਕੇ ਰੱਖ ਲਿਆ। ਹੁਣ ਵਿਚਾਰੇ ਨੂੰ ਦਿਹਾੜੀ ਵਿਚ ਤਿੰਨ-ਚਾਰ ਵਾਰ ਖਾਣਾ ਪੈਂਦਾ, ਸੌਣ ਲਈ ਗੱਦਿਆਂ ਦੀ ਵਰਤੋਂ ਕਰਨੀ ਪੈਂਦੀ। ਜ਼ੁਕਾਮ ਲਗਦਾ ਤਾਂ ਡੰਗਰ ਡਾਕਟਰ ਨੂੰ ਬੁਲਾਇਆ ਜਾਂਦਾ। ਜਦੋਂ ਕੋਈ ਉਸ ਦੇ ਨੇੜੇ ਆਉਂਦਾ, ਕੁੱਤਾ ਉਸ ਲਈ ਜ਼ੋਰ-ਜ਼ੋਰ ਦੀ ਪੂਛ ਹਿਲਾਉਂਦਾ। ਉਹ ਮਨੁੱਖ ਨੂੰ ਫਰਿਸ਼ਤਾ ਮੰਨ ਬੈਠਾ- ਜਿੰਨੀ ਕੁ ਕੁੱਤੇ ਨੂੰ ਬੰਦੇ ਅਤੇ ਫ਼ਰਿਸ਼ਤੇ ਵਿਚ ਫ਼ਰਕ ਦੀ ਸੋਝੀ ਹੁੰਦੀ ਹੋਵੇਗੀ- ਸੋ, ਫਿਲਮ ਬਣਦੀ ਰਹੀ ਤੇ ਕੁੱਤਾ ਸਾਹਿਬ ਮੌਜਾਂ ਮਾਣਦੇ ਰਹੇ। ਜਿਸ ਵੇਲੇ ਫਿਲਮ ਪੂਰੀ ਹੋ ਗਈ, ਕੁੱਤੇ ਨੂੰ ਖੋਲ੍ਹ ਦਿੱਤਾ ਗਿਆ ਪਰ ਹੁਣ ਉਸ ਨੂੰ ਕੂੜੇ ਦੇ ਢੇਰ ਫਰੋਲ ਕੇ ਢਿੱਡ ਭਰਨ ਦੀ ਆਦਤ ਨਹੀਂ ਸੀ ਰਹੀ। ਉਹ ਮੁੜ-ਮੁੜ ਓਸੇ ਟਿਕਾਣੇ ਉੱਤੇ ਪਹੁੰਚਦਾ ਤੇ ਪਹਿਲਾਂ ਨਾਲੋਂ ਵੀ ਵੱਧ ਜ਼ੋਰ ਦੀ ਪੂਛ ਹਿਲਾਉਂਦਾ ਪਰ ਇਸ ਦੇ ਜਵਾਬ ਵਿਚ ਉਸ ਨੂੰ ਮਿਲਦੇ ਠੁੱਡੇ। ਉਹ ਚਿਆਂ-ਚਿਆਂ ਕਰਦਾ ਉਥੋਂ ਭੱਜ ਖਲੋਂਦਾ ਪਰ ਟੱਕਰਾਂ ਮਾਰ-ਮਾਰ ਕੇ ਫੇਰ ਓਥੇ ਦਾ ਓਥੇ...ਓਹੀ ਖੁਆਰੀ, ਓਹੀ ਚੱਕਰ, ਓਹੀ ਗਾਲ਼-ਮੰਦਾ...ਡਾਇਰੈਕਟਰ ਕੁੱਤਾ ਨਹੀਂ, ਮਨੁੱਖ ਹੈ!


ਰਾਜਿੰਦਰ ਸਿੰਘ ਬੇਦੀ

ਇਹ ਹਾਲਤ ਹੁੰਦੀ ਹੈ ਓਸ ਬੰਦੇ ਦੀ ਜਿਸ ਵਿਚ ਨਾਂ ਪੈਦਾ ਕਰਨ ਦਾ ਝੱਲ ਕੁੱਦ ਪੈਂਦੈ ਜਾਂ ਜ਼ਿੰਦਗੀ ਵਿਚ ਕਿਸੇ ਮਰਾਤਬੇ ਜਾਂ ਪਦਵੀ ਦੀ ਭੁੱਖ ਚਮਕ ਪੈਂਦੀ ਹੈ; ਜਿਹੜਾ ਮਜ਼ਹਬ ਜਾਂ ਸਿਆਸਤ ਨੂੰ ਆਪਣੀ ਮੁੱਠ ਵਿਚ ਬੰਦ ਕਰੀ ਰੱਖਣ ਲਈ ਪੈਸੇ ਜੋੜਨੇ ਚਾਹੁੰਦੈ; ਲੋਲਿਤਾ ਦੇ ਹੀਰੋ ਵਾਂਗ ਕਿਸੇ ਮਾਨਸਿਕ ਉਲਝਣ ਦਾ ਸ਼ਿਕਾਰ ਹੋ ਜਾਏ, ਮਜ਼ੇ ਉਡਾਏ ਤੇ ਲੋਕ ਵਾਹ-ਵਾਹ ਪਏ ਕਰਨ। ਵੱਡੇ ਲੋਕਾਂ ਦੇ ਚੋਂਚਲੇ ਨੇ! ਪ੍ਰਸਿੱਧੀ, ਪਦਵੀ, ਮਰਾਤਬਾ, ਪੈਸਾ ਮਿਲ ਜਾਏ ਤਾਂ ਹਰ ਭਲਾ ਆਦਮੀ ਇਨ੍ਹਾਂ ਦਾ ਤਿਆਗ ਕਰਨਾ ਚਾਹੁੰਦੇ ਪਰ ਮੈਂ ਤਾਂ 'ਕੰਬਲ ਛੱਡਦਾਂ, ਕੰਬਲ ਮੈਨੂੰ ਨਹੀਂ ਛੱਡਦਾ' ਵਾਂਗ ਇਹ ਚੀਜ਼ਾਂ ਵੀ ਉਸ ਦਾ ਪਿੱਛਾ ਨਹੀਂ ਛੱਡਦੀਆਂ। ਇਹ ਗੱਲ ਵੀ ਵੇਖਣ ਵਾਲੀ ਹੁੰਦੀ ਹੈ ਕਿ ਬੰਦਾ ਫੋਕੀਆਂ ਬੰਦੂਕਾਂ ਈ ਚਲਾਉਂਦੈ ਕਿ ਸੱਚੀ-ਮੁੱਚੀ ਇਨ੍ਹਾਂ ਵਸਤਾਂ ਦਾ ਤਿਆਗ ਕਰ ਵੀ ਸਕਦੈ।

ਇਕ ਵਾਰੀ ਦੀ ਗੱਲ ਹੈ, ਮੈਨੂੰ ਮੇਰਾ ਇਕ ਪ੍ਰਸੰਸਕ ਟੱਕਰ ਪਿਆ। ਉਸ ਨੇ ਮੇਰੀਆਂ ਕਹਾਣੀਆਂ ਪੜ੍ਹੀਆਂ ਹੋਈਆਂ ਸਨ। ਇਹ ਭੱਦਰ ਪੁਰਸ਼ ਉਨ੍ਹਾਂ ਲੋਕਾਂ ਵਿਚੋਂ ਸੀ ਜੋ ਜੀਵਨ ਦਾ ਭੇਤ ਜਾਣਦੇ ਨੇ। ਕੁਝ ਉਰਲੀਆਂ-ਪਰਲੀਆਂ ਮਾਰਨ ਪਿੱਛੋਂ ਉਹ ਸਿੱਧਾ ਮਤਲਬ ਦੀ ਗੱਲ ਵੱਲ ਆ ਗਿਆ-

"ਬੇਦੀ ਜੀ... ਤੁਸੀਂ ਮਹਾਨ ਜੇ।"

"ਜੀ?" ਮੈਂ ਘਬਰਾ ਕੇ ਕਿਹਾ, "ਮੈਂ ਤਾਂ ਜੀ ਕੁਝ ਵੀ ਨਹੀਂ।"

ਤੇ ਜਦੋਂ ਉਸ ਨੇ ਮੇਰੀ ਹਾਂ ਵਿਚ ਹਾਂ ਮਿਲਾਈ ਤਾਂ ਮੈਨੂੰ ਬੜਾ ਗੁੱਸਾ ਆਇਆ। 'ਮੈਂ ਕੌਣ ਹਾਂ? ਕੀ ਹਾਂ?' ਵਰਗੇ ਸਵਾਲ ਮੁੱਕ ਗਏ। ਅਸਲ ਵਿਚ ਇਹ ਸਵਾਲ ਮੇਰੇ ਉੱਤੇ ਲਾਗੂ ਹੀ ਨਹੀਂ ਹੁੰਦੇ। ਮੈਂ ਤਾਂ ਉਨ੍ਹਾਂ ਵਿਚੋਂ ਹਾਂ ਜਿਨ੍ਹਾਂ ਕੋਲੋਂ ਪੁੱਛਣਾ ਚਾਹੀਦੈ, "ਤੁਸੀਂ ਕਿਉਂ ਹੋ?"

ਮੈਂ ਇਹ ਵੀ ਨਹੀਂ ਜਾਣਦਾ।

ਵਾਕਈ, ਨਿੱਤ ਕਰੋੜਾਂ ਜੀਵ ਪੈਦਾ ਹੁੰਦੇ ਨੇ। ਇਹੋ ਜਿਹਿਆਂ ਵਿਚੋਂ ਇਕ ਦਿਨ ਅਚਾਨਕ ਮੈਂ ਵੀ ਜੰਮ ਪਿਆ। ਮਾਂ ਖ਼ੁਸ਼ ਹੋਈ ਹੋਵੇਗੀ, ਪਿਉ ਨੂੰ ਵੀ ਖ਼ੁਸ਼ੀ ਹੋਈ ਹੋਊ ਪਰ ਸੱਜੇ ਪਾਸੇ ਦੇ ਗਵਾਂਢੀ ਨੂੰ ਕੋਈ ਪਤਾ ਨਹੀਂ ਸੀ ਤੇ ਗਵਾਂਢੀ ਨੂੰ ਪਤਾ ਲੱਗਣਾ ਕਿਤੇ ਚੰਗੀ ਗੱਲ ਹੁੰਦੀ ਹੈ? ਪੱਕੀ ਗੱਲ ਹੈ, ਉਹ ਵਧਾਈ ਦੇਣ ਆਇਆ ਹੋਵੇਗਾ ਪਰ ਰਸਮੀ ਜਿਹੀ। ਮੇਰੇ ਜੰਮਣ ਉੱਤੇ ਭਲਾ ਉਸ ਨੂੰ ਕੀ ਖ਼ੁਸ਼ੀ ਹੋ ਸਕਦੀ ਸੀ? ਉਲਟਾ ਸਗੋਂ ਉਸ ਦੇ ਮੁੰਡੇ ਪੰਨਾ ਲਾਲ ਦਾ ਸ਼ਰੀਕ ਜੰਮ ਪਿਆ ਸੀ...ਉਸ ਦਾ ਵੈਰੀ। ਉਸ ਦੀ ਜੰਮਣ ਵਾਲੀ ਕੁੜੀ ਲਈ ਖ਼ਾਹ-ਮਖ਼ਾਹ ਦਾ ਖ਼ਤਰਾ...ਸੋ ਇਹ ਤਾਂ ਇਕ ਤਰ੍ਹਾਂ ਦਾ ਨੇਮ ਬਣਿਆ ਹੋਇਐ ਕਿ ਜਦੋਂ ਰਾਜਿੰਦਰ ਸਿੰਘ ਬੇਦੀ ਜੰਮੇ, ਮੁਬਾਰਕ ਦਿਓ, ਚੂਹੜ ਸਿੰਘ ਜੰਮ ਪਵੇ ਤਾਂ ਵੀ ਵਧਾਈ ਦਿਓ, ਢਿੱਲੂ ਰਾਮ ਜਾਂ ਚਮੰਨੇ ਖ਼ਾਨ ਹੁਰੀਂ ਜੰਮ ਪੈਣ ਤਾਂ ਵੀ ਖ਼ੁਸ਼ੀ ਮਨਾਓ, ਢੋਲ ਵਜਾਓ...।


ਇੱਕ ਚਿੱਤਰਕਾਰ ਦੀ ਨਜ਼ਰ ਵਿਚ ਰਾਜਿੰਦਰ ਸਿੰਘ ਬੇਦੀ।

ਟੈਗੋਰ ਹੁਰੀਂ ਫ਼ਰਮਾਉਂਦੇ ਨੇ ਕਿ ਦੁਨੀਆ ਵਿਚ ਨਿਤ ਏਨੇ ਮਨੁੱਖਾਂ ਦੇ ਜੰਮਣ ਤੋਂ ਪਤਾ ਲਗਦੈ ਕਿ ਪਰਮਾਤਮਾ ਮਨੁੱਖ ਬਣਾਉਣ ਤੋਂ ਥੱਕਿਆ ਨਹੀਂ। ਪਰਮਾਤਮਾ ਦਾ ਕਿੰਨਾ ਹਸਾਉਣਾ ਅਤਿਆਚਾਰ ਹੈ...ਕਿਉਂਕਿ ਉਹ ਥੱਕ ਨਹੀਂ ਸਕਦਾ, ਏਸ ਲਈ ਦਬਾ-ਸੱਟ ਬੰਦੇ ਸਾਜੀ ਚੱਲੋ!

ਬੇਕਾਰ ਮਬਾਸ਼, ਕੁਛ ਕੀਆ ਕਰ,
ਨੇਫ਼ਾ ਹੀ ਉਧੇੜ ਕੇ ਸੀਆ ਕਰ।

(ਵਿਹਲੇ ਨਾ ਬੈਠੋ, ਕੁਝ ਨਾ ਕੁਝ ਕਰਦੇ ਈ ਰਹੋ, ਭਾਵੇਂ ਨੇਫ਼ਾ ਉਧੇੜ ਕੇ ਮੁੜ ਸੀਉਣ ਦਾ ਕੰਮ ਹੀ ਕਿਉਂ ਨਾ ਹੋਵੇ!)

ਸੋ ਮੈਂ, ਪਰਮਾਤਮਾ ਦੇ ਪਜਾਮੇ ਦਾ ਅਖ਼ੀਰਲਾ ਤਰੋਪਾ, ਕੇਵਲ ਮਹਾਂ ਕਵੀ ਟੈਗੋਰ ਦੇ ਕਥਨ ਦਾ ਪ੍ਰਮਾਣ ਬਣਨ ਲਈ, ਪਹਿਲੀ ਸਤੰਬਰ 1915 ਦੀ ਸਵੇਰ ਨੂੰ ਲਾਹੌਰ ਵਿਚ ਤਿੰਨ ਵਜ ਕੇ 47 ਮਿੰਟ ਉੱਤੇ ਪੈਦਾ ਹੋ ਗਿਆ...ਰਾਮ ਤੇ ਰਹੀਮ ਦੋਨੋਂ ਭੁੱਲ ਗਏ ਕਿ ਇਹ ਦੁਨੀਆ ਦੁੱਖਾਂ ਦਾ ਘਰ ਨਹੀਂ, ਨਹੀਂ ਤਾਂ ਮੈਨੂੰ ਇਸ ਦੁਨੀਆ ਵਿਚ ਭੇਜਣਾ ਕਿੱਥੋਂ ਦੀ ਰਹਿਮਤ ਸੀ? ਬਲਕਿ ਸ਼ਾਸਤਰਾਂ ਅਨੁਸਾਰ ਕੋਈ ਬਦਲਾ ਲੈਣ ਲਈ, ਪਿਛਲੇ ਜਨਮ ਵਿਚ ਕੀਤੇ ਕਰਮਾਂ ਕਰ ਕੇ ਜਿਨ੍ਹਾਂ ਨੂੰ ਮੁਆਫ਼ ਕਰਨ ਦੀ ਸਮਰੱਥਾ ਪਰਮਾਤਮਾ ਦੀ ਕਿਰਪਾ ਵਿਚ ਵੀ ਨਹੀਂ ਸੀ, ਮੈਨੂੰ ਇਸ ਦੁਨੀਆ ਵਿਚ ਭੇਜ ਦਿੱਤਾ ਗਿਆ।

ਜਿਵੇਂ ਹਰ ਮਾਂ-ਪਿਉ ਦੀ ਆਦਤ ਹੁੰਦੀ ਹੈ ਕਿ ਸਾਡਾ ਪੁੱਤਰ ਕਲੈਕਟਰ ਬਣੇ, ਉਸੇ ਤਰ੍ਹਾਂ ਮੇਰੇ ਮਾਂ-ਪਿਉ ਦੀ ਵੀ ਇਹੀ ਇੱਛਾ ਸੀ। ਇਸ ਵਿਚ ਉਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਸੀ? ਉਨ੍ਹਾਂ ਦੀ ਸੋਚ ਦੀ ਦੌੜ ਕਲੈਕਟਰੀ ਤਕ ਹੀ ਹੋ ਸਕਦੀ ਸੀ, ਉਨ੍ਹਾਂ ਨੂੰ ਕੀ ਪਤਾ ਸੀ ਕਿ ਕੋਈ ਹੋਰ ਅਜਿਹਾ ਬੰਦਾ ਵੀ ਹੋ ਸਕਦੈ ਜਿਸ ਨੂੰ ਕਲੈਕਟਰ ਵੀ ਨਿਉਂ-ਨਿਉਂ ਕੇ ਸਲਾਮਾਂ ਕਰਨ। ਇਕ ਸਿੱਧੜ ਜਿਹਾ ਜੱਟ ਆਪਣੇ ਕਿਸੇ ਮਾਲੀਏ ਦੇ ਰੌਲੇ ਪਿੱਛੇ ਤਸੀਲਦਾਰ ਦੇ ਪੇਸ਼ ਹੋਇਆ। ਤਸੀਲਦਾਰ ਨੇ ਜੱਟ ਦੇ ਹੱਕ ਵਿਚ ਫ਼ੈਸਲਾ ਦੇ ਦਿੱਤਾ। ਜੱਟ ਨੇ ਖ਼ੁਸ਼ ਹੋ ਕੇ ਦੁਆ ਦਿੱਤੀ, "ਤਸੀਲਦਾਰ ਜੀ, ਰੱਬ ਤੁਹਾਨੂੰ ਪਟਵਾਰੀ ਬਣਾਏ...!"

ਕੰਪੀਟੀਸ਼ਨ ਦੀ ਏਸ ਦੁਨੀਆ ਵਿਚ ਲੋਕ ਵੱਡੇ-ਵੱਡੇ ਹਵਾਲੇ ਦਿੰਦੇ ਨੇ। ਇਹ ਅਜਿਹੀ ਸਾਜ਼ਿਸ਼ ਹੈ ਜਿਸ ਦਾ ਸ਼ਿਕਾਰ ਹਰ ਬੰਦਾ ਹੋ ਜਾਂਦੈ। ਮਸਲਨ, ਕਿਹਾ ਜਾਂਦੈ ਕਿ ਲਿੰਕਨ 'ਲੌਗ ਕੇਬਿਨ' (ਛੋਟਾ ਜਿਹਾ ਘਰ) ਵਿਚ ਜੰਮ ਕੇ ਸਟੇਟਸ (ਅਮਰੀਕਾ) ਦਾ ਪ੍ਰੈਜ਼ੀਡੈਂਟ ਬਣਿਆ। ਲੌਗ ਕੇਬਿਨ ਤੋਂ ਪ੍ਰੈਜ਼ੀਡੈਂਟ ਦੀ ਗੱਲ ਕਰਨ ਵਾਲੇ ਭੁੱਲ ਜਾਂਦੇ ਨੇ ਕਿ ਝੁੱਗੀ ਤੋਂ ਰਾਜ ਭਵਨ ਤਕ ਪਹੁੰਚਣ ਵਾਲੇ ਹੈਨ ਕਿੰਨੇ ਕੁ? ਏਸੇ ਭੁਲੇਖੇ, ਏਸੇ ਸਾਜ਼ਿਸ਼ ਦਾ ਸ਼ਿਕਾਰ ਬਣ ਕੇ ਲੱਖਾਂ-ਕਰੋੜਾਂ ਬੰਦੇ ਬੇਮੁਰਾਦ ਤੁਰ ਜਾਂਦੇ ਨੇ:

ਅਜ਼ਲ ਹੈ ਲਾਖੋਂ ਸਿਤਾਰੋਂ ਕੀ ਇਕ ਵਲਾਦਤਿ ਮਿਹਰ!

(ਇਕੱਲੇ ਸੂਰਜ ਦਾ ਜਨਮ ਲੱਖਾਂ ਤਾਰਿਆਂ ਦੀ ਮੌਤ ਦਾ ਕਾਰਨ ਬਣਦੈ)

ਜੇ ਫੇਰ ਵੀ ਤੁਸੀਂ ਖ਼ੁਦਾ ਦੀ ਖ਼ੁਦਾਈ ਤੇ ਉਸ ਦੀ ਖ਼ਲਕਤ ਨਾਲ ਅਨਿਆਂ ਕਰਨਾ ਚਾਹੋ ਤਾਂ ਤੁਹਾਡੀ ਮਰਜ਼ੀ।

ਮੈਂ ਰੋਗੀ ਬੱਚਾ ਸਾਂ, ਰੋਗੀ ਮਾਂ ਦਾ ਪੁੱਤਰ। ਟਾਈਫਾਈਡ ਬੁਖ਼ਾਰ ਵਿਚ ਮੈਨੂੰ ਉਨ੍ਹਾਂ ਅਰੂਪ ਝਟਕਿਆਂ ਦੇ ਤਜਰਬੇ ਹੋਏ ਜਿਨ੍ਹਾਂ ਦਾ ਕੇਂਦਰ ਰੋਗੀ ਆਪ ਹੁੰਦੈ ਤੇ ਉਸ ਨੂੰ ਇਉਂ ਲੱਗਣ ਲੱਗ ਪੈਂਦੇ ਜਿਵੇਂ ਉਸ ਨੂੰ ਜੀਵਨ ਦੇ ਗੋਪੀਏ ਵਿਚ ਪਾ ਕੇ ਵਾਰ-ਵਾਰ ਦੂਰ ਕਿਤੇ ਮੌਤ ਦੇ ਦਿਸਹੱਦੇ ਦੇ ਪਾਰ ਸੁੱਟਿਆ ਜਾ ਰਿਹਾ ਹੋਵੇ। ਮੈਂ ਆਪਣੇ ਸਿਰਹਾਣੇ ਵਿਚ ਅੱਖਾਂ ਤੁੰਨ ਕੇ ਇਕ ਦੂਜੇ ਵਿਚ ਘੁਲਦੇ ਉਹ ਹਜ਼ਾਰਾਂ ਰੰਗ ਵੇਖੇ ਨੇ ਜੋ ਬੁਰਸ਼ ਦੀ ਮਾਰ ਹੇਠ ਨਹੀਂ ਆ ਸਕਦੇ ਤੇ ਨਾ ਇਕ ਦੂਜੇ ਤੋਂ ਨਿਖੇੜੇ ਜਾ ਸਕਦੇ ਨੇ।...ਅਸਮਾਨੀ ਪੀਂਘ ਇਨ੍ਹਾਂ ਰੰਗਾਂ ਦੀ ਹੱਦਬੰਦੀ ਨਹੀਂ ਕਰ ਸਕਦੀ। ਮੈਂ ਉਹ ਹੰਝੂ ਕੇਰੇ ਨੇ ਜੋ ਨਾ ਲੂਣੇ ਸਨ, ਨਾ ਮਿੱਠੇ ਤੇ ਜੋ ਸੁਆਦ ਦੀ ਕੈਦ ਵਿਚ ਨਹੀਂ ਆਉਂਦੇ ਤੇ ਜਿਨ੍ਹਾਂ ਨੂੰ ਮਾਂ, ਪਿਉ, ਭੈਣ, ਭਰਾ ਤਾਂ ਕੀ, ਪ੍ਰੇਮਿਕਾ ਵੀ ਪੂੰਝ ਨਹੀਂ ਸਕਦੀ। ਸੈਂਕੜੇ ਵਾਰ ਮੈਂ ਕਿਸੇ ਨਿਰਜਨ ਉਜਾੜ ਵਿਚ ਇਕੱਲੇ ਖੜੋਤਿਆਂ ਘੋਰ ਡਰ ਦੀ ਨਪੀੜ ਵਿਚ ਫਸੇ ਨੇ, ਉਹ ਅਨੁਭਵ ਹੰਢਾਏ ਨੇ ਜਿਨ੍ਹਾਂ ਵਿਚ ਕਰੋੜਾਂ ਜੋਜਨਾਂ (5 ਤੋਂ 9 ਮੀਲ ਤੱਕ ਦੂਰੀ) ਤਕ ਨਾ ਕੋਈ ਬੰਦਾ ਹੁੰਦਾ ਸੀ, ਨਾ ਬੰਦੇ ਦੀ ਜ਼ਾਤ...ਏਥੋਂ ਤਕ ਕਿ ਮੈਂ ਵੀ ਨਹੀਂ ਸਾਂ ਹੁੰਦਾ...ਕਈ ਵਾਰ ਮੈਂ ਇੰਗਲੈਂਡ ਦਾ ਉਹ ਬਾਜ਼ਾਰ ਵੇਖਿਐ ਜਾਂ ਬਨਾਰਸ ਦਾ ਉਹ ਘਾਟ ਜਿੱਥੇ ਮੈਂ ਪਿਛਲੇ ਜਨਮਾਂ ਵਿਚ ਜੰਮਿਆ ਸੀ...ਗੰਗਾ ਦਾ ਹੜ੍ਹ ਉੱਤਰ ਚੁੱਕੈ ਤੇ ਕੰਢਿਆਂ ਦੇ ਕੋਲ ਲਾਲ ਭਾਅ ਮਾਰਦੀ ਪੀਲੀ ਮਿੱਟੀ ਵਿਚ ਹਜ਼ਾਰਾਂ ਨਦੀਆਂ ਛੱਡ ਗਿਐ, ਜਿੱਥੇ ਵੀ ਪੈਰ ਟਿਕਦੈ, ਓਥੋਂ ਹੀ ਇਕ ਹੋਰ ਨਦੀ ਵਹਿ ਤੁਰਦੀ ਹੈ...ਓਥੇ ਸਿਰ 'ਤੇ ਬੇਦੀ ਵਾਲਾ, ਸ਼ਾਮ ਰੰਗ ਦਾ ਅੱਠ ਨੌਂ ਸਾਲ ਦਾ ਨੰਗ-ਧੜੰਗ ਬੱਚਾ, ਤੜਾਗੀ ਬੰਨ੍ਹੀ ਖੜ੍ਹੈ ਤੇ ਉਹ ਮੈਂ ਹਾਂ...

ਇਸ ਤੋਂ ਪਹਿਲਾਂ ਕਿ ਮੈਂ ਵੱਡਾ ਹੋ ਕੇ ਆਪਣੀਆਂ ਨਸਾਂ ਨੂੰ ਬਦਕਾਰੀ ਤੇ ਕਾਰੋਬਾਰੀ ਘਟਨਾਵਾਂ ਵਿਚ ਬਰਬਾਦ ਕਰਦਾ, ਮੇਰੇ ਪੰਠੇ ਜਵਾਬ ਦੇ ਚੁੱਕੇ ਸਨ। ਮਮੂਲੀ ਜਿਹੀ ਗੱਲ ਉੱਤੇ ਵਿਟਰ ਖਲੋਣਾ...ਰੀਂ-ਰੀਂ, ਰੂੰ-ਰੂੰ ਕਰਨ ਲਈ ਕਿਸੇ ਵੱਡੇ ਬਹਾਨੇ ਦੀ ਲੋੜ ਨਹੀਂ ਸੀ ਹੁੰਦੀ...ਛਿੱਥੀ ਪੈ ਕੇ ਮਾਂ ਮੈਨੂੰ ਪਰੇ ਵਗਾਹ ਮਾਰਦੀ ਕਿਉਂਕਿ ਮੈਂ ਉਸ ਦੀ ਰੋਗੀ ਛਾਤੀ ਨੂੰ ਚੂੰਡਣੋਂ ਨਹੀਂ ਸਾਂ ਹਟਦਾ...ਮਾਂ ਤੂੰ ਆਪ ਰਹੇਂ ਭਾਵੇਂ ਨਾ, ਮੈਨੂੰ ਮੇਰਾ ਦੁੱਧ ਚਾਹੀਦੈ... ਮੈਂ ਅੱਜ ਤੱਕ ਪੁਕਾਰ ਰਿਹਾਂ... "ਮਾਂ! ਮੈਨੂੰ ਮੇਰਾ ਦੁੱਧ ਦੇ ਦੇ" ਪਰ ਮਾਂ ਕਿਤੇ ਹੈ ਨਹੀਂ...ਤੁਹਾਨੂੰ ਪਤੈ ਨਾ, ਇਸ ਦਾ ਕੀ ਅਰਥ ਹੈ? ਮਾਂ ਕਿਤੇ ਹੈ ਨਹੀਂ...ਮਾਂ ਮੈਨੂੰ ਵਗਾਹ ਕੇ ਪਰੇ ਸੁੱਟ ਦੇਣ ਪਿੱਛੋਂ ਅਥਾਹ ਮਮਤਾ ਨਾਲ ਭਰੀ, ਫੇਰ ਚੁੱਕ ਲੈਂਦੀ ਸੀ। ਉਸ ਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਨੂੰ ਰੱਖੇ ਜਾਂ ਸੁੱਟੇ...।

ਮੈਂ ਕਈ ਵਾਰ ਮਰਿਆ ਤੇ ਕਈ ਵਾਰ ਹੀ ਜੀਵਿਆ। ਹਰ ਚੀਜ਼ ਨੂੰ ਵੇਖ ਕੇ ਹੈਰਾਨ ਤੇ ਹਰ ਘਟਨਾ ਦੇ ਬਾਅਦ ਪਰੇਸ਼ਾਨ। ਨਾ ਮੇਰੀ ਹੈਰਾਨੀ ਦਾ ਕੋਈ ਅੰਤ ਸੀ, ਨਾ ਪਰੇਸ਼ਾਨੀ ਦਾ। ਮੈਨੂੰ ਪਿੱਛੋਂ ਪਤਾ ਲੱਗਿਆ ਕਿ ਜੋਤਸ਼ ਲਵਾਇਆ ਗਿਆ ਸੀ ਤੇ ਜੋਤਸ਼ੀ ਨੇ ਦੱਸਿਆ ਸੀ ਕਿ ਲਗਨ ਵਿਚ ਕੇਤੂ ਪਿਆ ਹੋਇਐ ਤੇ ਬ੍ਰਿਹਸਪਤ ਆਪਣੇ ਘਰ ਤੋਂ ਬੁੱਧ ਉੱਤੇ ਦ੍ਰਿਸ਼ਟੀ ਪਾਉਂਦੈ ਕਿ ਇਹ ਬਾਲਕ ਬੜਾ ਵੱਡਾ ਕਲਾਕਾਰ ਬਣੇਗਾ ਪਰ ਕਿਉਂਕਿ ਸ਼ਨੀ ਦੀ ਦ੍ਰਿਸ਼ਟੀ ਵੀ ਹੈ, ਇਸ ਲਈ ਇਸ ਦਾ ਨਾਂ ਇਸ ਦੇ ਮਰਨ ਪਿੱਛੋਂ ਚਮਕੇਗਾ। ਸੂਰਯ, ਧਨ ਤੇ ਲਾਭ ਵਾਲੇ ਅਸਥਾਨ ਉੱਤੇ ਪਿਐ ਤੇ ਇਸੇ ਘਰ ਵਿਚ ਹੀ ਸ਼ੁੱਕਰ ਵੀ ਮੌਜੂਦ ਹੈ ਪਰ ਸੂਰਯ ਨੇ ਉਸ ਨੂੰ ਆਪਣੇ ਤੇਜ਼ ਪ੍ਰਤਾਪ ਨਾਲ ਦੱਬ ਲਿਐ। ਸ਼ਨੀ ਕਿਉਂਕਿ ਸ਼ੁੱਕਰ ਨੂੰ ਵੇਖ ਰਿਹੈ, ਇਸ ਲਈ ਇਸ ਦੇ ਜੀਵਨ ਵਿਚ ਸੈਂਕੜੇ ਨਾਰੀਆਂ ਆਉਣਗੀਆਂ। ਸ਼ਨੀ ਤੇ ਸ਼ੁੱਕਰ ਦਾ ਇਹ ਮੇਲ ਹੋ ਸਕਦੈ, ਇਸ ਨੂੰ ਕੋਠਿਆਂ ਉੱਤੇ ਵੀ ਲੈ ਜਾਏ ਪਰ ਬ੍ਰਿਹਸਪਤੀ ਦੀ ਕਿਰਪਾ ਨਾਲ ਕਦੀ ਬਦਨਾਮ ਨਹੀਂ ਹੋਣ ਲੱਗਾ।

...ਫੇਰ, ਸ਼ਨਿੱਚਰ ਦੇ ਨਾਲ ਪਿਆ ਹੋਇਐ ਮੰਗਲ! ਇਹ ਦੋਵੇਂ ਇਕ ਦੂਜੇ ਨੂੰ ਕੱਟਦੇ ਨੇ, ਫੇਰ ਵੀ ਮੰਗਲ ਤਾਂ ਮੰਗਲ ਸਹੀ ਹੁੰਦੈ। ਪ੍ਰਭਾਵ ਤਾਂ ਪਾਵੇਗਾ ਹੀ। ਬੋਲਦੇ ਚੱਲਦੇ ਕੰਮ ਰੁਕ ਜਾਇਆ ਕਰਨਗੇ...ਖਾਸ ਕਰ ਕੇ ਜਿਨ੍ਹਾਂ ਦਿਨਾਂ ਵਿਚ ਬ੍ਰਿਹਸਪਤੀ ਨਿਰਬਲ ਹੋਵੇਗਾ। ਰਾਹੂ ਦਸਵੇਂ ਘਰ ਵਿਚ ਬੈਠੈ ਪਰ ਉਸ ਨੂੰ ਮੰਗਲ ਵੇਖ ਰਿਹੈ, ਮੈਂ ਇਸ ਦੀ ਘਰ ਵਾਲੀ ਸਦਾ ਰੋਗਣ ਰਹੇਗੀ। ਮਤਲਬ ਇਹ ਕਿ ਮੇਰੇ ਪਿਓ ਦੀ ਘਰ ਵਾਲੀ ਰੋਗਣ, ਸਾਰੀ ਉਮਰ ਬਿਮਾਰ ਰਹਿਣ ਵਾਲੀ ਤੇ ਮੇਰੀ ਘਰ ਵਾਲੀ ਵੀ... ਮੇਰੇ ਪਰਿਵਾਰ ਨੂੰ ਸਰਾਪ ਲੱਗਾ ਹੋਇਆ ਸੀ!

ਏਸੇ ਲਈ ਅੱਜ ਤਾਈਂ ਮੈਂ ਵਹੁਟੀ ਦੀ ਜ਼ਿੰਦਗੀ ਬਰਬਾਦ ਕਰਨ ਅਤੇ ਕੁਝ ਬੱਚਿਆਂ ਦਾ

***(ਬਾਕੀ ਅਗਲੇ ਸਫੇ 'ਤੇ)***

ਭਵਿੱਖ ਨਸ਼ਟ ਕਰਨ ਤੋਂ ਛੁੱਟ ਜੇ ਹੋਰ ਕੋਈ ਕੰਮ ਸਿਰੇ ਚਾੜ੍ਹਿਆ ਹੈ ਤਾਂ ਬਸ ਇਹ ਸਫ਼ੇ ਕਾਲੇ ਕਰਨ ਦਾ, ਕੁਝ ਕਿਤਾਬਾਂ ਲਿਖਣੀਆਂ ਤੇ ਫੇਰ ਆਪ ਈ ਉਨ੍ਹਾਂ ਨੂੰ ਖ਼ਰੀਦਣ ਲਈ ਤੁਰ ਪੈਣਾ।

ਮੇਰੀ ਮਾਂ ਬ੍ਰਾਹਮਣੀ ਸੀ ਤੇ ਪਿਉ ਖੱਤਰੀ। ਉਨ੍ਹਾਂ ਦਿਨਾਂ ਵਿਚ ਇਸ ਤਰ੍ਹਾਂ ਦਾ ਵਿਆਹ ਗ੍ਰੇਟਨਾਗ੍ਰੀਨਨ ਵਿਚ ਵੀ ਨਹੀਂ ਸੀ ਹੋ ਸਕਦਾ, ਫੇਰ ਵੀ ਹੋ ਗਿਆ। ਮੇਰੇ ਮਾਂ-ਪਿਉ ਇਕ ਦੂਜੇ ਦੀਆਂ ਭਾਵਨਾਵਾਂ ਤੇ ਵਿਚਾਰਾਂ ਦਾ ਬੜਾ ਸਤਿਕਾਰ ਕਰਦੇ ਸਨ, ਇਸ ਲਈ ਘਰ ਵਿਚ ਇਕ ਪਾਸੇ ਗੁਰੂ ਗ੍ਰੰਥ ਸਾਹਿਬ ਪੜ੍ਹਿਆ ਜਾਂਦਾ ਸੀ ਤੇ ਦੂਜੇ ਪਾਸੇ ਗੀਤਾ ਦਾ ਪਾਠ ਹੁੰਦਾ ਸੀ। ਪਹਿਲੀਆਂ ਕਹਾਣੀਆਂ ਜੋ ਮੈਂ ਅੰਞਾਣੇ ਹੁੰਦਿਆਂ ਸੁਣੀਆਂ, ਜਿੰਨਾਂ ਤੇ ਪਰੀਆਂ ਦੀਆਂ ਨਹੀਂ ਬਲਕਿ ਮਹਾਤਮ ਸਨ ਜੋ ਗੀਤਾ ਦੇ ਹਰ ਅਧਿਆਇ ਦੇ ਬਾਅਦ ਹੁੰਦੇ ਨੇ ਤੇ ਜੋ ਬੜੀ ਸ਼ਰਧਾ ਨਾਲ ਅਸੀਂ ਆਪਣੀ ਮਾਂ ਪਾਸੋਂ ਸੁਣਦੇ ਸਾਂ। ਕੁਝ ਗੱਲਾਂ ਤਾਂ ਸਮਝ ਆ ਜਾਂਦੀਆਂ ਸਨ, ਜਿਵੇਂ ਰਾਜਾ...ਬਾਹਮਣ...ਪਿਸ਼ਾਚ...ਪਰ ਇਕ ਅਟਕਲ ਦਾ ਪਤਾ ਨਹੀਂ ਸੀ ਲਗਦਾ...

"ਮਾਂ! ਇਹ ਗਣਿਕਾ ਕੀ ਹੁੰਦੀ ਐ?"

"ਹੁੰਦੀ ਐ। ਬਹਿ ਜਾ, ਚੁੱਪ ਕਰ ਕੇ।"

"ਉਹੂੰ...ਦੱਸ ਵੀ ਨਾ, ਗਣਿਕਾ...।"

"ਚੁੱਪ!"

ਤੇ ਫੇਰ ਉਸ ਦੇ ਮਨ ਵਿਚ ਉਹ ਖ਼ਾਸ ਦਇਆ ਆ ਜਾਣੀ ਜੋ ਆਪਣੇ ਬਾਲ ਦੇ ਚਿਹਰੇ ਨੂੰ ਇਕਦਮ ਮੁਰਝਾਉਂਦਿਆਂ ਵੇਖ ਕੇ ਕੇਵਲ ਮਾਂ ਦੇ ਦਿਲ ਵਿਚ ਹੀ ਪੈਦਾ ਹੋ ਸਕਦੀ ਹੈ।

"ਗਣਿਕਾ ਭੈੜੀ ਜਨਾਨੀ ਨੂੰ ਕਹਿੰਦੇ ਨੇ।"

"ਤੂੰ ਤਾਂ ਅੱਛੀ ਐਂ?"

"ਮਾਂ ਸਦਾ ਅੱਛਾ ਹੁੰਦੀ ਐ... ਭਾਵੇਂ ਕਿਸੇ ਦੀ ਹੋਵੇ।"

"ਫੇਰ ਮਾੜੀ ਕਿਹੜੀ ਹੁੰਦੀ ਐ?"

"ਤੂੰ ਤਾਂ ਸਿਰ ਖਾ ਜਾਨੈਂ...ਰਾਜਿਆ! ਭੈੜੀ ਜਨਾਨੀ ਉਹ ਹੁੰਦੀ ਐ ਜੋ ਬਹੁਤ ਸਾਰੇ ਮਰਦਾਂ ਦੇ ਨਾਲ ਰਹੇ।"

ਮੈਂ ਸਮਝ ਗਿਆ ਪਰ ਅਗਲੇ ਦਿਨ ਮੈਨੂੰ ਬੇਅੰਤ ਜੁੱਤੀਆਂ ਪਈਆਂ। ਹੋਇਆ ਇਹ ਕਿ ਮੈਂ ਇਕ ਗਵਾਂਢਣ ਸੁਮਿੱਤਰਾ ਦੀ ਮਾਂ ਨੂੰ ਗਣਿਕਾ ਕਹਿ ਬੈਠਾ, ਕਿਉਂਕਿ ਉਸ ਦੇ ਘਰ ਵਿਚ ਜੇਠ, ਦਿਉਰ ਤੇ ਹੋਰ ਊਟ-ਪਟਾਂਗ ਜਿਹੇ ਬਥੇਰੇ ਲੋਕ ਰਹਿੰਦੇ ਸਨ।

ਮੇਰੀ ਬਾਕੀ ਦੀ ਸਾਰੀ ਜ਼ਿੰਦਗੀ ਵੀ ਕੁਝ ਅਜਿਹੀ ਹੀ ਰਹੀ ਹੈ। ਏਧਰ ਮੈਂ ਸਵਾਲ ਕੀਤਾ ਤੇ ਓਧਰ ਜ਼ਿੰਦਗੀ ਨੇ ਕਹਿ ਦਿੱਤਾ, "ਚੁੱਪ!"

ਤੇ ਜੇ ਕਦੇ ਜਵਾਬ ਦਿੱਤਾ ਤਾਂ ਅਜਿਹਾ ਕਿ ਮੇਰੇ ਪੱਲੇ ਹੀ ਕੁਝ ਨਾ ਪਵੇ ਤੇ ਪੈ ਜਾਏ ਤਾਂ ਜੁੱਤੀਆਂ ਪੈਣ।

ਮੇਰੇ ਸਰੀਰ ਦਾ ਡਾਵਾਂਡੋਲ ਹੋਣਾ, ਨਸਾਂ ਦਾ ਉਲਝਿਆ ਹੋਣਾ, ਮੇਰੇ ਸਵਾਲਾਂ ਦਾ ਯੋਗ ਜਵਾਬ ਨਾ ਮਿਲਣਾ ਜਾਂ ਮੇਰੇ ਕੋਲੋਂ ਜਵਾਬ ਦੇ ਅਸਲ ਤੱਤ ਨੂੰ ਨਾ ਸਮਝਿਆ ਜਾਣਾ...ਇਹ ਕੁਝ ਅਜਿਹੀਆਂ ਗੱਲਾਂ ਨੇ ਜੋ ਕਿਸੇ ਵੀ ਬੱਚੇ ਵਿਚ ਨਿੱਜ ਦਾ ਤਿੱਖਾ ਅਹਿਸਾਸ ਪੈਦਾ ਕਰ ਸਕਦੀਆਂ ਨੇ। ਉਹ ਲੋੜ ਨਾਲੋਂ ਕਿਤੇ ਵੱਧ ਮਹਿਸੂਸ ਕਰਨ ਲਗ ਪੈਂਦੈ। ਸੰਵੇਦਨਸ਼ੀਲ ਹੋ ਜਾਂਦੈ...ਫੇਰ ਜ਼ਿੰਦਗੀ ਵਿਚ ਸਿੱਧੇ-ਸਾਦੇ ਹਨੇਰੇ ਤੋਂ ਛੁੱਟ ਮਹਾ ਸੂਨਯ ਵੀ ਹੋਇਆ, 'ਹੂ' ਦਾ ਮਕਾਮ...ਤੇ ਢੇਰ ਸਾਰੇ ਡਰ, ਭੈ, ਨਾ-ਉਮੀਦੀਆਂ ਜੋ ਦਿਲ ਵਿਚ ਹਰ ਵੇਲੇ ਕਾਂਬਾ ਛੇੜੀ ਰੱਖਦੀਆਂ ਨੇ, ਜਿਵੇਂ ਬਿਜਲੀ ਦੀ ਸੂਖਮ ਜਿਹੀ ਛੂਹ ਵੀ ਸਾਰੇ ਡਾਇਆਫਰਾਮ ਨੂੰ ਹਿਲਾ ਕੇ ਰੱਖ ਦਿੰਦੀ ਹੈ...ਬਾਕੀ ਦੀਆਂ ਗੱਲਾਂ, ਘਟਨਾਵਾਂ ਤੇ ਅਨੁਭਵ ਉਹੋ ਜਿਹੇ ਹੀ ਨੇ ਜੋ ਹਰ ਲੇਖਕ ਦੇ ਜੀਵਨ ਵਿਚ ਵਾਪਰਦੇ ਨੇ ਤੇ ਜਿਨ੍ਹਾਂ ਤੋਂ ਉਹ ਸਿੱਖਦੈ, ਨਿਖੇੜਦੈ ਤੇ ਅੰਤ ਕਾਗ਼ਜ਼ ਉੱਤੇ ਉਤਾਰਨ ਦਾ ਜਤਨ ਕਰਦੈ।



*ਹਾਸਿਆਂ ਵਾਲਾ ਸਰਦਾਰ ਰਾਜਿੰਦਰ ਸਿੰਘ ਬੇਦੀ।*

ਜਾਣਕਾਰੀ ਵਜੋਂ ਤਾਂ ਮੈਂ ਪੰਜਾਂ ਵਰ੍ਹਿਆਂ ਦੀ ਉਮਰ ਵਿਚ ਹੀ ਰਾਮਾਇਣ ਤੇ ਮਹਾਭਾਰਤ ਦੀਆਂ ਕਹਾਣੀਆਂ ਤੇ ਉਨ੍ਹਾਂ ਦੇ ਪਾਤਰਾਂ ਦਾ ਵਾਕਫ਼ ਹੋ ਚੁੱਕਿਆ ਸਾਂ। ਵੇਖ ਲਓ, ਰਾਮਾਇਣ ਕਿੰਨਾ ਵੱਡਾ ਗ੍ਰੰਥ ਹੈ, ਇਸ ਵਿਚ ਕਿੰਨੇ ਸੁੰਦਰ ਤੇ ਕੁਰਬਾਨੀ ਵਾਲੇ ਕਿਰਦਾਰ ਮੌਜੂਦ ਨੇ ਪਰ ਖ਼ਬਰੇ ਕਿਉਂ, ਮੈਨੂੰ ਸਭ ਤੋਂ ਵਧ ਹਮਦਰਦੀ ਸੁਗ੍ਰੀਵ ਨਾਲ ਹੁੰਦੀ ਸੀ ਜਿਸ ਦਾ ਵੱਡਾ ਭਰਾ ਬਾਲੀ, ਉਸ ਦੀ ਘਰ ਵਾਲੀ ਨੂੰ ਚੁੱਕ ਲਿਜਾਂਦੈ ਤੇ ਉਹ ਵਿਚਾਰਾ ਹੱਥ ਉੱਤੇ ਹੱਥ ਧਰ ਕੇ ਖੜ੍ਹੇ ਦਾ ਖੜ੍ਹਾ ਰਹਿ ਜਾਂਦੈ। ਜੇ ਕਿਤੇ ਭਗਵਾਨ ਰਾਮ ਦਾ ਆਉਣਾ ਓਸ ਪਾਸੇ ਨਾ ਹੋ ਜਾਂਦਾ ਤਾਂ ਵਿਚਾਰੇ ਨੇ ਰਹਿ ਜਾਣਾ ਸੀ ਛੜੇ ਦਾ ਛੜਾ। ਇਸੇ ਤਰ੍ਹਾਂ ਮੇਰਾ ਮਨ ਮਹਾਭਾਰਤ ਦੇ ਇਕ ਪਾਤਰ ਨੇ ਵੀ ਖਿੱਚਿਆ ਜਿਸ ਦਾ ਨਾਂ ਹੈ ਸ਼ਿਖੰਡੀ, ਖੁਸਰਾ...ਜਿਸ ਨੂੰ ਵਿਚਕਾਰ ਖੜ੍ਹਾ ਕਰ ਕੇ ਭੀਸ਼ਮ ਪਿਤਾਮਾ ਨੂੰ ਮਾਰਿਆ ਗਿਆ, ਵਰਨਾ ਉਨ੍ਹਾਂ ਕਿੱਥੇ ਮਰਨਾ ਸੀ? ਅੱਜ ਤਕ ਦੁੜੰਗੇ ਨਾ ਮਾਰਦੇ ਫਿਰਦੇ...

ਮਾਂ ਬਿਮਾਰ ਸੀ, ਇਸ ਲਈ ਮੇਰੇ ਪਿਤਾ ਨਿੱਤ ਇਕ ਪੈਸਾ ਕਿਰਾਇਆ ਦੇ ਕੇ ਕੋਈ ਨਾ ਕੋਈ ਕਿਤਾਬ ਲੈ ਆਉਂਦੇ ਸਨ ਤੇ ਮੇਰੀ ਮਾਂ ਕੋਲ ਬੈਠ ਕੇ ਉਸ ਨੂੰ ਸੁਣਾਇਆ ਕਰਦੇ ਸਨ। ਮੈਂ ਪੈਂਦ ਵਾਲੇ ਪਾਸੇ ਬੈਠਾ ਸੁਣਿਆ ਕਰਦਾ ਸਾਂ। ਇਸ ਦਾ ਨਤੀਜਾ ਇਹ ਹੋਇਆ ਕਿ ਸਕੂਲ ਦੀ ਉਮਰ ਤਕ ਮੈਂ ਟਾਡ ਦੇ ਰਾਜਸਥਾਨ ਤੇ ਸ਼ਰਲਕ ਹੋਮਜ਼ ਦੇ ਕਾਰਨਾਮਿਆਂ ਦਾ ਜਾਣੂ ਹੋ ਚੁਕਿਆ ਸੀ। ਜਿਸ ਦੀ ਕੋਈ ਸਮਝ ਨਾ ਆ ਸਕੀ, ਉਹ ਸੀ 'ਮਿਸਟਰੀਜ਼ ਆਫ ਦੀ ਕੋਰਟ ਆਫ ਪੈਰਿਸ'...ਮੈਨੂੰ ਤਾਂ ਕੇਵਲ ਇਹ ਚੇਤੇ ਹੈ ਕਿ ਮੇਰੇ ਪਿਤਾ ਉਸ ਨੂੰ ਬੜੇ ਚਟਖਾਰੇ ਨਾਲ ਪੜ੍ਹਿਆ ਕਰਦੇ ਸਨ ਤੇ ਮੈਨੂੰ ਇਹੋ ਹੈਰਾਨੀ ਹੋਈ ਰਹਿੰਦੀ ਸੀ ਕਿ ਫਲਾਣਾ ਬੰਦਾ ਹਰ ਵਾਰੀ ਕਿਸੇ ਨਵੀਂ ਤੀਵੀਂ ਨਾਲ ਕਿਉਂ ਗੜਬੜ ਕਰਦੈ। ਓਦੋਂ ਤਕ ਮੈਨੂੰ ਸੋਝੀ ਹੋ ਚੁੱਕੀ ਸੀ ਕਿ ਤੀਵੀਆਂ ਦੇ ਪਿੱਛੇ ਪਏ ਰਹਿਣਾ ਕੋਈ ਭਲਮਾਣਸੀ ਵਾਲੀ ਗੱਲ ਨਹੀਂ ਹੁੰਦੀ। ਇਹ ਵੀ ਖ਼ਿਆਲ ਬਣ ਗਿਆ ਸੀ ਕਿ ਤੀਵੀਂ ਬੜੀ ਗੰਦੀ ਚੀਜ਼ ਹੁੰਦੀ ਹੈ...ਸੋ ਮੈਂ ਅੱਕ ਕੇ ਸੌਂ ਜਾਂਦਾ।

ਇਸ ਤੋਂ ਪਿੱਛੋਂ ਮੇਰੇ ਚਾਚੇ ਨੇ ਇਕ ਸਟੀਮ ਪ੍ਰੈੱਸ ਮੁੱਲ ਲੈ ਲਿਆ ਜਿਸ ਨਾਲ ਪੰਜ ਛੇ ਹਜ਼ਾਰ ਕਿਤਾਬਾਂ ਵੀ ਆਈਆਂ। ਪ੍ਰਾਇਮਰੀ ਤੋਂ ਮਿਡਲ ਤਕ ਪੁੱਜਦਿਆਂ ਮੈਂ ਉਨ੍ਹਾਂ ਸਾਰੀਆਂ ਵਿਚੋਂ ਲੰਘ ਗਿਆ। ਮੈਂ ਇਕ ਸਿਲਵਰ ਫਿਸ਼ ਸਾਂ ਜੋ ਹਰ ਪੁਰਾਣੀ ਕਿਤਾਬ ਦੇ ਅੰਦਰੋਂ ਨਿਕਲ ਆਉਂਦੀ ਹੈ ਤੇ ਜਾਂ ਫੇਰ ਬੁੱਕ-ਮਾਰਕ ਸਾਂ ਜੋ ਸਮਝਦਾਰ ਪਬਲਿਸ਼ਰ ਹਰ ਨਵੀਂ ਕਿਤਾਬ ਵਿਚ ਪਾ ਦਿਆ ਕਰਦੇ ਨੇ। ਮੈਨੂੰ ਗਿਆਨ ਤਾਂ ਭਾਵੇਂ ਕਰੀਬ-ਕਰੀਬ ਹਰ ਚੀਜ਼ ਦਾ ਹੋ ਚੁੱਕਾ ਸੀ ਪਰ ਕਰਤੱਵ ਵਜੋਂ ਸੱਖਣਾ ਸਾਂ। ਗਿਆਨ ਤੇ ਕਰਮ ਵਿਚ ਵਿੱਥ ਦੇ ਕਾਰਨ ਜੋ ਵੀ ਦੁਰਘਟਨਾ ਵਾਪਰ ਸਕਦੀ ਹੈ, ਉਹ ਵਾਪਰੀ। ਮੈਨੂੰ ਹਰ ਤਜਰਬੇ ਦੀ ਸੂਲੀ ਉੱਤੇ ਚੜ੍ਹਨਾ ਪਿਆ। ਸ਼ਾਇਦ ਮੇਰੇ ਲਈ ਇਹ ਜ਼ਰੂਰੀ ਵੀ ਸੀ।

ਜ਼ਿੰਦਗੀ ਦੀ ਅਜਿਹੀ ਨੀਂਹ ਦਾ ਵਿਸਤਾਰ ਦੇਣ ਪਿੱਛੋਂ ਬਾਕੀ ਦੀਆਂ ਘਟਨਾਵਾਂ ਦੀ ਮਹੱਤਤਾ ਦੂਜ ਵਾਲੀ ਬਣ ਜਾਂਦੀ ਹੈ। ਜਿਵੇਂ, ਮੈਟ੍ਰਿਕ ਪਾਸ ਕੀਤਾ; ਕਾਲਜ ਵਿਚ ਦਾਖ਼ਲਾ ਲਿਆ; ਅੰਗਰੇਜ਼ੀ ਤੇ ਪੰਜਾਬੀ ਵਿਚ ਛੰਦਾ-ਬੰਦੀ ਕੀਤੀ; ਉਰਦੂ ਵਿਚ ਕਹਾਣੀਆਂ ਲਿਖੀਆਂ; ਮਾਂ ਚੜ੍ਹਾਈ ਕਰ ਗਈ; ਡਾਕਖਾਨੇ ਵਿਚ ਨੌਕਰੀ ਕੀਤੀ; ਵਿਆਹ ਹੋਇਆ; ਬੱਚਾ ਹੋਇਆ; ਪਿਤਾ ਜੀ ਵੀ ਪਰਲੋਕ ਸਿਧਾਰ ਗਏ; ਬੱਚਾ ਵੀ ਅੱਖਾਂ ਮੀਟ ਗਿਆ; ਨੌਂ ਸਾਲ ਡਾਕਖਾਨੇ ਦੀ ਨੌਕਰੀ ਪਿੱਛੋਂ ਰੇਡੀਓ ਵਿਚ ਚਲਾ ਗਿਆ...ਦੇਸ਼ ਦੀ ਵੰਡ ਹੋਈ...ਮਾਰ-ਧਾੜ...ਲਹੂ-ਭਿੱਜੇ ਪਿੰਡੇ...ਰੇਲ ਦੀ ਛੱਤ ਉੱਤੇ ਨੰਗਿਆਂ ਬੈਠ ਕੇ ਦਿੱਲੀ ਪਹੁੰਚਿਆ...ਜੰਮੂ ਰੇਡੀਓ ਸਟੇਸ਼ਨ ਦਾ ਡਾਇਰੈਕਟਰ...ਰਾਜ ਦੇ 'ਲੋਕਤੰਤਰੀ ਪ੍ਰਬੰਧ' ਨਾਲ ਲੜਾਈ...ਫੇਰ ਅੱਡੀਆਂ ਫਿਲਮਾਂ, ਵੱਡੀਆਂ ਫਿਲਮਾਂ...ਕਦੀ ਕਦੀ, ਵਿਚ ਵਿਚ, ਕਹਾਣੀਆਂ ਦੀ ਕੋਈ ਕਿਤਾਬ...ਫੇਰ, ਹੱਥ ਕਟਾਉਂਦੇ ਰਹੇ:

ਲਿਖਤੇ ਰਹੇ ਜਨੂੰ ਕੀ ਹਿਕਾਯਾਤਿ ਖੂੰਚਕਾਂ
ਹਰ ਚੰਦ ਇਸ ਮੇਂ ਹਾਥ ਹਮਾਰੇ ਕਲਮ ਹੂਏ

(ਅਸੀਂ ਆਪਣੇ ਹੱਥ ਤਾਂ ਕਟਵਾ ਲਏ ਪਰ ਆਪਣੇ ਜੁਨੂਨ ਦੀਆਂ ਲਹੂ-ਭਿੱਜੀਆਂ ਕਥਾਵਾਂ ਲਿਖਣੋਂ ਨਹੀਂ ਟਲੇ)

ਫੇਰ ਥੋੜ੍ਹਾ ਜਿਹਾ ਇਸ਼ਕ...ਅਜਿਹੇ ਪਲ ਜੋ ਮਹਾਤਮਾ ਬੁੱਧ ਉੱਤੇ ਵੀ ਨਹੀਂ ਸਨ ਆਏ; ਉਹੋ ਜਿਹੇ ਪਲ ਜੋ ਅਜਾਮੱਲ ਵੀ ਨਾ ਹੰਢਾ ਸਕਿਆ...ਵਹੁਟੀ ਵਿਚ ਦਿਲਚਸਪੀ ਦੀ ਸਮਾਪਤੀ, ਵਹੁਟੀ ਵੱਲੋਂ ਮੁਹੱਬਤ ਦਾ ਅੰਤ...ਕਾਰਨ? ਅਧੇੜ ਉਮਰ ਦਾ ਜੁਨੂਨ...ਜੇਠੇ ਮੁੰਡੇ ਵੱਲੋਂ ਮੈਨੂੰ ਕਾਰੋਬਾਰੀ ਤੌਰ ਉੱਤੇ ਅਨਾੜੀ ਸਮਝਿਆ ਜਾਣਾ ਤੇ ਮੇਰੇ ਵੱਲੋਂ ਉਸ ਨੂੰ ਪੈਸੇ ਦਾ ਪੀਰ ਤੇ ਗ਼ੈਰ-ਜ਼ਿੰਮੇਵਾਰ ਸਮਝਿਆ ਜਾਣਾ...ਕੀ ਗੱਲ ਬਣੀ?

ਮੇਰੇ ਵਿਸ਼ਵਾਸ ਕੀ ਨੇ? ਕੋਈ ਨਹੀਂ। ਮੇਰੀਆਂ ਆਸਾਂ-ਨਿਰਾਸਾਂ ਕੀ ਨੇ? ਕੋਈ ਨਹੀਂ। ਮੈਂ ਆਪਣੀ ਸਿਆਣਪ ਕਰ ਕੇ ਕਿਸੇ ਔਰਤ ਨਾਲ ਪਿਆਰ ਨਹੀਂ ਕਰਦਾ ਤੇ ਉਹ ਆਪਣੀ ਬੇਵਕੂਫ਼ੀ ਕਾਰਨ ਮੇਰੇ ਨਾਲ ਨਹੀਂ ਕਰਦੀ, ਕਿਉਂਕਿ ਮੈਂ ਲੋਭ ਤੇ ਪ੍ਰੇਮ ਦੇ ਭੇਦ ਦਾ ਜਾਣੂ ਹਾਂ। ਬਿਨਾ ਇੱਛਾ ਦੇ ਮੇਰੀ ਇਕ ਇੱਛਾ ਹੈ ਕਿ ਮੈਂ ਲਿਖੀ ਜਾਵਾਂ...ਪੈਸਿਆਂ ਦੀ ਖ਼ਾਤਰ ਨਹੀਂ, ਨਾ ਕਿਸੇ ਪਬਲਿਸ਼ਰ ਲਈ, ਬੱਸ ਲਿਖਣ ਲਈ। ਮੈਨੂੰ ਕਿਸੇ ਧਰਮ ਗ੍ਰੰਥ ਦੀ ਲੋੜ ਨਹੀਂ ਕਿਉਂਕਿ ਇਨ੍ਹਾਂ ਛੁੱਟਡ ਕਿਤਾਬਾਂ ਤੋਂ ਵਧੀਆ ਮੈਂ ਆਪ ਲਿਖ ਸਕਦਾ ਹਾਂ। ਮੈਨੂੰ ਕਿਸੇ ਗੁਰੂ, ਉਸਤਾਦ, ਕਿਸੇ ਦੀਖਿਆ ਦੀ ਭਾਲ ਨਹੀਂ ਕਿਉਂਕਿ ਹਰ ਬੰਦਾ ਆਪਣਾ ਗੁਰੂ ਆਪ ਹੀ ਹੋ ਸਕਦੈ ਤੇ ਆਪ ਈ ਚੇਲਾ ਵੀ। ਬਾਕੀ ਸਭ ਦੁਕਾਨਦਾਰੀ ਹੈ। ਮੈਂ ਹਰੇ ਕਚੂਚ ਪੱਤਿਆਂ ਤੇ ਚੰਬੇ ਦੇ ਫੁੱਲਾਂ ਨਾਲ ਗੱਲਾਂ ਕੀਤੀਆਂ ਨੇ ਤੇ ਉਨ੍ਹਾਂ ਤੋਂ ਜਵਾਬ ਵੀ ਮਿਲੇ ਨੇ। ਮੈਂ ਕਾਮ-ਵਿਦਿਆ ਜਾਣਦਾ ਹਾਂ। ਮੇਰਾ ਕੁੱਤਾ ਮੈਨੂੰ ਸਮਝਦੈ ਤੇ ਮੈਂ ਉਸ ਨੂੰ ਸਮਝਦਾ ਹਾਂ। ਮੈਨੂੰ ਕਿਸੇ ਸਤਯ, ਕਿਸੇ ਮੋਖ ਦੀ ਲੋੜ ਨਹੀਂ। ਜੇ ਭਗਵਾਨ ਮਨੁੱਖ ਬਣਾਉਣ ਦਾ ਮੂਰਖਪੁਣਾ ਕਰਦੈ ਤਾਂ ਮੈਂ ਮਨੁੱਖ ਹੋ ਕੇ ਭਗਵਾਨ ਬਣਾਉਂਦੇ ਰਹਿਣ ਦੀ ਬੇਵਕੂਫ਼ੀ ਕਿਉਂ ਕਰਾਂ? ਜੇ ਸਤਯ ਨੂੰ ਮੇਰੀ ਲੋੜ ਹੈ ਤਾਂ ਉਹ ਭੂਤ ਤੇ ਭਵਿੱਖ ਤੋਂ ਬੇਨਿਆਜ਼ ਹੋ ਕੇ ਪੂਰਨ ਸੁੰਨ ਅਵਸਥਾ ਦੇ ਕਿਸੇ ਵੀ ਛਿਨ ਵਿਚ ਮੈਨੂੰ ਆਪਣੇ ਆਪ ਲੱਭੇਗਾ। ਮੈਂ ਇਕ ਸਾਦੇ ਮਨੁੱਖ ਵਾਂਗ ਜਿਊਣਾ ਲੋਚਦਾ ਹਾਂ, ਲੋਚਾ ਤੋਂ ਬਿਨਾਂ। ਉਸ ਅਵਸਥਾ ਉੱਤੇ ਪਹੁੰਚਣ ਦੀ ਇੱਛਾ ਹੈ, ਇੱਛਾ ਤੋਂ ਮੁਕਤ ਹੋ ਕੇ ਜਿਸ ਨੂੰ ਆਮ ਲੋਕਾਂ ਦੀ ਬੋਲੀ ਵਿਚ 'ਸਹਿਜ ਅਵਸਥਾ' ਕਿਹਾ ਜਾਂਦੈ ਤੇ ਜੋ ਗਿਆਨ ਉਪਰੰਤ ਹੀ ਵਿਆਪਦੀ ਹੈ ਤੇ... ਗਿਆਨ ਮੇਰੇ ਪਾਸ ਹੈ ਨਹੀਂ।

# ਗਾਲ਼ਾਂ ਵਾਲੇ ਦੌਰ ਵਿਚ ਉਸਾਰੂ ਸੰਵਾਦ

ਅਸੀਂ ਹੁਣ ਉਸ ਦੌਰ ਵਿਚੋਂ ਗੁਜ਼ਰ ਰਹੇ ਹਾਂ ਜਿੱਥੇ ਦੁਨੀਆ ਦੇ ਵੱਡੀ ਗਿਣਤੀ ਵਿਚ ਬੰਦਿਆਂ ਕੋਲ ਆਪੋ-ਆਪਣਾ ਚੈਨਲ ਹੈ ਅਤੇ ਆਪਣੇ ਚੈਨਲ ਰਾਹੀਂ ਉਹ ਦੁਨੀਆ ਦੇ ਰੂਬਰੂ ਹਨ। ਸੋਸ਼ਲ ਸਾਈਟਾਂ 'ਤੇ ਹਰ ਦਿਨ ਭੀੜ ਵਧ ਰਹੀ ਹੈ, ਭੀੜ ਦੇ ਇਸ ਨਿਗਾਰਖਾਨੇ ਵਿਚ ਹਰ ਕੋਈ ਆਪੋ-ਆਪਣੀ ਤੂਤੀ ਵਜਾ ਰਿਹਾ ਹੈ। ਸਾਰਥਕ ਗੱਲਬਾਤ ਕਰਨ ਵਾਲੇ ਲੋਕ ਵੀ ਹਨ ਪਰ ਇਨ੍ਹਾਂ ਦੀ ਗਿਣਤੀ ਸੀਮਤ ਹੈ।

**ਗੁਰਚਰਨ ਸਿੰਘ ਨੂਰਪੁਰ**
**ਫੋਨ: +91-98550-51099**

ਸੋਚ ਵਿਚਾਰ, ਸੰਜਮ, ਸਲੀਕੇ ਅਤੇ ਸੰਵਾਦ ਦੀ ਥਾਂ ਗਾਲਾਂ ਨੇ ਲੈ ਲਈ ਹੈ। ਮੋਬਾਈਲ ਫੋਨ ਨੇ ਪੂਰੀ ਦੁਨੀਆ ਦੀ ਰਫ਼ਤਾਰ ਵਿਚ ਤੇਜ਼ੀ ਲਿਆਂਦੀ ਹੈ। ਇਸ ਤੇਜ਼ੀ ਵਿਚ ਅਸੀਂ ਸਹਿਜ ਨੂੰ ਵਿਸਾਰ ਰਹੇ ਹਾਂ। ਸੋਚ ਵਿਚਾਰ ਕਰਨ ਦਾ ਨਾ ਕਿਸੇ ਕੋਲ ਸਮਾਂ ਹੈ ਅਤੇ ਨਾ ਹੀ ਇਸ ਨੂੰ ਪਸੰਦ ਕੀਤਾ ਜਾਂਦਾ ਹੈ। ਸਬਰ, ਸੰਜਮ ਵਿਚ ਰਹਿ ਕੇ ਸਲੀਕੇ ਨਾਲ ਸੰਵਾਦ ਰਚਾਉਣ ਦੀ ਬਜਾਇ ਮੰਦਾ ਬੋਲਣ 'ਤੇ ਉੱਤਰ ਆਉਣਾ ਬਿਲਕੁਲ ਹੇਠਲੇ ਦਰਜੇ ਦੀ ਸਮਝ ਦਾ ਪ੍ਰਮਾਣ ਹੈ।

ਗੁਰੂ ਨਾਨਕ ਦੇਵ ਜੀ ਸਾਰਥਕ ਵਿਚਾਰ ਚਰਚਾ ਦੀ ਗੱਲ ਕਰਦਿਆਂ ਫਰਮਾਉਂਦੇ ਹਨ:

ਜਬ ਲਗੁ ਦੁਨੀਆ ਰਹੀਐ
ਨਾਨਕ ਕਿਛੁ ਸੁਣੀਐ ਕਿਛੁ ਕਹੀਐ॥

ਸਭ ਕੁਝ ਜਾਣਦੇ ਹੋਣ ਦਾ ਭਰਮ ਹੋ ਜਾਣਾ ਵਿਚਾਰਾਂ ਦੇ ਵਿਕਾਸ ਦੀ ਖੜੋਤ ਹੁੰਦੀ ਹੈ। ਹੁਣ ਬੇਲੋੜੀਆਂ ਪੇਤਲੀਆਂ ਜਾਣਕਾਰੀਆਂ ਦੇ ਹੜ੍ਹ ਨੇ ਜਨ-ਸਮੂਹ ਨੂੰ ਇਕ ਤਰ੍ਹਾਂ ਆਪਣੇ ਨਾਲ ਵਹਾ ਲਿਆ ਹੈ। ਮਹਾਨ ਦਾਰਸ਼ਨਿਕ ਸੁਕਰਾਤ ਨੂੰ ਦੁਨੀਆ ਦੇ ਗਿਣਤੀ ਦੇ ਸਿਆਣੇ ਮਨੁੱਖ ਵਜੋਂ ਜਾਣਿਆ ਜਾਂਦਾ ਹੈ। ਕਹਿੰਦੇ ਹਨ ਕਿ ਆਪਣੀ ਉਮਰ ਦੇ ਆਖ਼ਰੀ ਪੜਾਅ 'ਤੇ ਇਕ ਦਿਨ ਸੁਕਰਾਤ ਨੇ ਆਪਣੇ ਚੇਲਿਆਂ ਨੂੰ ਕਿਹਾ, "ਏਥਨਜ਼ ਵਿਚ ਇਹ ਪ੍ਰਚਾਰ ਕਰ ਦਿਓ ਕਿ ਸੁਕਰਾਤ ਜਿੰਨਾ ਅਗਿਆਨੀ ਹੋਰ ਕੋਈ ਨਹੀਂ।"

ਉਸ ਦੇ ਚੇਲੇ ਇਸ ਗੱਲ ਤੋਂ ਹੈਰਾਨ ਹੋਏ। ਉਨ੍ਹਾਂ ਵਿਚੋਂ ਕੁਝ ਨੇ ਪੁੱਛਿਆ, "ਗੁਰੂ ਜੀ, ਤੁਹਾਡੇ ਬਾਰੇ ਸਾਰੇ ਸ਼ਹਿਰ ਅਤੇ ਇਲਾਕੇ ਵਿਚ ਇਹ ਚਰਚਾ ਹੈ ਕਿ ਤੁਹਾਡੇ ਜਿਹਾ ਸਿਆਣਾ ਮਨੁੱਖ ਹੋਰ ਕੋਈ ਨਹੀਂ ਪਰ ਤੁਸੀਂ ਇਹ ਕਹਿ ਰਹੇ ਹੋ ਕਿ ਸੁਕਰਾਤ ਜਿੰਨਾ ਅਗਿਆਨੀ ਹੋਰ ਕੋਈ ਨਹੀਂ, ਇਹ ਗੱਲ ਸਾਡੀ ਸਮਝ ਵਿਚ ਨਹੀਂ ਆਉਂਦੀ?"

ਸੁਕਰਾਤ ਨੇ ਜਵਾਬ ਦਿੱਤਾ, "ਇਹ ਠੀਕ ਹੈ ਜਦੋਂ ਕੁਝ ਨਹੀਂ ਜਾਣਦਾ ਸੀ ਤਾਂ ਇਹ ਭਰਮ ਸੀ ਕਿ ਬਹੁਤ ਕੁਝ ਜਾਣਦਾ ਹਾਂ। ਹੁਣ ਜਦੋਂ ਕੁਝ ਜਾਣਿਆ ਹੈ ਤਾਂ ਸਮਝ ਪਈ ਕਿ ਕੁਝ ਨਹੀਂ ਜਾਣਦਾ।"

ਦੁਨੀਆ ਦੀ ਬਹੁ-ਗਿਣਤੀ ਹਮੇਸ਼ਾ ਭੁਲ ਵਿਚ ਜਿਉਂਦੀ ਅਤੇ ਇਥੋਂ ਵਿਦਾ ਹੁੰਦੀ ਆਈ ਹੈ।

ਸੁਕਰਾਤ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ ਦੁਨੀਆ ਨੂੰ ਸੰਵਾਦ ਕਰਨ ਦੀ ਜੁਗਤ ਦੱਸੀ। ਉਸ ਦੇ ਜੀਵਨ ਨਾਲ ਸਬੰਧਿਤ ਕਈ ਕਥਾਵਾਂ ਪ੍ਰਚਲਿਤ ਹਨ। ਸੁਕਰਾਤ ਭਾਵੇਂ ਆਪਣੀ ਸ਼ਕਲ-ਸੂਰਤ ਤੋਂ ਸੋਹਣਾ ਨਹੀਂ ਸੀ ਪਰ ਆਪਣੇ ਵਿਚਾਰਾਂ ਦੀ ਸ਼ਕਤੀ ਨਾਲ ਉਹ ਸੋਚ ਵਿਚਾਰ ਕਰਨ ਵਾਲੇ ਹਜ਼ਾਰਾਂ ਲੋਕਾਂ ਨੂੰ ਕੀਲ ਲੈਣ ਦੀ ਤਾਕਤ ਰੱਖਦਾ ਸੀ।

ਇਕ ਦਿਨ ਜਦੋਂ ਉਹ ਆਪਣੇ ਬਹੁਤ ਸਾਰੇ ਚੇਲਿਆਂ ਵਿਚ ਬੈਠਾ ਗਿਆਨ ਗੋਸ਼ਟੀ ਕਰ ਰਿਹਾ ਸੀ ਤਾਂ ਭਵਿੱਖ ਦੱਸਣ ਵਾਲਾ ਕੋਈ ਜੋਤਿਸ਼ੀ ਆ ਕੇ ਉਸ ਨੂੰ ਬੁਰਾ-ਭਲਾ ਬੋਲਣ ਲੱਗ ਪਿਆ। ਜੋਤਸ਼ੀ ਨੇ ਸੁਕਰਾਤ ਦੇ ਚੇਲਿਆਂ ਨੂੰ ਕਿਹਾ, "ਜਿਸ ਬੰਦੇ ਨੂੰ ਤੁਸੀਂ ਗੁਰੂ ਮੰਨੀ ਬੈਠੇ ਹੋ, ਇਸ ਦੇ ਨੱਕ ਤੋਂ ਪਤਾ ਲੱਗਦਾ ਹੈ ਕਿ ਇਹ ਕ੍ਰੋਧੀ ਹੈ; ਇਸ ਦੇ ਸਿਰ ਦੀ ਬਣਾਵਟ ਦੱਸਦੀ ਹੈ ਕਿ ਇਹ ਲਾਲਚੀ ਤੇ ਸਨਕੀ ਕਿਸਮ ਦਾ ਬੰਦਾ ਹੈ; ਇਸ ਦੇ ਬੁੱਲ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਹ ਆਉਣ ਵਾਲੇ ਸਮੇਂ ਵਿਚ ਦੇਸ਼-ਧ੍ਰੋਹੀ ਸਾਬਤ ਹੋਵੇਗਾ।"

ਜੋਤਿਸ਼ੀ ਦੇ ਇਹ ਸਖ਼ਤ ਸ਼ਬਦ ਸੁਕਰਾਤ ਦੇ ਚੇਲਿਆਂ ਨੂੰ ਬਹੁਤ ਬੁਰੇ ਲੱਗੇ। ਆਪਣੇ ਰਹਿਬਰ ਬਾਰੇ ਅਜਿਹੀ ਭੱਦੀ ਭਾਸ਼ਾ ਸੁਣ ਕੇ ਸੁਕਰਾਤ ਦੇ ਚੇਲੇ ਲਾਲ-ਪੀਲੇ ਹੋ ਗਏ। ਉਹ ਜੋਤਿਸ਼ੀ ਦੀ ਕੁੱਟ-ਮਾਰ ਕਰ ਕੇ ਸਬਕ ਸਿਖਾਉਣ ਲਈ ਅੱਗੇ ਵਧੇ ਪਰ ਸੁਕਰਾਤ ਨੇ ਅੱਗੇ ਹੋ ਕੇ ਉਨ੍ਹਾਂ ਨੂੰ ਰੋਕ ਦਿੱਤਾ। ਉਸ ਨੇ ਸਤਿਕਾਰ ਸਹਿਤ ਜੋਤਿਸ਼ੀ ਨੂੰ ਆਪਣੇ ਕੋਲ ਬਿਠਾਇਆ, ਉਹਦਾ ਧੰਨਵਾਦ ਕਰ ਕੇ ਇਹ ਕਹਿੰਦਿਆਂ ਵਿਦਾ ਕੀਤਾ, "ਤੁਸੀਂ ਮੇਰੀ ਸਰੀਰ ਭਾਸ਼ਾ ਪੜ੍ਹੀ ਹੈ, ਇਸ ਲਈ ਤੁਹਾਡਾ ਧੰਨਵਾਦ।"

ਇਕ ਚੇਲੇ ਨੇ ਸੁਕਰਾਤ ਨੂੰ ਪੁੱਛਿਆ, "ਜੋਤਿਸ਼ੀ ਜੋ ਬਕਵਾਸ ਕਰ ਰਿਹਾ ਸੀ, ਕੀ ਉਹ ਸੱਚ ਹੈ? ਤੁਸੀਂ ਉਹੋ ਜਿਹੇ ਹੋ ਜਿਹੋ ਜਿਹਾ ਉਹ ਦੱਸ ਰਿਹਾ ਸੀ?"

ਸੁਕਾਰਤ ਨੇ ਜਵਾਬ ਦਿੱਤਾ, "ਸ਼ਕਲ-ਸੂਰਤ ਤੋਂ ਹੋ ਸਕਦਾ ਹੈ ਮੈਂ ਉਹੋ ਜਿਹਾ ਹੀ ਦਿਸਦਾ ਹੋਵਾਂ ਜਿਹੋ ਜਿਹਾ ਉਹ ਬੋਲ ਰਿਹਾ ਸੀ। ਇਸ ਸ਼ਖ਼ਸ ਨੇ ਸਿਰਫ਼ ਮੇਰੀ ਸਰੀਰ ਭਾਸ਼ਾ ਪੜ੍ਹੀ ਹੈ। ਇਸ ਨੇ ਮੇਰੇ ਵਿਵੇਕ ਦੀ ਸ਼ਕਤੀ 'ਤੇ ਧਿਆਨ ਨਹੀਂ ਦਿੱਤਾ ਜਿਸ ਨਾਲ ਮੈਂ ਆਪਣੇ ਵਿਕਾਰਾਂ ਤੇ ਵਿਚਾਰਾਂ ਨੂੰ ਕਾਬੂ ਵਿਚ ਰੱਖਦਾ ਹਾਂ।"

ਅੱਜ ਕੱਲ੍ਹ ਸੋਸ਼ਲ ਸਾਈਟਾਂ 'ਤੇ ਧਰਮ ਦੇ ਨਾਂ 'ਤੇ ਇਕ-ਦੂਜੇ ਨੂੰ ਨਿਸ਼ਾਨਾ ਬਣਾ ਕੇ ਗਾਲੀ-ਗਲੋਚ ਕਰਨਾ ਆਮ ਵਰਤਾਰਾ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਉਹ ਆਪਣੇ ਜੀਵਨ ਦੌਰਾਨ ਦੂਰ-ਦੁਰਾਡੇ ਦੁਨੀਆ ਦੇ ਵੱਖ-ਵੱਖ ਖ਼ਿੱਤਿਆਂ ਵਿਚ ਗਏ। ਧਰਮ ਦੇ ਨਾਂ 'ਤੇ ਪਾਖੰਡ ਕਰਨ ਵਾਲੇ ਲੋਕਾਂ ਨਾਲ ਵੀ ਉਨ੍ਹਾਂ ਨੇ ਬੜੀਆਂ ਸਾਰਥਕ ਗੋਸ਼ਟੀਆਂ ਕੀਤੀਆਂ। ਵਿਚਾਰ-ਚਰਚਾ ਕੀਤੀ ਅਤੇ ਭੁੱਲੇ-ਭਟਕੇ, ਜੰਤਰ, ਮੰਤਰ, ਤੰਤਰ ਅਭਿਮਾਨ ਕਰਨ ਵਾਲੇ ਨਾਥਾਂ ਜੋਗੀਆਂ, ਸਾਧਾਂ, ਭੇਖਧਾਰੀਆਂ ਨੂੰ ਉਨ੍ਹਾਂ ਨੇ ਸੱਚ ਦਾ ਰਾਹ ਵਿਖਾਇਆ; ਉਹ ਰਾਹ ਜਿਸ 'ਤੇ ਚੱਲ ਕੇ ਦੁਨੀਆ ਦਾ ਕਲਿਆਣ ਹੋ ਸਕਦਾ ਹੈ। ਉਨ੍ਹਾਂ ਦੀਆਂ ਸਾਧਾਂ, ਸਿੱਧਾਂ, ਜੋਗੀਆਂ ਨਾਲ ਵਿਚਾਰ ਗੋਸ਼ਟੀਆਂ ਵੀ ਹੋਈਆਂ ਪਰ ਸਾਰੀ ਸਾਰਥਕ ਵਿਚਾਰ ਚਰਚਾ ਹੁੰਦੀ ਸੀ।

ਅੱਜ ਸੋਸ਼ਲ ਸਾਈਟਾਂ 'ਤੇ ਲੋਕਾਂ ਦੀਆਂ ਭੀੜਾਂ ਕਿਸੇ ਨੂੰ ਵੀ ਕੁਝ ਸਮੇਂ ਵਿਚ ਨਾਇਕ ਬਣਾ ਦਿੰਦੀਆਂ ਹਨ ਅਤੇ ਅਗਲੇ ਕੁਝ ਦਿਨਾਂ ਤੱਕ ਕੋਈ ਹੋਰ ਗਰੁੱਪ ਉੱਠਦਾ ਹੈ, ਉਹ ਉਸ ਨੂੰ ਗ਼ਦਾਰ ਦੱਸ ਕੇ ਭੰਡਣ ਲੱਗ ਪੈਂਦਾ ਹੈ। ਇਹ ਬੇਹੱਦ ਮਾੜਾ ਰੁਝਾਨ ਹੈ ਜੋ ਹਰ ਦਿਨ ਵਧ ਰਿਹਾ ਹੈ। ਕਹਿੰਦੇ ਹਨ ਕਿ ਭੀੜਾਂ ਕੋਲ ਸੱਚ ਨਹੀਂ ਹੁੰਦਾ ਪਰ ਸਾਡੀ ਇਸ ਸਮੇਂ ਅਜਿਹੀ ਹਾਲਤ ਬਣੀ ਹੋਈ ਹੈ ਜਿਵੇਂ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਾਣੀ ਵਿਚ ਫਰਮਾਇਆ ਹੈ:

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਧਰਮ ਕਰਮ ਦਾ ਸਾਰ-ਤੱਤ ਸਰਬੱਤ ਦਾ ਭਲਾ ਮੰਗਣਾ ਹੁੰਦਾ ਹੈ ਪਰ ਹਰ ਧਰਮ ਵਿਚ ਫ਼ਿਰਕਾਪ੍ਰਸਤੀ ਦਾ ਬੋਲਬਾਲਾ ਵਧ ਰਿਹਾ ਹੈ। ਮੋਬਾਈਲ ਨੈੱਟਵਰਕ 'ਤੇ ਅਜਿਹੀਆਂ ਬਹਿਸਾਂ ਵਧ ਰਹੀਆਂ ਹਨ ਜਿਨ੍ਹਾਂ ਵਿਚ ਵੱਖ-ਵੱਖ ਫਿਰਕਿਆਂ ਦੇ ਲੋਕ ਇਕ-ਦੂਜੇ ਨੂੰ ਨਿਸ਼ਾਨਾ ਬਣਾਉਂਦਿਆਂ ਗਾਲ਼ਾਂ ਕੱਢਣ 'ਤੇ ਉੱਤਰ ਆਉਂਦੇ ਹਨ। ਇਹ ਬੇਹੱਦ ਮਾੜਾ ਰੁਝਾਨ ਹੈ। ਜੇ ਆਪਾਂ ਸਿੱਖ ਗੁਰੂਆਂ ਦੀ ਗੱਲ ਕਰੀਏ ਤਾਂ ਗੁਰੂ ਸਾਹਿਬਾਨ ਸਾਂਝੀਵਾਲਤਾ ਦੇ ਮੁਦਈ ਸਨ ਅਤੇ ਫ਼ਿਰਕੂ ਕੱਟੜਤਾ ਦੇ ਖ਼ਿਲਾਫ਼ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਸੁਸ਼ੋਭਿਤ ਹੁੰਦੇ 52 ਕਵੀਆਂ 'ਚੋਂ ਜ਼ਿਆਦਾਤਰ ਹਿੰਦੂ ਸਨ। ਇਸੇ ਤਰ੍ਹਾਂ ਗੁਰੂ ਜੀ ਨਾਲ ਸ਼ਹਾਦਤਾਂ ਦੇਣ ਵਾਲੇ ਪੀਰ ਬੁੱਧੂ ਸ਼ਾਹ ਵਰਗੇ ਮੁਸਲਮਾਨ ਵੀ ਸਨ। ਗੁਰੂ ਜੀ ਵਲੋਂ ਨਿਆਂ ਇਨਸਾਫ਼ ਅਤੇ ਦੱਬੇ-ਕੁਚਲੇ ਲੋਕਾਂ ਲਈ ਲੜੇ ਗਏ ਜੰਗਾਂ-ਯੁੱਧਾਂ ਵਿਚ ਜਿੱਥੇ ਸਿੱਖ ਸੂਰਮੇ ਲੜੇ, ਉੱਥੇ ਹਰ ਵਰਗ ਦੇ ਉਹ ਲੋਕ ਵੀ ਸ਼ਾਮਿਲ ਸਨ ਜਿਨ੍ਹਾਂ ਅੰਦਰ ਜਾਬਰਾਂ ਦੀਆਂ ਵਧੀਕੀ ਖ਼ਿਲਾਫ਼ ਰੋਹ ਸੀ। ਵਿਚਾਰਧਾਰਾ ਵਿਚ ਵਖਰੇਵੇਂ ਹੋਣ ਦੇ ਬਾਵਜੂਦ ਮਿਸ਼ਨ ਇਕ ਸੀ।

ਸੋਸ਼ਲ ਸਾਈਟਾਂ 'ਤੇ ਅੱਜ ਕੱਲ੍ਹ ਆਪਣੇ ਵਿਰੋਧੀ ਵਿਚਾਰਾਂ ਵਾਲਿਆਂ ਪ੍ਰਤੀ ਨੀਵੇਂ ਦਰਜੇ ਦੀ ਸ਼ਬਦਾਵਲੀ ਦੀ ਵਰਤੋਂ ਦਾ ਵਰਤਾਰਾ ਆਮ ਹੋ ਗਿਆ ਹੈ। ਬਹੁਤ ਸਾਰੀਆਂ ਤਨਜ਼ੀਮਾਂ ਨੇ ਆਪਣੇ ਅਜਿਹੇ ਆਈ.ਟੀ. ਸੈੱਲ ਬਣਾਏ ਹੋਏ ਹਨ, ਜੇ ਕੋਈ ਉਨ੍ਹਾਂ ਦੀ ਵਿਚਾਰਧਾਰਾ ਦੇ ਖ਼ਿਲਾਫ਼ ਪੋਸਟ ਆਉਂਦੀ ਹੈ ਤਾਂ ਤੁਰੰਤ ਉਸ ਖ਼ਿਲਾਫ਼ ਵੱਡੀਆਂ ਮੁਹਿੰਮਾਂ ਛੇੜੀਆਂ ਜਾਂਦੀਆਂ ਹਨ। ਵਿਰੋਧੀ ਵਿਚਾਰਾਂ ਨੂੰ ਗਾਲ਼ਾਂ ਦੇ ਹਥਿਆਰ ਨਾਲ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਦੁਨੀਆ ਭਰ ਦੇ ਵਿਚਾਰਵਾਨ ਸਮਝਣ ਲੱਗੇ ਹਨ ਕਿ ਇਹ ਸਭ ਕੁਝ ਲੋਕਤੰਤਰ ਲਈ ਇਕ ਤਰ੍ਹਾਂ ਨਾਲ ਖ਼ਤਰੇ ਦੀ ਘੰਟੀ ਹੈ। ਸੋਸ਼ਲ ਮੀਡੀਆ 'ਤੇ ਛੇੜੀਆਂ ਜਾਣ ਵਾਲੀਆਂ ਮੁਹਿੰਮਾਂ ਦੀਆਂ ਟੀਮਾਂ ਹੁਣ ਦੁਨੀਆ ਦੇ ਕਈ ਦੇਸ਼ਾਂ ਵਿਚ ਸਰਗਰਮ ਹਨ। ਇਹ ਸਭ ਕੁਝ ਭਵਿੱਖ ਵਿਚ ਨਹੀਂ ਬਲਕਿ ਅੱਜ ਵੀ ਵੱਡੇ ਸੰਕਟਾਂ ਦਾ ਕਾਰਨ ਬਣ ਰਿਹਾ ਹੈ। ਜਿਸ ਨੂੰ ਬਹੁਤ ਥੋੜ੍ਹੇ ਲੋਕ ਸਮਝ ਰਹੇ ਹਨ।

ਕਿਸੇ ਮੁੱਦੇ 'ਤੇ ਸਾਰਥਕ ਬਹਿਸ ਹੋ ਕੇ ਕਿਸੇ ਵਰਤਾਰੇ ਬਾਰੇ ਜੋ ਸਾਰ-ਤੱਤ ਸਾਹਮਣੇ ਆਉਣਾ ਹੁੰਦਾ ਹੈ, ਉਹ ਕਿਧਰੇ ਗੁਆਚ ਜਾਂਦਾ ਹੈ। ਦੂਜਾ, ਜੋ ਲੋਕ ਕਿਸੇ ਮੁੱਦੇ ਤੇ ਉਸਾਰੂ ਰਾਇ ਦੇ ਸਕਦੇ ਹਨ, ਚੁੱਪ ਰਹਿਣ ਵਿਚ ਹੀ ਆਪਣੀ ਭਲਾਈ ਸਮਝਣ ਲੱਗ ਪੈਂਦੇ ਹਨ। ਹਰ ਨਵੇਂ ਦੌਰ ਦੀਆਂ ਆਪਣੀਆਂ ਨਵੀਆਂ ਸਮੱਸਿਆਵਾਂ ਹੁੰਦੀਆਂ ਹਨ। ਭਵਿੱਖ ਵਿਚ ਸਾਨੂੰ ਅਜਿਹੇ ਮਸਲਿਆਂ 'ਤੇ ਵੀ ਵੱਡੇ ਚਿੰਤਨ ਮੰਥਨ ਦੀ ਲੋੜ ਹੈ।

ਸਾਡੇ ਮਹਾਨ ਗੁਰੂ ਨੇ ਸਾਨੂੰ ਕਿਸੇ ਨੂੰ ਮੰਦਾ ਬੋਲਣ ਦੇ ਵਿਰੁੱਧ ਫਰਮਾਇਆ: ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥

ਅੱਜ ਲੋੜ ਹੈ, ਅਸੀਂ ਆਪਣੇ ਮਹਾਨ ਫ਼ਲਸਫ਼ੇ ਤੋਂ ਸੇਧ ਲਈਏ। ਭੀੜ ਦਾ ਹਿੱਸਾ ਬਣਨ ਦੀ ਬਜਾਇ ਸੋਸ਼ਲ ਮੀਡੀਆ 'ਤੇ ਚੱਲ ਰਹੇ ਵਰਤਾਰਿਆਂ ਨੂੰ ਆਪਣੇ ਵਿਵੇਕ ਦੀ ਸ਼ਕਤੀ ਨਾਲ ਪਰਖਣ ਦੀ ਕੋਸ਼ਿਸ਼ ਕਰੀਏ।

# ਜੀ-20: ਲੋਕਾਈ ਨੂੰ ਲੁੱਟਣ ਦੀਆਂ ਵਿਉਂਤਾਂ ਦੀ ਮਸ਼ਕ

ਦੇਸ਼ 'ਚ ਜੀ-20 ਸੰਮੇਲਨ 9-10 ਸਤੰਬਰ 2023 ਨੂੰ ਪ੍ਰਗਤੀ ਮੈਦਾਨ ਦਿੱਲੀ 'ਚ ਹੋ ਰਿਹਾ ਹੈ। ਇਸ ਸੰਮੇਲਨ ਦੀ ਮਸ਼ਕ ਵਜੋਂ ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਸੰਮੇਲਨ ਕਰਵਾਏ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਸੰਮੇਲਨ ਅੰਮ੍ਰਿਤਸਰ ਵਿਖੇ ਵੀ ਹੋ ਰਿਹਾ ਹੈ। ਸਾਡੇ ਵਾਸਤੇ ਇਹ ਜਾਨਣਾ ਜ਼ਰੂਰੀ ਹੈ ਕਿ ਇਸ ਸੰਮੇਲਨ ਦਾ ਮਕਸਦ ਕੀ ਹੈ। ਸਾਡੇ ਮੁਲਕ ਭਾਰਤ ਨੂੰ ਇਸ ਸੰਮੇਲਨ ਲਈ ਕਿਉਂ ਚੁਣਿਆ ਗਿਆ ਹੈ। ਜੀ-20 ਸਾਮਰਾਜੀ

**ਨਰਾਇਣ ਦੱਤ**
**ਫੋਨ: 84275-11770**

ਪ੍ਰਗਤ ਵਾਲੇ ਉਨ੍ਹਾਂ ਮੰਚਾਂ 'ਚੋਂ ਹੀ ਇਕ ਹੈ ਜਿੱਥੇ ਸਾਡੇ ਵਰਗੇ ਮੁਲਕਾਂ ਨੂੰ ਲੁੱਟਣ ਦੀਆਂ ਵਿਉਂਤਾਂ ਘੜੀਆਂ ਜਾਂਦੀਆਂ ਹਨ। ਦੇਸ਼ ਨੂੰ ਸਾਮਰਾਜੀਆਂ ਵੱਲੋਂ ਲੁੱਟਣ ਦੀਆਂ ਵਿਉਂਤਾਂ ਦੇਸ਼ ਦੇ ਹਾਕਮਾਂ ਵੱਲੋਂ ਹੁੱਬ ਕੇ ਤੇ ਧੂਮ-ਧੜੱਕੇ ਨਾਲ ਸਿਰੇ ਚੜ੍ਹਾਈਆਂ ਜਾ ਰਹੀਆਂ ਹਨ। ਇਹ ਜਾਨਣਾ ਵੀ ਜ਼ਰੂਰੀ ਹੈ ਕਿ ਇਸ ਸੰਮੇਲਨ ਵਿਚ ਜੀ-20 ਮੁਲਕਾਂ ਵਿਚ ਕਿਹੜੇ-ਕਿਹੜੇ ਮੁਲਕ ਸ਼ਾਮਲ ਹਨ। ਇਸ ਜੀ-20 ਸਮੂਹ ਵਿਚ ਅਰਜਨਟੀਨਾ, ਆਸਟ੍ਰੇਲੀਆ, ਬ੍ਰਾਜ਼ੀਲ, ਕੈਨੇਡਾ, ਚੀਨ, ਯੂਰੋਪ, ਫਰਾਂਸ, ਜਰਮਨ, ਭਾਰਤ, ਇੰਡੋਨੇਸ਼ੀਆ, ਇਟਲੀ, ਜਪਾਨ, ਮੈਕਸੀਕੋ, ਰੂਸ, ਸਾਊਦੀ ਅਰਬ, ਦੱਖਣੀ ਕੋਰੀਆ, ਤੁਰਕੀ, ਯੂ.ਕੇ ਅਤੇ ਅਮਰੀਕਾ ਸ਼ਾਮਲ ਹਨ। ਇਹ ਜੀ-20 ਮੁਲਕ ਸੰਸਾਰ ਦੀ 90% ਪੈਦਾਵਾਰ, 80% ਵਿਸ਼ਵ ਵਪਾਰ ਅਤੇ ਸੰਸਾਰ ਦੀ ਦੋ-ਤਿਹਾਈ ਵਸੋਂ ਦੀ ਪ੍ਰਤੀਨਿਧਤਾ ਕਰਦੇ ਹਨ।

ਇਸ ਸੰਮੇਲਨ ਨੂੰ ਵੇਖਣ ਦੇ ਦੋ ਨਜ਼ਰੀਏ ਹਨ ਇੱਕ ਉਹ ਜੋ ਇਹ ਸੰਮੇਲਨ ਕਰਵਾ ਰਹੇ ਹਨ। ਇਸ ਵਿਚ ਭਾਰਤੀ ਹਾਕਮ ਜਮਾਤਾਂ ਦੀਆਂ ਸਭ ਵੰਨਗੀਆਂ ਦੀਆਂ ਪਾਰਲੀਮਾਨੀ ਪਾਰਟੀਆਂ ਸ਼ਾਮਿਲ ਹਨ। ਜੇਕਰ ਕੇਂਦਰੀ ਸੱਤਾ ਉੱਤੇ ਬਿਰਾਜਮਾਨ ਮੋਦੀ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਇਸ ਸੰਮੇਲਨ ਦੇ ਭਾਰਤ ਵਿਚ ਹੋਣ ਨੂੰ ਆਪਣੀ ਵੱਡੀ ਅਤੇ ਸੰਸਾਰ ਵਿਚ ਵਧ ਰਹੀ ਹੈਸੀਅਤ ਵਜੋਂ ਦਰਸਾ ਰਹੀ ਹੈ ਤਾਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਭਗਵੰਤ ਮਾਨ ਸਰਕਾਰ ਵੀ ਇਸ ਸੰਮੇਲਨ ਦੇ ਅੰਮ੍ਰਿਤਸਰ ਵਿਚ ਹੋਣ ਨੂੰ ਮਾਅਰਕੇ ਵਜੋਂ ਹੁੱਬ ਕੇ ਪ੍ਰਚਾਰ ਰਹੀ ਹੈ। ਕੇਂਦਰੀ ਭਾਜਪਾਈ ਹਕੂਮਤ ਦਾ ਆਰ ਐੱਸ ਐੱਸ ਤੋਂ ਅੰਗਰੇਜ਼ ਸਾਮਰਾਜ ਦੀ ਗੁਲਾਮੀ/ਚਾਕਰੀ ਕਰਨ ਦਾ ਕਿਰਦਾਰ ਕਿਸੇ ਤੋਂ ਭੁੱਲਿਆ ਨਹੀਂ ਹੋਇਆ। ਇਸ ਦੇ ਗੁਰੂ ਘੰਟਾਲ ਹੈਡਗੇਵਾਰ, ਗੋਵਾਲਕਰ, ਸਾਵਰਕਰ ਵੱਲੋਂ ਨੰਗੀ ਚਿੱਟੀ ਚਾਕਰੀ ਸਭਨਾਂ ਸਾਹਮਣੇ ਜੱਗ ਜ਼ਾਹਿਰ ਹੈ। ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਤੋਂ ਸਹੁੰ ਚੁੱਕ ਕੇ ਬਸੰਤੀ ਪੱਗਾਂ ਬੰਨ੍ਹ ਕੇ ਉਸ ਦੇ ਹਕੀਕੀ ਵਾਰਸ ਹੋਣ ਦਾ ਪਖੰਡ ਕਰਨ ਵਾਲੀ ਭਗਵੰਤ ਮਾਨ ਸਰਕਾਰ ਬਾਰੇ ਵੀ ਭਰਮ ਭੁਲੇਖੇ ਦੂਰ ਹੋ ਗਏ ਹਨ ਕਿ ਸਿਰਫ ਪੱਗਾਂ ਬੰਨ੍ਹਣ, ਇਨਕਲਾਬ ਦੇ ਨਾਹਰੇ ਲਾਉਣ ਨਾਲ ਲੋਕ ਸਿਆਸਤ ਦੇ ਪੈਰੋਕਾਰ ਨਹੀਂ ਬਣਿਆ ਜਾ ਸਕਦਾ।

ਦੂਸਰਾ ਪੱਖ ਲੋਕਾਂ/ਲੋਕਾਂ ਦੇ ਪੱਖ ਤੋਂ ਅਗਵਾਈ ਕਰਨ ਵਾਲੀਆਂ ਤਾਕਤਾਂ ਦਾ ਹੁੰਦਾ ਹੈ। ਇਨ੍ਹਾਂ ਲੋਕ ਤਾਕਤਾਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਹੁੰਦਾ ਹੈ ਕਿ ਮਖਮਲੀ ਲਬਾਦੇ ਹੇਠ ਲਪੇਟ ਕੇ ਇੱਥੇ ਘੜੀਆਂ ਜਾ ਰਹੀਆਂ ਵਿਉਂਤਾਂ ਆਮ ਮਿਹਨਤਕਸ਼ ਲੋਕਾਈ ਦੀ ਮੌਤ ਦੇ ਵਾਰੰਟ ਸਾਬਤ ਹੋਣਗੀਆਂ। ਇੱਥੇ ਭਾਰਤੀ ਲੋਕਾਂ ਦੇ ਜਲ, ਜੰਗਲ, ਜ਼ਮੀਨ ਤੇ ਹੋਰ ਕੁਦਰਤੀ ਮਾਲ ਖਜ਼ਾਨਿਆਂ ਨੂੰ ਵਿਕਾਸ ਦੇ ਕੂਨਾਂ ਹੇਠ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਸਮਝੌਤੇ ਕੀਤੇ ਜਾਣਗੇ। ਇਸ ਸੰਮੇਲਨ ਵਿਚ ਸ਼ਾਮਿਲ ਭਾਰਤੀ ਹਾਕਮ ਪਹਿਲਾਂ ਹੀ ਜੀ-20 ਵਿਚ ਸ਼ਾਮਿਲ ਮੁਲਕਾਂ ਦੇ ਪਹਿਲਾਂ ਸਿੱਧੇ ਗੁਲਾਮ ਹੁਣ ਆਰਥਿਕ ਤੌਰ 'ਤੇ ਗੁਲਾਮ ਹਨ। ਸੰਸਾਰ ਦੀ ਕੁੱਲ ਵਸੋਂ ਦਾ ਪੰਜਵਾਂ ਹਿੱਸਾ ਭਾਰਤ ਅੰਦਰ ਵਸਦਾ ਹੈ। ਭਾਰਤ ਦੀ ਆਯਾਤ ਅਤੇ ਨਿਰਯਾਤ ਵਿਚ ਪਹਿਲਾਂ ਹੀ ਵੱਡਾ ਪਾੜਾ ਹੈ। ਵਪਾਰਕ ਘਾਟਾ ਅਸਮਾਨ ਨੂੰ ਛੂਹ ਰਿਹਾ ਹੈ। ਇਨ੍ਹਾਂ ਸਾਮਰਾਜੀ ਮੁਲਕਾਂ ਅਤੇ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਪੱਖੀ ਲਾਗੂ ਕੀਤੀਆਂ ਜਾ ਰਹੀਆਂ ਲੋਕ ਵਿਰੋਧੀ ਨੀਤੀਆਂ ਦਾ ਸਿੱਟਾ ਭੁੱਖਮਰੀ ਵਿਚੋਂ 116 ਮੁਲਕਾਂ ਵਿਚੋਂ ਸਾਡੇ ਮੁਲਕ ਦਾ 107 ਵਾਂ ਨੰਬਰ ਹੋਣਾ ਹੈ। ਅਜਿਹੀ ਸੂਰਤ ਵਿਚ ਜੀ-20 ਵਿਚ ਸ਼ਾਮਿਲ ਮੁਲਕ ਆਪਣੇ ਵਪਾਰਕ ਵਧਾਰੇ ਪਸਾਰੇ ਲਈ ਥੋੜ੍ਹੀਆਂ-ਬਹੁਤੀਆਂ ਰੋਕਾਂ ਖਤਮ ਕਰਵਾਉਣ ਲਈ ਦਬਾਅ/ਸਮਝੌਤਾ ਕਰਨਗੇ। ਭਾਰਤੀ ਹਾਕਮ ਇਸ ਨੂੰ ਆਪਣੀ ਪ੍ਰਾਪਤੀ ਵਜੋਂ ਉਚਿਆ ਕੇ ਵਾਹਵਾ ਕਰਵਾਉਣ ਲਈ ਪੂਰਾ ਟਿੱਲ ਲਾਉਣਗੇ।

ਅੰਮ੍ਰਿਤਸਰ ਵਿਚ ਹੋਣ ਜਾ ਰਹੀਆਂ ਇਸ ਦੀਆਂ ਮੀਟਿੰਗਾਂ ਓਸੇ ਪੰਜਾਬ ਦੀ ਧਰਤੀ 'ਤੇ ਹੋਣੀਆਂ ਹਨ ਜਿਹੜੀ ਧਰਤੀ ਖੇਤੀ ਕਾਨੂੰਨਾਂ ਦੇ ਸਾਮਰਾਜੀ ਹੱਲੇ ਖ਼ਿਲਾਫ ਕਿਸਾਨ ਸੰਘਰਸ਼ ਦਾ ਕੇਂਦਰ ਬਣੀ ਸੀ। ਇਨ੍ਹਾਂ ਮੀਟਿੰਗਾਂ ਵਿਚ ਐਮ ਐਸ ਪੀ ਖੋਹਣ ਦੀ ਵਿਉਂਤ ਬਣਨੀ ਹੈ, ਸਰਕਾਰੀ ਮੰਡੀਆਂ ਖਤਮ ਕਰਨ ਦੀ ਵਿਉਂਤ ਬਣਨੀ ਹੈ, ਸਰਕਾਰੀ ਸਕੂਲ, ਹਸਪਤਾਲ ਤੇ ਪਾਣੀ ਦੀਆਂ ਟੈਂਕੀਆਂ ਸਮੇਟ ਦੇਣ ਦੇ ਫ਼ਰਮਾਨ ਸੁਣਾਏ ਜਾਣੇ ਹਨ, ਸਾਡੀਆਂ ਨਹਿਰਾਂ ਤੇ ਦਰਿਆਵਾਂ 'ਤੇ ਕਬਜ਼ਾ ਕਰਨ ਦੀਆਂ ਸਾਜ਼ਿਸ਼ਾਂ ਹੋਣੀਆਂ ਹਨ। ਪੰਜਾਬ ਦੀ ਸਨਅਤ ਦੇ ਗਲ 'ਗੂਠਾ ਦੇ ਕੇ ਕਾਰਪੋਰੇਟ ਵਪਾਰ ਦੇ ਪਸਾਰੇ ਦੀਆਂ ਵਿਉਂਤਾਂ ਘੜੀਆਂ ਜਾਣੀਆਂ ਹਨ। ਪੰਜਾਬ ਦੀ ਆਬੋ-ਹਵਾ ਨੂੰ ਪਲੀਤ ਕਰਨ ਵਾਲੇ ਮੈਗਾ ਪ੍ਰਾਜੈਕਟਾਂ ਦੀਆਂ ਸਲਾਹਾਂ ਹੋਣੀਆਂ ਹਨ। ਉਪਜਾਊ ਜ਼ਮੀਨਾਂ ਦੇ ਐਨ ਵਿਚਕਾਰ ਦੀ 8 ਮਾਰਗੀ ਸੜਕਾਂ ਵੀ ਇਨ੍ਹਾਂ ਸਾਮਰਾਜੀ ਮੁਲਕਾਂ ਦੀਆਂ ਵਿਉਂਤਾਂ ਤਹਿਤ ਹੀ ਬਣ ਰਹੀਆਂ ਹਨ।

ਪੰਜਾਬ ਦਾ ਕਿਸਾਨ ਜਿਨ੍ਹਾਂ ਕਾਰਪੋਰੇਟਾਂ ਤੋਂ ਜ਼ਮੀਨਾਂ ਬਚਾਉਣ ਲਈ ਦਿੱਲੀ ਦੇ ਬਾਰਡਰਾਂ 'ਤੇ ਬੈਠਾ ਰਿਹਾ ਸੀ ਉਹੀ ਕਾਰਪੋਰੇਟ ਉਨ੍ਹਾਂ ਹੀ ਜ਼ਮੀਨਾਂ ਨੂੰ ਹੜੱਪਣ ਦੀਆਂ ਵਿਉਂਤਾਂ ਅੰਮ੍ਰਿਤਸਰ ਵਿਚ ਬੈਠ ਕੇ ਘੜਨਗੇ ਤੇ ਉਨ੍ਹਾਂ ਦੀ ਸੇਵਾ 'ਚ ਸਾਡਾ ਖਜ਼ਾਨਾ ਪਾਣੀ ਵਾਂਗ ਵਹਾਇਆ ਜਾਵੇਗਾ।




ਹੁਣ ਪੰਜਾਬ ਦੇ ਰਖਵਾਲੇ ਹੋਣ ਦੀਆਂ ਤੇ ਪੰਜਾਬ ਦੇ ਵਾਰਸ ਹੋਣ ਦੀਆਂ ਸਭ ਦਾਅਵੇਦਾਰੀਆਂ ਨੂੰ ਪਰਖਣ ਦਾ ਵੀ ਵੇਲਾ ਹੈ। ਪੰਜਾਬ ਦੇ ਚੱਪੇ ਚੱਪੇ 'ਤੇ ਕਾਰਪੋਰੇਟ ਕਾਬਜ਼ ਹੋਣ ਦੀਆਂ ਵਿਉਂਤਾਂ ਅੰਮ੍ਰਿਤਸਰ ਵਿਚ ਬੈਠ ਕੇ ਘੜਨਗੇ ਤਾਂ ਕਿਰਤੀ ਪ੍ਰਵਾਸੀ ਮਜ਼ਦੂਰਾਂ ਦੇ ਪੰਜਾਬ 'ਤੇ ਕਬਜ਼ੇ ਦਾ ਹੋ-ਹੱਲਾ ਮਚਾਉਣ ਵਾਲੇ ਲੋਕਾਂ ਦੀ ਕੋਈ ਵਿਰੋਧੀ ਆਵਾਜ਼ ਸੁਣਨ ਨੂੰ ਨਹੀਂ ਮਿਲੇਗੀ ਕਿਉਂਕਿ ਇਹ ਆਵਾਜ਼ਾਂ ਉਠਦੀਆਂ ਹੀ ਲੋਕਾਂ 'ਚ ਵੰਡੀਆਂ ਪਾਉਣ ਤੇ ਕਾਰਪੋਰੇਟਾਂ ਦੀ ਸੇਵਾ ਕਮਾਉਣ ਲਈ ਹਨ। ਸਾਮਰਾਜੀ ਕਾਰਪੋਰੇਟ ਗਿਰਝਾਂ ਦਾ ਵਿਰੋਧ ਇਨ੍ਹਾਂ ਆਵਾਜ਼ਾਂ ਦਾ ਏਜੰਡਾ ਨਹੀਂ ਹੈ।

ਇਹ ਵੀ ਉਤਸ਼ਾਹਜਨਕ ਪਹਿਲੂ ਹੈ ਕਿ ਦੁਨੀਆ ਭਰ ਦੇ ਮੁਲਕਾਂ ਅੰਦਰ ਜੀ-20, ਜੀ-7 ਤੇ ਡਬਲਿਊਟੀਓ ਵਰਗੇ ਅਦਾਰਿਆਂ ਦੀਆਂ ਮੀਟਿੰਗਾਂ ਮੌਕੇ ਕਿਰਤੀ ਲੋਕਾਂ ਦੇ ਹਜ਼ੂਮ ਸੜਕਾਂ 'ਤੇ ਨਿਕਲਦੇ ਹਨ ਤੇ ਸਾਮਰਾਜੀਆਂ ਦੇ ਲੁਟੇਰੇ ਏਜੰਡਿਆਂ ਖ਼ਿਲਾਫ ਜ਼ੋਰਦਾਰ ਰੋਸ ਪ੍ਰਗਟ ਕਰਦੇ ਹਨ। ਇਸ ਪੱਖੋਂ ਸਾਡੇ ਦੇਸ਼ ਅੰਦਰ ਕੋਈ ਖਾਸ ਵਿਰੋਧ ਆਵਾਜ਼ ਸੁਣਾਈ ਨਹੀਂ ਦਿੱਤੀ ਤੇ ਪੰਜਾਬ ਦੀ ਧਰਤੀ 'ਤੇ ਵੀ ਸਾਮਰਾਜੀਆਂ ਦੇ ਨਾਪਾਕ ਕਦਮ ਪੈਣ ਖ਼ਿਲਾਫ ਕੋਈ ਝੱਬਵਾਂ ਇੱਕਜੁਟ ਰੋਸ ਜ਼ਾਹਰ ਹੁੰਦਾ ਨਹੀਂ ਦਿਸ ਰਿਹਾ। ਪੰਜਾਬੀਆਂ ਦੇ ਸੋਚਣ ਦਾ ਵੇਲਾ ਹੈ ਕਿ ਖੇਤੀ ਅਰਥਚਾਰੇ 'ਤੇ ਕਬਜ਼ਾ ਕਰਨ ਦੀਆਂ ਵਿਉਂਤਾਂ ਅਜਿਹੀਆਂ ਮੀਟਿੰਗਾਂ ਵਿਚੋਂ ਹੀ ਨਿਕਲਦੀਆਂ ਹਨ ਪਰ ਅਸੀਂ ਉਦੋਂ ਜਾਗਦੇ ਹਾਂ ਜਦੋਂ ਪਾਰਲੀਮੈਂਟ ਵਿਚ ਕਾਨੂੰਨ ਬਣ ਜਾਂਦੇ ਹਨ।

ਕੇਂਦਰੀ ਅਤੇ ਸੂਬਾਈ ਹਾਕਮਾਂ ਦੀਆਂ ਪੰਜਾਬੀ ਕੌਮ ਦੀ ਬਿਹਤਰੀ ਤੇ ਭਵਿੱਖ ਦੇ ਫ਼ਿਕਰਾਂ ਦੀਆਂ ਸਭ ਗੱਲਾਂ ਵਿਅਰਥ ਹਨ ਜੇਕਰ ਸਾਡੀ ਧਰਤੀ 'ਤੇ ਸਾਡੇ ਸਾਹਮਣੇ ਆ ਕੇ ਸਾਨੂੰ ਲੁੱਟਣ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹੋਣ ਤਾਂ ਵਿਸ਼ਾਲ ਕਿਰਤੀ ਲੋਕਾਈ ਲਈ ਇਹ ਵੇਲਾ ਚੁੱਪ ਕਰ ਕੇ ਬੈਠਣ ਦਾ ਨਹੀਂ ਹੈ। ਸਗੋਂ ਹੱਥ ਨਾਲ ਹੱਥ ਮਿਲਾ ਕੇ, ਮੋਢੇ ਨਾਲ ਮੋਢਾ ਜੋੜ ਕੇ, ਕਲਮ ਨਾਲ ਕਲਮ ਜੋੜ ਕੇ ਸਾਂਝੀ ਜੋਟੀ ਪਾਉਣ ਦਾ ਹੈ। ਪੰਜਾਬੀਅਤ ਦਾ ਇਤਿਹਾਸ ਜਾਬਰਾਂ ਖ਼ਿਲਾਫ਼ ਨਾਬਰੀ ਦਾ ਇਤਿਹਾਸ ਹੈ। ਆਓ, ਜੱਲ੍ਹਿਆਂ ਵਾਲੇ ਬਾਗ ਦੀ ਸਾਂਝੇ ਸੰਘਰਸ਼ਾਂ ਦੀ ਖ਼ੂਨੀ ਧਰਤ ਦੇ ਵਾਰਸੋ ਚੁੱਪ ਨਾ ਬੈਠੀਏ, ਲੋਕ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਇੱਕ ਵਾਰ ਫਿਰ ਜੀ-20 ਸੰਮੇਲਨ ਦਾ ਤਿੱਖਾ ਵਿਰੋਧ ਕਰਦੇ ਚੇਤੰਨ ਸੰਘਰਸ਼ਾਂ ਦਾ ਆਪਣਾ ਵਿਰਸਾ ਬਰਕਰਾਰ ਰੱਖੀਏ। ਭਾਰਤੀ ਹਾਕਮਾਂ ਤੋਂ ਸਾਮਰਾਜੀ ਲੁਟੇਰੀ ਵਿਸ਼ਵ ਵਪਾਰ ਸੰਸਥਾ ਵਿਚੋਂ ਬਾਹਰ ਆਉਣ ਦੀ ਰੋਹਲੀ ਗਰਜ ਬੁਲੰਦ ਕਰੀਏ। ਸਮੇਂ ਦੀ ਇਹੋ ਹਕੀਕੀ ਮੰਗ ਹੈ।

# ਬ੍ਰਾਈਸ ਕੈਨਿਅਨ ਨੈਸ਼ਨਲ ਪਾਰਕ, ਯੂਟਾਹ: ਚੱਟਾਨਾਂ ਦਾ ਮਹਾਂਕਾਵਿ

**ਕੈਲੇਫੋਰਨੀਆ ਡਾਇਰੀ**

***ਡਾ. ਅੰਬਰੀਸ਼, ਡਾ. ਕਰਨੈਲ ਸਿੰਘ ਦਾ ਸਾਹਿਤਕ ਨਾਂ ਹੈ। ਉਹ ਲੰਮਾ ਸਮਾਂ ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਪੜ੍ਹਾਉਂਦੇ ਰਹੇ ਹਨ ਅਤੇ ਫਿਰ ਉਥੋਂ ਹੀ ਪ੍ਰਿੰਸੀਪਲ ਵਜੋਂ ਕੰਮ ਮੁਕਤ (ਸੇਵਾ-ਮੁਕਤ) ਹੋਏ ਹਨ। ਉਨ੍ਹਾਂ ਦੀਆਂ ਕਈ ਕਾਵਿ-ਕਿਤਾਬਾਂ ਛਪ ਚੁੱਕੀਆਂ ਹਨ। ਸੈਰ ਸਪਾਟੇ ਦਾ ਵੀ ਬੇਹੱਦ ਸ਼ੌਕ ਰੱਖਦੇ ਹਨ। ਉਹ ਆਪਣੇ ਡਾ. ਬੇਟੇ ਕੋਲ ਕੈਲੇਫੋਰਨੀਆ ਆਉਂਦੇ-ਜਾਂਦੇ ਰਹਿੰਦੇ ਹਨ। ਇਸੇ 'ਚੋਂ ਉਨ੍ਹਾਂ ਦੀ ਡਾਇਰੀ ਲਿਖਣ ਵਿਚ ਆਉਂਦੀ ਹੈ।***

ਪਿਆਰੇ ਪਾਠਕੋ, ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਜੀਵਨ 'ਚ ਕਦੇ ਨਾ ਕਦੇ ਕੋਈ ਐਸਾ ਨਜ਼ਾਰਾ ਜ਼ਰੂਰ ਵੇਖਿਆ ਹੋਏਗਾ, ਜਾਂ ਐਸਾ ਕੁਝ ਮਹਿਸੂਸ ਕੀਤਾ ਹੋਏਗਾ ਜਦੋਂ ਤੁਹਾਨੂੰ ਲੱਗਿਆ ਹੋਏਗਾ ਕਿ ਉਹਨੂੰ ਸ਼ਬਦਾਂ 'ਚ ਬਿਆਨ ਕਰਨਾ ਅਸੰਭਵ ਹੈ। ਪਰ ਕਿਉਂਕਿ ਮੈਂ ਕਵੀ ਤੇ ਲੇਖਕ ਹਾਂ, ਐਸੇ ਨਜ਼ਾਰਿਆਂ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਨਾ ਮੇਰੀ ਮਜਬੂਰੀ ਹੀ ਸਮਝੋ।



ਬ੍ਰਾਈਸ ਕੈਨਿਅਨ ਨੈਸ਼ਨਲ ਪਾਰਕ 'ਚ ਸਹਿਜੇ ਤੇ ਧੀਮੀ ਗਤੀ ਨਾਲ

**ਡਾ. ਅੰਬਰੀਸ਼**
**ਫੋਨ: 98143-89522**

ਕਾਰ 'ਚ ਘੁੰਮਦਿਆਂ ਤੇ ਵੱਖ ਵੱਖ ਨਿਰਧਾਰਤ ਵੇਖਣ-ਬਿੰਦੂਆਂ 'ਤੇ ਠਰ੍ਹੰਮੇ ਨਾਲ ਰੁਕ ਆਸੇ ਪਾਸੇ ਵੇਖਦਿਆਂ, (ਕਿਉਂਕਿ ਜੇਕਰ ਤੁਸੀਂ ਏਥੇ ਵੀ ਕਾਹਲੀ 'ਚ ਹੋ, ਤਾਂ ਤੁਸੀਂ ਅਸਲ ਤੋਂ ਖੁੰਝ ਰਹੇ ਹੋ), ਕੁਝ ਗੱਲਾਂ ਤੁਸੀਂ ਗਹਿਰਾਈ ਨਾਲ ਮਹਿਸੂਸ ਕਰੋਗੇ: ਏਥੋਂ ਦਿਸਦੇ ਅਸਮਾਨ ਤੇ ਦਿਸਹੱਦਿਆਂ ਦੀ ਵਿਰਾਟਤਾ; ਚੱਟਾਨਾਂ ਦੇ ਹੈਰਾਨ ਕਰਦੇ ਆਕਾਰ ਤੇ ਕੈਨਿਅਨਾਂ ਦੀ ਦਿਲ-ਦਹਿਲਾਉਂਦੀ ਗਹਿਰਾਈ; ਵਿਭਿੰਨ ਰੂਪਾਂ 'ਚ ਘੜੀਆਂ ਤੇ ਤਰਾਸ਼ੀਆਂ ਚੱਟਾਨਾਂ ਦੇ ਰੰਗ: ਗੇਰੂਆ, ਸੰਧੂਰੀ, ਗੁਲਾਬੀ, ਸਫੈਦ, ਭੂਰੇ, ਹਲਕੇ ਬਦਾਮੀ, ਬੇਨਾਮ ਰੰਗ ... ਪਰ ਪ੍ਰਭਾਵ ਗੇਰੂਆ-ਸੰਧੂਰੀ ਦਾ, ਤੇ ਇਨ੍ਹਾਂ ਰੰਗਾਂ ਪਿੱਛੇ ਹਰ ਪਾਸੇ ਪਈ ਬਰਫ ਦੀ ਚਮਕੀਲੀ-ਸਫੈਦ, ਤੇ ਚੀੜ੍ਹ-ਬਿਰਖਾਂ ਦੀ ਸਾਉਲੀ-ਹਰੀ ਤੇ ਅਸਮਾਨ ਦੀ ਗਹਿਰੀ ਨੀਲੀ ਪਿੱਠਭੂਮੀ। ਇਹ ਰੰਗ ਪਹੁ-ਫੁਟਾਲੇ ਤੋਂ ਲੈ ਸੂਰਜ ਡੁੱਬਣ ਤੋਂ ਬਾਅਦ ਤਕ, ਸਗੋਂ ਭਰ ਚਾਨਣੀਆਂ ਤੇ ਮੱਸਿਆ ਦੀਆਂ ਤਾਰਾ-ਭਰੀਆਂ ਰਾਤਾਂ ਨੂੰ ਵੀ, ਭਾਹਾਂ ਬਦਲਦੇ ਰਹਿੰਦੇ ਨੇ। ਏਥੇ ਪੁਲਾੜ, ਤਾਰਾ-ਵਿਗਿਆਨ ਤੇ ਸ੍ਰਿਸ਼ਟੀ ਦੇ ਰਹੱਸ 'ਚ ਦਿਲਚਸਪੀ ਰੱਖਣ ਵਾਲੇ ਲੋਕ ਰਾਤਾਂ ਨੂੰ ਵੀ ਆਉਂਦੇ ਤੇ ਖਾਸ ਥਾਂਵਾਂ 'ਤੇ ਲੱਗੀਆਂ ਤਾਕਤਵਰ ਪੁਲਾੜ-ਬੀਨਾਂ ਰਾਹੀਂ ਅਸਮਾਨ ਨਿਹਾਰਦੇ ਨੇ। ਸਮੁੰਦਰ ਤਲ ਤੋਂ ਉਚਾਈ, ਰੌਸ਼ਨੀ-ਪ੍ਰਦੂਸ਼ਣ ਦੀ ਅਣਹੋਂਦ, ਤੇ ਪਤਲੀ ਸਾਫ ਹਵਾ ਕਾਰਨ ਕਹਿੰਦੇ ਕਿ ਇਸ ਥਾਂ ਤੋਂ ਅਕਾਸ਼ਗੰਗਾ ਤੇ ਤਾਰੇ ਵੇਖਣਾ ਹੋਰ ਹੀ ਅਹਿਸਾਸ ਹੈ, ਕਿ ਵੀਨਸ ਤੇ ਜੁਪੀਟਰ ਗ੍ਰਹਿ ਏਥੋਂ ਏਨੇ ਵੱਡੇ ਤੇ ਚਮਕੀਲੇ ਦਿਸਦੇ ਹਨ ਕਿ ਉਨ੍ਹਾਂ ਕਾਰਨ ਧਰਤੀ 'ਤੇ ਪਰਛਾਵੇਂ ਬਣਦੇ ਨੇ। ਉਦੋਂ – ਤੇ ਯਕੀਨਨ ਦਿਨੇਂ ਵੀ – ਏਥੇ ਵਿਚਰਨਾ ਇਕ ਤਰ੍ਹਾਂ ਨਾਲ ਅਤਿਯਥਾਰਥ 'ਚ ਜਿਉਣਾ ਹੁੰਦਾ ਹੈ।

ਹਾਲਾਂਕਿ ਦਿਨ ਅਜੇ ਅੱਧਾ ਵੀ ਨਹੀਂ ਬੀਤਿਆ, 'ਸੰਨਸੈਟ ਪੁਆਇੰਟ' 'ਤੇ ਵਾਹਵਾ ਭੀੜ ਹੈ। ਜਿਸ ਤਿਲਕਵੀਂ ਬਰਫ 'ਤੇ ਮੈਂ ਡਿੱਗਣੋਂ ਬਚਦਾ ਹਰ ਕਦਮ ਬੋਚ-ਬੋਚ ਕੇ ਰੱਖਦਾ ਹਾਂ, ਦੋ ਬੱਚੇ ਓਥੇ, ਆਮ ਬੂਟ ਪਹਿਨੀ, ਸਕੇਟਿੰਗ ਕਰਨ ਦੀ ਕੋਸ਼ਿਸ਼ ਕਰਦੇ, ਡਿੱਗ-ਉੱਠ ਰਹੇ ਨੇ। ਲੋਕ ਤਸਵੀਰਾਂ ਖਿੱਚ-ਖਿੱਚ ਫਾਵੇ ਹੋ ਰਹੇ, ਪਰ 8000 ਫੁੱਟ ਦੀ ਉਚਾਈ 'ਤੇ ਬਣੇ ਇਸ ਦਰਸ਼ਨੀ ਬਿੰਦੂ ਤੋਂ ਹੇਠਾਂ ਉੱਤਰਦਿਆਂ ਹੀ ਜੀਵਨ ਦੀ ਆਪਾਧਾਪੀ ਤੇ ਰੋਜ਼ਮੱਰ੍ਹਾ ਦਾ ਖਲਜਗਣ ਉਨ੍ਹਾਂ ਨੂੰ ਇਨ੍ਹਾਂ ਤਸਵੀਰਾਂ ਨੂੰ ਮੁੜ ਵੇਖਣ ਦਾ ਸਮਾਂ ਨਹੀਂ ਦਏਗਾ।

ਬੇਟਾ ਕੈਨਿਅਨ 'ਚ ਉੱਤਰਦੀ ਡੇਢ ਕੁ ਮੀਲ ਦੀ ਇਕ ਔਖੀ ਹਾਈਕ 'ਤੇ ਚਲਾ ਗਿਆ ਹੈ, ਮੈਂ ਟੀਸੀ 'ਤੇ ਬੈਠਾ ਉਹਦਾ ਇੰਤਜ਼ਾਰ ਕਰਦਾ, ਹਰ ਪਾਸੇ ਵੇਖਦਾ, ਹਰ ਦ੍ਰਿਸ਼ ਨੂੰ ਆਪਣੇ ਅੰਦਰ ਸਦਾ ਲਈ ਪ੍ਰਿੰਟ ਕਰ ਲੈਣਾ ਚਾਹੁੰਦਾ ਹਾਂ ਤਾਂ ਜੋ ਏਥੇ ਪਰਤਣ ਵਾਸਤੇ ਮੈਨੂੰ ਮੋਬਾਈਲ 'ਚ ਖਿੱਚੀਆਂ ਤਸਵੀਰਾਂ ਦੀ ਲੋੜ ਨਾ ਪਵੇ।

ਮੈਂ ਕੈਨਿਅਨ ਦੇ ਕਿਨਾਰੇ 'ਤੇ ਲੱਕੜੀ ਦੇ ਮੋਟੇ, ਮਜ਼ਬੂਤ ਗੱਠਿਆਂ ਨਾਲ ਉਸਾਰੀ ਗਈ ਬਚਾਓ-ਸੰਰਚਨਾ ਨਾਲ ਲੱਗ ਹੇਠਾਂ, ਤੇ ਦਿਸਹੱਦਿਆਂ ਤਕ ਵੇਖਦਾ ਹਾਂ।

ਮੇਰੇ ਠੀਕ ਹੇਠਾਂ ਗਹਿਰੀ ਚੌੜੀ ਖਾਈ 'ਚ ਸਮੇਂ ਤੇ ਕੁਦਰਤੀ ਤਾਕਤਾਂ ਨੇ ਚੱਟਾਨਾਂ ਨੂੰ ਇੰਜ ਘੜਿਆ ਹੈ ਕਿ ਜਾਪਦਾ ਜਿਉਂ ਕਿਸੇ ਐਂਫਿਥਿਏਟਰ 'ਚ, ਅਰਧ-ਚੰਦਰਾਕਾਰ, ਪੌੜੀਦਾਰ ਕਤਾਰਾਂ 'ਚ ਬੈਠੇ ਦਰਸ਼ਕ, ਸਾਹਮਣੇ ਸਟੇਜ 'ਤੇ ਖੇਡੇ ਜਾ ਰਹੇ ਨਾਟਕ ਨੂੰ ਤੱਕਦੇ ਹੋਣ। ਕਲਾਕਾਰ ਤੇ ਦਰਸ਼ਕ ਦੋਵੇਂ ਇੰਜ ਹੀ ਹਜ਼ਾਰਾਂ, ਲੱਖਾਂ ਸਾਲਾਂ ਤੋਂ ਅਹਿਲ, ਬੇਹਰਕਤ।

ਪਰ ਅਸਲ 'ਚ ਬੇਹਰਕਤ ਇਹ ਹੈ ਨਹੀਂ। ਕੀ ਕੁਦਰਤ, ਬ੍ਰਹਿਮੰਡ 'ਚ ਕੁਝ ਵੀ ਹੁੰਦਾ ਹੈ? ਬੁੱਤਾਂ ਜਿਹੀਆਂ ਘੜੀਆਂ ਇਹ ਚੱਟਾਨਾਂ ਹਰ ਵਕਤ, ਇਸ ਪਲ ਵੀ, ਕਿਣਕਾ-ਕਿਣਕਾ ਭੁਰ ਰਹੀਆਂ, ਗੀਟਾ-ਗੀਟਾ, ਪੱਥਰ-ਪੱਥਰ ਡਿੱਗ ਰਹੀਆਂ ਨੇ। ਕੰਨ ਧਰਿਆਂ, ਚੁੱਪ ਰਾਤਾਂ ਨੂੰ ਤੁਸੀਂ ਇਨ੍ਹਾਂ ਦਾ ਡਿੱਗਣਾ ਸੁਣ ਸਕਦੇ ਹੋ। ਸਨੋਅ, ਆਈਸ, ਮੀਂਹ, ਹਵਾ ਤੇ ਦਿਨ-ਰਾਤ ਦੇ ਬਦਲਦੇ ਤਾਪਮਾਨ ਸਭ ਹਰ ਵਕਤ ਇਨ੍ਹਾਂ ਨੂੰ ਤਰਾਸ਼ਦੇ ਤੇ ਅਜੀਬੋ-ਗਰੀਬ ਆਕ੍ਰਿਤੀਆਂ 'ਚ ਘੜਦੇ ਰਹਿੰਦੇ ਨੇ।

ਇਸ ਪਾਰਕ ਦੀਆਂ ਮੀਲਾਂ ਲੰਮੀਆਂ ਸੜਕਾਂ 'ਤੇ ਘੁੰਮਦਿਆਂ, ਦੂਰੋਂ, ਨੇੜਿਉਂ ਵੇਖਿਆਂ ਇਹ ਆਕ੍ਰਿਤੀਆਂ ਕਈ ਭੁਲੇਖੇ ਸਿਰਜਦੀਆਂ ਨੇ: ਸੜਕ ਦੇ ਪਾਰ, ਕੈਨਿਅਨ ਦੇ ਐਨ ਕਿਨਾਰੇ 'ਤੇ ਅਸਮਾਨ ਛੋਂਹਦੀ ਖੜ੍ਹੀ ਕੋਈ ਪਹਾੜੀ, ਮਿਸਰ ਦਾ ਪਿਰਾਮਿਡ ਲੱਗਦੀ ਹੈ, ਕੁਝ ਚੱਟਾਨਾਂ ਮੈਨੂੰ ਭੁਪਾਲ ਕੋਲ ਵੇਖੇ ਸਾਂਚੀ ਦੇ ਸਤੂਪਾਂ ਦੀ ਯਾਦ ਦਿਵਾਉਂਦੀਆਂ ਨੇ, ਕੁਝ ਮਸਜਿਦਾਂ ਦੀਆਂ ਮੀਨਾਰਾਂ ਦੀ, ਗੁਰਦੁਆਰਿਆਂ ਦੀ, ਕਲਸ਼ਾਂ ਵਾਲੇ ਗੁੰਬਦਾਂ ਦੀ, ਗਿਰਜਾਘਰਾਂ ਦੀ, ਕੁਝ ਦੱਖਣ ਭਾਰਤ ਦੇ ਪੱਥਰਾਂ 'ਚੋਂ ਘੜੇ ਨੱਕਾਸ਼ੀਦਾਰ ਮੰਦਰਾਂ ਦੀ।

ਕੁਦਰਤੀ ਘਾੜਤਾਂ ਤੇ ਸੰਰਚਨਾਵਾਂ 'ਚੋਂ ਨਮੂਨੇ ਢੂੰਡਣਾ ਮਨੁੱਖ ਦੀ ਜਿਨੇਟਿਕ ਕੋਡ 'ਚ ਉੱਕਰੀ ਪ੍ਰਵਿਰਤੀ ਹੈ।

ਤੇ ਸੋਚੋ ਜ਼ਰਾ! ਜਿੱਥੇ ਖੜ੍ਹਾ ਮੈਂ ਇਸ ਵੇਲੇ ਇਹ ਸਭ ਵੇਖ ਰਿਹਾ, ਇਹ ਸਾਰਾ ਇਲਾਕਾ, ਕਰੋੜਾਂ ਵਰ੍ਹੇ ਪਹਿਲਾਂ ਕਿਸੇ ਪੁਰਾਤਨ ਵਿਸ਼ਾਲ ਝੀਲ ਜਾਂ ਸਮੁੰਦਰ ਦਾ ਤਲ ਸੀ। ਉਸ ਝੀਲ ਜਾਂ ਸਮੁੰਦਰ 'ਚ ਜਾ ਰਲਦੀਆਂ ਨਦੀਆਂ-ਦਰਿਆਵਾਂ ਦੁਆਰਾ ਦੁਆਲੇ ਦੇ ਪਰਬਤਾਂ, ਮੈਦਾਨਾਂ, ਜੰਗਲਾਂ, ਮਾਰੂਥਲਾਂ 'ਚੋਂ ਵਹਾਅ ਕੇ ਲਿਆਉਂਦੀ ਰੇਤ-ਮਿੱਟੀ-ਭਲ ਹੀ ਕਰੋੜਾਂ ਵਰ੍ਹੇ ਤਲ 'ਤੇ 'ਕੱਠੀ ਹੁੰਦੀ ਤੇ ਦਬਾਅ ਕਾਰਨ ਚੱਟਾਨਾਂ ਬਣਦੀ ਰਹੀ, ਤੇ ਫਿਰ ਮਹਾਂਦੀਪਾਂ ਦੀ ਸਰਕ ਅਤੇ ਆਪਸ 'ਚ ਟਕਰਾਉਣ ਦੀ ਅਟੱਲ ਪ੍ਰਕਿਰਿਆ ਨਾਲ ਤਲ ਉੱਪਰ ਉੱਠਦਾ-ਉੱਠਦਾ ਇਹ ਪਹਾੜ ਬਣ ਗਿਆ।

ਸੰਨਸੈਟ ਪੁਆਇੰਟ 'ਤੇ ਆਉਣ ਤੋਂ ਪਹਿਲਾਂ ਅਸੀਂ ਜਿਸ ਥਾਂ 'ਤੇ ਗਏ ਸਾਂ, ਉਹ ਇਸ ਤੋਂ ਵੀ ਸ਼ਾਹਾਨਾ ਸੀ। ਬ੍ਰਾਈਸ ਕੈਨਿਅਨ ਓਥੋਂ ਹੀ ਆਪਣੇ ਪੂਰੀ ਗਹਿਰਾਈ, ਲੰਬਾਈ, ਚੌੜਾਈ, ਵਿਸ਼ਾਲਤਾ ਤੇ ਵੈਭਵ 'ਚ ਵਿਖਾਲੀ ਦੇਂਦੀ ਹੈ। ਮੈਂ ਓਥੇ ਉਹ ਸੰਗੀਤ ਵੀ ਸੁਣਿਆ ਜਿਹੜਾ ਧਰਤੀ ਦੇ ਪੁਰਾਤਨਤਮ ਸੰਗੀਤਾਂ 'ਚੋਂ ਇਕ ਹੈ, ਤੇ ਮੇਰਾ ਪਛਾਣਿਆ ਹੈ: ਪਹਾੜ ਦੀ ਟੀਸੀ 'ਤੇ ਖੜ੍ਹੇ ਕੁਝ ਕੋਨੀਫਰ ਬਿਰਖਾਂ ਦੇ ਸੰਘਣੇ ਛਤਰਿਆਂ 'ਚੋਂ ਦੀ ਤਿੱਖੀ ਵਹਿੰਦੀ ਹਵਾ ਦਾ ਸੰਗੀਤ, ਜਿਹਨੇ ਪਹਿਲੇ ਪਲ ਕੁ ਲਈ ਹਮੇਸ਼ਾ ਵਾਂਗ ਮੈਨੂੰ ਕਿਸੇ ਚੌੜੇ, ਸ਼ਾਂਤ ਵਹਿੰਦੇ ਦਰਿਆ ਦੀ ਮੱਧਮ ਸ਼ੂਕਰ ਦਾ ਭੁਲੇਖਾ ਪਾਇਆ ਸੀ।

ਮੈਂ ਗ੍ਰੈਂਡ ਕੈਨਿਅਨ ਤਾਂ ਨਹੀਂ ਵੇਖੀ, ਪਰ ਇਹ ਕੈਨਿਅਨ ਵੀ ਘੱਟ ਗ੍ਰੈਂਡ ਨਹੀਂ। ਅਸਲ 'ਚ ਐਰਿਜ਼ੋਨਾ ਦੀ ਗ੍ਰੈਂਡ ਕੈਨਿਅਨ, ਗੁਆਂਢੀ ਰਾਜ ਯੂਟਾਹ ਦੀ ਇਹ ਬ੍ਰਾਈਸ ਕੈਨਿਅਨ, ਅਤੇ ਏਥੋਂ ਬਹੁਤੀ ਦੂਰ ਨਹੀਂ ਜ਼ਾਇਓਨ ਕੈਨਿਅਨ – ਜਿੱਥੇ ਅਸੀਂ ਭਲਕੇ ਜਾਣਾ – ਇਕੋ ਭੂਗੋਲਿਕ ਤੇ ਮਹਾਂਕਾਲਿਕ ਗ੍ਰੈਂਡ ਡਿਜ਼ਾਇਨ ਦਾ ਹਿੱਸਾ ਨੇ।ਇਹ ਕੈਨਿਅਨ ਮਹਾਂਕਾਲ ਦੇ ਅਸੰਖ ਪੰਨਿਆਂ ਵਾਲੀ ਚੱਟਾਨੀ – ਤੇ ਰੁੱਖ ਬੂਟੀਦਾਰ, ਤੇ ਕੀਟ ਪਸ਼ੂ ਪੰਛੀਦਾਰ – ਪੁਸਤਕ ਹੈ ਜਿਹਦੇ ਹਰ ਪੰਨੇ 'ਚ ਸਾਡੇ ਗ੍ਰਹਿ ਦੇ ਜੀਵਨ, ਤੇ ਧਰਤੀ 'ਤੇ ਜੀਵਨ ਦੀ ਉਤਪਤੀ ਦੇ, ਲੱਖਾਂ-ਕਰੋੜਾਂ ਵਰ੍ਹੇ ਦਰਜ ਨੇ। ਇਸ ਮਹਾਂਬਿਰਤਾਂਤ ਦੀਆਂ, ਸਾਰੀ ਉਮਰ ਲਾ ਕੇ ਵੀ ਕੋਈ ਮਨੁੱਖ, ਸਿਰਫ ਕੁਝ ਸਤਰਾਂ ਹੀ ਪੜ੍ਹ ਸਕਦਾ ਹੈ। ਮਹਿਜ਼ ਕੁਝ ਘੰਟੇ ਏਥੇ ਬਿਤਾਅ ਮੇਰੇ ਹਿੱਸੇ ਕੀ ਆਇਆ ਹੋਏਗਾ, ਪਿਆਰੇ ਪਾਠਕ, ਤੁਸੀਂ ਖੁਦ ਅੰਦਾਜ਼ਾ ਲਾ ਸਕਦੇ ਹੋ।

# ਪੰਜਾਬੋਂ ਤੁਰੀਆਂ ਮੁਟਿਆਰਾਂ



ਸੁਰਿੰਦਰ ਗੀਤ
ਫੋਨ: 403 605 3734

ਨਵੰਬਰ 2022 ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਇਕ ਬਹਿਸ ਵਿਚ ਭਾਗ ਲੈਣ ਦਾ ਮੌਕਾ ਮਿਲਿਆ। ਵਿਸ਼ਾ ਸੀ 'ਆਬਾਂ ਦੇ ਦੇਸ਼ੋਂ ਤੁਰੀਆਂ ਮੁਟਿਆਰਾਂ' ਵਿਸ਼ਾ ਦੇਖਦੇ ਹੀ ਮੇਰੇ ਦਿਲ ਦਿਮਾਗ਼ ਨੂੰ ਤਰ੍ਹਾਂ-ਤਰ੍ਹਾਂ ਦੇ ਖ਼ਿਆਲਾਂ ਨੇ ਘੇਰਾ ਪਾ ਲਿਆ। ਪਲਾਂ ਛਿਣਾਂ ਵਿਚ ਹੀ ਮੇਰਾ ਦਿਮਾਗ਼ ਪੰਜਾਹ ਸਾਲ ਪਿੱਛੇ ਚਲਾ ਗਿਆ। ਇਹ ਗੱਲ ਲਗਭਗ 1972 ਦੀ ਹੈ। ਮੈਂ ਤੇ ਮੇਰੀ ਸਹੇਲੀ ਬਿੰਦਰ ਮੋਗੇ ਬਜ਼ਾਰ 'ਚ ਆਪਣੀ ਸਹੇਲੀ ਦੇ ਵਿਆਹ ਤੋਂ ਵਾਪਸ ਆ ਰਹੀਆਂ ਕਾਹਲੇ ਕਦਮੀਂ ਘਰ ਨੂੰ ਤੁਰੀਆਂ ਜਾ ਰਹੀਆਂ ਸਾਂ। ਸਾਡੀ ਕਾਹਲ ਦਾ ਕਾਰਨ ਸਾਡਾ ਡਰ ਸੀ ਕਿ ਜੇਕਰ ਲੇਟ ਹੋ ਗਈਆਂ ਤਾਂ ਸਾਡੀ ਸ਼ਾਮਤ ਆ ਜਾਵੇਗੀ। ਪਤਾ ਨਹੀਂ ਘਰਦਿਆਂ ਤੋਂ ਕੀ ਕੀ ਸੁਣਨਾ ਪਵੇ। ਜਿੰਨੀਆਂ ਕੁ ਗਾਲ੍ਹਾਂ ਉਸਨੂੰ ਮਿਲਣੀਆਂ ਸਨ, ਉਸ ਤੋਂ ਕਈ ਗੁਣਾਂ ਜ਼ਿਆਦਾ ਮੈਨੂੰ। ਸਾਡੀ ਮਾਨਸਿਕ ਹਾਲਤ ਇੱਕੋ ਜਿਹੀ ਹੀ ਸੀ। ਸਾਨੂੰ ਘਰੇ ਜਾ ਕੇ ਮਿਲਣ ਵਾਲੀਆਂ ਗਾਲ੍ਹਾਂ ਤੋਂ ਬਿਨਾਂ ਕੁਝ ਹੋਰ ਦਿਖਾਈ ਨਹੀਂ ਸੀ ਦੇ ਰਿਹਾ। ਅਚਾਨਕ ਡੀ.ਐਮ ਕਾਲਜ ਮੋਗਾ ਦੇ ਇਕ ਅਧਿਆਪਕ ਆਰ. ਕੇ ਸੂਦ ਸਾਡੇ ਸਾਹਮਣੇ ਆ ਗਏ। ਬਿੰਦਰ ਬੋਲੀ,'ਲੈ...ਇਹਨੇ ਵੀ ਹੁਣੇ ਹੀ ਮਿਲਣਾ ਸੀ।' ਅਸੀਂ ਕਾਹਲੀ ਨਾਲ ਸਤਿ ਸ੍ਰੀ ਅਕਾਲ ਬੁਲਾਈ। ਦਿਲ ਤਾਂ ਕਰਦਾ ਸੀ ਕਿ ਬਿਨਾਂ ਰੁਕੇ ਸਤਿ ਸ੍ਰੀ ਅਕਾਲ ਬੁਲਾ ਕੇ ਲੰਘ ਜਾਈਏ ਪਰ ਰੁਕਣਾ ਮਜਬੂਰੀ ਬਣ ਗਈ। ਪ੍ਰੋ. ਸਾਹਿਬ ਸਾਨੂੰ ਦੇਖ ਕੇ ਰੁਕ ਗਏ ਤੇ ਅਸੀਂ ਵੀ ਰੁਕ ਗਈਆਂ। ਪ੍ਰੋ. ਸਾਹਿਬ ਨੇ ਸਾਡੇ ਦੋਨਾਂ ਵੱਲ ਤੱਕਦਿਆਂ ਇੱਕੋ ਸਮੇਂ ਸਵਾਲ ਕੀਤਾ, 'ਅਜੇ ਤੱਕ ਤੁਹਾਡਾ ਵੈਨਕੂਵਰ ਦਾ ਪ੍ਰੋਗਰਾਮ ਨਹੀਂ ਬਣਿਆ। ਸੁਣਿਆ, ਪੰਜਾਬ ਦੀਆਂ ਸਭ ਸੁੰਦਰ, ਉੱਚੀਆਂ-ਲੰਬੀਆਂ ਲੜਕੀਆਂ ਉੱਥੇ ਜਾ ਰਹੀਆਂ ਹਨ।' ਪ੍ਰੋਫੈਸਰ ਸਾਹਿਬ ਨੇ ਦੋਬਾਰਾ ਸਾਨੂੰ ਸਿਰ ਤੋਂ ਪੈਰਾਂ ਤੱਕ ਤੱਕਿਆ ਤੇ ਬੋਲੇ, 'ਤੁਸੀਂ ਵੀ ਇਕ ਦਿਨ ਚਲੇ ਜਾਣਾ ਹੈ। ਜਾਂਦੇ ਸਮੇਂ ਮੈਨੂੰ ਜ਼ਰੂਰ ਦੱਸ ਕੇ ਜਾਣਾ। ਮੈਂ ਤੁਹਾਨੂੰ ਵਿਦਾ ਕਰਨ ਆਵਾਂਗਾ।' ਇਕ ਓਪਰੀ ਜਿਹੀ ਮੁਸਕਰਾਹਟ ਸਾਡੇ ਦੋਨਾਂ ਦੇ ਚਿਹਰਿਆਂ 'ਤੇ ਫੈਲ ਗਈ। ਉਸ ਸਮੇਂ ਸਾਨੂੰ ਘਰ ਪੁੱਜਣ ਦੀ ਕਾਹਲੀ ਸੀ। ਪਹਿਲਾਂ ਮੇਰਾ ਘਰ ਆਇਆ। ਮੈਨੂੰ ਦੇਖ ਕੇ ਮੇਰੀ ਮਾਂ ਦੇ ਚਿਹਰੇ 'ਤੇ ਰੌਣਕ ਆ ਗਈ ਤੇ ਬੋਲੀ, 'ਚੰਗਾ ਹੋ ਗਿਆ ਆ ਗਈਆਂ। ਅੱਜਕੱਲ੍ਹ ਵੇਲਾ ਮਾੜਾ ਆ। ਮੈਨੂੰ ਤਾਂ ਤੇਰਾ ਫ਼ਿਕਰ ਵੱਢ-ਵੱਢ ਖਾਂਦਾ ਸੀ ਕਿ ਕਿਤੇ ਤੇਰਾ ਪਿਓ ਨਾ ਆ ਜਾਵੇ।' ਮੈਂ ਕਾਹਲੀ ਨਾਲ ਕੱਪੜੇ ਬਦਲੇ ਤੇ ਸਾਗ ਰਿੰਨ੍ਹਦੀ ਮਾਂ ਕੋਲ ਚੁੱਲ੍ਹੇ ਮੂਹਰੇ ਹੀ ਬੈਠ ਗਈ। ਮਾਂ ਨੇ ਲੱਕੜ ਦੀ ਘੋਟਣੀ ਸਾਗ ਵਿਚ ਫੇਰੀ ਤੇ ਸੇਕ ਘੱਟ ਕਰਨ ਲਈ ਬਲ ਰਹੀ ਲੱਕੜ ਨੂੰ ਮਾੜਾ ਜਿਹਾ ਚੁੱਲ੍ਹੇ ਤੋਂ ਬਾਹਰ ਕੱਢਦਿਆਂ ਮੈਨੂੰ ਪੁੱਛਿਆ, 'ਕਿਹੋ ਜਿਹਾ ਸੀ ਮੁੰਡਾ?' ਮੈਂ ਕਿਹਾ, 'ਬਹੁਤਾ ਪੜ੍ਹਿਆ ਤਾਂ ਨਹੀਂ ਸੀ ਲੱਗਦਾ...ਉਮਰ ਦਾ ਵੀ ਵੱਡਾ ਲੱਗਦਾ ਸੀ...ਸੋਹਣਾ ਵੀ ਠੀਕ ਈਆ...ਰਾਜਿੰਦਰ ਤਾਂ ਬਹੁਤ ਹੀ ਸੋਹਣੀ ਲੱਗਦੀ ਸੀ ਪਰ ਉਹ ਤਾਂ ਹੋਰ ਹੀ ਤਰ੍ਹਾਂ ਦਾ ਲੱਗਦਾ ਸੀ। ਉਹ ਅਮਰੀਕਾ ਤੋਂ ਆਇਆ ਆ, ਕਹਿੰਦੇ ਆ ਬਹੁਤ ਪੈਸਾ ਹੈ ਉਹਦੇ ਕੋਲ।'

'ਬਾਹਰਲੇ ਮੁੰਡਿਆਂ ਦੇ ਤਾਂ ਸਾਰੇ ਔਗੁਣ ਪੈਸਾ ਲੁਕਾ ਲੈਂਦਾ ਹੈ।' ਮੇਰੀ ਮਾਂ ਨੇ ਕਿਹਾ।

ਮੈਂ ਚੁੱਪ ਸਾਂ ਪਰ ਪ੍ਰੋਫੈਸਰ ਸਾਹਿਬ ਦੀ ਕਹੀ ਗੱਲ ਯਾਦ ਕਰਕੇ ਮਨ ਹੀ ਮਨ ਹੱਸ ਰਹੀ ਸਾਂ। 'ਅਮਰੀਕਾ ਦੇ ਇਕ ਡਾਲਰ ਦੇ ਕਿੰਨੇ ਹੀ ਰੁਪਈਏ ਬਣ ਜਾਂਦੇ ਨੇ ਤੇ ਨਾਲੇ ਕਹਿੰਦੇ ਆ ਕਿ ਜੇਕਰ ਘਰ ਚੋਂ ਇਕ ਜਾਣਾ ਵਿਦੇਸ਼ ਚਲਿਆ ਜਾਵੇ ਤਾਂ ਘਰ ਦੇ ਬਾਕੀ ਜੀਆਂ ਦਾ ਵੀ ਕੰਮ ਬਣ ਜਾਂਦੈ।' ਮਾਂ ਨੇ ਰਿੱਝਦੇ ਸਾਗ ਵਿਚ ਤੱਤਾ ਪਾਣੀ ਪਾਉਂਦਿਆਂ ਕਿਹਾ।'

ਇਸ ਤੋਂ ਕੁਝ ਹੀ ਮਹੀਨਿਆਂ ਬਾਅਦ ਚਾਰੇ ਪਾਸੇ ਕੈਨੇਡਾ-ਕੈਨੇਡਾ ਹੋਣ ਲੱਗੀ। ਪ੍ਰੋਫੈਸਰ ਸਾਹਿਬ ਦੀ ਗੱਲ ਸੱਚੀ ਹੋ ਰਹੀ ਜਾਪਦੀ ਸੀ। ਜਦੋਂ ਉਨ੍ਹਾਂ ਇਹ ਗੱਲ ਸਾਨੂੰ ਆਖੀ ਸੀ, ਓਦੋਂ ਕੈਨੇਡਾ 'ਚ ਪੱਕੇ ਮੁੰਡਿਆਂ ਦਾ ਪੰਜਾਬ 'ਚ ਆ ਕੇ ਵਿਆਹ ਕਰਵਾਉਣ ਦਾ ਰੁਝਾਨ ਸ਼ੁਰੂ ਹੋ ਚੁੱਕਿਆ ਸੀ। ਪ੍ਰੋਫੈਸਰ ਸਾਹਿਬ ਦੀ ਦੂਰਅੰਦੇਸ਼ੀ ਨੇ ਇਸ ਗੱਲ ਦੀ ਪਕੜ ਕਰ ਲਈ ਸੀ ਕਿ ਹੁਣ ਪੰਜਾਬੀਆਂ ਨੇ ਆਪਣੀਆਂ ਧੀਆਂ ਦੇ ਸੌਦੇ ਕਰਨੇ ਸ਼ੁਰੂ ਕਰ ਦੇਣੇ ਹਨ। ਇਸ ਤਰ੍ਹਾਂ ਜਿਉਂ ਹੀ ਕੈਨੇਡਾ ਦੇ ਪ੍ਰਧਾਨ ਮੰਤਰੀ ਇਲਿਅਟ ਟਰੂਡੋ (ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਪਿਤਾ) ਨੇ ਇਕ ਖ਼ਾਸ ਤਰੀਕ ਦਾ ਐਲਾਨ ਕੀਤਾ ਕਿ ਜੋ ਵੀ ਆਦਮੀ ਵਿਜ਼ਟਰ ਵੀਜ਼ੇ ਤੇ ਕੈਨੇਡਾ ਆਇਆ ਹੋਇਆ ਹੈ, ਉਹ ਪੱਕਾ ਹੋਣ ਲਈ ਉਸ ਤਾਰੀਖ ਤੱਕ ਅਪਲਾਈ ਕਰ ਸਕਦਾ ਹੈ। ਇਸ ਨਵੇਂ ਕਾਨੂੰਨ ਅਨੁਸਾਰ ਪੰਜਾਬ ਤੋਂ ਆਏ ਮੁੰਡੇ ਜੋ ਵਿਜਟਰ ਦੇ ਤੌਰ ਤੇ ਰਹਿ ਰਹੇ ਸਨ, ਪੱਕੇ ਹੋਣ ਲਈ ਅਪਲਾਈ ਕਰਨ ਲੱਗੇ। ਉਸ ਸਮੇਂ ਕਈ ਚੋਰੀ ਕੰਮ ਕਰਦੇ ਸਨ ਤੇ ਕਈਆਂ ਕੋਲ ਵਰਕ ਪਰਮਿਟ ਸਨ। ਧੜਾ ਧੜ ਅਰਜ਼ੀਆਂ ਭਰੀਆਂ ਜਾਣ ਲੱਗੀਆਂ ਤੇ ਕੈਨੇਡਾ ਵਿਚ ਮੁੰਡੇ ਪੱਕੇ ਹੋਣ ਲੱਗੇ। ਪੱਕਿਆਂ ਹੋਣ ਸਾਰ ਹੀ ਉਹ ਪੰਜਾਬ ਵੱਲ ਨੂੰ ਤੁਰ ਪਏ। ਇਹ ਪਰਵਾਸੀ ਪੰਜਾਬੀ ਕੋਈ ਬੀ.ਏ. ਪਾਸ, ਕੋਈ ਬੀ.ਏ. ਫ਼ੇਲ੍ਹ, ਕੋਈ ਅੱਠ ਜਮਾਤਾਂ ਤੇ ਕੋਈ ਦਸਵੀਂ ਫ਼ੇਲ੍ਹ ਸਨ। ਇਨ੍ਹਾਂ ਪਰਵਾਸੀਆਂ ਦਾ ਉਦੇਸ਼ ਪੰਜਾਬ ਵਿਚੋਂ ਪਸੰਦ ਦੀਆਂ ਸੋਹਣੀਆਂ ਕੁੜੀਆਂ ਲੱਭ ਕੇ ਵਿਆਹ ਕਰਾਉਣ ਤੋਂ ਬਾਅਦ ਆਪਣਾ ਭਵਿੱਖ ਰੌਸ਼ਨ ਕਰਨਾ ਸੀ। ਪਿੰਡਾਂ ਅਤੇ ਸ਼ਹਿਰਾਂ ਵਿਚ ਆਮ ਹੀ ਚਰਚਾ ਹੋਣ ਲੱਗੀ ਕਿ ਫਲਾਣੇ ਪਿੰਡ ਕੈਨੇਡਾ ਤੋਂ ਮੁੰਡਾ ਵਿਆਹ ਕਰਵਾਉਣ ਲਈ ਆਇਆ ਹੈ ਤੇ ਫਲਾਣੇ ਪਿੰਡ ਦਾ ਮੁੰਡਾ ਵਿਆਹ ਕਰਵਾ ਕੇ ਚਲਾ ਗਿਆ ਤੇ ਨਾਲ ਹੀ ਕੁੜੀ ਦਾ ਅਪਲਾਈ ਕਰ ਗਿਆ। ਮੁੰਡਿਆਂ ਨੇ ਮਿੱਟੀ ਦੇ ਭਾਂਡਿਆਂ ਦੀ ਤਰ੍ਹਾਂ ਕੁੜੀਆਂ ਨੂੰ ਠਣਕਾ-ਠਣਕਾ ਕੇ ਤੇ ਮੋਟਾ ਦਾਜ ਦਹੇਜ ਲੈ ਕੇ ਵਿਆਹ ਕਰਵਾਏ। ਕੁੜੀਆਂ ਜਹਾਜ਼ਾਂ 'ਚ ਚੜ੍ਹ ਅਸਮਾਨੀ ਘੁੰਮਣ ਲੱਗੀਆਂ। ਹਰ ਪੰਜਾਬੀ ਪਿਓ ਦੀ ਖ਼ਾਹਿਸ਼ ਹੁੰਦੀ ਸੀ ਕਿ ਉਹਦੀ ਧੀ ਦਾ ਰਿਸ਼ਤਾ ਕੈਨੇਡਾ ਹੋ ਜਾਵੇ। ਇਸ ਪਿੱਛੇ ਉਸਦੀ ਧੀ ਦੇ ਸੁੱਖ ਆਰਾਮ ਦਾ ਸਵਾਲ ਨਹੀਂ ਸੀ ਬਲਕਿ ਇਕ ਦੇ ਜਾਣ ਨਾਲ ਜਾਂ ਇਕ ਦਾ ਵਿਆਹ ਦੋ ਤਿੰਨ ਏਕੜ ਵੇਚ ਕੇ ਕਰਨ ਨਾਲ ਉਸਦੇ ਦੋ ਨਾਲਾਇਕ ਪੁੱਤਰਾਂ ਦੇ ਮੱਥਿਆਂ 'ਤੇ ਕੈਨੇਡਾ ਦੀ ਮੋਹਰ ਲੱਗਣ ਦਾ ਸੁੰਦਰ ਸੁਪਨਾ ਵੀ ਸਾਕਾਰ ਹੁੰਦਾ ਦਿਖਾਈ ਦਿੰਦਾ ਸੀ।

ਜਾਂ ਬਾਕੀ ਰਹਿੰਦੀਆਂ ਕੁੜੀਆਂ ਚੰਗੇ ਘਰੀਂ ਵਿਆਹੀਆਂ ਜਾਣ ਦੀਆਂ ਵੀ ਆਸਾਂ ਸਨ। ਇਹ ਪੰਜਾਬੀ ਪਿਓ ਏਨੇ ਲਾਲਚ ਵਿਚ ਆ ਗਏ ਕਿ ਬਾਅਦ ਵਿਚ ਉਨ੍ਹਾਂ ਨੇ ਆਪਣੇ ਪੁੱਤਾਂ ਦੇ ਵਿਆਹਾਂ 'ਚ ਵੀ ਮਨਮਰਜ਼ੀ ਦਾ ਦਹੇਜ ਮੰਗਣਾ ਸ਼ੁਰੂ ਕਰ ਦਿੱਤਾ। ਘਰ ਦੇ ਮਹਿੰਗੇ ਫਰਨੀਚਰ ਤੋਂ ਇਲਾਵਾ ਵੱਡੀਆਂ ਵੱਡੀਆਂ ਕਾਰਾਂ ਦੀਆਂ ਮੰਗਾਂ ਹੋਣ ਲੱਗੀਆਂ। ਬਾਦ ਵਿਚ ਇਹ ਦਾਜ ਦਹੇਜ ਦਾ ਵਰਤਾਰਾ ਕਿੰਨ੍ਹੀਆਂ ਦੀ ਸਮਾਜਿਕ ਮੁਸੀਬਤਾਂ ਦਾ ਕਾਰਣ ਬਣਿਆ। ਰਿਸ਼ਤਿਆਂ ਦਾ ਘਾਣ ਇਨ੍ਹਾਂ ਮੁਸੀਬਤਾਂ ਚੋਂ ਪ੍ਰਮੁੱਖ ਸੀ।

ਜਿਉਂ ਹੀ ਪੰਜਾਬ ਦੀਆਂ ਮੁਟਿਆਰਾਂ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਵੱਸਣ ਲੱਗੀਆਂ...ਕੰਮਾਂ ਕਾਰਾਂ ਤੇ ਦਿਨ-ਰਾਤ ਦੀਆਂ ਸ਼ਿਫ਼ਟਾਂ ਲੱਗਣੀਆਂ ਸ਼ੁਰੂ ਹੋ ਗਈਆਂ। ਇਸ ਸਥਿਤੀ ਵਿਚ ਸੋਹਣੀਆਂ ਸੋਹਲ ਕੁੜੀਆਂ ਦੇ ਚਾਵਾਂ ਨੂੰ ਭਾਰੇ ਭਾਰੇ ਕੰਮਾਂ ਨੇ ਚਕਨਾ-ਚੂਰ ਕਰ ਦਿੱਤਾ। ਕੂਲ਼ੇ ਕੂਲ਼ੇ ਹੱਥਾਂ ਤੇ ਬਿਆਈਆਂ ਪਾਟਣ ਲੱਗੀਆਂ। ਸਵੇਰ ਤੋਂ ਸ਼ਾਮ ਤੱਕ ਲੰਬੀ ਸ਼ਿਫ਼ਟ, ਘਰ ਦਾ ਕੰਮ ਕਾਜ ਤੇ ਫਿਰ ਅਗਲੇ ਦਿਨ ਕੰਮ ਤੇ ਜਾਣ ਦੀ ਚਿੰਤਾ ਉਨ੍ਹਾਂ ਨੂੰ ਸਤਾਉਣ ਲੱਗੀ। ਪੰਜਾਬ ਵਿਚ ਰਹਿੰਦਿਆਂ ਜੋ ਕੰਮ ਉਹ ਨੌਕਰਾਂ ਤੋਂ ਕਰਵਾਉਂਦੀਆਂ, ਉਹ ਆਪ ਕਰਨੇ ਪੈ ਰਹੇ ਸਨ। ਉਨ੍ਹਾਂ ਦਾ ਰੰਗ ਰੂਪ ਦਿਨਾਂ ਵਿਚ ਉੱਡਣ ਲੱਗਾ।

ਆਮ ਕਰਕੇ ਉਸ ਸਮੇਂ ਜ਼ਿਆਦਾਤਰ ਭਾਂਡੇ ਧੋਣ ਜਾਂ ਸਫ਼ਾਈ ਦਾ ਕੰਮ ਹੀ ਮਿਲਿਆ ਕਰਦਾ ਸੀ। ਹੱਡ ਭੰਨਵੀਂ ਕਮਾਈ ਅਤੇ ਉੱਪਰੋਂ ਆਪਣੇ ਮਾਂ-ਪਿਓ, ਭੈਣ-ਭਰਾਵਾਂ ਅਤੇ ਰਿਸ਼ਤੇਦਾਰਾਂ ਨੂੰ ਮੰਗਵਾਉਣ ਦੀ ਚਿੰਤਾ ਸਤਾਉਣ ਲੱਗੀ। ਇਹ ਚਿੰਤਾ ਵੀ ਬਹੁਤੇ ਘਰਾਂ ਵਿਚ ਕਲੇਸ਼ ਦਾ ਕਾਰਨ ਬਣੀ ਤੇ ਇਹ ਘਰੇਲੂ ਕਲੇਸ਼ ਪੁਲੀਸ ਅਤੇ ਫਿਰ ਅਦਾਲਤਾਂ ਤੱਕ ਜਾਣ ਲੱਗੇ। ਇਸ ਤਰ੍ਹਾਂ ਦੇ ਮਾਮਲਿਆਂ ਵਿਚ ਬਹੁਤਾ ਕਸੂਰ ਮਾਂ-ਪਿਓ ਦਾ ਹੀ ਹੁੰਦਾ ਸੀ। ਉਹ ਆਪਣੀਆਂ ਧੀਆਂ ਨੂੰ ਅਪਲਾਈ ਕਰਨ ਲਈ ਏਨਾ ਮਜਬੂਰ ਕਰਨ ਲੱਗ ਜਾਂਦੇ ਸਨ ਕਿ ਪਤੀ-ਪਤਨੀ ਦਾ ਰਿਸ਼ਤਾ ਟੁੱਟਣ ਕਿਨਾਰੇ ਪਹੁੰਚ ਜਾਂਦਾ। ਮੁੰਡਾ ਸੋਚਦਾ ਕਿ ਉਹ ਪਹਿਲਾਂ ਆਪਣੇ ਮਾਂ-ਪਿਓ ਦਾ ਅਪਲਾਈ ਕਰੇ ਤੇ ਕੁੜੀ ਸੋਚਦੀ ਕਿ ਉਹ ਛੇਤੀ ਤੋਂ ਛੇਤੀ ਆਪਣੇ ਮਾਂ-ਪਿਓ ਦੀ ਚਿੱਠੀ ਭਰੇ। ਅਪਲਾਈ ਕਰਨ ਨੂੰ ਆਮ ਤੌਰ ਤੇ ਚਿੱਠੀ ਭਰਨਾ ਹੀ ਆਖਿਆ ਜਾਂਦਾ ਸੀ। ਮਾਂ-ਪਿਓ ਦੇ ਨਾਲ ਅਣਵਿਆਹੇ ਅਤੇ ਇਕ ਮਿੱਥੀ ਉਮਰ ਤੱਕ ਦੇ ਬੱਚੇ ਆ ਸਕਦੇ ਸਨ। ਇਸ ਤਰ੍ਹਾਂ ਇਕ ਚਿੱਠੀ ਕਈ ਕਈ ਜੀਅ ਆਪਣੇ ਨਾਲ ਲਿਆਉਣ ਲੱਗੀ। ਏਥੇ ਇਹ ਗੱਲ ਵੀ ਦੱਸਣੀ ਜ਼ਰੂਰੀ ਹੈ ਕਿ ਪਤੀ ਪਤਨੀ ਦੋਨਾਂ ਨੂੰ (ਆਉਣ ਵਾਲੇ ਜੀਆਂ) ਦੇ ਹਿਸਾਬ ਨਾਲ ਇਨਕਮ ਦਿਖਾਉਣੀ ਪੈਂਦੀ ਸੀ। ਏਹੀ ਇਨਕਮ ਦਾ ਮਸਲਾ ਸੱਤੇ ਸੱਤੇ ਦਿਨ ਦੋ ਦੋ ਸ਼ਿਫ਼ਟਾਂ ਲਾਉਣ ਦਾ ਕਾਰਣ ਬਣਿਆ। ਕੁੜੀ ਤੇ ਮੁੰਡੇ ਦੇ ਮਾਂ ਪਿਓ ਵਿਚਕਾਰ ਇਕ ਦੂਜੇ ਤੋਂ ਪਹਿਲਾਂ ਕੈਨੇਡਾ ਜਾਣ ਦੀ ਦੌੜ ਵੀ ਕਈ ਕੇਸਾਂ ਵਿਚ ਦੇਖਣ ਵਿਚ ਆਈ ਤੇ ਬਾਅਦ ਵਿਚ ਇਹ ਵਰਤਾਰਾ ਸਮਾਜਿਕ ਪੱਖ ਤੋਂ ਬਹੁਤ ਘਾਤਕ ਸਿੱਧ ਹੋਇਆ। ਇੱਥੇ ਇਹ ਗੱਲ ਵੀ ਵਰਣਨਯੋਗ ਹੈ ਕਿ ਕੈਨੇਡਾ ਦੇ ਲਾਲਚ ਨੂੰ ਕੀਤੇ ਬਹੁਤੇ ਵਿਆਹ ਅਨਜੋੜ ਸਨ। ਉਮਰ ਵਿਚ ਫ਼ਰਕ, ਪੜ੍ਹਾਈ-ਲਿਖਾਈ ਵਿਚ ਫ਼ਰਕ ਅਤੇ ਮਾਤਾ-ਪਿਤਾ ਦੇ ਸਮਾਜਿਕ ਸਟੇਟਸ ਦੇ ਅੰਤਰ ਨੇ ਵੀ ਘਰਾਂ ਵਿਚ ਅਨ-ਸੁਖਾਵਾਂ ਮਾਹੌਲ ਪੈਦਾ ਕੀਤਾ। ਗੱਲ ਕੀ ਕੈਨੇਡਾ ਦੇ ਲਾਲਚ ਨੇ ਬਹੁਤਿਆਂ ਦੇ ਜੀਵਨ ਨਰਕ ਬਣਾ ਦਿੱਤੇ। ਜਿਵੇਂ ਕਿ ਕਿ ਮਾਂ-ਪਿਓ ਦੇ ਨਾਲ ਆਏ ਭੈਣ-ਭਰਾਵਾਂ ਨੇ ਤਾਂ ਜੀਵਨ ਦੀਆਂ ਸਭ ਸਹੂਲਤਾਂ ਮਾਣੀਆਂ ਪਰ ਜਿਸਨੇ ਉਨ੍ਹਾਂ ਨੂੰ ਮੰਗਵਾਉਣ ਖ਼ਾਤਰ ਆਪਣੀਆਂ ਖ਼ੁਸ਼ੀਆਂ ਕੁਰਬਾਨ ਕੀਤੀਆਂ ਉਨ੍ਹਾਂ ਦੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ ਸੀ। ਇਕ ਬਾਪ ਦੇ ਮੂੰਹੋਂ ਇਹ ਵੀ ਸੁਣਨ ਵਿਚ ਆਇਆ ਕਿ 'ਕੋਈ ਨਾ ਔਖੀ ਸੌਖੀ ਝੱਲੀ ਜਾਹ...ਜਦੋਂ ਅਸੀਂ ਆ ਗਏ ਓਦੋਂ ਤਲਾਕ ਦੇ ਦੇਵੀਂ। ਥੋੜ੍ਹੇ ਸਮੇਂ ਦੀ ਗੱਲ ਹੈ। ਤੇਰੀ ਭੈਣ ਤੇ ਦੋਨੋਂ ਵੀਰ ਆ ਜਾਣਗੇ। ਆਪਣੇ ਭੈਣ ਭਰਾਵਾਂ ਲਈ ਏਨਾ ਤਾਂ ਕਰਨਾ ਹੀ ਪੈਂਦਾ ਹੈ।' ਉਸ ਸਮੇਂ ਮਾਪਿਆਂ ਦੁਆਰਾ ਆਪਣੀ ਧੀ ਤੋਂ ਉਸਦੇ ਜੀਵਨ ਦੀ ਕੁਰਬਾਨੀ ਮੰਗੀ ਜਾ ਰਹੀ ਸੀ। ਉਸਦੀਆਂ ਖ਼ੁਸ਼ੀਆਂ ਨੂੰ ਲਾਂਬੂ ਲਾਇਆ ਜਾ ਰਿਹਾ ਸੀ। ਉਸਦੇ ਸਾਹਾਂ ਨੂੰ ਕੈਦ ਕੀਤਾ ਜਾ ਰਿਹਾ ਸੀ। ਸਥਿਤੀ ਇਹ ਬਣੀ ਕਿ ਪੰਜਾਬੀ ਪਿਓਆਂ ਨੇ ਆਪਣੀਆਂ ਸਹੂਲਤਾਂ ਦੇ ਲਾਲਚ ਖ਼ਾਤਰ ਆਪਣੀਆਂ ਧੀਆਂ ਨੂੰ ਵਰਤਿਆ ਤੇ ਧੀਆਂ ਇੱਕ ਕਲੰਕ ਦੀ ਥਾਂ ਮਾਪਿਆਂ ਲਈ ਵਰਦਾਨ ਸਾਬਤ ਹੋਈਆਂ। ਇਸੇ ਤਰ੍ਹਾਂ ਆਪਣੇ ਰਿਸ਼ਤੇਦਾਰਾਂ ਨੂੰ ਮੰਗਵਾਉਣ ਦੇ ਲਾਲਚ ਵਿਚ ਕਈਆਂ ਨੇ ਦੋ-ਦੋ, ਤਿੰਨ-ਤਿੰਨ ਵਿਆਹ ਵੀ ਕਰਵਾਏ। ਕੁੜੀਆਂ ਮੁੰਡਿਆਂ ਨੇ ਆਪਣੇ ਤਾਏ, ਚਾਚੇ ਅਤੇ ਮਾਮਿਆਂ ਦੇ ਪੁੱਤਾਂ-ਧੀਆਂ ਨਾਲ ਫ਼ਰਜ਼ੀ ਵਿਆਹ ਕਰਵਾ ਕੇ ਇੰਮੀਗਰੇਸ਼ਨ ਪ੍ਰਾਪਤ ਕੀਤੀ। ਇਹ ਸਿਲਸਿਲਾ ਵਧਦਾ-ਵਧਦਾ ਸਕੇ ਭੈਣ ਭਰਾਵਾਂ ਦੇ ਵਿਆਹਾਂ ਤੱਕ ਪਹੁੰਚ ਗਿਆ। ਭਾਰਤੀ ਸੰਸਕ੍ਰਿਤੀ ਦਾ ਢੰਡੋਰਾ ਪਿੱਟਣ ਵਾਲੇ ਏਨੇ ਲਾਲਚੀ ਹੋ ਜਾਣਗੇ, ਕਿਸੇ ਨੇ ਨਹੀਂ ਸੋਚਿਆ ਸੀ। ਜਦੋਂ ਇਹ ਰੁਝਾਨ ਪੂਰੇ ਜ਼ੋਰਾਂ 'ਤੇ ਸੀ ਤਾਂ ਮੈਨੂੰ ਇਕ ਘਰ ਵਿਚ ਬਹੁਤ ਹੀ ਸੋਹਣੀ ਸੁਨੱਖੀ ਚੁੱਪ-ਚਾਪ ਬੈਠੀ ਕੁੜੀ ਮਿਲੀ। ਮੈਂ ਉਸ ਨਾਲ ਗੱਲ ਕਰਨੀ ਚਾਹੀ ਤਾਂ ਉਸਨੇ ਚੁੱਪ ਹੀ ਵੱਟ ਲਈ। ਮੇਰੇ ਹਰ ਸਵਾਲ ਦਾ ਜਵਾਬ ਉਸਨੇ 'ਹਾਂ' ਜਾਂ 'ਨਾਂਹ' ਵਿਚ ਹੀ ਦਿੱਤਾ। ਮੈਂ ਕਦੇ ਉਸਦੀ ਚੁੱਪ ਚੋਂ, ਕਦੇ ਉਸਦੇ ਸੋਹਣੇ ਮੁੱਖ 'ਚੋਂ ਅਤੇ ਕਦੇ ਉਸਦੀਆਂ ਮੋਟੀਆਂ-ਮੋਟੀਆਂ ਸੋਹਣੀਆਂ ਅੱਖਾਂ 'ਤੇ ਸਵਾਲ ਕਰਦੀ ਪਰ ਉਹ ਆਪਣੇ ਆਪ ਵਿਚ ਗੁੰਮ ਹੋਈ ਜਾਪਦੀ ਸੀ। ਅੱਜ ਵੀ ਉਹ ਕੁੜੀ ਮੇਰੇ ਦਿਲ ਦਿਮਾਗ਼ ਵਿਚ ਵਸੀ ਹੋਈ ਹੈ। ਹੱਥਲਾ ਲੇਖ ਲਿਖਦਿਆਂ ਲਿਖਦਿਆਂ ਉਹ ਕਵਿਤਾ ਜਿਸ ਵਿਚ ਮੈਂ ਉਸਦੀ ਪੀੜਾ ਨੂੰ ਸ਼ਬਦਾਂ ਵਿਚ ਪਰੋਣ ਦਾ ਯਤਨ ਕੀਤਾ ਸੀ, ਯਾਦ ਆ ਗਈ। ਕਵਿਤਾ ਦੀਆਂ ਕੁਝ ਕੁ ਸਤਰਾਂ ਦੀ ਸਾਂਝ ਪਰ ਰਹੀ ਹਾਂ। ਇਹ ਕਵਿਤਾ ਮੈਂ 1997 ਵਿਚ ਲਿਖੀ ਸੀ।

ਉਹ ਕੁੜੀ ਤਾਂ
ਬਿਲਕੁਲ ਸੁੰਨ ਹੈ
ਉਸ ਕੁੜੀ ਦਾ
ਆਪਾ ਗੁੰਮ ਹੈ
ਹੱਸਣਾ-ਹਸਾਉਣਾ ਤੇ ਮੁਸਕਰਾਉਣਾ
ਉਹਨੂੰ ਉੱਕਾ ਹੀ ਗਿਆ ਭੁੱਲ ਹੈ



ਉਹ ਕੁੜੀ
ਹੱਸਦੇ ਲੋਕਾਂ ਨੂੰ
ਬਿੱਟ ਬਿੱਟ ਤੱਕੇ
ਨਾ ਕੁਝ ਪੁੱਛੇ
ਨਾ ਕੁਝ ਦੱਸੇ
ਉਸ ਕੁੜੀ ਦੀ ਚੁੱਪ ਦੇ ਵਿਚੋਂ
ਹਰ ਕੋਈ ਸਹਿਜੇ ਟੋਲ ਲੈਂਦਾ ਹੈ
ਜਿਸਦੇ ਨਾਲ ਉਹ ਵਿਆਹੀ
ਜਿਸਦਾ ਲੜ ਫੜ ਏਥੇ ਆਈ
ਅਨਪੜ੍ਹ ਢੋਰ
ਘੋਰ ਸ਼ਰਾਬੀ
ਪਰ ਉਸਦੇ ਮੱਥੇ ਤੇ ਲੇਖਾਂ
ਮੋਹਰ ਕੈਨੇਡਾ ਦੇਸ਼ ਦੀ ਲਾਈ
ਉਸ ਕੁੜੀ ਦੀ ਚਿਹਰੇ ਉਤਲੀ
ਸੰਘਣੀ ਧੁੰਦ 'ਚੋਂ
ਚਮਕ ਰਹੀ ਹੈ
ਕਿਰਨ ਆਸ ਦੀ
ਸ਼ਾਇਦ ਉਸ ਦੀ ਕੁਰਬਾਨੀ
ਬਣ ਜਾਵੇਗੀ ਜਿੰਦਗਾਨੀ
ਮੰਦਹਾਲੀ ਨਾਲ ਦਿਨ-ਰਾਤ ਲੜਦੇ
ਭੈਣ ਭਰਾ ਤੇ ਮਾਂ-ਬਾਪ ਦੀ।

ਇਸ ਤਰ੍ਹਾਂ ਜਿਉਂ ਜਿਉਂ ਸਮਾਂ ਲੰਘਦਾ ਗਿਆ ਕੈਨੇਡਾ ਸਰਕਾਰ ਦੇ ਇੰਮੀਗਰੇਸ਼ਨ ਕਾਨੂੰਨਾਂ ਵਿਚ ਸਖ਼ਤੀਆਂ ਜਾਂ ਤਬਦੀਲੀਆਂ ਹੋਣ ਲੱਗੀਆਂ। ਇਨ੍ਹਾਂ ਸਖ਼ਤੀਆਂ ਅਤੇ ਤਬਦੀਲੀਆਂ ਦਾ ਕਾਰਣ ਵੀ ਅਸੀਂ ਖ਼ੁਦ ਹੀ ਬਣੇ। ਲੜਾਈ-ਝਗੜਿਆਂ ਦੀ ਸੂਰਤ ਵਿਚ ਅਸੀਂ ਆਪ ਇੰਮੀਗਰੇਸ਼ਨ ਮਹਿਕਮੇ ਮੂਹਰੇ ਆਪਣੇ ਪੋਲ ਖੋਲ੍ਹ-ਖੋਲ੍ਹ ਰੱਖੇ। ਪਰ ਇਨ੍ਹਾਂ ਸਖ਼ਤੀਆਂ ਨੇ ਕਿਸੇ ਵੀ ਤਰ੍ਹਾਂ ਕੈਨੇਡਾ ਦੀ ਇੰਮੀਗਰੇਸ਼ਨ ਵਿਚ ਠੱਲ੍ਹ ਨਹੀਂ ਪਾਈ। ਪੰਜਾਬੀਆਂ ਦੀ ਇਹ ਵਿਲੱਖਣਤਾ ਹੈ ਕਿ ਉਹ ਕਿਸੇ ਵੀ ਕੰਮ ਲਈ ਨਵੇਂ ਤੋਂ ਨਵੇਂ ਢੰਗ ਕੱਢ ਲੈਂਦੇ ਹਨ। ਜਿਵੇਂ ਹੀ ਫ਼ਰਜ਼ੀ ਵਿਆਹਾਂ 'ਤੇ ਕਾਨੂੰਨ ਨੇ ਸਖ਼ਤੀ ਕੀਤੀ ਤਾਂ ਵਰਕਪਰਮਿਟ ਦਾ ਦੌਰ ਚੱਲ ਪਿਆ। ਕੁੜੀਆਂ ਨੈਨੀ ਦੇ ਤੌਰ ਤੇ ਆਉਣ ਲੱਗੀਆਂ। ਪੰਜਾਬ ਵਿਚ ਨੈਨੀ ਸੈਂਟਰ ਖੁੱਲ੍ਹ ਗਏ। ਜਿਹੜੀ ਕੁੜੀ ਨੈਨੀ ਦੇ ਤੌਰ ਤੇ ਕੈਨੇਡਾ ਚਲੀ ਜਾਂਦੀ ਉਹਦੇ ਰਿਸ਼ਤੇਦਾਰਾਂ ਵਿਚ ਉਸਦੇ ਰਿਸ਼ਤੇ ਲਈ ਦੌੜ ਲੱਗ ਜਾਂਦੀ।

ਇਸ ਪ੍ਰਕਾਰ ਪਰਵਾਸ ਦਾ ਇਹ ਸਿਲਸਿਲਾ ਹੋਰ ਤੇਜ਼ ਹੋ ਗਿਆ। ਸੁਪਰਵੀਜ਼ਾ, ਆਈਲੈਟਸ/ਸਟੂਡੈਂਟ ਵੀਜ਼ੇ ਨੇ ਸਮਾਜ ਦਾ ਤਾਣਾ ਪੇਟਾ ਹੀ ਬਦਲ ਦਿੱਤਾ। ਕੈਨੇਡਾ ਸਰਕਾਰ ਨੇ ਧੜਾ-ਧੜ ਸਟੂਡੈਂਟ ਵੀਜ਼ੇ ਲਗਾਉਣੇ ਸ਼ੁਰੂ ਕਰ ਦਿੱਤੇ ਤੇ ਭਾਰਤ ਖ਼ਾਸ ਕਰ ਪੰਜਾਬ ਵਿਚੋਂ ਵਿੱਦਿਆਰਥੀਆਂ ਦੇ ਜਹਾਜ਼ਾਂ ਦੇ ਜਹਾਜ਼ ਭਰ-ਭਰ ਕੈਨੇਡਾ ਦੀ ਧਰਤੀ 'ਤੇ ਉੱਤਰਨ ਲੱਗੇ। ਅੱਜ ਕੈਨੇਡਾ ਸਰਕਾਰ ਵਿਦਿਆਰਥੀਆਂ ਤੋਂ ਮੋਟੀਆਂ ਫ਼ੀਸਾਂ ਲੈ ਕੇ ਵੱਡੀ ਮਾਤਰਾ ਵਿਚ ਮਾਲੀਆ ਇਕੱਠਾ ਕਰ ਰਹੀ ਹੈ। ਦੂਸਰੇ ਪਾਸੇ ਪੰਜਾਬ ਵਿਚੋਂ ਨੌਜੁਆਨਾਂ ਦਾ ਧੜਾ-ਧੜਾ ਵਿਦੇਸ਼ਾਂ ਵਿਚ ਤੁਰ ਜਾਣ ਕਾਰਨ ਪੰਜਾਬ ਖ਼ਾਲੀ ਹੋ ਰਿਹਾ ਹੈ।

ਇਸ ਵਿਚ ਵਿਦਿਆ ਦੇ ਢਾਂਚੇ ਦਾ ਨੁਕਸਾਨ ਹੀ ਨਹੀਂ ਸਗੋਂ ਵਿੱਦਿਅਕ ਢਾਂਚਾ ਪੂਰਨ ਤੌਰ ਤੇ ਨਸ਼ਟ ਹੋ ਰਿਹਾ ਹੈ। ਮੁੰਡੇ-ਕੁੜੀਆਂ ਦੇ ਸਾਹਮਣੇ ਆਈਲੈਟਸ ਤੋਂ ਸਿਵਾ ਹੋਰ ਕੋਈ ਨਿਸ਼ਾਨਾ ਹੀ ਨਹੀਂ। ਇਸ ਮਾਮਲੇ ਵਿਚ ਇਹ ਗੱਲ ਵੀ ਸਹੀ ਹੈ ਕਿ ਕੁੜੀਆਂ-ਮੁੰਡਿਆਂ ਤੋਂ ਅੱਗੇ ਹਨ ਕਿਉਂਕਿ ਉਹ ਮੁੰਡਿਆਂ ਨਾਲੋਂ ਚੰਗੇ ਗਰੇਡ ਲੈ ਰਹੀਆਂ ਹਨ। ਪੰਜਾਬ ਵਿਚ ਲੋਕਾਂ ਦੀ ਆਮ ਧਾਰਨਾ ਹੈ ਕਿ ਕੁੜੀਆਂ ਦੀ ਹੁਣ ਕੀਮਤ ਪੈਣ ਲੱਗੀ ਹੈ। ਅੱਜ ਅਮੀਰ ਮੁੰਡਿਆਂ ਦੇ ਮਾਂ-ਬਾਪ ਅਜਿਹੀਆਂ ਕੁੜੀਆਂ ਦੀ ਭਾਲ ਵਿਚ ਹੱਥ-ਪੈਰ ਮਾਰਦੇ ਆਮ ਦਿਖਾਈ ਦਿੰਦੇ ਹਨ ਜਿਨ੍ਹਾਂ ਨੇ ਆਈਲੈਟ ਵਿਚ ਚੰਗੇ ਗਰੇਡ ਲਏ ਹੋਣ। ਵਿਆਹ ਦਾ ਸਾਰਾ ਖ਼ਰਚ ਅਤੇ ਹੋਰ ਵਾਧੂ ਘਾਟੂ ਖ਼ਰਚੇ ਮੁੰਡੇ ਵਾਲੇ ਹੀ ਚੁੱਕਦੇ ਹਨ। ਹੁਣ ਤਾਂ ਇੱਥੋਂ ਤੱਕ ਨੌਬਤ ਆ ਗਈ ਹੈ ਕਿ ਪੜ੍ਹਾਈ 'ਚ ਚੰਗੀ ਕੁੜੀ ਪਹਿਲਾਂ ਹੀ ਲੱਭ ਲਈ ਜਾਂਦੀ ਹੈ। ਮੁੰਡੇ ਵਾਲੇ ਹੀ ਉਸਦੀ ਪੜ੍ਹਾਈ ਯਾਨਿ ਆਈਲੈਟ ਦੀਆਂ ਫ਼ੀਸਾਂ ਦਾ ਖਰਚਾ ਕਰਦੇ ਹਨ। ਇਸ ਮਿਹਰਬਾਨੀ ਦੀ ਸ਼ਰਤ ਇਹੀ ਹੁੰਦੀ ਹੈ ਕਿ ਕੈਨੇਡਾ ਜਾ ਕੇ ਉਨ੍ਹਾਂ ਦੇ ਨਾਲਾਇਕ ਮੁੰਡੇ ਨੂੰ ਇੰਮੀਗਰੇਸ਼ਨ ਦਿਵਾਉਣਾ ਤੇ ਪੱਕਾ ਕਰਵਾਉਣਾ। ਇਸੇ ਤਰ੍ਹਾਂ ਕਈ ਵਾਰ ਮੁੰਡੇ ਵਾਲੇ ਤਲਾਕ ਦੇਣ ਦਾ ਸੌਦਾ ਵੀ ਨਾਲ ਹੀ ਕਰ ਲੈਂਦੇ ਹਨ ਤਾਂ ਕਿ ਬਲੀ ਦਾ ਬੱਕਰਾ ਬਣੀ ਗ਼ਰੀਬ ਮਾਪਿਆਂ ਦੀ ਧੀ ਨੂੰ ਛੱਡ ਕੇ ਮੁੰਡਾ ਕਿਸੇ ਅਮੀਰ ਕੁੜੀ ਨਾਲ ਵਿਆਹ ਕਰਵਾ ਕੇ ਆਪਣਾ ਸਟੇਟਸ ਕਾਇਮ ਰੱਖ ਸਕੇ। ਇਸ ਤਰ੍ਹਾਂ ਕੁੜੀਆਂ ਦੇ ਮਾਪੇ ਆਪਣੀ ਧੀ ਤੋਂ ਦੂਹਰਾ ਫ਼ਾਇਦਾ ਲੈਂਦੇ ਹਨ। ਧੀ ਦੀ ਪੜ੍ਹਾਈ ਤੇ ਵਿਆਹ ਦਾ ਖ਼ਰਚਾ ਬਚਾਉਣ ਦੇ ਨਾਲ ਨਾਲ ਕੈਨੇਡਾ ਲਈ ਆਪਣਾ ਰਸਤਾ ਵੀ ਖੋਲ੍ਹ ਲੈਂਦੇ ਹਨ। ਕਿਉਂਕਿ ਮੈਂ ਗੱਲ ਪੰਜਾਬ ਦੀ ਕਰ ਰਹੀ ਹਾਂ ਤੇ ਪੰਜਾਬ ਤੱਕ ਹੀ ਸੀਮਤ ਰੱਖਾਂਗੀ। ਪੰਜਾਬੀ ਜੋ ਆਪਣੀਆਂ ਧੀਆਂ ਭੈਣਾਂ ਦੀ ਇੱਜ਼ਤ, ਰਾਖੀ, ਮਾਣ-ਸਨਮਾਨ ਦੀ ਗੱਲ ਬਾਂਹਾਂ ਚੁੱਕ ਚੁੱਕ ਕੇ ਕਰਦੇ ਹਨ, ਜਿਨ੍ਹਾਂ ਨੂੰ ਆਪਣੀਆਂ ਧੀਆਂ ਦਾ ਦਰਵਾਜ਼ੇ ਵਿਚ ਖੜ੍ਹਨਾ ਵੀ ਬੁਰਾ ਲੱਗਦਾ ਹੈ, ਇਕੱਲੀ ਕੁੜੀ ਨੂੰ ਬਾਹਰ ਨਿਕਲਣ ਤੋਂ ਵੀ ਰੋਕਦੇ ਹਨ ਪਰ ਆਪਣੇ ਫ਼ਾਇਦੇ ਲਈ ਆਪਣੇ ਨਾਲਾਇਕ ਪੁੱਤਾਂ ਨੂੰ ਕੈਨੇਡਾ ਵਰਗੇ ਸੋਹਣੇ ਤੇ ਵਿਕਸਤ ਦੇਸ਼ ਵਿਚ ਬੜੀ ਆਸਾਨੀ ਨਾਲ ਸੈਂਟ ਕਰਨ ਖ਼ਾਤਰ ਆਪਣੀਆਂ ਧੀਆਂ ਦੀ ਵਰਤੋਂ ਕਰਨ ਸਮੇਂ ਹਰ ਤਰ੍ਹਾਂ ਦੀ ਮਾਣ ਮਰਿਆਦਾ ਭੁੱਲ ਜਾਂਦੇ ਹਨ। ਜਿਹੜੇ ਲੋਕ ਹਰ ਸਮੇਂ ਕੁੜੀਆਂ ਨੂੰ ਉਪਦੇਸ਼ ਦਿੰਦੇ ਨਹੀ ਥੱਕਦੇ ਕਿ ਕੁੜੀਆਂ ਆਹ ਨਹੀਂ ਕਰਦੀਆਂ...ਹੁੰਦੀਆਂ...ਕੁੜੀਆਂ ਔਹ ਨਹੀਂ ਕਰਦੀਆਂ...ਆਪਣੀਆਂ ਨਿਆਣੀਆਂ ਜਿਹੀਆਂ ਧੀਆਂ ਨੂੰ ਇਕੱਲਿਆਂ ਜਹਾਜ਼ ਵਿਚ ਚੜ੍ਹਾ ਦਿੰਦੇ ਹਨ। ਹੁਣ ਵੇਖਣ ਵਿਚ ਇਹ ਵੀ ਆਉਂਦਾ ਹੈ ਕਿ ਕਈ ਮਾਪੇ ਪੈਸੇ ਇਕੱਠੇ ਕਰਕੇ, ਜ਼ਮੀਨ ਗਹਿਣੇ ਜਾਂ ਬੈਅ ਕਰਕੇ ਆਪਣੀ ਧੀ ਨੂੰ ਆਈਲੈਟ ਕਰਵਾ ਕੇ ਬਾਹਰਲੇ ਮੁਲਕ ਵਿਚ ਸਟੂਡੈਂਟ ਦੇ ਤੌਰ ਤੇ ਭੇਜ ਦਿੰਦੇ ਹਨ। ਇਕ ਵਾਰ ਤੀਹ ਚਾਲੀ ਲੱਖ ਲਾ ਕੇ ਸਾਰੇ ਰਸਤੇ ਸਾਫ਼ ਕਰ ਲੈਂਦੇ ਹਨ।

**ਉਨ੍ਹਾਂ ਨੂੰ ਇਸ ਗੱਲ ਦਾ ਇਲਮ ਵੀ ਹੁੰਦਾ ਹੈ ਕਿ ਬੇਗਾਨੇ ਦੇਸ਼ ਵਿਚ ਇਕੱਲੀ ਕੁੜੀ ਨਾਲ ਕੁਝ ਮਾੜਾ ਵੀ ਹੋ ਸਕਦਾ ਹੈ, ਉਸਦੀ ਇੱਜ਼ਤ ਵੀ ਦਾਅ ਤੇ ਲੱਗ ਸਕਦੀ ਹੈ। ਉਹ ਮਜਬੂਰੀ ਵੱਸ ਗ਼ਲਤ ਕੰਮਾਂ 'ਚ ਵੀ ਫਸ ਸਕਦੀ ਹੈ ਪਰ ਇਹ ਸਭ ਕੁਝ ਅੱਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਆਪਣੇ ਫ਼ਾਇਦੇ ਦੇ ਸਾਹਮਣੇ ਉਨ੍ਹਾਂ ਨੂੰ ਅਖ਼ਬਾਰਾਂ ਦੀਆਂ ਖ਼ਬਰਾਂ, ਟੀ.ਵੀ ਚੈਨਲਾਂ ਤੇ ਰੇਡੀਓ ਦੀਆਂ ਸੰਘ ਪਾੜ-ਪਾੜ ਸੁਣਾਈਆਂ ਜਾਂਦੀਆਂ ਖ਼ਬਰਾਂ ਤੇ ਸੋਸ਼ਲ ਮੀਡੀਏ 'ਤੇ ਪੈਂਦੇ ਰੌਲ਼ੇ ਸਾਹਮਣੇ ਉਹ ਕੰਨਾਂ ਵਿਚ ਕੌੜਾ ਤੇਲ ਪਾ ਕੇ ਘੂਕ ਸੌਂ ਜਾਂਦੇ ਹਨ। ਇੱਥੇ ਮੇਰਾ ਬਿਲਕੁਲ ਵੀ ਇਹ ਮਤਲਬ ਨਹੀਂ ਕਿ ਕੁੜੀਆਂ ਨੂੰ ਆਜ਼ਾਦੀ ਨਹੀਂ ਦੇਣੀ ਚਾਹੀਦੀ ਜਾਂ ਉਨ੍ਹਾਂ ਦੇ ਖੰਭ ਕਤਰ ਕੇ ਉਨ੍ਹਾਂ ਦੀ ਪਰਵਾਜ਼ ਤੇ ਰੋਕ ਲਾਉਣੀ ਚਾਹੀਦੀ ਹੈ, ਕੁੜੀਆਂ ਨੂੰ ਪੜ੍ਹਨ ਦੇ, ਤਰੱਕੀ ਕਰਨ ਦੇ ਮੌਕੇ ਨਹੀਂ ਦੇਣੇ ਚਾਹੀਦੇ, ਸਗੋਂ ਮੇਰਾ ਭਾਵ ਇਹ ਹੈ ਕਿ ਆਪਣੀ ਬਾਕੀ ਔਲਾਦ ਖ਼ਾਤਰ ਆਪਣੀ ਇਕ ਧੀ ਦੀ ਜ਼ਿੰਦਗੀ ਦਾ ਸੌਦਾ ਨਹੀਂ ਕਰਨਾ ਚਾਹੀਦਾ। ਘਰ ਵਿਚ ਧੀ ਆਪਣੇ ਮਾਂ ਬਾਪ ਤੋਂ ਉਸੇ ਤਰ੍ਹਾਂ ਦੇ ਪਿਆਰ ਸਤਿਕਾਰ ਦੀ ਅਧਿਕਾਰੀ ਹੈ ਜਿਸ ਤਰ੍ਹਾਂ ਦੇ ਪਿਆਰ ਸਤਿਕਾਰ ਦੇ ਉਨ੍ਹਾਂ ਦੇ ਪੁੱਤ।**

# ਮੇਰੀ ਪਾਕਿਸਤਾਨ ਫੇਰੀ- 1

# ਲਹਿੰਦੇ ਪੰਜਾਬ 'ਚ 14 ਦਿਨ

ਡਾ. ਸੁਖਦੇਵ ਸਿੰਘ ਝੰਡ
ਫੋਨ:+97798-81084

ਲਹਿੰਦੇ ਪੰਜਾਬ ਵਿਚ ਜਾ ਕੇ ਲਾਹੌਰ ਸ਼ਹਿਰ ਜਿਸ ਦੇ ਬਾਰੇ ਮਸ਼ਹੂਰ ਕਹਾਵਤ ਹੈ, "ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਈ ਨਹੀਂ", ਨੂੰ ਵੇਖਣ, ਉੱਥੇ ਫਿਰਨ-ਤੁਰਨ ਅਤੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਗੁਰਦੁਆਰਾ ਸਾਹਿਬਾਨ ਜਨਮ ਸਥਾਨ ਨਨਕਾਣਾ ਸਾਹਿਬ, ਪੰਜਾ ਸਾਹਿਬ, ਸੱਚਾ ਸੌਦਾ ਸਾਹਿਬ, ਕਰਤਾਰਪੁਰ ਸਾਹਿਬ, ਆਦਿ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ, ਜਿਨ੍ਹਾਂ ਦੇ ਦਰਸ਼ਨਾਂ ਦੀ ਮਨ ਵਿਚ ਚਿਰੋਕਣੀ ਰੀਝ ਸੀ। ਇਸ ਤੋਂ ਇਲਾਵਾ ਆਪਣੇ ਬਜ਼ੁਰਗਾਂ ਤੋਂ ਅਜੋਕੇ ਪਾਕਿਸਤਾਨ ਦੇ ਲਾਇਲਪੁਰ ਜ਼ਿਲ੍ਹੇ ਦੇ ਖਿੱਤੇ ਜਿਸ ਨੂੰ ਹੁਣ 'ਫੈਸਲਾਬਾਦ' ਦਾ ਨਾਂ ਦਿੱਤਾ ਗਿਆ ਹੈ, ਵਿਚ 1892 'ਚ ਅੰਗਰੇਜ਼ਾਂ ਵੱਲੋਂ ਵਸਾਈਆਂ ਗਈਆਂ ਤਿੰਨ 'ਬਾਰਾਂ' (ਸਾਂਦਲ ਬਾਰ, ਨੀਲੀ ਬਾਰ ਤੇ ਗੰਜੀ ਬਾਰ) ਵੀ ਵੇਖੀਆਂ। ਇਨ੍ਹਾਂ ਸਾਰੀਆਂ ਥਾਵਾਂ ਨੂੰ ਵੇਖਣ ਲਈ ਮਨ ਤਰਸ ਰਿਹਾ ਸੀ।

ਇਨ੍ਹਾਂ ਤਿੰਨ 'ਬਾਰਾਂ' ਵਿਚੋਂ ਪਹਿਲੀ 'ਸਾਂਦਲ ਬਾਰ' ਵਿਚ ਮੇਰੇ ਪੁਰਖਿਆਂ ਨੂੰ ਉਦੋਂ ਤਿੰਨ ਮੁਰੱਬੇ ਜ਼ਮੀਨ ਅਲਾਟ ਹੋਈ ਸੀ ਅਤੇ ਉਨ੍ਹਾਂ ਨੇ ਜੰਗਲ ਸਾਫ਼ ਕਰ ਕੇ ਉੱਥੇ 55 ਸਾਲ ਉਸ 'ਤੇ ਖੇਤੀ ਕੀਤੀ ਸੀ। ਇਸ ਇਲਾਕੇ ਵਿਚ ਰਾਵੀ ਦਰਿਆ ਵਿਚੋਂ ਨਿਕਲੀਆਂ ਦੋ ਵੱਡੀਆਂ ਨਹਿਰਾਂ ਵਗਦੀਆਂ ਸਨ ਅਤੇ ਹੁਣ ਵੀ ਇਹ ਭਰੀਆਂ ਵਗ ਰਹੀਆਂ ਹਨ। ਇਹ ਸਾਰਾ ਇਲਾਕਾ ਬੜਾ ਹੀ ਉਪਜਾਊ ਤੇ ਖ਼ੁਸ਼ਹਾਲ ਸੀ। ਬਜ਼ੁਰਗ ਦੱਸਦੇ ਹੁੰਦੇ ਸਨ ਕਿ ਉੱਥੇ ਕਣਕ ਅਤੇ ਕਪਾਹ ਦੀ ਫ਼ਸਲ ਬਹੁਤ ਹੋਇਆ ਕਰਦੀ ਸੀ। ਜ਼ਮੀਨ ਏਨੀ ਜ਼ਰਖੇਜ਼ ਸੀ ਕਿ ਕਿਸੇ ਕਿਸਮ ਦੀ ਕੋਈ ਰਸਾਇਣਕ ਖਾਦ ਪਾਉਣ ਦੀ ਲੋੜ ਹੀ ਨਹੀਂ ਸੀ ਪੈਂਦੀ। ਅਲਬੱਤਾ! ਪਾਲਤੂ ਪਸ਼ੂਆਂ ਦੇ ਗੋਹੇ ਦੀ ਗਲੀ-ਸੜੀ ਰੂੜੀ ਕੁਝ ਖੇਤਾਂ ਨੂੰ ਜ਼ਰੂਰ ਪਾਈ ਜਾਂਦੀ ਸੀ।

1947 ਦੀ ਭਾਰਤ-ਪਾਕਿਸਤਾਨ ਵੰਡ ਸਮੇਂ ਹੋਏ ਲੱਖਾਂ ਪਰਿਵਾਰਾਂ ਦੇ 'ਉਜਾੜੇ' ਬਾਰੇ ਮੇਰੇ ਦਾਦਾ ਜੀ ਅਤੇ ਪਿਤਾ ਜੀ ਭਰੀਆਂ ਅੱਖਾਂ ਨਾਲ ਨਾਲ ਦੱਸਦੇ ਹੁੰਦੇ ਸਨ ਕਿ ਲੋਕ ਬੜੇ ਸੁਖੀ ਅਤੇ ਖ਼ੁਸ਼ਹਾਲ ਵੱਸ ਰਹੇ ਸਨ ਕਿ ਅੰਗਰੇਜ਼ ਅਫ਼ਸਰ 'ਰੈਡਕਲਿਫ਼' ਵਲੋਂ ਵਾਹੀ ਗਈ ਇਕ 'ਲੀਕ' ਨਾਲ 15 ਅਗਸਤ 1947 ਨੂੰ ਇਹ ਇਲਾਕਾ ਉਨ੍ਹਾਂ ਲਈ 'ਬੇਗਾਨਾ' ਹੋ ਗਿਆ ਅਤੇ ਉਨ੍ਹਾਂ ਨੂੰ ਮਜਬੂਰਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਆਪਣੇ ਪੁਰਾਣੇ ਪਿੰਡ 'ਤਲਾਵਾਂ' (ਹੁਣ, ਤਾਰਾਗੜ੍ਹ) ਆਉਣਾ ਪਿਆ। ਉਹ ਦੱਸਦੇ ਸਨ ਕਿ ਕਿਵੇਂ ਉਨ੍ਹਾਂ ਅਤੇ ਹੋਰਨਾਂ ਨੂੰ ਆਪਣੇ ਭਰੇ-ਭਰਾਏ ਘਰ ਛੱਡ ਕੇ ਲਗਭਗ 'ਖਾਲੀ ਹੱਥੀਂ' ਜਾਂ ਖਾਣ-ਪੀਣ ਦਾ ਥੋੜ੍ਹਾ ਜਿਹਾ ਸਾਮਾਨ ਅਤੇ ਲੀੜਾ-ਕੱਪੜਾ ਗੱਡਿਆਂ 'ਤੇ ਲੱਦ ਕੇ ਏਧਰ ਆਉਣਾ ਪਿਆ ਸੀ। ਕਈ ਪਰਿਵਾਰਾਂ ਦੇ ਜੀਅ ਰਾਹ ਵਿਚ ਹੀ ਮਰ ਗਏ ਸਨ ਜਾਂ ਮਾਰ ਦਿੱਤੇ ਗਏ ਸਨ ਜਿਨ੍ਹਾਂ ਵਿਚ ਮੇਰਾ ਇਕ ਤਾਇਆ ਅਤੇ ਇਕ ਚਾਚਾ ਵੀ ਸ਼ਾਮਲ ਸਨ। ਉਨ੍ਹਾਂ ਲਈ ਇਹ 'ਭਾਰਤ ਦੀ ਆਜ਼ਾਦੀ' ਨਹੀਂ, ਸਗੋਂ 'ਉਜਾੜਾ' ਹੀ ਸੀ। ਬਜ਼ੁਰਗਾਂ ਦੀ ਉਹ ਧਰਤੀ ਜਿੱਥੇ ਉਹ ਹਲ਼ ਚਲਾਉਂਦੇ ਰਹੇ ਸਨ, ਨਹਿਰ ਦਾ ਪਾਣੀ ਲਾਉਂਦੇ ਰਹੇ ਸਨ ਅਤੇ ਸੱਪਾਂ ਦੀਆਂ ਸਿਰੀਆਂ ਮਿੱਧਦੇ ਰਹੇ ਸਨ, ਅਤੇ ਉਨ੍ਹਾਂ ਦਾ ਉਹ ਪਿੰਡ 'ਚੱਕ ਨੰਬਰ 202 ਗੱਟੀ ਤਲਾਵਾਂ' ਜੋ ਹੁਣ 'ਗੱਟੀ ਸਕੂਲ ਵਾਲੀ' ਕਰਕੇ ਜਾਣਿਆ ਜਾਂਦਾ ਹੈ, ਨੂੰ ਵੀ ਵੇਖਣ ਦੀ ਮਨ ਵਿਚ ਬੜੀ ਰੀਝ ਸੀ।

ਜੀਵਨ ਦੇ 60 ਸਾਲ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਚੋਹਾਨ ਤੇ ਅੰਮ੍ਰਿਤਸਰ ਸ਼ਹਿਰ ਵਿਚ ਗੁਜ਼ਾਰਦਿਆਂ ਅਤੇ ਪਿਛਲੇ 12-13 ਸਾਲ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਰਹਿੰਦਿਆਂ ਇਹ ਰੀਝ ਪੂਰੀ ਕਰਨ ਦੀ ਇੱਛਾ ਵਾਰ-ਵਾਰ ਮਨ ਵਿਚ ਉੱਠਦੀ ਸੀ ਪਰ ਇਹ ਪੂਰੀ ਹੋਣ ਦਾ ਕੋਈ ਸਬੱਬ ਨਾ ਬਣਦਾ। ਕਈ ਵਾਰ ਤਾਂ ਮਨ ਹੀ ਮਨ ਸੋਚਦਾ ਸਾਂ ਕਿ ਪਤਾ ਨਹੀਂ ਇਹ ਇੱਛਾ ਪੂਰੀ ਹੋਵੇਗੀ ਵੀ ਕਿ ਨਹੀਂ।

ਪਿਛਲੇ ਸਾਲ 2022 ਦੇ ਅਕਤੂਬਰ/ਨਵੰਬਰ ਮਹੀਨੇ ਦੇ ਇਕ ਦਿਨ 'ਪੰਜਾਬੀ ਦੁਨੀਆਂ ਟੀ.ਵੀ.' ਦੇ ਸੰਚਾਲਕ ਹਰਜੀਤ ਸਿੰਘ ਗਿੱਲ ਦਾ ਫੋਨ ਆਇਆ ਕਿ ਲਾਹੌਰ ਵਿਚ 17-18 ਫ਼ਰਵਰੀ 2023 ਨੂੰ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਸੰਚਾਲਕ ਅਹਿਮਦ ਰਜ਼ਾ ਪੰਜਾਬੀ ਅਤੇ ਉਨ੍ਹਾਂ ਦੇ ਕੁਝ ਸਾਥੀਆਂ ਵੱਲੋਂ ਵਿਸ਼ਵ ਭਰ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਤੇ ਪਸਾਰ ਸਬੰਧੀ ਦੋ-ਦਿਨਾਂ ਕਾਨਫ਼ਰੰਸ ਕਰਵਾਈ ਜਾ ਰਹੀ ਹੈ ਅਤੇ ਮੇਰਾ ਉਸ ਵਿਚ ਜਾਣ ਬਾਰੇ ਕੀ ਵਿਚਾਰ ਹੈ। 'ਅੰਨ੍ਹਾ ਕੀ ਭਾਲੇ ਦੋ ਅੱਖੀਆਂ', ਮੈਂ ਇਸ ਲਈ ਝੱਟਪਟ ਹਾਮੀ ਭਰ ਦਿੱਤੀ। ਪਰ ਕੁਝ ਦਿਨਾਂ ਬਾਅਦ ਅਹਿਮਦ ਹੁਰਾਂ ਤੋਂ ਪਤਾ ਲੱਗਿਆ ਕਿ ਕੁਝ ਕਾਰਨਾਂ ਕਰਕੇ ਇਹ ਕਾਨਫ਼ਰੰਸ ਅੱਗੇ ਪਾ ਦਿੱਤੀ ਗਈ ਹੈ ਅਤੇ ਹੋ ਸਕਦਾ ਹੈ ਕਿ ਹੁਣ ਇਹ ਅਕਤੂਬਰ ਜਾਂ ਨਵੰਬਰ ਵਿਚ ਹੋਵੇ। ਇਹ ਸੁਣ ਕੇ ਸਾਨੂੰ ਬੜੀ ਨਿਰਾਸ਼ਾ ਹੋਈ। ਬਣਿਆ ਬਣਾਇਆ ਮੂਡ ਹੀ ਖ਼ਰਾਬ ਹੋ ਗਿਆ। ਇਹ ਸੁਨੇਹਾ ਜਦੋਂ ਕੈਨੇਡਾ ਰਹਿੰਦੀ ਭੈਣ ਗੁਰਚਰਨ ਕੌਰ ਬਿੰਦ ਤੇ ਜੀਜਾ ਜੀ ਡਾ. ਸੁਖਵਿੰਦਰ ਸਿੰਘ ਬਿੰਦ ਨੂੰ ਪਹੁੰਚਿਆ ਤਾਂ ਉਹ ਵੀ ਬੜੇ ਨਿਰਾਸ਼ ਹੋਏ। ਅਸੀਂ ਦੋਹਾਂ ਪਰਿਵਾਰਾਂ ਨੇ ਆਪਸੀ ਵਿਚਾਰ-ਵਟਾਂਦਰਾ ਕਰ ਕੇ ਅਹਿਮਦ ਰਜ਼ਾ ਨੂੰ ਕਿਹਾ ਕਿ ਸਾਡਾ ਤਾਂ ਮਨ ਲਾਹੌਰ ਅਤੇ ਲਹਿੰਦੇ ਪੰਜਾਬ ਦੇ ਹੋਰ ਸ਼ਹਿਰ ਤੇ ਆਪਣੇ ਪੁਰਖਿਆਂ ਦਾ ਪਿੰਡ ਵੇਖਣ ਦਾ ਬਣਿਆ ਹੋਇਆ ਹੈ ਅਤੇ ਕੀ ਉਹ ਇਸ ਲਈ ਕੁਝ ਕਰ ਸਕਦਾ ਹੈ। ਜੁਆਬ ਵਿਚ ਉਸ ਭਲੇ-ਪੁਰਸ਼ ਨੇ ਕੁਝ ਦਿਨਾਂ ਬਾਅਦ ਹੀ ਸਾਡੇ ਚੌਹਾਂ ਲਈ ਸਪਾਂਸਰਸ਼ਿਪ ਭੇਜ ਦਿੱਤੀ ਅਤੇ ਅਸੀਂ ਪਾਕਿਸਤਾਨ ਦਾ 'ਈ-ਵੀਜ਼ਾ' ਲੈਣ ਲਈ ਐਪਲੀਕੇਸ਼ਨਾਂ ਕੰਪਿਊਟਰ 'ਤੇ ਠੇਲ੍ਹ ਦਿੱਤੀਆਂ। ਹਫ਼ਤੇ-ਦਸਾਂ ਦਿਨਾਂ ਵਿਚ ਸਾਡੇ ਤਿੰਨ-ਤਿੰਨ ਮਹੀਨਿਆਂ ਦੇ 'ਈ-ਵੀਜ਼ੇ' ਦੀ ਪ੍ਰਵਾਨਗੀ ਈ-ਮੇਲ ਰਾਹੀਂ ਆ ਗਈ ਜਿਸ ਵਿਚ ਦਰਜ ਸੀ ਕਿ ਅਸੀਂ ਇਕ ਵਾਰ ਇਕ ਮਹੀਨਾ ਪਾਕਿਸਤਾਨ ਵਿਚ ਰਹਿ ਸਕਦੇ ਹਾਂ।



**ਸਫ਼ਰ ਦੀ ਤਿਆਰੀ**

ਲਗਭਗ ਦੋ ਹਫ਼ਤੇ ਘਰੋਂ ਬਾਹਰ ਰਹਿਣ ਲਈ ਜ਼ਰੂਰੀ ਕੱਪੜੇ-ਲੱਤੇ, ਲੋੜੀਂਦੀਆਂ ਦਵਾਈਆਂ ਆਪਣੇ ਨਾਲ ਲਈਆਂ ਅਤੇ ਆਪਣੇ ਮੇਜ਼ਬਾਨਾਂ ਲਈ ਹਫ਼ਤਾ ਪਹਿਲਾਂ ਕੁਝ ਤੋਹਫ਼ੇ ਖ਼ਰੀਦੇ ਜਿਨ੍ਹਾਂ ਵਿਚ ਕੁਝ ਗਰਮ ਲੋਈਆਂ, ਲੇਡੀਜ਼ ਸ਼ਾਲ, ਪਾਪੜ-ਵੜੀਆਂ, 'ਚਵਨਪ੍ਰਾਸ਼' ਦੇ ਕੁਝ ਡੱਬੇ, ਸ਼ਾਮਲ ਸਨ। ਉਨ੍ਹਾਂ ਦੀ ਅਤੇ ਆਪਣੇ ਸਾਮਾਨ ਨਾਲ ਚੰਗੀ ਤਰ੍ਹਾਂ ਪੈਕਿੰਗ ਕੀਤੀ ਗਈ। ਅਸੀਂ 16 ਫ਼ਰਵਰੀ ਤੋਂ 1 ਮਾਰਚ ਤਕ 14 ਦਿਨ ਲਹਿੰਦੇ ਪੰਜਾਬ ਦੇ ਵੱਖ-ਵੱਖ ਇਤਿਹਾਸਕ ਤੇ ਧਾਰਮਿਕ ਅਸਥਾਨ, ਕਈ ਸ਼ਹਿਰ ਅਤੇ ਆਪਣੇ ਪੁਰਖਿਆਂ ਦੇ ਪਿੰਡ ਵੇਖਣ ਦਾ ਪ੍ਰੋਗਰਾਮ ਉਲੀਕ ਲਿਆ ਅਤੇ ਇਸ ਦੇ ਬਾਰੇ ਅਹਿਮਦ ਰਜ਼ਾ ਨੂੰ ਦੱਸ ਦਿੱਤਾ। ਅਸੀਂ ਦੋਵੇਂ ਜੀਅ 10 ਜਨਵਰੀ ਨੂੰ ਅੰਮ੍ਰਿਤਸਰ ਪਹੁੰਚ ਗਏ ਸੀ। ਕੈਲਗਰੀ ਵਾਲੇ ਸਾਡੇ ਸਾਥੀਆਂ ਦਾ ਵੀ 10 ਫ਼ਰਵਰੀ ਨੂੰ ਲੁਧਿਆਣੇ ਪਹੁੰਚਣ ਦਾ ਪ੍ਰੋਗਰਾਮ ਸੀ। ਉਹ 15 ਫ਼ਰਵਰੀ ਨੂੰ ਸਾਡੇ ਕੋਲ ਅੰਮ੍ਰਿਤਸਰ ਆ ਗਏ ਅਤੇ 16 ਫ਼ਰਵਰੀ ਦੀ ਸਵੇਰ ਨੂੰ ਸਾਢੇ ਨੌਂ ਵਜੇ ਅਸੀਂ ਟੈਕਸੀ 'ਤੇ ਵਾਹਗੇ ਬਾਰਡਰ ਨੂੰ ਚਾਲੇ ਪਾ ਦਿੱਤੇ।

ਸਵੇਰੇ ਘਰੋਂ ਚਾਹ ਨਾਲ ਬਿਸਕੁਟ, ਨਮਕੀਨ ਵਗੈਰਾ 'ਨਿਕ-ਸੁਕ' ਜਿਹਾ ਹੀ ਖਾ ਕੇ ਇਹ ਸੋਚ ਕੇ ਚੱਲੇ ਕਿ ਬਾਰਡਰ ਦੇ ਦੋਹੀਂ ਪਾਸੀਂ ਇਮੀਗਰੇਸ਼ਨ ਵਗੈਰਾ ਕਰਵਾਉਂਦਿਆਂ ਦੇਰ ਵੀ ਲੱਗ ਸਕਦੀ ਹੈ ਅਤੇ ਵਾਹਗੇ ਬਾਰਡਰ 'ਤੇ ਪਹੁੰਚਣ ਤੋਂ ਪਹਿਲਾਂ ਬਰੇਕ-ਫਾਸਟ ਰਸਤੇ ਵਿਚ ਕਿਸੇ ਰੈਸਟੋਰੈਂਟ ਵਿਚ ਕਰਾਂਗੇ। ਡਰਾਈਵਰ ਦੇ ਮਸ਼ਵਰੇ 'ਤੇ ਰਸਤੇ ਵਿਚ ਅਟਾਰੀ ਦੇ ਨੇੜੇ 'ਬੱਲੇ-ਬੱਲੇ' ਨਾਂ ਦੇ ਰੈਸਟੋਰੈਂਟ ਦੇ ਅੱਗੇ ਟੈਕਸੀ ਜਾ ਰੋਕੀ ਅਤੇ ਆਲੂ-ਗੋਭੀ ਵਾਲੇ ਪਰੌਂਠਿਆਂ ਤੇ ਚਾਹ ਦਾ ਆਰਡਰ ਦੇ ਦਿੱਤਾ। ਬਰੇਕ-ਫਾਸਟ ਕਰਨ ਵਾਲੇ ਅਸੀਂ ਖ਼ਵਰੇ ਉਨ੍ਹਾਂ ਦੇ ਪਹਿਲੇ ਗਾਹਕ ਹੀ ਸੀ ਜਿਨ੍ਹਾਂ ਨੇ ਉਨ੍ਹਾਂ ਦੇ ਚੁੱਲ੍ਹਿਆਂ ਨੂੰ ਜਾ ਤਪਾਇਆ ਸੀ। ਕੋਈ ਅੱਧੇ ਘੰਟੇ ਬਾਅਦ ਰੈਸਟੋਰੈਂਟ ਦਾ ਇਕ ਕਰਿੰਦਾ ਪਰੌਂਠੇ ਤੇ ਚਾਹ ਲੈ ਕੇ ਆਇਆ। ਪਰੌਂਠੇ ਵੀ ਉੱਪਰੋਂ ਅੱਧੇ ਸੜੇ ਤੇ ਵਿਚੋਂ ਅੱਧੇ ਕੱਚੇ ਅਤੇ ਚਾਹ ਵੀ ਬੇ-ਸੁਆਦੀ ਜਿਹੀ। ਅੱਗੋਂ ਭੁੱਖ ਲੱਗ ਜਾਣ ਦੇ ਡਰੋਂ ਅਸੀਂ ਇਹ ਕੱਚੇ-ਭੁੰਨੇ ਜਿਹੇ ਪਰੌਂਠੇ ਅਣਮੰਨੇ ਜਿਹੇ ਮਨ ਨਾਲ ਅੱਧ-ਪਚੱਧੇ ਖਾ ਤਾਂ ਲਏ ਪਰ ਨਾਲ ਹੀ ਰੈਸਟੋਰੈਂਟ ਦੇ ਮਾਲਕ ਦੇ ਗ਼ੈਰ-ਹਾਜ਼ਰ ਹੋਣ ਕਰਕੇ ਉਸ ਦੇ ਕਰਿੰਦਿਆਂ ਨੂੰ ਤਕੜਾ ਉਲ੍ਹਾਮਾ ਦਿੱਤਾ ਕਿ ਉਹ ਆਪਣੇ ਮਾਲਕ ਨੂੰ ਕਹਿ ਦੇਣ ਕਿ ਉਹ ਆਪਣੇ ਇਸ ਰੈਸਟੋਰੈਂਟ ਦਾ ਨਾਂ 'ਬੱਲੇ-ਬੱਲੇ' ਤੋਂ ਬਦਲ ਕੇ 'ਥੱਲੇ-ਥੱਲੇ' ਕਰ ਦੇਵੇ।

**ਬੀ.ਐੱਸ.ਐੱਫ਼ ਵੱਲੋਂ ਭਾਰੀ ਚੈਕਿੰਗ**

ਬੀ.ਐੱਸ.ਐੱਫ਼. ਵਲੋਂ ਬਣਾਈਆਂ ਗਈਆਂ ਤਿੰਨ ਚੈੱਕ-ਪੋਸਟਾਂ, ਜਿੱਥੇ ਹਰੇਕ ਜਗ੍ਹਾ 'ਤੇ ਸਾਡੇ ਪਾਸਪੋਰਟ ਅਤੇ ਓ.ਸੀ.ਆਈ. ਕਾਰਡ ਚੰਗੀ ਤਰ੍ਹਾਂ ਚੈੱਕ ਕਰਨ ਤੋਂ ਬਾਅਦ ਰਜਿਸਟਰਾਂ ਵਿਚ ਦਰਜ ਕੀਤੇ ਗਏ, ਤੋਂ ਲੰਘ ਕੇ ਗਿਆਰਾਂ ਵਜੇ ਅਸੀਂ ਇਮੀਗਰੇਸ਼ਨ-ਚੈੱਕ ਦੇ ਦਫ਼ਤਰ ਦੇ ਸਾਹਮਣੇ ਪਹੁੰਚੇ। ਕੁੱਲੀਆਂ ਦੀਆਂ ਟਰਾਲੀਆਂ ਉੱਪਰ ਆਪਣਾ ਸਾਮਾਨ ਲਦਵਾ ਕੇ ਇਮੀਗਰੇਸ਼ਨ ਕਰਵਾਈ। ਉੱਥੇ ਤਾਂ ਬਹੁਤਾ ਸਮਾਂ ਨਾ ਲੱਗਿਆ ਪਰ ਉਸ ਤੋਂ ਬਾਅਦ ਭਾਰਤ ਵਾਲੇ ਪਾਸੇ ਦੇ ਗੇਟ ਤਕ ਬੱਸ 'ਤੇ ਜਾਣਾ ਸੀ ਅਤੇ ਉੱਥੇ ਜਾਣ ਵਾਲੀ ਮਿੰਨੀ-ਬੱਸ ਅੱਧੇ ਘੰਟੇ ਬਾਅਦ ਆਈ ਜਿਸ ਨੇ ਸਾਨੂੰ ਭਾਰਤੀ 'ਗੇਟ' ਦੇ ਨੇੜੇ ਪਹੁੰਚਾਇਆ। ਉੱਥੇ ਬੱਸ ਡਰਾਈਵਰ ਤੇ ਹੈਲਪਰ ਦੀ ਮਦਦ ਨਾਲ ਆਪਣਾ ਸਾਮਾਨ ਟਰਾਲੀਆਂ 'ਤੇ ਲੱਦ ਕੇ "ਨੋ ਮੈਨਜ਼ ਲੈਂਡ" ਪਾਰ ਕਰ ਕੇ ਪਾਕਿਸਤਾਨ ਵਾਲੇ ਪਾਸੇ ਸਾਮਾਨ ਜਾ ਟਿਕਾਇਆ ਜਿੱਥੋਂ ਪਾਕਿਸਤਾਨੀ ਕੁਲੀਆਂ ਨੇ ਇਹ ਆਪਣੀਆਂ ਟਰਾਲੀਆਂ 'ਤੇ ਰੱਖਿਆ ਅਤੇ ਅਸੀਂ ਚਾਰੇ ਜਣੇ ਪਾਕਿਸਤਾਨੀ ਇਮੀਗਰੇਸ਼ਨ ਦਫ਼ਤਰ ਵੱਲ ਤੁਰ ਪਏ। ਇੱਥੇ ਪਾਕਿਸਤਾਨੀ ਇਮੀਗਰੇਸ਼ਨ ਸਟਾਫ਼ ਵੱਲੋਂ ਸਾਡਾ ਖਿੜੇ-ਮੱਥੇ ਸੁਆਗਤ ਕੀਤਾ ਗਿਆ ਅਤੇ ਸਾਨੂੰ ਚਾਹ-ਪਾਣੀ ਵੀ ਪੁੱਛਿਆ ਗਿਆ ਜਿਸ ਦਾ ਦਿਲੀ-ਧੰਨਵਾਦ ਕਰਦਿਆਂ ਹੋਇਆਂ ਸਾਡੇ ਵਲੋਂ ਇਹ ਕਹਿ ਕੇ ਇਨਕਾਰ ਕੀਤਾ ਗਿਆ ਕਿ ਸਾਡੇ ਮੇਜ਼ਬਾਨ ਬੜੀ ਦੇਰ ਤੋਂ ਸਾਡੀ ਉਡੀਕ ਕਰ ਰਹੇ ਹਨ।

ਸਾਡੇ ਮੇਜ਼ਬਾਨ ਅਹਿਮਦ ਰਜ਼ਾ ਅਤੇ ਉਨ੍ਹਾਂ ਦੇ ਦੋ ਸਾਥੀ ਸੁਹੇਲ ਮਮੂਕਾ ਤੇ ਫੈਸਲ ਵਾਕਿਆ ਈ ਬਾਰ੍ਹਾਂ ਵਜੇ ਤੋਂ ਹੀ ਸਾਡਾ ਰਾਹ ਤੱਕ ਰਹੇ ਸਨ। ਅਹਿਮਦ ਰਜ਼ਾ 'ਪੰਜਾਬੀ ਪ੍ਰਚਾਰ ਟੀ.ਵੀ.' ਦੇ ਸੰਚਾਲਕ ਹਨ ਤੇ ਉਨ੍ਹਾਂ ਦੇ ਨਾਲ ਫੈਸਲ ਉਨ੍ਹਾਂ ਦਾ ਕੈਮਰਾਮੈਨ ਸੀ। ਸੁਹੇਲ ਮਮੂਕਾ ਸੱਤ ਸੀਟਾਂ ਵਾਲੀ ਗੱਡੀ ਦਾ ਡਰਾਈਵਰ ਸੀ ਜਿਸ ਨੇ ਸਾਨੂੰ ਸਾਰਿਆਂ ਨੂੰ ਦੋ ਹਫ਼ਤੇ ਆਪਣੀ ਗੱਡੀ 'ਤੇ ਵੱਖ-ਵੱਖ ਥਾਵਾਂ 'ਤੇ ਲਿਜਾਣਾ ਤੇ ਘੁਮਾਉਣਾ ਸੀ। ਸਾਢੇ ਬਾਰਾਂ ਵਜੇ ਵਾਹਗੇ ਬਾਰਡਰ ਤੋਂ ਚੱਲ ਕੇ ਕਰੀਬ ਇਕ ਵਜੇ ਅਸੀਂ ਲਾਹੌਰ ਸ਼ਹਿਰ ਦੇ ਹੋਟਲ 'ਗਰੈਂਡ ਪਾਮ' ਪਹੁੰਚੇ ਜਿੱਥੇ ਸਾਡੇ ਮੇਜ਼ਬਾਨ ਨੇ ਦੋ ਹਫ਼ਤਿਆਂ ਲਈ ਸਾਡਾ "ਰੈਣ ਬਸੇਰਾ" ਬਣਾਇਆ ਸੀ।

**ਪਹਿਲੇ ਦਿਨ ਕਸੂਰ 'ਚ ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ 'ਤੇ ਕੀਤਾ ਸਿਜਦਾ**

ਹੋਟਲ ਵਿਚ ਲੰਚ ਕਰਨ ਤੋਂ ਬਾਅਦ ਸਾਡੇ ਮੇਜ਼ਬਾਨ ਨੇ ਓਸੇ ਦਿਨ ਹੀ ਤਿੰਨ ਕੁ ਵਜੇ ਕਸੂਰ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾ ਲਿਆ ਅਤੇ ਡੇਢ ਕੁ ਘੰਟੇ ਵਿਚ ਹੀ ਅਸੀਂ ਉੱਥੇ ਪਹੁੰਚ ਗਏ। ਜਾਂਦਿਆਂ ਹੀ ਬਾਬਾ ਬੁੱਲ੍ਹੇ ਸ਼ਾਹ ਦੀ ਮਜ਼ਾਰ 'ਤੇ ਮੱਥਾ ਟੇਕ ਕੇ ਉਸ ਮਹਾਨ ਸੂਫ਼ੀ ਕਵੀ ਨੂੰ ਸਿਜਦਾ ਕੀਤਾ। ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ 'ਤੇ ਉਸ ਦੇ ਮੁਰੀਦਾਂ ਦੀ ਕਾਫ਼ੀ ਰੌਣਕ ਸੀ। ਮਜ਼ਾਰ ਦੇ ਬਾਹਰਵਾਰ ਉਸ ਦੇ ਮੁਰੀਦ ਉਸ ਦੀਆਂ ਰਚੀਆਂ ਕਾਫੀਆਂ ਹਾਰਮੋਨੀਅਮ, ਤਬਲੇ ਅਤੇ ਢੋਲਕੀ ਦੀ ਤਾਲ 'ਤੇ ਗਾ ਰਹੇ ਸਨ ਅਤੇ ਚਾਰ-ਪੰਜ 'ਨਚਾਰ ਚੇਲੇ' ਵੱਖ-ਵੱਖ ਵੇਸ-ਭੂਸ਼ਾ ਪਹਿਨੀ ਪੂਰੇ ਵਜਦ ਵਿਚ ਨੱਚ ਰਹੇ ਸਨ। ਬਾਬਾ ਬੁੱਲ੍ਹੇ ਸ਼ਾਹ ਆਪ ਵੀ ਤਾਂ ਸੂਫ਼ੀ ਲਹਿਜ਼ੇ ਵਿਚ ਗਾਉਂਦੇ ਤੇ ਖ਼ੂਬ ਨੱਚਦੇ ਹੁੰਦੇ ਸਨ। ਮਜ਼ਾਰ ਵਾਲੇ ਕਮਰੇ ਵਿਚ ਬਾਬਾ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਦੇ ਬੰਦ ਸ਼ਾਹਮੁਖੀ ਵਿਚ ਲਿਖੇ ਹੋਏ ਸਨ ਜੋ ਰਜ਼ਾ ਸਾਹਿਬ ਨੇ ਪੜ੍ਹ ਕੇ ਸਾਨੂੰ ਸੁਣਾਏ। ਉੱਥੇ ਮੈਨੂੰ ਵੀ ਬੁੱਲ੍ਹੇ ਸ਼ਾਹ ਹੁਰਾਂ ਦੀ ਕਾਫ਼ੀ ਦੇ ਇਹ ਬੰਦ ਯਾਦ ਆ ਗਏ

"ਬੁੱਲ੍ਹਿਆ ਰਾਤੀਂ ਜਾਗੇਂ ਪੀਰ ਸਦਾਏਂ, ਰਾਤੀਂ ਜਾਗਣ ਕੁੱਤੇ, ਤੈਥੋਂ ਉੱਤੇ,
ਸਾਰੀ ਰਾਤ ਉਹ ਪੈਰ੍ਹਾ ਦਿੰਦੇ, ਤੇ ਦਿਨੇਂ ਰੜੇ ਜਾ ਸੁੱਤੇ, ਤੈਥੋਂ ਉੱਤੇ,
ਮਾਲਕ ਦਾ ਦਰ ਮੂਲ ਨਾ ਛੱਡਦੇ, ਭਾਵੇਂ ਪੈਂਦੇ ਲੱਖਾਂ ਜੁੱਤੇ, ਤੈਥੋਂ ਉੱਤੇ,
ਉੱਠ ਬੁੱਲ੍ਹਿਆ, ਯਾਰ ਮਨਾ ਲੈ, ਨਹੀਂ ਤਾਂ ਬਾਜ਼ੀ ਲੈ ਗਏ ਕੁੱਤੇ, ਤੈਥੋਂ ਉੱਤੇ।'

ਇਸ ਦੇ ਨਾਲ ਹੀ ਮੈਨੂੰ ਉੱਥੇ ਬਾਬਾ ਬੁੱਲ੍ਹੇ ਸ਼ਾਹ ਦੀ ਇਕ ਹੋਰ ਕਾਫ਼ੀ ਵੀ ਯਾਦ ਆ ਗਈ:

ਜੇ ਰੱਬ ਮਿਲਦਾ ਨ੍ਹਾਤਿਆਂ-ਧੋਤਿਆਂ, ਤਾਂ ਮਿਲਦਾ ਡੱਡੂਆਂ-ਮੱਛੀਆਂ
ਜੇ ਰੱਬ ਮਿਲਦਾ ਜੰਗਲ-ਬੇਲੇ, ਤਾਂ ਮਿਲਦਾ ਗਾਈਆਂ-ਵੱਛੀਆਂ,
ਜੇ ਰੱਬ ਮਿਲਦਾ ਮੰਦਰ-ਮਸੀਤੀਂ, ਤਾਂ ਮਿਲਦਾ ਚਾਮ-ਚੜਿੱਕੀਆਂ,
ਬੁੱਲ੍ਹੇ ਸ਼ਾਹ ਰੱਬ ਉਨ੍ਹਾਂ ਨੂੰ ਮਿਲਦਾ, ਨੀਤਾਂ ਜਿਨ੍ਹਾਂ ਦੀਆਂ ਸੱਚੀਆਂ।

ਉੱਥੇ ਇਕੱਠੇ ਹੋਏ ਲੋਕਾਂ ਨੂੰ ਇਹ ਸੁਣ ਕੇ ਬਹੁਤ ਵਧੀਆ ਲੱਗਿਆ ਅਤੇ ਉਨ੍ਹਾਂ ਨੇ ਇਸ ਦੀ ਭਰਪੂਰ ਦਾਦ ਦਿੱਤੀ। ਸਾਡੇ ਮੇਜ਼ਬਾਨ ਦੇ ਕੈਮਰਾਮੈਨ ਫੈਸਲ ਵਲੋਂ ਇਸ ਦੀ ਅਤੇ ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ ਬਾਰੇ ਸਾਡੇ ਪ੍ਰਤੀਕਰਮ ਦੀ ਵੀਡੀਓ ਬਣਾਈ ਗਈ। ਲੋਕਾਂ ਨੇ ਸਾਡੇ ਨਾਲ ਖਲੋ ਕੇ ਤਸਵੀਰਾਂ ਖਿਚਵਾਈਆਂ ਜਿਸ ਨੂੰ ਉਹ ਆਪਣੀ ਬੋਲੀ ਵਿਚ 'ਤਸਵੀਰ ਬਣਾਉਣਾ' ਕਹਿੰਦੇ ਸਨ। ਇਸ ਦੌਰਾਨ ਹੀ ਇਕ ਬੀਬੀ ਸਾਡੇ ਲਈ ਚਾਹ ਅਤੇ ਮਿੱਠੇ ਚੌਲ ਲੈ ਕੇ ਆਈ ਜਿਸ ਦਾ ਅਸੀਂ ਭਰਪੂਰ ਅਨੰਦ ਮਾਣਿਆ।


ਦਰਗਾਹ ਦੇ ਦਰਸ਼ਨ ਕਰ ਕੇ ਅਸੀਂ ਕਸੂਰ ਦੇ ਬਾਜ਼ਾਰ ਵੱਲ ਚੱਲ ਪਏ। ਰਸਤੇ ਵਿਚ ਬਾਬਾ ਬੁੱਲ੍ਹੇ ਸ਼ਾਹ ਦੇ ਕਈ ਮੁਰੀਦ (ਚੇਲੇ) ਹਾਰਮੋਨੀਅਮ 'ਤੇ ਉਨ੍ਹਾਂ ਦਾ ਕਲਾਮ ਗਾ ਰਹੇ ਸਨ। ਇਕ-ਦੋ ਥਾਵਾਂ 'ਤੇ ਰੁਕ ਕੇ ਅਸੀਂ ਉਨ੍ਹਾਂ ਦਾ ਗਾਇਆ ਕਲਾਮ ਸੁਣਿਆ ਅਤੇ ਉਨ੍ਹਾਂ ਨੂੰ ਕੁਝ ਮਾਇਆ ਵੀ ਭੇਟ ਕੀਤੀ। ਬਾਜ਼ਾਰ ਵੱਲ ਜਾਂਦਿਆਂ ਕਈ ਲੋਕ ਸਾਨੂੰ ਹੱਥ ਮਿਲਾ ਕੇ ਅਤੇ ਜੱਫੀਆਂ ਪਾ ਕੇ ਮਿਲੇ, ਜਿਵੇਂ ਉਹ ਚਿਰਾਂ ਤੋਂ ਸਾਥੋਂ ਵਿਛੜੇ ਹੋਣ ਅਤੇ ਸਾਨੂੰ ਮਿਲਣ ਲਈ ਤਾਂਘ ਰਹੇ ਹੋਣ। ਬਾਜ਼ਾਰ ਵਿਚ ਜਾ ਕੇ ਜੁੱਤੀਆਂ ਵਾਲੀ ਵੱਡੀ ਸਾਰੀ ਦੁਕਾਨ 'ਤੇ ਗਏ ਅਤੇ ਕੁਝ ਖੁੱਸੀਆਂ ਅਤੇ ਲੇਡੀਜ਼ ਜੁੱਤੀਆਂ ਦੀ ਖ਼ਰੀਦ ਕੀਤੀ। ਦੁਕਾਨਦਾਰ ਨੇ ਵੀ ਸਾਡਾ ਖ਼ੂਬ ਮਾਣ-ਸਤਿਕਾਰ ਕੀਤਾ ਅਤੇ ਸਾਡੇ ਹੋਸਟ ਦੇ ਕਹਿਣ 'ਤੇ ਜੁੱਤੀਆਂ ਦੀਆਂ ਕੀਮਤਾਂ ਵਿਚ ਕਾਫ਼ੀ ਰਿਆਇਤ ਵੀ ਕੀਤੀ।

ਏਨੇ ਨੂੰ ਹਨੇਰਾ ਕਾਫ਼ੀ ਪਸਰ ਗਿਆ ਸੀ ਅਤੇ ਸਮਾਂ ਵੀ ਵਾਹਵਾ ਹੋ ਗਿਆ ਸੀ। ਸ਼ਾਮ ਦੇ ਸੱਤ ਵੱਜ ਚੁੱਕੇ ਸਨ ਅਤੇ ਅਸੀਂ ਲਾਹੌਰ ਵੀ ਪਹੁੰਚਣਾ ਸੀ। ਇਸ ਲਈ ਅਸੀਂ ਲਾਹੌਰ ਨੂੰ ਵਾਪਸ ਜਾਣ ਦਾ ਰਾਹ ਲਿਆ। ਸਾਡੇ ਮੇਜ਼ਬਾਨਾਂ ਦਾ ਕਹਿਣਾ ਸੀ ਕਿ ਅਜੇ ਕਸੂਰ ਦਾ ਬਹੁਤ ਕੁਝ ਵੇਖਣ ਵਾਲਾ ਹੈ। ਇੱਥੋਂ ਦਾ ਮਸ਼ਹੂਰ ਰਬੜੀ ਵਾਲਾ 'ਫ਼ਲੂਦਾ' ਅਤੇ 'ਅੰਦਰਸਾ' ਵੀ ਦੁਕਾਨਾਂ ਦੇ ਅੰਦਰ ਬੈਠ ਕੇ ਤੁਹਾਨੂੰ ਖੁਆਉਣਾ ਹੈ ਪਰ ਉਹ ਹੁਣ ਅਗਲੀ ਫੇਰੀ 'ਤੇ ਸਹੀ। ਫਿਰ ਵੀ ਗੱਡੀਆਂ ਦੀ ਪਾਰਕਿੰਗ ਵੱਲ ਨੂੰ ਜਾਂਦੇ ਹੋਏ ਉਨ੍ਹਾਂ ਨੇ ਇਕ ਦੁਕਾਨ ਤੋਂ 'ਅੰਦਰਸੇ' ਦੀਆਂ ਦੋ-ਤਿੰਨ ਵਰਾਇਟੀਆਂ ਪੈਕ ਕਰਵਾ ਲਈਆਂ ਜਿਨ੍ਹਾਂ ਦਾ ਸੁਆਦ ਅਸੀਂ ਗੱਡੀ ਵਿਚ ਬੈਠ ਕੇ ਮਾਣਿਆ। ਵਾਕਿਆ ਈ ਇਹ 'ਅੰਦਰਸੇ' ਦੋਸਤੀ, ਮੁਹੱਬਤ ਅਤੇ ਪ੍ਰੇਮ-ਪਿਆਰ ਨਾਲ ਲਬਰੇਜ਼ ਅੰਦਰੋਂ ਪੂਰੇ ਰਸੇ ਹੋਏ ਸਨ।



# ਉੱਘਾ ਫਿਲਮਸਾਜ਼ ਪੀ.ਐੱਨ. ਅਰੋੜਾ















*ਰਿਕਾਰਡਸਾਜ਼ ਤੇ ਫਿਲਮਸਾਜ਼ ਪੀ.ਐੱਨ. ਅਰੋੜਾ ਅਤੇ ਉਸ ਦੀ ਹਿਦਾਇਤਕਾਰੀ ਹੇਠ ਬਣੀਆ ਫਿਲਮਾਂ ਕ੍ਰਮਵਾਰ 'ਰੇਲ ਕਾ ਡਿੱਬਾ', 'ਚੋਰ ਬਾਜ਼ਾਰ', 'ਹੂਰ-ਏ-ਅਰਬ', 'ਨੀਲੋਫਰ' ਤੇ 'ਸਿੰਦਬਾਦ ਅਲੀਬਾਬਾ ਅਲਾਦੀਨ' ਦੇ ਪੋਸਟਰ।*

ਪ੍ਰੇਮ ਨਰਾਇਣ ਅਰੋੜਾ ਦੀ ਪੈਦਾਇਸ਼ 1914 ਵਿਚ ਕੋਇਟਾ (ਬਲੋਚਿਸਤਾਨ) ਦੇ ਪੰਜਾਬੀ ਖੱਤਰੀ ਪਰਿਵਾਰ ਵਿਚ ਹੋਈ। ਫਿਲਮੀ ਦੁਨੀਆ ਵਿਚ ਉਹ ਪੀ.ਐੱਨ. ਅਰੋੜਾ ਦੇ ਨਾਮ ਨਾਲ ਮਸ਼ਹੂਰ ਹੋਇਆ। ਉਹ ਇੰਜਨੀਅਰ ਤੇ ਰੇਡੀਓ ਤਕਨੀਕ ਦਾ ਵਿਦਿਆਰਥੀ ਵੀ ਰਿਹਾ।

**ਮਨਦੀਪ ਸਿੰਘ ਸਿੱਧੂ**
ਫੋਨ: +91-97805-09545

ਉਹ 1933 ਵਿਚ ਕ੍ਰਿਸ਼ਨਾ ਮੂਵੀਟੋਨ 'ਚ ਸ਼ਾਮਲ ਹੁੰਦਿਆਂ ਪਹਿਲਾਂ ਸਾਊਂਡ ਇੰਜੀਨੀਅਰ ਨਿਯੁਕਤ ਹੋਇਆ ਤੇ ਫਿਰ ਫਿਲਮਸਿਟੀ ਸਟੂਡੀਓ ਵਿਚ 7 ਸਾਲਾਂ ਤੱਕ ਕੰਮ ਕੀਤਾ। ਫਿਰ ਰਣਜੀਤ ਮੂਵੀਟੋਨ ਅਤੇ ਕਾਰਦਾਰ ਪ੍ਰੋਡਕਸ਼ਨ ਨਾਲ ਜੁੜ ਗਿਆ। ਉਂਝ ਉਸ ਦਾ ਸ਼ੌਕ ਰਿਕਾਰਡਿੰਗ ਸੀ ਜੋ ਆਵਾਜ਼ ਨੂੰ ਸਮਝਣ, ਰਿਕਾਰਡ ਕਰਨ, ਕਾਪੀ ਕਰਨ, ਪ੍ਰੋਡਿਊਸ ਕਰਨ ਦੇ ਨਾਲ-ਨਾਲ ਵੱਖ-ਵੱਖ ਇਲੈਕਟ੍ਰਾਨਿਕ ਸਾਧਨਾਂ ਦੇ ਜ਼ਰੀਏ ਉਨ੍ਹਾਂ ਨੂੰ ਮਿਕਸ ਕਰਨ ਦਾ ਕੰਮ ਕਰਦਾ ਸੀ। ਫਿਲਮ ਸਨਅਤ ਵਿਚ ਪੀ.ਐੱਨ. ਅਰੋੜਾ ਰਿਕਾਰਡਿੰਗ ਤੋਂ ਬਾਅਦ ਫਿਲਮਸਾਜ਼ ਤੇ ਹਿਦਾਇਤਕਾਰ ਬਣਿਆ ਜਿਸ ਦੀ ਨਿਰਦੇਸ਼ਨਾ 'ਚ ਬਹੁਤ ਸਾਰੇ ਕਲਾਕਾਰਾਂ ਨੇ ਸ਼ੁਹਰਤ ਕਮਾਈ।

ਬਤੌਰ ਰਿਕਾਰਡਸਾਜ਼ ਪੀ.ਐੱਨ. ਅਰੋੜਾ ਦੀ ਪਹਿਲੀ ਹਿੰਦੀ ਫਿਲਮ 'ਆਜ ਕਲ' ਉਰਫ਼ 'ਟੂਡੇ ਆਫ ਟੁਮਾਰੋ' (1934) ਸੀ। ਕਹਾਣੀ ਆਰ.ਐੱਸ. ਚੌਧਰੀ ਤੇ ਸੰਗੀਤਕਾਰ ਐੱਸ.ਪੀ. ਰਾਣੇ ਸਨ। ਫਿਲਮ ਦੇ ਅਦਾਕਾਰਾਂ ਵਿਚ ਜਾਲ ਮਰਚੈਂਟ, ਸ਼ਾਂਤਾ ਕੁਮਾਰੀ ਗ਼ੁਲਾਮ ਮੁਹੰਮਦ ਅਮਰਲੀਨ (ਸੁਧਾਬਾਲਾ), ਅਫ਼ਜ਼ਲ ਬਾਈ ਆਦਿ ਸ਼ਾਮਲ ਸਨ। ਹਰੀਸ਼ ਚੰਦਰ ਰਾਓ ਦੇ ਫਿਲਮਸਾਜ਼ ਅਦਾਰੇ ਹਰੀਸ਼ ਚੰਦਰ ਆਰਟ, ਬੰਬੇ ਦੀ ਹਿੰਦੀ ਫਿਲਮ 'ਦੌਲਤ' (1937) ਦੇ ਬੈਕ ਗਰਾਊਂਡ ਇਫੈਕਟ ਤੇ ਰੀ-ਰਿਕਾਰਡਿੰਗ ਦੇ ਕਾਰਜ ਅਰੋੜਾ ਨੇ ਨਿਭਾਏ ਸਨ। ਉਹ ਫਿਲਮ 'ਬਾਗਬਾਨ' (1938) ਦੇ ਆਵਾਜ਼ ਰਿਕਾਰਡਸਾਜ਼ ਸਨ। ਇਹ ਫਿਲਮ 19 ਮਈ 1938 ਨੂੰ ਕਰਾਊਨ ਟਾਕੀਜ਼, ਲਾਹੌਰ ਅਤੇ 29 ਜੁਲਾਈ 1938 ਨੂੰ ਨਾਵਲਟੀ ਸਿਨਮਾ, ਲਾਹੌਰ ਵਿਖੇ ਨੁਮਾਇਸ਼ ਹੋਈ। ਫਿਲਮ 'ਗਾਜ਼ੀ ਸਲਾਊਦੀਨ' (1939) ਦੇ ਰਿਕਾਰਡਸਾਜ਼ ਵੀ ਪੀ.ਐੱਨ. ਅਰੋੜਾ ਸਨ। 'ਗਾਜ਼ੀ ਸਲਾਊਦੀਨ' ਦਾ ਟਾਈਟਲ ਰੋਲ ਲਾਹੌਰ ਦੇ ਗ਼ੁਲਾਮ ਮੁਹੰਮਦ ਨੇ ਅਦਾ ਕੀਤਾ ਸੀ। ਇਹ ਫਿਲਮ ਖੇਮਚੰਦ ਪ੍ਰਕਾਸ਼ ਦੀ ਸੰਗੀਤਕਾਰ ਵਜੋਂ ਪਹਿਲੀ ਫਿਲਮ ਸੀ। ਫਿਲਮ 'ਪੂਜਾ' (1940) ਦੇ ਰਿਕਾਰਡਸਾਜ਼ ਵੀ ਪੀ.ਐੱਨ ਅਰੋੜਾ ਸਨ। ਇਹ ਫਿਲਮ 24 ਜਨਵਰੀ 1940 ਨੂੰ ਨਾਵਲਟੀ ਸਿਨਮਾ, ਲਾਹੌਰ ਵਿਖੇ ਪ੍ਰਦਰਸ਼ਿਤ ਹੋਈ।

ਜਦੋਂ ਪੰਜਾਬੀ ਫਿਲਮ 'ਕੁੜਮਾਈ' (1941) ਬਣੀ ਤਾਂ ਪੀ.ਐੱਨ. ਅਰੋੜਾ ਨੂੰ ਰਿਕਾਰਡਿੰਗ ਦਾ ਜ਼ਿੰਮਾ ਸੌਂਪਿਆ। ਇਹ ਫਿਲਮ 29 ਅਗਸਤ 1941 ਨੂੰ ਰੀਜੈਂਟ ਸਿਨਮਾ, ਲਾਹੌਰ ਵਿਖੇ ਰਿਲੀਜ਼ ਹੋਈ। ਪੰਜਾਬੀ ਫਿਲਮ 'ਰਾਵੀ ਪਾਰ' (1942) 'ਚ ਵੀ ਬਤੌਰ ਰਿਕਾਰਡਸਾਜ਼ ਕੰਮ ਕੀਤਾ। ਇਹ ਫਿਲਮ 7 ਅਗਸਤ 1942 ਨੂੰ ਨਿਊ ਕਰਾਊਨ, ਟਾਕੀਜ਼, ਮੁਲਤਾਨ ਵਿਖੇ ਨੁਮਾਇਸ਼ ਹੋਈ।

ਇਸ ਤੋਂ ਬਾਅਦ ਪੀ.ਐੱਨ. ਅਰੋੜਾ ਨੇ ਬਤੌਰ ਸਾਊਂਡ ਰਿਕਾਰਡਸਾਜ਼ 'ਸਵਾਮੀ' (1941), 'ਨਈ ਦੁਨੀਆ' (1942) ਅਤੇ 'ਨਮਸਤੇ', 'ਸੰਯੋਗ' (1943), 'ਜੀਵਨ' ਉਰਫ਼ 'ਬਹਾਰ' (1944), 'ਵਾਮਿਕ ਅਜ਼ਰਾ' (1946), 'ਮਿਰਜ਼ਾ ਸਾਹਿਬਾਂ' (1947), 'ਆਜ ਕੀ ਰਾਤ', 'ਸ਼ਰਾਰਤ' (1944), 'ਛਮੀਆ' (1945) ਫਿਲਮਾਂ ਕੀਤੀਆਂ।

ਬਤੌਰ ਫਿਲਮਸਾਜ਼ ਪੀ.ਐੱਨ. ਅਰੋੜਾ ਦੀ ਪਹਿਲੀ ਹਿੰਦੀ ਫਿਲਮ ਨਜ਼ੀਰ ਅਜਮੇਰੀ ਨਿਰਦੇਸ਼ਿਤ ਫਿਲਮ 'ਕੀਮਤ' (1946) ਸੀ ਜਿਸ ਦੀਆਂ ਮੁੱਖ ਭੂਮਿਕਾਵਾਂ 'ਚ ਅਮਰ ਅਤੇ ਸੁਲੋਚਨਾ ਚੈਟਰਜੀ ਸਨ। ਅਰੋੜਾ ਨੇ ਆਪਣੇ ਫਿਲਮਸਾਜ਼ ਅਦਾਰੇ ਆਲ ਇੰਡੀਆ ਪਿਕਚਰਜ਼ ਦੇ ਬੈਨਰ ਹੇਠ ਪਹਿਲੀ ਹਿੰਦੀ ਫਿਲਮ 'ਡੋਲੀ' (1947) ਬਣਾਈ ਜਿਸ ਦੇ ਹਿਦਾਇਤਕਾਰ ਐੱਸ.ਕੇ ਓਝਾ ਸਨ। ਅਦਾਕਾਰਾਂ 'ਚ ਸੁਲੋਚਨਾ ਚੈਟਰਜੀ, ਵਾਸਤੀ ਤੋਂ ਇਲਾਵਾ ਸੁਸ਼ੀਲ ਕੁਮਾਰ, ਮਾਧੁਰੀ, ਅਮਰ, ਪ੍ਰਤਿਮਾ ਦੇਵੀ ਆਦਿ ਸਨ। ਫਿਰ ਆਨੰਤ ਠਾਕੁਰ ਦੀ ਹਿਦਾਇਤਕਾਰੀ ਹੇਠ ਫਿਲਮ 'ਪਗੜੀ' (1948) ਅਤੇ 'ਪਾਰਸ' (1949) ਫਿਲਮਾਂ ਬਣਾਈਆਂ। ਅਰੋੜਾ ਨੇ ਐੱਮ. ਸਾਦਿਕ ਦੀ ਹਿਦਾਇਤਕਾਰੀ ਹੇਠ ਆਪਣੀ ਤੀਜੀ ਫਿਲਮ 'ਪਰਦੇਸ' (1950) ਦਾ ਨਿਰਮਾਣ ਕੀਤਾ ਜਿਸ ਦੀ ਮੁੱਖ ਭੂਮਿਕਾ 'ਚ ਮਧੂਬਾਲਾ, ਕਰਨ ਦੀਵਾਨ, ਰਹਿਮਾਨ ਤੇ ਸ਼ਕੁੰਤਲਾ ਮੌਜੂਦ ਸਨ। ਗ਼ੁਲਾਮ ਮੁਹੰਮਦ ਦੇ ਸੰਗੀਤ 'ਚ ਮਧੂਬਾਲਾ ਤੇ ਰਹਿਮਾਨ 'ਤੇ ਫਿਲਮਾਇਆ ਗੀਤ 'ਅੱਖੀਆਂ ਮਿਲਾ ਕੇ ਜ਼ਰਾ ਬਾਤ ਕਰੋ ਜੀ' (ਲਤਾ ਮੰਗੇਸ਼ਕਰ, ਮੁਹੰਮਦ ਰਫ਼ੀ) ਤੇ ਨ੍ਰਿਤ ਅਦਾਕਾਰਾ ਕੁੱਕੂ 'ਤੇ ਫਿਲਮਾਇਆ ਗੀਤ 'ਮੇਰੇ ਘੁੰਘਰ ਵਾਲੇ ਬਾਲ ਓ ਰਾਜਾ' (ਸ਼ਮਸ਼ਾਦ ਬੇਗ਼ਮ) ਬੜੇ ਮਕਬੂਲ ਹੋਏ ਸਨ। ਇਸ ਤੋਂ ਬਾਅਦ ਅਰੋੜਾ ਨੇ ਐੱਫ.ਐੱਚ. ਹਸਨ ਦੀ ਨਿਰਦੇਸ਼ਨਾ 'ਚ 'ਗੌਹਰ' (1953) ਅਤੇ ਐੱਮ. ਸਾਦਿਕ ਨਿਰਦੇਸ਼ਿਤ ਫਿਲਮ 'ਪੂਨਮ' (1952) ਬਣਾਈਆਂ।

ਬਤੌਰ ਹਿਦਾਇਤਕਾਰ ਉਸ ਨੇ ਆਪਣੇ ਫਿਲਮਸਾਜ਼ ਅਦਾਰੇ ਹੇਠ ਪਹਿਲੀ ਹਿੰਦੀ ਫਿਲਮ 'ਰੇਲ ਕਾ ਡਿੱਬਾ' (1953) ਬਣਾਈ। ਇਸ ਵਿਚ ਮਧੂਬਾਲਾ ਤੇ ਸ਼ਮੀ ਕਪੂਰ ਦੀ ਜੋੜੀ ਪੇਸ਼ ਕੀਤੀ। ਫਿਲਮ ਦਾ ਸੰਗੀਤ ਗ਼ੁਲਾਮ ਮੁਹੰਮਦ ਅਤੇ ਗੀਤ ਸ਼ਕੀਲ ਬਦਾਯੂੰਨੀ ਨੇ ਤਿਆਰ ਕੀਤੇ ਸਨ। ਆਪਣੀ ਹਿਦਾਇਤਕਾਰੀ ਹੇਠ ਦੂਜੀ ਹਿੰਦੀ ਫਿਲਮ 'ਚੋਰ ਬਾਜ਼ਾਰ' 1954 ਵਿਚ ਬਣਾਈ। ਇਸ ਫਿਲਮ 'ਚ ਸ਼ਮੀ ਕਪੂਰ ਅਤੇ ਚਿੱਤਰਾ ਸਨ। ਸੰਗੀਤਕ ਤਰਜ਼ਾਂ ਸਰਦਾਰ ਮਲਿਕ ਅਤੇ ਗੀਤ ਸ਼ਕੀਲ ਬਾਦਯੂੰਨੀ ਦੇ ਸਨ। ਫਿਰ ਅਰੋੜਾ ਨੇ ਕੇ. ਅਮਰਨਾਥ ਦੀ ਹਿਦਾਇਤਕਾਰੀ ਹੇਠ ਫਿਲਮ 'ਲੈਲਾ ਮਜਨੂੰ' (1953) ਬਣਾਈ ਜਿਸ ਵਿਚ ਨੂਤਨ ਨੇ ਲੈਲਾ ਅਤੇ ਸ਼ਮੀ ਕਪੂਰ ਨੇ ਮਜਨੂੰ ਦਾ ਕਿਰਦਾਰ ਨਿਭਾਇਆ। ਆਪਣੀ ਹਿਦਾਇਤਕਾਰੀ 'ਚ ਅਰੋੜਾ ਨੇ ਅੱਧੀ ਰੰਗੀਨ ਫਿਲਮ 'ਹੂਰ-ਏ-ਅਰਬ' (1955) ਦਾ ਵੀ ਨਿਰਮਾਣ ਕੀਤਾ ਜਿਸ ਵਿਚ ਸ਼ਸ਼ੀ ਕਲਾ ਤੇ ਪ੍ਰਦੀਪ ਕੁਮਾਰ ਨੇ ਅਹਿਮ ਕਿਰਦਾਰ ਨਿਭਾਏ ਸਨ।

ਇਸ ਤੋਂ ਬਾਅਦ ਅਰੋੜਾ ਨੇ ਫਿਲਮਾਂ ਦਾ ਨਿਰਮਾਣ ਕੀਤਾ ਜਿਨ੍ਹਾਂ ਵਿਚ ਐੱਸ.ਕੇ. ਓਝਾ ਦੀ ਹਿਦਾਇਤਕਾਰੀ ਹੇਠ 'ਸਿਤਾਰਾ' (1955), ਐੱਮ. ਸਾਦਿਕ ਨਿਰਦੇਸ਼ਿਤ ਫਿਲਮ 'ਅਨਜਾਨ' (1956) ਤੇ 'ਜਵਾਨੀ ਕੀ ਹਵਾ' (1959), ਡੀ.ਡੀ. ਕਸ਼ਯਪ ਨਿਰਦੇਸ਼ਿਤ ਫਿਲਮ 'ਹਲਾਕੂ' (1956), ਐੱਮ.ਐੱਲ. ਅਰੋੜਾ ਨਿਰਦੇਸ਼ਿਤ ਫਿਲਮ 'ਖ਼ਜ਼ਾਨਚੀ' (1958), ਵਿਸ਼ਰਾਮ ਬੇਡੇਕਰ ਨਿਰਦੇਸ਼ਿਤ ਫਿਲਮ 'ਦੋ ਭਾਈ' (1961) ਤੋਂ ਇਲਾਵਾ ਆਪਣੀ ਹਿਦਾਇਤਕਾਰੀ ਹੇਠ ਵੀ ਦੋ ਫਿਲਮਾਂ 'ਨੀਲੋਫਰ' (1957) ਅਤੇ 'ਸਿੰਦਬਾਦ ਅਲੀਬਾਬਾ ਅਲਾਦੀਨ' (1965) ਬਣਾਈਆਂ।

1970ਵਿਆਂ ਦੇ ਦਹਾਕੇ 'ਚ ਪੀ.ਐੱਨ. ਅਰੋੜਾ ਨੇ ਪ੍ਰੇਮ ਨਰਾਇਣ ਅਰੋੜਾ ਦੇ ਨਾਮ ਨਾਲ ਆਪਣੀ ਹਿਦਾਇਤਕਾਰੀ ਹੇਠ ਮਜ਼ਾਹੀਆ ਰੰਗੀਨ ਫਿਲਮ 'ਦਿਲ ਦੌਲਤ ਦੁਨੀਆ' (1972) ਦਾ ਨਿਰਮਾਣ ਕੀਤਾ। ਫਿਲਮ 'ਚ ਉਹਨੇ ਸਾਧਨਾ ਤੇ ਰਾਜੇਸ਼ ਖੰਨਾ ਦੀ ਜੋੜੀ ਪੇਸ਼ ਕੀਤੀ।

ਪੀ.ਐੱਨ. ਅਰੋੜਾ ਦੀ ਫਿਲਮਸਾਜ਼ ਵਜੋਂ ਆਖ਼ਰੀ ਹਿੰਦੀ ਫਿਲਮ 'ਯਾਰੀ ਜ਼ਿੰਦਾਬਾਦ' (1976) ਸੀ। ਫਿਲਮ ਦੇ ਹਿਦਾਇਤਕਾਰ ਜੋਗਿੰਦਰ, ਗੀਤ ਤੇ ਸੰਵਾਦ ਐੱਮ.ਜੀ. ਹਸ਼ਮਤ ਅਤੇ ਸੰਗੀਤਕ ਧੁਨਾਂ ਸੋਨਿਕ-ਓਮੀ (ਸਹਾਇਕ ਰਾਜ ਸੋਨਿਕ ਤੇ ਉੱਤਮ ਸਿੰਘ) ਨੇ ਤਰਤੀਬ ਦਿੱਤੀਆਂ। ਫਿਲਮ ਦੇ ਸਿਤਾਰਿਆਂ ਵਿਚ ਕਿਰਨ ਕੁਮਾਰ, ਮਹਿੰਦਰ ਸੰਧੂ, ਅਰੁਨਾ ਇਰਾਨੀ, ਨਾਜ਼ਨੀਨ ਆਦਿ ਸਨ। ਇਸ ਤੋਂ ਬਾਅਦ ਉਸ ਨੇ ਫਿਲਮਾਂ ਤੋਂ ਮੁਕੰਮਲ ਕਿਨਾਰਾ ਕਰ ਲਿਆ। 3 ਦਸੰਬਰ 1985 ਨੂੰ ਭਾਰਤੀ ਫਿਲਮ ਸਨਅਤ ਦਾ ਇਹ ਅਜ਼ੀਮ ਫਿਲਮਸਾਜ਼ ਤੇ ਰਿਕਾਰਡਸਾਜ਼ 71 ਸਾਲ ਦੀ ਉਮਰ ਵਿਚ ਬੰਬਈ ਵਿਖੇ ਫੌਤ ਹੋ ਗਿਆ।

# ਆਸਕਰ ਐਵਾਰਡ ਸਮਾਗਮ ਵਿਚ ਦੀਪਿਕਾ ਦੀ ਝੰਡੀ



ਲਾਸ ਏਂਜਲਸ ਵਿਚ ਆਸਕਰ ਇਨਾਮ ਸਮਾਗਮ ਵਿਚ ਆਪਣੀ ਦਿੱਖ ਨਾਲ ਸਾਰਿਆਂ ਨੂੰ ਪ੍ਰਭਾਵਿਤ ਕਰਨ ਵਾਲੀ ਅਦਾਕਾਰਾ ਦੀਪਿਕਾ ਪਾਦੂਕੋਨ ਭਾਰਤ ਪਰਤ ਗਈ ਹੈ। ਆਸਕਰ ਸਮਾਗਮ ਵਿਚ ਵਧੀਆ ਕਾਰਗੁਜ਼ਾਰੀ ਕਾਰਨ ਉਸ ਦੇ ਕੱਟੜ ਵਿਰੋਧੀਆਂ ਨੂੰ ਵੀ ਉਸ ਦੀ ਤਾਰੀਫ ਕਰਨੀ ਪੈ ਗਈ। ਅਕਸਰ ਹੀ ਆਪਣੇ ਵਿਰੋਧੀਆਂ ਦੀਆਂ ਲੱਤਾਂ ਖਿੱਚਣ ਵਾਲੀ ਅਦਾਕਾਰਾ ਕੰਗਨਾ ਰਣੌਤ ਨੇ ਦੀਪਿਕਾ ਪਾਦੂਕੋਣ ਦੀ ਤਾਰੀਫ ਕਰਦਿਆਂ ਕਿਹਾ ਕਿ ਉਸ ਨੇ ਆਸਕਰ ਸਮਾਗਮ ਵਿਚ ਭਾਰਤ ਦਾ ਨਾਂ ਉਚਾ ਕੀਤਾ ਹੈ। ਯਾਦ ਰਹੇ ਕਿ ਕੰਗਨਾ ਰਣੌਤ ਪਿਛਲੇ ਕੁਝ ਸਮੇਂ ਤੋਂ ਦੀਪਿਕਾ ਪਾਦੂਕੋਣ ਪਿੱਛੇ ਹੱਥ ਧੋ ਕੇ ਪਈ ਹੋਈ ਹੈ। ਕਾਰਨ ਸਿਰਫ ਇਹ ਸੀ ਕਿ ਦੀਪਿਕਾ ਨੇ ਦਿੱਲੀ ਵਿਚ ਵਿਦਿਆਰਥੀ ਘੋਲ ਦੀ ਹਮਾਇਤ ਕੀਤੀ ਸੀ।

*-ਆਮਨਾ ਕੌਰ*

# ਸਾਰਾ ਅਲੀ ਖਾਨ 'ਮਰਡਰ ਮੁਬਾਰਕ'

ਅਦਾਕਾਰਾ ਸਾਰਾ ਅਲੀ ਖਾਨ ਨੇ ਹੋਮੀ ਅਦਜਾਨੀਆ ਦੇ ਨਿਰਦੇਸ਼ਨ ਹੇਠ ਤਿਆਰ ਹੋ ਰਹੀ ਫਿਲਮ 'ਮਰਡਰ ਮੁਬਾਰਕ' ਦੇ ਪਹਿਲੇ ਪੜਾਅ ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਹੋਮੀ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ

**ਕੁਦਰਤ ਕੌਰ**

ਤਸਵੀਰ ਸਾਂਝੀ ਕੀਤੀ ਅਤੇ ਲਿਖਿਆ, "ਤੇਰੇ 'ਤੇ ਹੀ ਨਿਗਾਹ ਹੈ ਬੱਚੇ, ਪਹਿਲੇ ਪੜਾਅ 'ਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ... ਹੁਣ ਅਸਲ ਕੰਮ ਸ਼ੁਰੂ ਹੋਵੇਗਾ... ਸ਼ੂਟਿੰਗ ਮੁਕੰਮਲ।" ਇਸ ਤਸਵੀਰ ਵਿਚ ਸਾਰਾ ਅਲੀ ਖਾਨ ਦੇ ਵਾਲਾਂ ਦਾ ਰੰਗ ਬਰਗੰਡੀ ਹੈ ਅਤੇ ਉਹ ਫਿਲਮ ਦੇ ਨਿਰਦੇਸ਼ਕ ਨਾਲ ਦਿਖਾਈ ਦੇ ਰਹੀ ਹੈ।



ਸਾਰਾ ਨੇ ਇਸ ਫਿਲਮ ਦੀ ਸ਼ੂਟਿੰਗ ਥੋੜ੍ਹਾ ਹੀ ਸਮਾਂ ਪਹਿਲਾਂ ਕੌਮੀ ਰਾਜਧਾਨੀ ਵਿਚ ਸ਼ੁਰੂ ਕੀਤੀ ਸੀ। ਇਸ ਫਿਲਮ ਵਿਚ ਸਾਰਾ ਨਾਲ ਕਰਿਸ਼ਮਾ ਕਪੂਰ ਵੀ ਅਹਿਮ ਭੂਮਿਕਾ ਵਿਚ ਨਜ਼ਰ ਆਏਗੀ। ਕੁਝ ਦਿਨ ਪਹਿਲਾਂ ਅਦਾਕਾਰਾ ਕਰਿਸ਼ਮਾ ਕਪੂਰ ਨੇ ਵੀ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇਸ ਫਿਲਮ ਦੀ ਸ਼ੂਟਿੰਗ ਵੇਲੇ ਦੀ ਤਸਵੀਰ ਸਾਂਝੀ ਕੀਤੀ ਗਈ ਸੀ।

ਇਸੇ ਦੌਰਾਨ ਫਿਲਮ 'ਗੈਸਲਾਈਟ' ਦਾ ਪਹਿਲਾ ਪੋਸਟਰ ਵੀ ਜਾਰੀ ਕਰ ਦਿੱਤਾ ਗਿਆ। ਫਿਲਮ ਦੇ ਅਦਾਕਾਰ ਵਿਕਰਾਂਤ ਮੈੱਸੀ ਨੇ ਇਸ ਫਿਲਮ ਦਾ ਇੰਸਟਾਗ੍ਰਾਮ 'ਤੇ ਪੋਸਟਰ ਸਾਂਝਾ ਕੀਤਾ ਹੈ ਜਿਸ ਦੀ ਕੈਪਸ਼ਨ ਵਿਚ ਲਿਖਿਆ ਹੈ, "ਇੱਕ ਕਤਲ, ਕਈ ਸ਼ੱਕੀ, ਜ਼ੀਰੋ ਭਰੋਸਾ। ਗੈਸਲਾਈਟ ਦੀ ਸਟ੍ਰੀਮਿੰਗ ਡਿਜ਼ਨੀ ਹੌਟਸਟਾਰ 'ਤੇ 31 ਮਾਰਚ ਨੂੰ।" 'ਗੈਸਲਾਈਟ' ਦਾ ਨਿਰਦੇਸ਼ਨ ਪਵਨ ਕ੍ਰਿਪਲਾਨੀ ਨੇ ਕੀਤਾ ਹੈ ਜਿਸ ਵਿਚ ਸਾਰਾ ਅਲੀ ਖਾਨ, ਵਿਕਰਾਂਤ ਮੈੱਸੀ ਅਤੇ ਚਿਤਰਾਂਗਦਾ ਸਿੰਘ ਮੁੱਖ ਭੂਮਿਕਾਵਾਂ ਵਿਚ ਹਨ।

# ਗੁਰਦੁਆਰਾ ਇਲੀਨਾਏ ਸਿੱਖ ਕਮਿਊਨਿਟੀ ਸੈਂਟਰ, ਵ੍ਹੀਟਨ

## ਵਲੋਂ

## ਇਸਤ੍ਰੀ ਇਤਿਹਾਸਕ ਮਹੀਨਾ (ਮਾਰਚ) 26 ਮਾਰਚ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ।


### *ਸਾਧ ਸੰਗਤ ਜੀ,*

26 ਮਾਰਚ ਐਤਵਾਰ ਦੇ ਸਮੁਚੇ ਦੀਵਾਨ ਦੀ ਸੇਵਾ, ਜਿਸ ਵਿਚ ਲੰਗਰ, ਕੀਰਤਨ, ਵਿਆਖਿਆ, ਅਰਦਾਸ, ਹੁਕਮਨਾਮਾ ਅਤੇ ਕੜਾਹ ਪ੍ਰਸ਼ਾਦ ਵਰਤਾਉਣ ਤਕ ਦੀ ਸੇਵਾ ਸੰਭਾਲ ਸਭ ਗੁਰੂਘਰ ਦੀਆਂ ਬੀਬੀਆਂ ਵਲੋਂ ਨਿਭਾਈ ਜਾਵੇਗੀ। ਗੁਰੂ ਨਾਨਕ ਸਾਹਿਬ ਜੀ ਵਲੋਂ ਇਸਤ੍ਰੀ ਜਾਤੀ ਨੂੰ ਮਿਲੇ ਮਾਣ ਨੂੰ ਸਾਕਾਰ ਕਰਦਿਆਂ, ਗੁਰਦਵਾਰਾ ਸਾਹਿਬ ਵ੍ਹੀਟਨ ਦੀ ਸੰਗਤ ਵਲੋਂ ਐਤਵਾਰ 26 ਮਾਰਚ 2023 ਦਾ ਦੀਵਾਨ ਔਰਤਾਂ ਨੂੰ ਸਮਰਪਿਤ ਕੀਤਾ ਗਿਆ ਹੈ। ਅਜ ਤੋਂ ਤਕਰੀਬਨ ਸਾਢੇ ਪੰਜ ਸੌ ਸਾਲ ਪਹਿਲਾਂ ਜਗਤ ਗੁਰੂ, ਧੰਨ ਗੁਰੂ ਨਾਨਕ ਪਾਤਸ਼ਾਹ ਜੀ ਨੇ ਸਮਾਜ ਵਿੱਚ ਔਰਤ ਪ੍ਰਤੀ ਮਾੜੇ ਵਰਤਾਰੇ ਨੂੰ ਦੇਖਦਿਆਂ ਆਵਾਜ਼ ਬੁਲੰਦ ਕੀਤੀ ਸੀ।



ਬੇਬੇ ਨਾਨਕੀ ਜੀ

**ਆਸਾ ਕੀ ਵਾਰ ਮ: ੧ ॥**
**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥**



ਮਾਤਾ ਖੀਵੀ ਜੀ

ਇਸਤ੍ਰੀ ਤੋਂ ਜਨਮ ਲਈਦਾ ਹੈ, ਇਸਤ੍ਰੀ (ਦੇ ਪੇਟ) ਵਿਚ ਹੀ ਪ੍ਰਾਣੀ ਦਾ ਸਰੀਰ ਬਣਦਾ ਹੈ। ਇਸਤ੍ਰੀ ਰਾਹੀਂ (ਹੀ) ਕੁੜਮਾਈ ਤੇ ਵਿਆਹ ਹੁੰਦਾ ਹੈ। ਇਸਤ੍ਰੀ ਦੇ ਰਾਹੀਂ (ਹੋਰ ਲੋਕਾਂ ਨਾਲ) ਸੰਬੰਧ ਬਣਦਾ ਹੈ। ਤੇ ਇਸਤ੍ਰੀ ਤੋਂ ਹੀ (ਜਗਤ ਦੀ ਉਤਪੱਤੀ ਦਾ) ਰਸਤਾ ਚੱਲਦਾ ਹੈ। ਜੇ ਇਸਤ੍ਰੀ ਮਰ ਜਾਏ ਤਾਂ ਹੋਰ ਇਸਤ੍ਰੀ ਦੀ ਭਾਲ ਕਰੀਦੀ ਹੈ, ਇਸਤ੍ਰੀ ਤੋਂ ਹੀ (ਹੋਰਨਾਂ ਨਾਲ) ਰਿਸ਼ਤੇਦਾਰੀ ਬਣਦੀ ਹੈ। ਜਿਸ ਇਸਤ੍ਰੀ (ਜਾਤੀ) ਤੋਂ ਰਾਜੇ (ਵੀ) ਜੰਮਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ ਹੈ।

ਸਿੱਖ ਇਤਿਹਾਸ ਵਿਚ ਔਰਤਾਂ ਦਾ ਬਹੁਤ ਯੋਗਦਾਨ ਹੈ। ਬੇਬੇ ਨਾਨਕੀ, ਮਾਤਾ ਖੀਵੀ, ਬੀਬੀ ਭਾਨੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ ਜੀ ਅਜੇਹੇ ਨਾਮ ਹਨ, ਜਿਨ੍ਹਾਂ ਨੇ ਸਿੱਖ ਪੰਥ ਦੀ ਉਸਾਰੀ ਲਈ ਬਹੁਤ ਸੇਵਾ ਨਿਭਾਈ। ਗੁਰੂ ਗੋਬਿੰਦ ਸਿੰਘ ਜੀ ਵਲੋਂ ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਕਹਿਣਾ, ਔਰਤ ਨੂੰ ਬਰਾਬਰ ਦਾ ਸਥਾਨ ਦੇਣਾ ਹੀ ਸੀ। ਸੰਗਰਾਮ ਸਮੇਂ ਸਿੰਘਣੀਆਂ, ਸਿੰਘਾਂ ਨਾਲ ਮੋਢੇ ਨਾਲ ਮੋਢਾ ਜੋੜ ਜੂਝਦੀਆਂ। ਅਰਦਾਸ ਵਿਚ 'ਜਿਨ੍ਹਾਂ ਸਿੰਘਾਂ, ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ', ਇਕਠੇ ਆਉਣਾ ਔਰਤਾਂ ਦੇ ਜੁਰਅਤ ਭਰੇ ਕਰਤੱਵਾਂ ਦਾ ਨਿੱਤ ਪ੍ਰਗਟਾਵਾ ਹੈ।

ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅਸੀਂ ਅਜੇ ਤਕ ਭੀ ਔਰਤ ਨੂੰ ਉਸਦਾ ਬਣਦਾ ਬਰਾਬਰ ਦਾ ਮਾਣ-ਸਨਮਾਨ ਨਹੀਂ ਦੇ ਸਕੇ।

## ਪ੍ਰੋਗਰਾਮਾਂ ਦਾ ਵੇਰਵਾ

**26 ਮਾਰਚ ਐਤਵਾਰ,**
ਸਵੇਰੇ 6 ਵਜੇ ਲੰਗਰ ਦੀ ਸੇਵਾ ਸ਼ੁਰੂ ਹੋਵੇਗੀ।

**ਸਵੇਰੇ 9 ਤੋਂ 10 ਵਜੇ ਤੱਕ**
ਗੁਰੂਘਰ ਦੇ ਬੱਚੇ ਕੀਰਤਨ ਕਰਨਗੇ
**ਸਵੇਰੇ 10 ਤੋ 12:30 ਤਕ**
ਨਿਰੰਤਰ ਦੀਵਾਨ ਚਲੇਗਾ ਜਿਸ ਵਿਚ ਕੀਰਤਨ, ਵਖਿਆਨ, ਅਰਦਾਸ ਅਤੇ ਸੰਪੂਰਨ ਸਮਾਪਤੀ ਹੋਵੇਗੀ।

*ਸਾਡੀ ਸੰਗਤ ਵਲੋਂ ਇਹ ਉਪਰਾਲਾ ਪਹਿਲੀ ਵਾਰ ਕੀਤਾ ਜਾ ਰਿਹਾ ਹੈ ਤਾਂ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਨੁਸਾਰ ਜਗਤ ਵਿੱਚ ਸਮਾਨਤਾ ਲਿਆਉਣ ਲਈ ਕੁਝ ਯੋਗਦਾਨ ਪਾ ਸਕੀਏ ਤੇ ਇਸ ਉਪਰਾਲੇ ਨੂੰ ਹਮੇਸ਼ਾ ਲਈ ਜਾਰੀ ਰਖੀਏ। ਸਮੂਚੀ ਸੰਗਤ ਨੂੰ ਬੇਨਤੀ ਹੈ ਕਿ ਦਰਜਾ-ਬ-ਦਰਜਾ ਆਪਣੀਆਂ ਬੱਚੀਆਂ, ਭੈਣਾਂ, ਮਾਤਾਵਾਂ ਅਤੇ ਬੀਬੀਆਂ ਨੂੰ ਉਤਸ਼ਾਹ ਦੇਣ ਲਈ ਵੱਧ ਚੜ੍ਹ ਕੇ ਗੁਰੂ ਘਰ ਪਹੁੰਚੋ ਜੀ।*

ਅਮਰੀਕਨ ਰਾਸ਼ਟਰਪਤੀ ਵਲੋਂ ਵੀ ਮਾਰਚ ਦਾ ਸਾਰਾ ਮਹੀਨਾ ਹਰ ਸਾਲ ਲਈ ਇਸਤ੍ਰੀ ਇਤਿਹਾਸਕ ਮਹੀਨਾ ਐਲਾਨਿਆ ਗਿਆ ਹੈ ਅਤੇ ਇਤਿਹਾਸ ਵਿੱਚ ਔਰਤਾਂ ਦੇ ਯੋਗਦਾਨ ਲਈ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ ਹੈ।

## ਬੇਨਤੀ ਕਰਤਾ: ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਵ੍ਹੀਟਨ

# ILLINOIS SIKH COMMUNITY CENTER

2131 Creekside Drive, Wheaton, IL 60189, Ph: 630.510.9700
www.ilscc.com e-mail: ilsccwheaton@gmail.com